**Reo-Bankowned Properties**
From Sanjose to Sacramento
Call Master of Winners in Multiple Offers
510-304-9292

JASSI GILL
Broker/Owner
GOLDEN STATE REALTY

**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Tenth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 39, September 26, 2009
20451 N Plum Grove Rd. Palatine, IL 60074
Ph:847-359-0746, Fax:847-705-9388

## ਕੇਪੀ ਦੇ ਕੈਪਟਨ ਖਿਲਾਫ ਦੋਸ਼ਾਂ ਨਾਲ ਕਾਂਗਰਸ ਕਲੇਸ਼ ਨਵੇਂ ਦੌਰ ‘ਚ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਪੰਜਾਬ ਵਿਚ ਇਕ ਪਾਸੇ ਤਾਂ ਅਕਾਲੀਆਂ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਸਬਸਿਡੀਆਂ ਅਤੇ ਬਿਜਲੀ ਰੇਟਾਂ ਦੇ ਵਾਧੇ ਨੂੰ ਲੈ ਕੇ ਆਪਸ ਵਿਚ ਖਿਚੋਤਾਣ ਚੱਲ ਰਹੀ ਹੈ ਤੇ ਦੂਜੇ ਪਾਸੇ ਕਾਂਗਰਸ ਪਾਰਟੀ ਦਾ ਅੰਦਰੂਨੀ ਕਲੇਸ਼ ਤਿੱਖਾ ਹੋ ਗਿਆ ਹੈ। ਇਸ ਵਿਚ ਵਾਧਾ ਇਹ ਹੋਇਆ ਹੈ ਕਿ ਕਾਂਗਰਸ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਮੋਹਿੰਦਰ ਸਿੰਘ ਕੇਪੀ ਨੇ ਹਾਲ ਹੀ ਵਿਚ ਕੈਪਟਨ ਅਮਰਿੰਦਰ ਸਿੰਘ ਉੱਪਰ ਖੁੱਲ੍ਹੇ ਆਮ ਇਹ ਦੋਸ਼ ਲਾ ਦਿੱਤੇ ਹਨ ਕਿ ਉਹ ਦਲਿਤ ਹੋਣ ਕਾਰਨ ਉਨ੍ਹਾਂ ਨਾਲ ਸਹਿਯੋਗ ਨਹੀਂ ਕਰ ਰਹੇ।

ਮੋਹਿੰਦਰ ਸਿੰਘ ਕੇਪੀ ਨੇ ਇਸ ਤੋਂ ਵੀ ਅੱਗੇ ਜਾਂਦਿਆਂ ਕਿਹਾ ਕਿ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਵਾਂਗ ਹੀ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਦਾ ਵੀ ਦਲਿੱਤ ਹੋਣ ਕਾਰਨ ਸਾਥ ਨਹੀਂ ਸੀ ਦਿੱਤਾ।

ਅੰਗ੍ਰੇਜ਼ੀ ਦੇ ਇਕ ਕੌਮੀ ਪੱਧਰ ਦੇ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਸ੍ਰੀ ਮੋਹਿੰਦਰ ਸਿੰਘ ਕੇਪੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਵਲੋਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ ਕੀਤੀਆਂ ਜਾ ਰਹੀਆਂ ਰੈਲੀਆਂ ਵਿਚੋਂ ਜਾਣ-ਬੁਝ ਕੇ ਗਾਇਬ ਰਹਿ ਰਹੇ ਹਨ। ਸ੍ਰੀ ਕੇਪੀ ਨੇ ਅੱਗੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਸ਼ਮਸ਼ੇਰ ਸਿੰਘ ਦੂਲੋ ਦਾ ਵੀ ਦਲਿਤ ਹੋਣ ਕਾਰਨ ਸਾਥ ਨਹੀਂ ਦਿੱਤਾ ਅਤੇ ਹੁਣ ਉਹ ਉਨ੍ਹਾਂ ਦਾ ਸਾਥ ਨਹੀਂ ਦੇ ਰਹੇ। ਇੰਜ ਕੈਪਟਨ ਸਾਹਿਬ ਇਤਿਹਾਸ ਨੂੰ ਦੋਹਰਾ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਹਿਯੋਗੀ ਅਤੇ ਸਾਬਕਾ ਮੁੱਖ ਮੰਤਰੀ ਖੁਦ ਆਪ, ਪੰਜਾਬ ਕਾਂਗਰਸ ਵਲੋਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੇ ਖ਼ਿਲਾਫ ਜ਼ਿਲ੍ਹਾ ਪੱਧਰ ਉੱਤੇ ਕੀਤੇ ਜਾ ਰਹੇ ਪ੍ਰਦਰਸ਼ਨਾਂ ਵਿਚ ਹਿੱਸਾ ਨਹੀਂ ਲੈ ਰਹੇ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਸਮਾਗਮਾਂ ਤੋਂ ਜਾਣ-ਬੁਝ ਕੇ ਪਾਸੇ ਰਹਿ ਰਹੇ ਹਨ। ਕੇਪੀ ਨੇ ਕੁਝ ਉਦਾਹਰਣਾਂ ਦਿੰਦਿਆਂ ਕਿਹਾ ਕਿ ਪਾਰਟੀ ਵਲੋਂ ਹਾਲ ਹੀ ਵਿਚ ਰੱਖੜ-ਪੁੰਨਿਆ, ਛਪਾਰ ਦੇ ਮੇਲੇ ਅਤੇ ਖਡੂਰ ਸਾਹਿਬ ਵਿਖੇ ਕੀਤੀਆਂ ਗਈਆਂ ਰੈਲੀਆਂ ਵਿਚ ਕੈਪਟਨ ਅਤੇ ਉਸ ਦੇ ਸਾਥੀਆਂ ਨੇ ਹਿੱਸਾ ਨਹੀਂ ਲਿਆ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਪੰਜਾਬ ਕਾਂਗਰਸ ਨੇ ਜਲੰਧਰ ਵਿਚ ਰੈਲੀ ਕਰਨੀ ਹੈ ਅਤੇ ਇਹ ਵੇਖਣਾ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਉਸ ਪ੍ਰਦਰਸ਼ਨ ਵਿਚ ਹਿੱਸਾ ਲੈਂਦੇ ਹਨ ਜਾਂ ਨਹੀਂ।

ਇਥੇ ਜ਼ਿਕਰਯੋਗ ਹੈ ਕਿ ਮੋਹਿੰਦਰ ਸਿੰਘ ਕੇਪੀ ਲੰਘੀ 9 ਸਤੰਬਰ ਨੂੰ ਆਲ ਇੰਡੀਆ ਕਮੇਟੀ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਪੰਜਾਬ ਦੀ ਰਾਜਨੀਤਕ ਸਥਿਤੀ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਸੀ। ਉਂਜ ਮੋਹਿੰਦਰ ਸਿੰਘ ਕੇਪੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨਾਲ ਕੈਪਟਨ ਵਲੋਂ ਕੀਤੇ ਜਾ ਰਹੇ ਵਿਤਕਰੇ ਦੇ ਸੰਬੰਧ ਵਿਚ ਸੋਨੀਆ ਗਾਂਧੀ ਨੂੰ ਕੋਈ ਜਾਣਕਾਰੀ ਹੈ ਜਾਂ ਨਹੀਂ। ਮੋਹਿੰਦਰ ਸਿੰਘ ਕੇਪੀ ਨੇ ਇਸ ਦੌਰਾਨ ਇਹ ਵੀ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ

*(ਬਾਕੀ ਸਫਾ 6 ਉਤੇ)*



*ਲੁਧਿਆਣੇ ਦੇ ਕਿਸਾਨ ਮੇਲੇ ਵਿਚੋਂ ਨਵੇਂ ਬੀਜ ਖਰੀਦ ਕੇ ਲੈ ਜਾ ਰਿਹਾ ਇਕ ਕਿਸਾਨ*

## ਕਾਂਗਰਸ ਦੀ ਸਾਦਗੀ ਮੁਹਿੰਮ ਪਹਿਲੇ ਪੜਾਅ ‘ਤੇ ਹੀ ਠੁੱਸ

**ਬਿੰਦਰ ਬਸਰਾ**

**ਜਲੰਧਰ:** ਕਾਂਗਰਸ ਪਾਰਟੀ ਦੀ ਬੱਚਤ ਅਤੇ ਸਾਦਗੀ ਮੁਹਿੰਮ ਕੋਈ ਸਮਾਜਿਕ ਸਿੱਟੇ ਕੱਢਣ ਤੋਂ ਪਹਿਲਾਂ ਹੀ ਉਲਝਣ ‘ਚ ਘਿਰ ਗਈ ਹੈ। ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਘੱਟ ਖਰਚੀ ਮੁਹਿੰਮ ਨੂੰ ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਦੇ ਬਿਆਨ ਨੇ ਨਾ ਸਿਰਫ ਸੱਟ ਮਾਰੀ ਹੈ ਸਗੋਂ ਪਾਰਟੀ ਨੂੰ ਇਕ ਨਵੇਂ ਵਿਵਾਦ ਵਲ ਧੱਕ ਦਿੱਤਾ ਹੈ। ਪ੍ਰਣਬ ਮੁਖਰਜੀ ਵਲੋਂ ਮੰਤਰੀਆਂ ਨੂੰ ਜਹਾਜ਼ਾਂ ‘ਚ ਇਕਾਨਮੀ ਕਲਾਸ ‘ਚ ਸਫਰ ਕਰਨ ਲਈ ਕਹਿਣ ‘ਤੇ ਸ਼ਸ਼ੀ ਥਰੂਰ ਨੇ ਇਸ ਨੂੰ ‘ਭੇਡਾਂ-ਬੱਕਰੀਆਂ ਦੀ ਕਲਾਸ’ ਦਾ ਨਾਂ ਦੇ ਕੇ ਖੁਦ ਨੂੰ ਵਿਵਾਦਾਂ ‘ਚ ਉਲਝਾ ਲਿਆ ਹੈ। ਕਾਂਗਰਸ ਦੀ ਬੱਚਤ ਮੁਹਿੰਮ ਨੂੰ ਭਾਵੇਂ ਕੋਈ ਭਰਵਾਂ ਹੁੰਗਾਰਾ ਨਹੀਂ ਮਿਲਿਆ ਪਰ ਉਸ ਦੀ ਤਰਜ਼ ‘ਤੇ ਪੰਜਾਬ ਸਰਕਾਰ ਨੇ ਵੀ ਰਾਜ ਦੀ ਵਿੱਤੀ ਸਥਿਤੀ ਦੇ ਮੱਦੇਨਜ਼ਰ ਖਰਚੇ ਘਟਾਉਣ ਲਈ ਲਗਜ਼ਰੀ ਕਾਰਾਂ ਦੇ ਦਰਜੇ ਘਟਾਉਣ ਦਾ ਫੈਸਲਾ ਲਿਆ ਹੈ। ਇਸੇ ਤਰ੍ਹਾਂ ਹੀ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਵੀ ਆਪਣੇ ਮੰਤਰੀਆਂ ਤੇ ਪਾਰਟੀ ਵਿਧਾਇਕਾਂ ਨੂੰ ਸਾਦਗੀ ਦਾ ਪਾਠ ਪੜ੍ਹਾਉਂਦਿਆਂ ਤਨਖਾਹ ‘ਚ ਆਪਣੇ ਤੌਰ ‘ਤੇ 20 ਫੀਸਦੀ ਕਟੌਤੀ ਲਈ ਪ੍ਰੇਰਿਆ ਹੈ।

ਕੇਂਦਰੀ ਵਿੱਤ ਮੰਤਰੀ ਦੀ ਘੱਟ ਖਰਚੀ ਮੁਹਿੰਮ ਦੇ ਐਲਾਨ ਪਿਛੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਮੰਤਰੀ ਸੋਨੀਆ ਗਾਂਧੀ ਸਮੇਤ ਸਾਰੇ ਨੇਤਾਵਾਂ ਨੇ ਇਕਾਨਮੀ ਕਲਾਸ ਵਿਚ ਯਾਤਰਾ ਸ਼ੁਰੂ ਕਰ ਦਿੱਤੀ ਹੈ ਪਰ ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਨੇ ਇਕਾਨਮੀ ਕਲਾਸ ਨੂੰ ‘ਪਸ਼ੂਆਂ ਵਾਲੀ ਕਲਾਸ’ ਆਖ ਕੇ ਨਵਾਂ ਵਿਵਾਦ ਛੇੜ ਦਿੱਤਾ। ਸ਼ਸ਼ੀ ਥਰੂਰ ਨੇ ਫੈਨਜ਼ ਕਲੱਬ ਦੇ ਨਾਂ ਨਾਲ ਮਸ਼ਹੂਰ ਨੈਟਵਰਕਿੰਗ ਸਾਈਟ ‘ਟਵਿਟਰ’ ‘ਤੇ ਆਪਣੇ ਪ੍ਰਸ਼ੰਸਕਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਉਪਰੋਕਤ ਟਿੱਪਣੀ ਕੀਤੀ। ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ‘‘ਕੀ ਉਹ ਅਗਲੀ ਵਾਰ ਕੇਰਲਾ ਜਾਣਗੇ ਤਾਂ ‘ਡੰਗਰਾਂ ਵਾਲੀ ਸ਼੍ਰੇਣੀ’ ‘ਚ ਜਾਣਗੇ?’’ ਉਨ੍ਹਾਂ ਜਵਾਬ ਦਿੱਤਾ, ‘‘ਜ਼ਰੂਰ, ਮੈਂ ਆਪਣੀਆਂ ਪਵਿੱਤਰ ਗਊਆਂ ਨਾਲ ਭਾਈਚਾਰਾ ਦਿਖਾਉਣ

*(ਬਾਕੀ ਸਫਾ 3 ਉਤੇ)*

Bank Owned/Foreclosed Homes
Central Valley Specialist

Manjit Gill
Real Estate/Loans
Dre#01524555
Your Dream House @ Right Price.
ਤੁਹਾਡੇ ਸੁਪਨਿਆਂ ਦਾ ਘਰ ਸਹੀ ਕੀਮਤ ਉਤੇ
Loan approvals with-in minutes.
Free List of homes available.
American Realty & Business Corp
2937 Veneman Ave, Suite B-150 Modesto CA
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਡਾ. ਦਲਬੀਰ ਸਿੰਘ ਪੰਨੂੰ ਵਲੋਂ ਡੈਂਟਲ ਕਾਨਫਰੰਸ ਵਿਚ ਇਨਵਿਜ਼ੀਲਾਈਨ ਬਾਰੇ ਲੈਕਚਰ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਬੇ-ਏਰੀਆ, ਕੈਲੀਫੋਰਨੀਆ ਦੇ ਉਘੇ ਕਾਸਮੈਟਿਕ ਅਤੇ ਇੰਪਲਾਂਟ ਡੈਂਟਿਸਟ ਡਾ. ਦਲਬੀਰ ਸਿੰਘ ਪੰਨੂੰ ਨੇ ਸੈਨ ਫਰਾਂਸਿਸਕੋ ਦੇ ਮਾਸਕੋਨ ਕਨਵੈਨਸ਼ਨ ਸੈਂਟਰ ਵਿਚ ਹੋਈ ਕੈਲੀਫੋਰਨੀਆ ਡੈਂਟਲ



ਐਸੋਸੀਏਸ਼ਨ ਦੀ ਦੋ ਸਾਲਾ ਕਨਵੈਨਸ਼ਨ ਵਿਚ ਇਨਵਿਜ਼ੀਲਾਈਨ ਬਾਰੇ ਜਾਣਕਾਰੀ ਭਰਪੂਰ ਲੈਕਚਰ ਦਿੱਤੇ। ਇਨਵਿਜ਼ੀਲਾਈਨ ਟੇਢੇ-ਮੇਢੇ ਦੰਦਾਂ ਨੂੰ ਸਿੱਧਾ ਕਰਨ ਦਾ ਆਧੁਨਿਕ ਤਰੀਕਾ ਹੈ। ਇਸ ਚਾਰ ਰੋਜ਼ਾ ਕਨਵੈਨਸ਼ਨ ਵਿਚ ਐਸੋਸੀਏਸ਼ਨ ਦੇ 24 ਹਜ਼ਾਰ ਮੈਂਬਰਾਂ ਵਿਚੋਂ ਕੋਈ 16 ਹਜ਼ਾਰ ਮੈਂਬਰ ਹਾਜ਼ਰ ਸਨ।

ਡਾ. ਪੰਨੂੰ ਨੂੰ ਵਿਸ਼ੇਸ਼ ਤੌਰ 'ਤੇ ਇਸ ਕਨਵੈਨਸ਼ਨ ਵਿਚ ਇਨਵਿਜ਼ੀਲਾਈਨ ਬਾਰੇ ਆਪਣੀ ਜਾਣਕਾਰੀ ਮੈਂਬਰਾਂ ਨਾਲ ਸਾਂਝੀ ਕਰਨ ਦੀ ਬੇਨਤੀ ਕੀਤੀ ਗਈ ਸੀ। ਡਾ. ਪੰਨੂੰ ਇਨਵਿਜ਼ੀਲਾਈਨ ਦੇ ਮਾਹਰ ਡਾਕਟਰ ਗਿਣੇ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਡਾਕਟਰ ਪੰਨੂੰ ਉਨ੍ਹਾਂ 1% ਡੈਂਟਿਸਟਾਂ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਇਨਵਿਜ਼ੀਲਾਈਨ ਦਾ ਚੋਖਾ ਤਜ਼ਰਬਾ ਹੈ। ਡਾ. ਪੰਨੂੰ ਦੇ ਤਜ਼ਰਬੇ ਕਰਕੇ ਹੀ ਐਨ.ਬੀ.ਸੀ. ਟੈਲੀਵਿਜ਼ਨ ਨੇ ਆਪਣੇ 'ਹਰਟਬੀਟ ਆਫ ਅਮੈਰਿਕਾ' ਪ੍ਰੋਗਰਾਮ ਵਿਚ ਸ਼ੁਮਾਰ ਕੀਤਾ ਸੀ।

ਡਾ. ਪੰਨੂੰ ਅਨੁਸਾਰ ਉਨ੍ਹਾਂ ਦੀ ਕਾਮਯਾਬੀ ਦਾ ਰਾਜ ਕਾਸਮੈਟਿਕ ਡੈਂਟਿਸਟਰੀ ਵਿਚ ਉਨ੍ਹਾਂ ਦਾ ਵੱਡਾ ਤਜ਼ਰਬਾ ਹੈ। ਉਨ੍ਹਾਂ ਕਿਹਾ ਕਿ ਮੇਰੇ ਬਹੁਤ ਸਾਰੇ ਮਰੀਜ਼ ਖੂਬਸੂਰਤ ਦੰਦਾਂ ਨਾਲ ਖੂਬਸੂਰਤ ਮੁਸਕਰਾਹਟ ਦੇਣਾ ਚਾਹੁੰਦੇ ਹਨ ਅਤੇ ਇਨਵਿਜ਼ੀਲਾਈਨ ਇਸ ਦਾ ਜਵਾਬ ਹੈ।


**Bob Lynn Edwards, Jr.**

Free Initial Consultation

Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

www.BobEdwards.com

3869 Peralta Boulevard, Fremont CA 94536-3712

Ph:510-770-0500



**Security Cameras For Your Business**

WWW.PROLYNKS.COM



Are you worried about your Business ?

100% Guaranteed Results

- Employee Theft
- Employee Productivity
- Vandalism
- Trespassing Problems
- Customer Shoplifting
- Armed Robberies

Remotely watch your business using internet



We will beat any competitor prices!!!

4 Camera System Prices Starting At $59.99/mo*

FREE ESTIMATE

PROFESSIONAL INSTALLATION

408-294-9900

1-888-PRO-LYNK

ProLynks LINKING OUR WORLD

Serving Bay Area Businesses For Past 7 Years

1194 S 2nd St. San Jose, CA 95112




## ਹਰਨੂਰ ਕੌਰ ਮੰਜ਼ਿਲ ਨੂੰ

## ਛੇਵਾਂ

# ਜਨਮ ਦਿਨ ਮੁਬਾਰਕ !

Birthday Date 09/24/2009

**ਵਾਹਿਗੁਰੂ ਤੈਨੂੰ ਲੰਮੀਆਂ ਉਮਰਾਂ ਬਖ਼ਸ਼ੇ !**

ਵਲੋਂ

ਸ. ਦਲੀਪ ਸਿੰਘ ਮੰਜ਼ਿਲ (ਦਾਦਾ ਜੀ)
ਸਰਦਾਰਨੀ ਗੁਰਮੇਲ ਕੌਰ ਮੰਜ਼ਿਲ (ਦਾਦੀ ਜੀ)
ਗੁਰਜੀਤ ਸਿੰਘ ਮੰਜ਼ਿਲ (ਪਿਤਾ ਜੀ)
ਇੰਦਰਪ੍ਰੀਤ ਕੌਰ ਮੰਜ਼ਿਲ (ਮਾਤਾ ਜੀ)
ਡਾ. ਸੁਖਬੀਰ ਸਿੰਘ ਮੰਜ਼ਿਲ (ਤਾਇਆ ਜੀ)
ਅਨੀਤ ਕੌਰ ਮੰਜ਼ਿਲ (ਤਾਈ ਜੀ)
ਅਨੂਪ ਸਿੰਘ ਮੰਜ਼ਿਲ (ਵੱਡਾ ਭਰਾ)
ਸਾਹਿਬ ਸਿੰਘ ਮੰਜ਼ਿਲ (ਵੱਡਾ ਭਰਾ)

# ਹੇਵਰਡ ਕਬੱਡੀ ਕੱਪ ਮੇਲੇ ਲਈ ਸਭ ਤਿਆਰੀਆਂ ਮੁਕੰਮਲ, ਪ੍ਰਬੰਧਕਾਂ ਦੇ ਹੌਂਸਲੇ ਬੁਲੰਦ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ ਹੇਵਰਡ ਵਿਚ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦੇ ਖੂਬਸੂਰਤ ਕੈਲ ਸਟੇਟ ਸਟੇਡੀਅਮ ਵਿਚ 26 ਸਤੰਬਰ ਨੂੰ ਕਰਵਾਏ ਜਾ ਰਹੇ ਕਬੱਡੀ ਕੱਪ ਮੇਲੇ ਲਈ ਸਭ ਤਿਆਰੀਆਂ ਨੂੰ ਉਸ ਵੇਲੇ ਅੰਤਿਮ ਰੂਪ ਦੇ ਦਿਤਾ ਗਿਆ ਜਦੋਂ ਇਸ ਕਬੱਡੀ ਮੇਲੇ ਵਿਚ ਸ਼ਾਮਲ ਹੋ ਰਹੇ ਸਾਰੇ ਕਲੱਬਾਂ ਨੇ ਟੂਰਨਾਮੈਂਟ ਸਬੰਧੀ ਨਿਯਮਾਂ ਉਤੇ ਸਰਬਸੰਮਤੀ ਨਾਲ ਦਸਤਖਤ ਕਰਕੇ ਸਾਰੇ ਅਧਿਕਾਰ ਯੂਨਾਈਟਡ ਸਪੋਰਟਸ ਕਲੱਬ ਨੂੰ ਦੇ ਦਿੱਤੇ ਤਾਂ ਜੋ ਇਸ ਖੇਡ ਮੇਲੇ ਨੂੰ ਬਿਨਾ ਕਿਸੇ ਪੱਖਪਾਤ ਦੇ ਨੇਪਰੇ ਚਾੜ੍ਹਿਆ ਜਾ ਸਕੇ।

ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਵਖ ਵਖ ਖੇਡ ਕਲੱਬਾਂ ਤੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਸਹਿਯੋਗ ਅਗੋਂ ਵੀ ਇਸੇ ਤਰ੍ਹਾਂ ਮਿਲਦਾ ਰਹੇਗਾ।

ਕਲੱਬ ਦੇ ਇਕ ਬੁਲਾਰੇ ਸ. ਗੁਰਦਾਵਰ ਸਿੰਘ ਮਹੇੜੂ ਨੇ ਦੱਸਿਆ ਕਿ ਇਸ ਕਬੱਡੀ ਮੇਲੇ ਸਬੰਧੀ ਜਾਣਕਾਰੀ ਲੈਣ ਲਈ ਦਰਸ਼ਕਾਂ ਦੇ ਦੂਰ ਦੂਰ ਤੋਂ ਫੋਨ ਆ ਰਹੇ ਹਨ ਅਤੇ ਮਿਲ ਰਹੇ ਹੁੰਗਾਰੇ ਕਰਕੇ ਪ੍ਰਬੰਧਕਾਂ ਦੇ ਹੌਂਸਲੇ ਬੁਲੰਦ ਹਨ। ਮੇਲੇ ਵਿਚ ਸ਼ਰੀਕ ਹੋਣ ਵਾਲੇ ਵਿਸ਼ੇਸ਼ ਮਹਿਮਾਨ ਅਤੇ ਖਿਡਾਰੀ ਪਹੁੰਚਣੇ ਵੀ ਸ਼ੁਰੂ ਹੋ ਗਏ ਹਨ, ਜਿਨ੍ਹਾਂ ਵਿਚੋਂ ਨਿਊਯਾਰਕ ਵਿਚ ਹਾਲ ਹੀ ਵਿਚ ਹੋਏ ਕਬੱਡੀ ਮੇਲੇ ਦਾ ਬੈਸਟ ਜਾਫੀ ਸੰਦੀਪ ਨੰਗਲ ਅੰਬੀਆਂ ਵਾਲਾ ਸੋਮਵਾਰ ਸ਼ਾਮ ਨੂੰ ਬੇ-ਏਰੀਏ ਵਿਚ ਪਹੁੰਚ ਚੁਕਾ ਹੈ। ਇਸ ਕਬੱਡੀ ਮੇਲੇ ਵਿਚ ਸ਼ਾਮਲ ਹੋਣ ਲਈ ਨਿਊ ਯਾਰਕ ਕੱਪ ਦਾ ਬੈਸਟ ਰੇਡਰ ਰਣਜੀਤ ਮਹੇੜੂ, ਕਿੰਦਾ ਬਿਹਾਰੀਪੁਰੀਆ, ਮੀਕ ਸਿਆਟਲ, ਸੋਨੀ ਸਨੇਤ, ਜੋਗੀ, ਕਾਕਾ ਕਾਹਰੀ ਸਾਹਰੀ, ਸੰਦੀਪ ਗੁਰਦਾਸਪੁਰੀਆ, ਦੁੱਲਾ, ਬਲਜੀਤ ਸੈਦੋਕੇ, ਸ਼ਿੰਦਾ ਲੋਪੋਕੇ, ਜੱਗਾ ਨਕੋਦਰੀਆ ਅਤੇ ਟੋਰਾਂਟੋ ਪੁਲੀਸ ਦੀ ਟੀਮ ਤੋਂ ਇਲਾਵਾ ਅਨੇਕਾਂ ਹੋਰ ਖਿਡਾਰੀ ਸ਼ੁਕਰਵਾਰ ਤਕ ਇਥੇ ਪਹੁੰਚ ਜਾਣਗੇ ਅਤੇ ਇੰਜ ਕਬੱਡੀ ਦਾ ਮਹਾਂਕੁੰਭ ਇਕ ਵਾਰ ਫੇਰ ਕੈਲ ਸਟੇਟ ਦੇ ਖੁਲ੍ਹੇ ਸਟੇਡੀਅਮ ਵਿਚ ਜੁੜੇਗਾ।

ਪ੍ਰਬੰਧਕਾਂ ਨੇ ਸਮੂਹ ਖੇਡ ਪ੍ਰੇਮੀਆਂ ਨੂੰ ਇਸ ਮੇਲੇ ਵਿਚ ਵੱਧ ਚੜ੍ਹ ਕੇ ਪੁਜਣ ਦੀ ਬੇਨਤੀ ਕੀਤੀ ਹੈ। ਇਹ ਵੀ ਬੇਨਤੀ ਕੀਤੀ ਗਈ ਹੈ ਕਿ ਕਾਰਾਂ ਗਲਤ ਜਗ੍ਹਾ ਜਾਂ ਕਿਸੇ ਦਾ ਰਾਸਤਾ ਬਲਾਕ ਕਰਕੇ ਨਾ ਪਾਰਕ ਕੀਤੀਆਂ ਜਾਣ ਅਤੇ ਸਫਾਈ ਦਾ ਖਾਸ ਖਿਆਲ ਰਖਿਆ ਜਾਵੇ। ਮੇਲੇ ਸਬੰਧੀ ਹੋਰ ਜਾਣਕਾਰੀ ਇਸ ਅੰਕ ਦੇ ਸਫਾ 18-19 ਉਤੇ ਛਪੇ ਇਸ਼ਤਿਹਾਰ ਤੋਂ ਲਈ ਜਾ ਸਕਦੀ ਹੈ।

# ਸੈਨ ਹੋਜ਼ੇ ਗੁਰੂ ਘਰ ਦੇ ਪ੍ਰਬੰਧਕਾਂ ਦੀਆਂ ਦੋਹੇਂ ਧਿਰਾਂ ਅਦਾਲਤ 'ਚ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਅਖੀਰ ਉਹੀ ਹੋਇਆ ਜਿਸ ਦਾ ਪਿਛਲੇ ਇਕ ਸਾਲ ਦੇ ਅਰਸੇ ਤੋਂ ਅੰਦੇਸ਼ਾ ਪ੍ਰਗਟ ਕੀਤਾ ਜਾ ਰਿਹਾ ਸੀ। ਸੈਨ ਹੋਜ਼ੇ ਗੁਰੂ ਘਰ ਦੇ ਪ੍ਰਬੰਧਕਾਂ ਦੀਆਂ ਦੋਹਾਂ ਹੀ ਧਿਰਾਂ ਨੇ ਇਕ ਦੂਜੇ ਵਿਰੁਧ ਅਦਾਲਤ ਦੇ ਦਰਵਾਜ਼ੇ ਉਤੇ ਦਸਤਕ ਦੇ ਦਿੱਤੀ ਹੈ।

ਵਿਰੋਧੀ ਧਿਰ ਵਲੋਂ ਆਪਣੇ ਵਕੀਲ ਮਾਰਕ ਕੋਹਨ ਰਾਹੀਂ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਂਟਾ ਕਲਾਰਾ ਵਿਚ ਗੁਰਦੁਆਰਾ ਸੈਨ ਹੋਜ਼ੇ ਵਿਰੁਧ ਦਾਇਰ ਕੀਤੀ ਗਈ ਇਕ ਪਟੀਸ਼ਨ ਰਾਹੀਂ ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਪ੍ਰਧਾਨ ਹਰਦੇਵ ਸਿੰਘ ਤੱਖਰ ਅਤੇ ਇਕ ਹੋਰ ਅਹੁਦੇਦਾਰ ਮਹਿੰਗਾ ਸਿੰਘ ਰਾਜਾਸਾਂਸੀ ਅਤੇ ਹੋਰਨਾਂ ਤੋਂ ਮੰਗ ਕੀਤੀ ਗਈ ਹੈ ਕਿ ਉਹ 1990 ਤੋਂ ਬਾਅਦ ਦਾ ਗੁਰੂ ਘਰ ਦਾ ਰਿਕਾਰਡ ਪਟੀਸ਼ਨਕਰਤਾਵਾਂ ਨੂੰ ਦੇਣ। ਇਸ ਤੋਂ ਇਲਾਵਾ ਉਸਾਰੀ ਦੇ ਸਾਰੇ ਪੜਾਵਾਂ ਦਾ ਹਿਸਾਬ-ਕਿਤਾਬ ਵੀ ਮੰਗਿਆ ਗਿਆ ਹੈ। ਇਹ ਵੀ ਮੰਗ ਕੀਤੀ ਗਈ ਹੈ ਕਿ ਹਾਲ ਹੀ ਵਿਚ ਬਣਾਈਆਂ ਗਈਆਂ ਵੋਟਾਂ ਦਾ ਰਿਕਾਰਡ ਵੀ ਉਨ੍ਹਾਂ ਨੂੰ ਦਿਖਾਇਆ ਜਾਵੇ। ਪਟੀਸ਼ਨ ਵਿਚ ਇਹ ਖਦਸ਼ਾ ਜਾਹਿਰ ਕੀਤਾ ਗਿਆ ਹੈ ਕਿ ਗੁਰੂ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਵਿਚ ਊਣਤਾਈਆਂ ਰਹਿ ਗਈਆਂ ਹੋ ਸਕਦੀਆਂ ਹਨ ਅਤੇ ਪੈਸੇ ਦੀ ਬਿਨਾ ਪ੍ਰਵਾਨਗੀ ਵਰਤੋਂ ਕੀਤੀ ਗਈ ਹੋ ਸਕਦੀ ਹੈ। 1992 ਤੋਂ ਬਾਅਦ ਕੀਤੇ ਗਏ ਆਡਿਟ ਦੀਆਂ ਕਾਪੀਆਂ ਵੀ ਮੰਗੀਆਂ ਗਈਆਂ ਹਨ। 22 ਮਾਰਚ 2009 ਤੋਂ ਬਾਅਦ ਬੋਰਡ ਅਤੇ ਕਮੇਟੀ ਦੀਆਂ ਮੀਟਿੰਗਾਂ ਦੇ ਕਾਰਵਾਈ ਰਜਿਸਟਰ ਵੀ ਮੰਗੇ ਗਏ ਹਨ।

ਕੇਸ ਗੁਰਦੁਆਰਾ ਸੈਨ ਹੋਜ਼ੇ ਦੇ ਸਾਬਕਾ ਪ੍ਰਧਾਨ ਬਲਬੰਤ ਸਿੰਘ ਚਾਹਲ ਦੇ ਛੋਟੇ ਭਰਾ ਬਖਸ਼ੀਸ਼ ਸਿੰਘ ਚਾਹਲ, ਬਚਿੱਤਰ ਸਿੰਘ ਸੰਘਾ ਅਤੇ ਬਲਬੀਰ ਸਿੰਘ ਢਿੱਲੋਂ ਵਲੋਂ 17 ਸਤੰਬਰ 2009 ਨੂੰ ਕੀਤਾ ਗਿਆ ਹੈ ਜਿਸਦੇ ਅਦਾਲਤੀ ਕਾਗਜ਼ ਗੁਰਦੁਆਰਾ ਸਾਹਿਬ ਨੂੰ 19 ਸਤੰਬਰ 2009 ਨੂੰ ਮਿਲ ਗਏ ਹਨ।

ਦੂਜੇ ਪਾਸੇ ਗੁਰਦੁਆਰਾ ਪ੍ਰਬੰਧਕਾਂ ਵਲੋਂ ਬੇ-ਏਰੀਆ ਤੋਂ ਛਪਦੇ ਪੰਜਾਬੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਰੁਧ ਗੁਰਦੁਆਰਾ ਸਾਹਿਬ ਬਾਰੇ ਲਗਾਤਾਰ ਕਥਿਤ ਤੌਰ 'ਤੇ ਭੰਡੀ ਪ੍ਰਚਾਰ ਕੀਤੇ ਜਾਣ ਨੂੰ ਆਧਾਰ ਬਣਾ ਕੇ ਅਦਾਲਤ ਵਿਚ ਕੇਸ ਕੀਤੇ ਜਾਣ ਦਾ ਪਤਾ ਲੱਗਾ ਹੈ।

ਗੁਰਦੁਆਰਾ ਪ੍ਰਬੰਧਕਾਂ ਦੇ ਨੇੜਲੇ ਸੂਤਰਾਂ ਅਨੁਸਾਰ ਅਜੇ ਤੱਕ ਉਨ੍ਹਾਂ ਵਿਰੋਧੀਆਂ ਖਿਲਾਫ ਗੁਰਦੁਆਰਾ ਸਾਹਿਬ ਦੀ ਤਰਫੋਂ ਅਦਾਲਤ ਵਿਚ ਕੇਸ ਕਰਨ ਦੀ ਮਨਸ਼ਾ ਹੀ ਜਾਹਿਰ ਕੀਤੀ ਸੀ ਪਰ ਜਲਦ ਹੀ ਇਸ ਕੇਸ ਦੇ ਸੰਮਨਾਂ ਦੀ ਤਾਮੀਲ ਵੀ ਕੀਤੀ ਜਾਏਗੀ। ਇਨ੍ਹਾਂ ਸੂਤਰਾਂ ਅਨੁਸਾਰ ਵਿਰੋਧੀ ਧਿਰ ਨੇ ਗੁਰੂ ਘਰ ਹਿੱਤਾਂ ਦਾ ਖਿਆਲ ਕੀਤੇ ਬਿਨਾ ਲਗਾਤਾਰ ਵਿਘਨਪਾਊ ਕਾਰਵਾਈਆਂ ਜਾਰੀ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਬੈਂਕ ਦਾ ਲੋਨ ਰੁਕਵਾਉਣ ਲਈ ਚਿੱਠੀ ਲਿਖਣਾ ਵੀ ਸ਼ਾਮਲ ਹੈ।

# ਕਾਂਗਰਸ ਦੀ ਸਾਦਗੀ ਮੁਹਿੰਮ ਲੁੜਕੀ

ਲਈ ਪਸ਼ੂਆਂ ਵਾਲੀ ਕਲਾਸ 'ਚ ਜਾਵਾਂਗਾ।'' ਥਰੂਰ ਦਾ ਇਹ ਬਿਆਨ ਉਸ ਸਮੇਂ ਆਇਆ ਜਦੋਂਕਿ ਰਾਹੁਲ ਗਾਂਧੀ ਸ਼ਤਾਬਦੀ ਐਕਸਪ੍ਰੈੱਸ 'ਚ ਆਮ ਮੁਸਾਫਰਾਂ ਵਾਂਗ ਸਫਰ ਕਰਕੇ ਬੱਚਤ ਅਤੇ ਸਾਦਗੀ ਦੀ ਮਿਸਾਲ ਪੇਸ਼ ਕਰ ਰਹੇ ਹਨ।

ਕਾਂਗਰਸ ਪਾਰਟੀ ਨੇ ਇਸ ਟਿੱਪਣੀ ਦੀ ਸਖ਼ਤ ਆਲੋਚਨਾ ਕਰਦਿਆਂ ਇਸ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਕਾਂਗਰਸ ਦੀ ਬੁਲਾਰਾ ਜੈਯੰਤੀ ਨਟਰਾਜਨ ਨੇ ਕਿਹਾ ਕਿ ਅਸੀਂ ਥਰੂਰ ਦੇ ਬਿਆਨ ਦੀ ਨਿਖੇਧੀ ਕਰਦੇ ਹਾਂ ਅਤੇ ਉਨ੍ਹਾਂ ਦਾ ਇਹ ਬਿਆਨ ਸਾਡੀ ਸਿਆਸਤ ਨਾਲ ਮੇਲ ਨਹੀਂ ਖਾਂਦਾ। ਅਸੀਂ ਸਾਰੇ ਭਾਰਤੀਆਂ ਦਾ ਆਦਰ ਕਰਦੇ ਹੋਏ ਇਸ ਟਿੱਪਣੀ ਨੂੰ ਮਨਜ਼ੂਰ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਸ਼ਸ਼ੀ ਥਰੂਰ ਵਿਰੁਧ ਅਨੁਸ਼ਾਸਨੀ ਕਾਰਵਾਈ ਕਾਂਗਰਸ ਹਾਈਕਮਾਨ ਲਵੇਗੀ।

ਭਾਵੇਂ ਥਰੂਰ ਨੇ ਆਪਣੇ ਇਸ ਬਿਆਨ ਲਈ ਮਾਫੀ ਮੰਗੀ ਹੈ ਪਰ ਇਸ ਬਿਆਨ ਨੇ ਉਨ੍ਹਾਂ ਦੀ ਆਮ ਲੋਕਾਂ ਪ੍ਰਤੀ ਸੋਚ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਪਹਿਲਾ ਮੌਕਾ ਨਹੀਂ ਜਦੋਂ ਸ੍ਰੀ ਥਰੂਰ ਵਿਵਾਦ 'ਚ ਘਿਰਆ ਹੋਵੇ। ਇਸ ਤੋਂ ਪਹਿਲਾਂ ਜਦੋਂ ਕਾਂਗਰਸ ਮੰਦੇ ਕਾਰਨ ਸਾਦਗੀ ਦਾ ਰਾਗ ਅਲਾਪ ਰਹੀ ਸੀ ਤਾਂ ਉਹ ਦਿੱਲੀ ਦੇ ਇਕ ਪੰਜ ਸਿਤਾਰਾ ਹੋਟਲ 'ਚ ਤਿੰਨ ਮਹੀਨੇ ਤੋਂ ਵਧ ਸਮੇਂ ਤੱਕ ਠਹਿਰੇ ਹੋਏ ਸਨ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਥਰੂਰ ਨੂੰ ਛੇਤੀ ਹੋਟਲ ਖਾਲੀ ਕਰਨ ਦੇ ਹੁਕਮ ਦਿੱਤੇ ਸਨ। ਉਦੋਂ ਉਹ ਪਾਰਟੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦੇ ਹੁਕਮ 'ਤੇ ਹੀ ਹੋਟਲ ਛੱਡਣ ਲਈ ਤਿਆਰ ਹੋਏ ਸਨ।

ਸ੍ਰੀ ਰਾਹੁਲ ਗਾਂਧੀ ਦੇ ਲੁਧਿਆਣਾ ਤੋਂ ਨਵੀਂ ਦਿੱਲੀ ਸਵਰਨ ਸ਼ਤਾਬਦੀ ਰਾਹੀਂ ਪਰਤਣ ਸਮੇਂ ਇਸ ਗੱਡੀ 'ਤੇ ਘਰੌਂਡਾ ਨੇੜੇ ਹੋਏ ਪਥਰਾਉ ਦੀ ਘਟਨਾ ਤੋਂ ਬਾਅਦ ਕਾਂਗਰਸ ਪਾਰਟੀ ਆਪਣੇ ਪ੍ਰਮੁੱਖ ਲੀਡਰਾਂ ਦੀ ਸੁਰੱਖਿਆ ਨੂੰ ਲੈ ਕੇ ਕਾਫੀ ਸਕਤੇ 'ਚ ਹੈ। ਕਾਂਗਰਸ ਦੀ ਤਰਜ਼ਮਾਨ ਜੈਯੰਤੀ ਨਟਰਾਜਨ ਨੇ ਕਿਹਾ ਕਿ ਰਾਹੁਲ ਗਾਂਧੀ ਭਵਿੱਖ ਵਿਚ ਰੇਲ 'ਤੇ ਸਫਰ ਨਹੀਂ ਕਰਨਗੇ ਅਤੇ ਸ੍ਰੀਮਤੀ ਸੋਨੀਆ ਗਾਂਧੀ ਵੀ ਹਵਾਈ ਜਹਾਜ਼ ਦੀ ਇਕਾਨਮੀ ਕਲਾਸ ਵਿਚ ਨਹੀਂ ਬੈਠਣਗੇ। ਉਨ੍ਹਾਂ ਕਿਹਾ ਕਿ ਇਹ ਫੈਸਲੇ ਐਸ.ਪੀ.ਜੀ. ਵਲੋਂ ਦੋਵੇਂ ਨੇਤਾਵਾਂ ਦੀ ਸੁਰਖਿਆ ਪ੍ਰਤੀ ਪ੍ਰਗਟਾਈ ਚਿੰਤਾ ਦੇ ਮੱਦੇ ਨਜ਼ਰ ਲਿਆ ਗਿਆ ਹੈ। ਜਦੋਂ ਪਾਰਟੀ ਦੇ ਨੇਤਾ ਖੁਦ ਨੂੰ ਸੰਜਮੀ ਸਾਬਤ ਕਰਨ ਦੀ ਹੋੜ 'ਚ ਹਨ ਉਦੋਂ ਕਾਂਗਰਸ ਪਾਰਟੀ ਦੇ ਇਸ ਫੈਸਲੇ ਨਾਲ ਕਾਂਗਰਸ ਦੀ ਸਾਦਗੀ ਮੁਹਿੰਮ ਨੂੰ ਧੱਕਾ ਵੱਜਾ ਹੈ।

ਉਧਰ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਤ ਨੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸਾਦਗੀ 'ਤੇ ਅਮਲ ਕੀਤੇ ਜਾਣ ਬਾਰੇ ਫੈਸਲੇ ਦੀ ਚਿੱਠੀ ਮਿਲਣ ਪਿਛੋਂ ਆਪਣੇ ਮੰਤਰੀਆਂ ਤੇ ਕਾਂਗਰਸੀ ਵਿਧਾਇਕਾਂ ਨੂੰ ਆਪਣੀ ਤਨਖਾਹ 'ਚੋਂ 20 ਫੀਸਦੀ ਕਟੌਤੀ ਕਰਵਾਉਣ ਲਈ ਕਿਹਾ ਹੈ। ਇਸੇ ਤਰਜ 'ਤੇ ਪੰਜਾਬ ਸਰਕਾਰ ਨੇ ਵੀ ਰਾਜ ਦੀ ਵਿੱਤੀ ਸਥਿਤੀ ਦੇ ਸਨਮੁੱਖ ਲਗਜ਼ਰੀ ਕਾਰਾਂ ਦੇ ਦਰਜੇ ਘਟਾਉਣ ਦਾ ਫੈਸਲਾ ਲਿਆ ਹੈ। ਰਾਜ ਦੀ ਵਿੱਤੀ ਸਥਿਤੀ ਨੂੰ ਲੈ ਕੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਦੀ ਪ੍ਰਧਾਨਗੀ ਹੇਠ ਹੋਈ ਮੋਟਰ ਵਹੀਕਲ ਬੋਰਡ ਦੀ ਮੀਟਿੰਗ ਦੌਰਾਨ ਮੁੱਖ ਸਕੱਤਰ, ਵਿੱਤ ਕਮਿਸ਼ਨਰ, ਪ੍ਰਸ਼ਾਸਕੀ ਸਕੱਤਰ ਤੇ ਵਿਭਾਗੀ ਮੁਖੀਆਂ ਸਮੇਤ ਸਮੂਹ ਅਧਿਕਾਰੀਆਂ ਨੂੰ ਮਿਲਣ ਵਾਲੇ ਸਰਕਾਰੀ ਵਾਹਨਾਂ ਦਾ ਦਰਜਾ ਘਟਾਉਣ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਸਕੱਤਰ ਲਈ ਟੋਯੋਟਾ ਕੈਮਰੀ ਕਾਰ ਦੀ ਥਾਂ ਹੁਣ ਟੋਯੋਟਾ ਕੈਰੋਲਾ ਕਾਰ ਮਨਜ਼ੂਰ ਕੀਤੀ ਗਈ ਹੈ। ਇਸ ਤਰ੍ਹਾਂ ਪ੍ਰਮੁੱਖ ਸਕੱਤਰਾਂ, ਵਿੱਤ ਕਮਿਸ਼ਨਰਾਂ ਅਤੇ ਪ੍ਰਸ਼ਾਸਕੀ ਸਕੱਤਰਾਂ ਸਮੇਤ ਸਮੂਹ ਅਧਿਕਾਰੀ ਹੌਂਡਾ ਸਿਟੀ ਜਾਂ ਮਾਰੂਤੀ ਐਸ ਐਕਸ 4 ਲਈ ਅਧਿਕਾਰਤ ਹੋਣਗੇ। ਪਹਿਲਾਂ ਮੁੱਖ ਸਕੱਤਰ ਦੇ ਰੈਂਕ ਵਾਲੇ ਪ੍ਰਮੁੱਖ ਸਕੱਤਰ ਤੇ ਵਿੱਤ ਸਕੱਤਰ ਟੋਯੋਟਾ ਕੈਰੋਲਾ ਕਾਰ ਲਈ ਅਧਿਕਾਰਤ ਸਨ। ਹੁਣ ਵਿਭਾਗ ਦੇ ਮੁਖੀ ਅੰਬੈਸਡਰ ਕਾਰਾਂ ਦੀ ਬਜਾਏ ਸਵਿਫਟ ਡੀਜਾਇਲ (ਡੀਜ਼ਲ) ਜਾਂ ਟਾਟਾ ਇੰਡੀਗੋ (ਡੀਜ਼ਲ) ਵਿਚੋਂ ਕਿਸੇ ਇਕ ਨੂੰ ਚੁਣ ਸਕਦੇ ਹਨ।

ਪਰ ਇਸ ਮੀਟਿੰਗ 'ਚ ਅਫਸਰਾਂ ਕੋਲੋਂ ਵਾਧੂ ਕਾਰਾਂ ਦਾ ਖਹਿੜਾ ਛੁਡਵਾ ਕੇ ਬਚਤ ਕਰਨ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਕ-ਇਕ ਸਕੱਤਰ ਕੋਲ 4-5 ਕਾਰਾਂ ਹਨ ਅਤੇ ਸਕੱਤਰ ਪੱਧਰ ਦੇ ਅਧਿਕਾਰੀ ਨੂੰ 400 ਲੀਟਰ ਪ੍ਰਤੀ ਮਹੀਨਾ ਤੇਲ ਮਿਲਦਾ ਹੈ। ਇਸ ਤਰ੍ਹਾਂ ਹਿਸਾਬ ਨਾਲ 1600-2000 ਲੀਟਰ ਪ੍ਰਤੀ ਮਹੀਨਾ ਫੂਕਿਆ ਜਾ ਰਿਹਾ ਹੈ। ਇਸ ਤਰ੍ਹਾਂ ਵਿਭਾਗ ਦੇ ਵਿੱਤ ਸਕੱਤਰਾਂ, ਸੰਯੁਕਤ ਸਕੱਤਰਾਂ ਆਦਿ ਅਧਿਕਾਰੀਆਂ ਨੂੰ ਸਿਰਫ ਘਰ ਤੋਂ ਦਫਤਰ ਤਕ ਆਉਣ ਜਾਣ ਲਈ ਸਰਕਾਰੀ ਗੱਡੀ ਅਲਾਟ ਹੈ ਪਰ ਅਜਿਹੇ ਅਫਸਰਾਂ ਨੂੰ ਵੀ ਪੱਕੇ ਤੌਰ 'ਤੇ ਗੱਡੀਆਂ ਅਲਾਟ ਕੀਤੀਆਂ ਹੋਈਆਂ ਹਨ, ਜੋ ਗੱਡੀਆਂ ਲਈ ਅਧਿਕਾਰਤ ਹੀ ਨਹੀਂ ਹਨ। ਜੇ ਸਰਕਾਰ ਅਜਿਹੀਆਂ ਉਲੰਘਣਾਵਾਂ ਪ੍ਰਤੀ ਖਬਰਦਾਰ ਨਹੀਂ ਤਾਂ ਉਸ ਦੀ ਬੱਚਤ ਮੁਹਿੰਮ ਮਹਿਜ਼ ਇਕ ਡਰਾਮਾ ਸਾਬਤ ਹੋਵੇਗੀ ਅਤੇ ਲੋਕਾਂ ਦੀ ਨਜ਼ਰਾਂ 'ਚ ਆਪਣੀ ਭੱਲ ਬਣਾਉਣ ਤੋਂ ਵਧ ਕੁਝ ਨਹੀਂ ਹੋਵੇਗਾ।

ਕੇਂਦਰ ਸਰਕਾਰ ਦੀ ਬੱਚਤ ਤੇ ਸਾਦਗੀ ਮੁਹਿੰਮ ਨੂੰ ਮੰਤਰੀਆਂ ਤੇ ਨੇਤਾਵਾਂ 'ਚੋਂ 10 ਫੀਸਦੀ ਤੋਂ ਵੀ ਘੱਟ ਲੋਕਾਂ ਵਲੋਂ ਅਪਨਾਏ ਜਾਣ ਦੀਆਂ ਰਿਪੋਰਟਾਂ ਹਨ। ਅਜਿਹੇ ਸਮੇਂ ਜਦੋਂ ਮੰਤਰੀ ਇਸ ਮੁਹਿੰਮ ਨੂੰ ਅਪਨਾਉਣ ਪ੍ਰਤੀ ਝਿਜਕ ਹੀ ਦਿਖਾ ਰਹੇ ਹਨ ਉਦੋਂ ਸ਼ਸ਼ੀ ਥਰੂਰ ਦੀ ਇਕਾਨਮੀ ਕਲਾਸ ਬਾਰੇ ਹਾਸੋਹੀਣੀ ਤੇ ਘਟੀਆ ਟਿੱਪਣੀ ਨੇ ਇਸ ਨੂੰ ਭਾਰੀ ਸੱਟ ਮਾਰੀ ਹੈ ਤੇ ਰਹਿੰਦੀ ਕਸਰ ਕਾਂਗਰਸ ਪਾਰਟੀ ਦੀ ਸ੍ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਸੁਰਖਿਆ ਨੂੰ ਲੈ ਕੇ ਲਏ ਫੈਸਲੇ ਨੇ ਪੂਰੀ ਕਰ ਦਿੱਤੀ ਹੈ। ਅਜਿਹੀਆਂ ਮੁਹਿੰਮਾਂ ਉਦੋਂ ਤੀਕ ਕੋਈ ਸਾਰਥਿਕ ਸਿੱਟੇ ਸਾਹਮਣੇ ਨਹੀਂ ਲਿਆ ਸਕਦੀਆਂ ਜਦੋਂ ਤੱਕ ਸਾਡੇ ਨੁਮਾਇੰਦੇ ਖੁਦ ਨੂੰ ਆਮ ਲੋਕਾਂ 'ਚ ਸ਼ੁਮਾਰ ਨਹੀਂ ਕਰਦੇ।

*Visit us on the web:*
***punjabtimesusa.com***
***To Advertise with us call:***
***847-359-0746***

ਪੰਜਾਬ ਟਾਈਮਜ਼

**Need advertisement Sales Manager**
**Ideal candidate should have experience in advertisement sales and aptitude towards sales. Knowlege of computer skills must. Salary+Commission. Fax or e-mail your application.**

**ਲੋੜ ਹੈ ਸੇਲਜ਼ ਮੈਨੇਜ਼ਰ**

**ਕੈਲੀਫੋਰਨੀਆ ਵਿਚ ਇਸ਼ਤਿਹਾਰ ਦੀ ਸਪੇਸ ਵੇਚਣ ਲਈ ਪੰਜਾਬ ਟਾਈਮਜ਼ ਨੂੰ ਇਕ ਨਿਸ਼ਠਾਵਾਨ ਅਨੁਭਵੀ ਅਤੇ ਪੱਤਰਕਾਰੀ ਪਿਛੋਕੜ ਵਾਲੇ ਸੇਲਜ਼ ਮੈਨੇਜ਼ਰ ਦੀ ਲੋੜ ਹੈ।**

ਆਦਰਸ਼ ਉਮੀਦਵਾਰ ਕੋਲ ਅਖਬਾਰੀ ਲਾਈਨ ਦਾ ਤਜ਼ਰਬਾ, ਕੰਪਿਊਟਰ ਦੀ ਜਾਣਕਾਰੀ ਅਤੇ ਵਿਕਰੀ ਰੁਚੀ ਜ਼ਰੂਰੀ। ਤਨਖਾਹ ਅਤੇ ਕਮਿਸ਼ਨ ਯੋਗਤਾ ਅਨੁਸਾਰ। ਦਰਖਾਸਤ ਫੈਕਸ ਕਰੋ ਜਾਂ ਈ-ਮੇਲ ਕਰੋ

**Fax:847-705-9388**
**e-mail:punjabtimes1@sbcglobal.net**


**ਮਰੀਜ਼ ਦੀ ਦੇਖਭਾਲ ਲਈ ਹੈਲਪਰ ਬੀਬੀ ਦੀ ਲੋੜ**

ਲੈਫੀਐਟ, ਕੈਲੀਫੋਰਨੀਆ ਵਿਚ ਮੇਰੀ ਬਜ਼ੁਰਗ ਅਪਾਹਜ ਬੀਮਾਰ ਮਾਂ ਦੀ 24 ਘੰਟੇ ਸੱਤੇ ਦਿਨ ਦੇਖ ਭਾਲ ਲਈ ਇਕ ਸਿਹਤਮੰਦ ਹੈਲਪਰ ਬੀਬੀ ਦੀ ਲੋੜ ਹੈ ਜੋ ਕੁਝ ਅੰਗਰੇਜ਼ੀ ਬੋਲ ਤੇ ਸਮਝ ਸਕਦੀ ਹੋਵੇ ਤਾਂ ਜੋ ਐਂਮਰਜੈਂਸੀ ਸਮੇਂ ਸਥਿਤੀ ਸੰਭਾਲੀ ਜਾ ਸਕੇ।

ਸੰਪਰਕ ਕਰੋ: ਰਾਜ ਸਿੰਘ 575-571-0048
ਜਾਂ ਰੂਪ ਕੌਰ 925-689-3778
ਬਿਜ਼ੀ ਹੋਣ 'ਤੇ ਸੁਨੇਹਾ ਛੱਡ ਦਿਓ

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੱਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ☐ ਸਿਟੀਜ਼ਨਸ਼ਿਪ ਅਪੀਲਜ਼
- ☐ ਰੀਲੀਜਿਅਸ ਵਰਕਰਜ਼
- ☐ ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ☐ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- ☐ 9th & 2nd ਸਰਕਿਟ ਅਪੀਲਜ਼
- ☐ ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
* ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538

# ਸਾਹਿਤ ਸਭਾ ਵਲੋਂ ਡਾ. ਮੰਡ ਦਾ ਸਨਮਾਨ

**ਯੂਬਾ ਸਿਟੀ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਯੂਬਾ ਸਿਟੀ/ਸੈਕਰਾਮੈਂਟੋ ਨੇ ਡਾ. ਸੁਰਿੰਦਰਪਾਲ ਸਿੰਘ ਮੰਡ ਨੂੰ ਉਨ੍ਹਾਂ ਦੀਆਂ ਪੰਜਾਬੀ ਮਾਂ ਬੋਲੀ ਪ੍ਰਤੀ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਹੈ। ਇਸ ਸਬੰਧੀ ਇਕ ਬੈਠਕ 12 ਸਤੰਬਰ ਨੂੰ ਡਾ. ਲਖਵਿੰਦਰ ਸਿੰਘ ਰੰਧਾਵਾ ਦੇ ਫਾਰਮ ਹਾਊਸ 'ਚ ਬੁਲਾਈ ਗਈ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਡਾ. ਸੁਰਿੰਦਰ ਮੰਡ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਸਟੇਜ ਦੀ ਅਗਲੀ ਕਾਰਵਾਈ ਸ. ਮੁਹਿੰਦਰ ਸਿੰਘ ਘੱਗ ਨੇ ਸੰਭਾਲੀ।

ਸਾਹਿਤਕ ਦੌਰ ਵਿਚ ਤਤਿੰਦਰ ਕੌਰ ਨੇ ਸ. ਰਾਬਿੰਦਰ ਸਿੰਘ ਅਟਵਾਲ ਦੀ ਕਹਾਣੀ ਅਤੇ ਆਪਣੀ ਕਹਾਣੀ ਪੜ੍ਹ ਕੇ ਸੁਣਾਈਆਂ। ਸ. ਚਰਨ ਸਿੰਘ ਜੱਜ, ਸਮਿੱਤਰ ਉਪਲ, ਮਨਜੀਤ ਢਿਲੋਂ, ਜਿਉਤੀ ਸਿੰਘ ਦੀਆਂ ਕਵਿਤਾਵਾਂ ਤੋਂ ਬਾਦ ਕੁਲਦੀਪ ਸਿੰਘ ਧਾਲੀਵਾਲ ਨੇ ਡਾ. ਸੁਰਿੰਦਰ ਮੰਡ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਡਾ. ਮੰਡ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਭਾ ਵਲੋਂ ਡਾ. ਮੰਡ ਦਾ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਗਿਆਰਾਂ ਸੌ ਡਾਲਰ ਨਾਲ ਮਾਣ-ਤਾਣ ਕੀਤਾ ਗਿਆ। ਇਸ ਮੌਕੇ ਡਾ. ਮੰਡ ਨੇ ਆਪਣੀ ਨਵੀਂ ਪੁਸਤਕ 'ਸੱਚੀਆਂ ਤੇ ਸਦੀਵੀ ਗੱਲਾਂ' ਇਕੱਤਰਤਾ ਵਿਚ ਹਾਜ਼ਰ ਸਾਹਿਤਕਰਾਂ ਨੂੰ ਦਿੱਤੀਆਂ। ਹਰਬੰਸ ਸਿੰਘ ਜਗਿਆਸੂ ਨੇ ਆਪਣੀ ਪੁਸਤਕ 'ਜਗਿਆਸਾ' ਅਤੇ ਨਿਰਮਲ ਸਿੰਘ ਲਾਲੀ ਨੇ ਆਪਣੀਆਂ ਤਿੰਨ ਪੁਸਤਕਾਂ 'ਵਹਿੰਦੇ ਹੰਝੂ', 'ਕੁਦਰਤ ਦੇ ਰੰਗ', 'ਸ਼ਖਸੀਅਤ, ਜ਼ਿੰਦਗੀ ਅਤੇ ਨੈਤਿਕਤਾ' ਡਾ. ਮੰਡ ਨੂੰ ਭੇਟ ਕੀਤੀਆਂ।



ਕਵਿਤਾ ਦੇ ਦੌਰ ਵਿਚ ਮੱਖਣ ਲੁਹਾਰ, ਡਾ. ਗਿਆਨ ਸਿੰਘ ਰੰਧਾਵਾ, ਮੁਹਿੰਦਰ ਘੱਗ, ਡਾ. ਲਖਵਿੰਦਰ ਸਿੰਘ ਰੰਧਾਵਾ, ਡਾ. ਸੁਰਿੰਦਰ ਮੰਡ, ਹਰਬੰਸ ਸਿੰਘ ਜਗਿਆਸੂ, ਨਵਦੀਪ ਸਿੰਘ, ਤਜਿੰਦਰ ਸਿੰਘ ਥਿੰਦ, ਦਲਬੀਰ ਦਿਲ ਨਿੱਜਰ ਨੇ ਆਪੋ-ਅਪਣੀਆਂ ਰਚਨਾਵਾਂ ਸੁਣਾਈਆਂ।

ਇਸ ਇਕੱਤਰਤਾ ਵਿਚ ਪੰਜਾਬੀ ਸਾਹਿਤ ਸਭਾ ਦੇ ਮੈਂਬਰ, ਗਦਰ ਲਹਿਰ ਨਾਲ ਸਬੰਧਤ ਦੋਵਾਂ ਐਸੋਸੀਏਸ਼ਨਾਂ ਦੇ ਪ੍ਰਬੰਧਕ, ਚਰਨ ਸਿੰਘ ਜੱਜ, ਕੁਲਦੀਪ ਧਾਲੀਵਾਲ, ਸਮਿੱਤਰ ਉਪਲ, ਡਾ. ਲਖਵਿੰਦਰ ਸਿੰਘ ਰੰਧਾਵਾ ਤੇ ਡਾ. ਗਿਆਨ ਸਿੰਘ ਰੰਧਾਵਾ, ਗੁਰਦਵਾਰਾ ਟੈਰਾ ਬਿਊਨਾ ਰੋਡ ਦੇ ਡਾਇਰੈਕਟਰ, ਕਸ਼ਮੀਰ ਸਿੰਘ ਰਾਏ, ਮਨਜੀਤ ਢਿਲੋਂ, ਫਾਰਮਰ ਤੇ ਬਿਜ਼ਨਿਸ ਕਮਿਊਨੀਟੀ ਦੀਆਂ ਸ਼ਖਸੀਅਤਾਂ, ਅਮਰੀਕ ਸਿੰਘ ਕਾਲਕਟ, ਜਸਬੀਰ ਸਿੰਘ ਕੁਲਾਰ, ਲਖਬੀਰ ਸਿੰਘ ਕੁਲਾਰ, ਨੀਟੂ ਸਿੰਘ ਦੁਸਾਂਝ, ਬਿਟੂ ਲਾਲੀ, ਮਨਜੀਤ ਲਾਲੀ, ਜੈਕ ਢਿਲੋਂ, ਗੁਰਪ੍ਰੀਤ ਸਿੰਘ ਤੇ ਰਛਪਾਲ ਸਿੰਘ ਸੇਖੋਂ ਇਸ ਵਿਚ ਸ਼ਾਮਲ ਹੋਏ।

# ਕਤਲ ਕੇਸ 'ਚ ਸਜਾ ਭੁਗਤ ਰਿਹਾ ਇਮੀਗ੍ਰਾਂਟ ਜੇਲ੍ਹੋਂ ਰਿਹਾ; ਡਿਪੋਰਟੇਸ਼ਨ 'ਤੇ ਰੋਕ

**ਸਿਆਟਲ:** ਪਿਛਲੇ 9 ਸਾਲ ਤੋਂ ਇਕ ਕਤਲ ਕੇਸ ਵਿਚ ਸਜਾ ਭੁਗਤ ਰਹੇ ਪਰਮਜੀਤ ਸਿੰਘ ਪੰਮਾ ਧਾਲੀਵਾਲ ਇਮੀਗ੍ਰੇਸ਼ਨ ਦੀ ਜੇਲ੍ਹ ਵਿਚੋਂ ਰਿਹਾ ਹੋ ਗਿਆ ਹੈ।

ਪੰਮਾ ਧਾਲੀਵਾਲ ਨੂੰ ਅਮਰੀਕਾ ਦੇ ਕਾਨੂੰਨ ਮੁਤਾਬਕ ਭਾਰਤ ਡਿਪੋਰਟ ਕੀਤਾ ਜਾਣਾ ਸੀ ਕਿਉਂਕਿ ਜਦ ਕੋਈ ਵੀ ਅਪਰਾਧੀ ਪੰਜ ਸਾਲ ਜਾਂ ਇਸ ਤੋ ਵੱਧ ਸਮਾਂ ਜੇਲ੍ਹ ਵਿਚ ਕੱਟ ਲਵੇ ਤਾਂ ਇਮੀਗ੍ਰੇਸ਼ਨ ਉਸ ਨੂੰ ਆਪਣੇ ਦੇਸ਼ ਭੇਜ ਦਿੰਦੀ ਹੈ, ਬੇਸ਼ੱਕ ਉਸ ਪਾਸ ਗਰੀਨ ਕਾਰਡ ਹੋਵੇ। ਪਰ ਸ੍ਰੀ ਪੰਮਾ ਦੇ ਪਰਿਵਾਰ ਨੇ ਇਸ ਕੇਸ ਵਿਚ ਇਮੀਗ੍ਰੇਸ਼ਨ ਦੇ ਨਾਮੀ ਵਕੀਲ ਸ੍ਰੀ ਕੁਲਦੀਪ ਸਿੰਘ ਧਾਰੀਵਾਲ ਦੀਆਂ ਸੇਵਾਵਾਂ ਲਈਆਂ ਗਈਆਂ। ਵਕੀਲ ਕੁਲਦੀਪ ਸਿੰਘ ਧਾਰੀਵਾਲ ਨੇ ਆਪਣੀ ਮਿਹਨਤ ਨਾਲ ਕੇਸ ਲੜ ਕੇ ਸ੍ਰੀ ਪੰਮਾ ਧਾਲੀਵਾਲ ਨੂੰ ਇਮੀਗ੍ਰੇਸ਼ਨ ਦੀ ਜੇਲ੍ਹ ਵਿਚੋਂ ਰਿਹਾ ਕਰਵਾ ਲਿਆ ਹੈ।

ਇਹ ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕਤਲ ਕੇਸ 'ਚ ਸਜਾ ਭੁਗਤ ਚੁਕੇ ਇਮੀਗ੍ਰਾਂਟ ਨੂੰ ਕਿਸੇ ਵਾਕੀਲ ਨੇ ਡਿਪੋਰਟੇਸ਼ਨ 'ਤੇ ਰੋਕ ਲਗਵਾ ਕੇ ਜੇਲ੍ਹ ਵਿਚੋਂ ਰਿਹਾ ਕਰਵਾ ਲਿਆ ਹੋਵੇ ਅਤੇ ਕੰਮ ਕਰਨ ਦੀ ਇਜਾਜ਼ਤ ਦਿਵਾ ਦਿੱਤੀ ਹੋਵੇ।

ਪਹਿਲਾ ਵੀ ਸ੍ਰੀ ਕੁਲਦੀਪ ਸਿੰਘ ਧਾਰੀਵਾਲ ਨੇ ਇਮੀਗ੍ਰੇਸ਼ਨ ਦੇ ਹਜਾਰਾਂ ਵਿਗੜੇ-ਤਿਗੜੇ ਕੇਸਾਂ ਨੂੰ ਹੱਲ ਕਰਵਾਇਆ ਹੈ। ਸ੍ਰੀ ਕੁਲਦੀਪ ਸਿੰਘ ਧਾਰੀਵਾਲ ਰਫਿਊਜੀ ਕੇਸਾਂ ਦੇ ਮਾਹਰ ਵਾਕੀਲ ਹਨ। ਉਨ੍ਹਾਂ ਨਾਲ ਉਨ੍ਹਾਂ ਦੇ ਦਫਤਰ ਫੋਨ 253-520-2330 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**To Advertise with us call:**
**847-359-0746**

# ਜਸਟਿਸ ਹਰਬੰਸ ਸਿੰਘ ਰਾਏ ਨਹੀਂ ਰਹੇ

**ਸੈਨ ਫਰਾਂਸਿਸਕੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜਸਟਿਸ ਹਰਬੰਸ ਸਿੰਘ ਰਾਏ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ। ਉਹ 81 ਵਰ੍ਹਿਆਂ ਦੇ ਸਨ। ਉਹ ਆਪਣੇ ਪਿਛੇ ਪਤਨੀ ਅੰਮ੍ਰਿਤ ਕੌਰ ਰਾਏ, ਦੋ ਬੇਟੇ ਹਰਦੀਪ ਸਿੰਘ ਰਾਏ ਅਤੇ ਰਣਦੀਪ ਸਿੰਘ ਰਾਏ ਛੱਡ ਗਏ ਹਨ। ਹਰਦੀਪ ਸਿੰਘ ਰਾਏ ਕੈਲੀਫੋਰਨੀਆ ਦੇ ਉਘੇ ਵਕੀਲ ਹਨ।

ਜਸਟਿਸ ਹਰਬੰਸ ਸਿੰਘ ਰਾਏ ਅਤੇ ਜਸਟਿਸ ਗੁਰਨਾਮ ਸਿੰਘ ਰਾਏ ਪੰਜਾਬ ਦੇ ਪਹਿਲੇ ਦੋ ਭਰਾ ਜਸਟਿਸ ਬਣੇ ਸਨ। ਪੰਜਾਬ ਸਰਕਾਰ ਦੇ ਸਾਬਕਾ ਮੁੱਖ ਸਕੱਤਰ ਅਤੇ ਮੌਜੂਦਾ ਮੁੱਖ ਸੂਚਨਾ ਕਮਿਸ਼ਨਰ ਰਮੇਸ਼ਇੰਦਰ ਸਿੰਘ ਉਨ੍ਹਾਂ ਦੇ ਭਾਣਜੇ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਬਹੁਤ ਸਾਰੇ ਸਿਆਸੀ ਤੇ ਸਮਾਜਿਕ ਆਗੂਆਂ ਨੇ ਜਸਟਿਸ ਹਰਬੰਸ ਸਿੰਘ ਰਾਏ ਦੀ ਮੌਤ ਉਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਆਪਣੇ ਸ਼ੋਕ ਸੰਦੇਸ਼ ਵਿਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜਸਟਿਸ ਹਰਬੰਸ ਸਿੰਘ ਰਾਏ ਦੀਆਂ ਪੰਜਾਬ ਦੇ ਲੋਕਪਾਲ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਹੁੰਦਿਆਂ ਕੀਤੀਆਂ ਗਈਆਂ ਸੇਵਾਵਾਂ ਹਮੇਸ਼ਾ ਯਾਦ ਕੀਤੀਆਂ ਜਾਣਗੀਆਂ।

ਵਕੀਲ ਹਰਦੀਪ ਸਿੰਘ ਰਾਏ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਨਾਲ ਫੋਨ 415-693-9131 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਪੰਥ ਤੇ ਪੰਜਾਬ ਦੇ ਹਿੱਤਾਂ ਲਈ ਕੁਰਬਾਨੀ ਕਰਨ ਵਾਲੇ ਟਕਸਾਲੀ ਅਕਾਲੀਆਂ ਦੀ ਪਛਾਣ ਕਰਕੇ ਸਨਮਾਨਤ ਕੀਤਾ ਜਾਵੇਗਾ-ਸੁਖਬੀਰ ਬਾਦਲ**

-ਹੁਣ ਤੁਸੀਂ ਆਪ ਈ ਮੰਨ ਲਿਐ ਕਿ ਟੁੱਕੜਬੋਚਾਂ ਦੀ ਭਰਮਾਰ ਵਿਚ ਕੁਰਬਾਨੀ ਵਾਲੇ ਕਿੰਨੇ ਬੇਪਛਾਣ ਹੋਏ ਪਏ ਐ!

***ਮਾਨਾਂ ਨੂੰ ਕਿਉਂ ਨ੍ਹੀਂ ਯਾਦ ਆਉਂਦੀ ਕਿਸਾਨਾਂ ਦੀ? ਸਵਰਣ ਸਿੰਘ ਟਹਿਣਾ**

-ਕਿਉਂਕਿ ਥੋਡੇ ਵਰਗੇ 'ਬੁੱਧੀਜੀਵੀ ਲੇਖਕ' ਫੂਕਾਂ ਛਕਾ ਕੇ ਗਾਇਕਾਂ ਨੂੰ ਪੂਚਾ ਈ ਉਨ੍ਹਾਂ ਅਸਮਾਨਾਂ ਵਿਚ ਦਿੰਦੇ ਐ ਜਿਥੋਂ ਸਿਰਫ ਚੀਨ ਦੀ ਦੀਵਾਰ ਤੇ ਸੇਤੂ ਬੰਨ੍ਹ ਈ ਨਜ਼ਰ ਆਉਂਦੈ। ਕਿਸਾਨ-ਕਸੂਨ ਨ੍ਹੀਂ ਦੀਂਹਦੇ।

***ਜੇ ਸਿੱਖਾਂ ਦੇ ਫਰਜ਼ੀ ਮੁਕਾਬਲਿਆਂ ਦੀ ਗਿਣਤੀ ਕੀਤੀ ਜਾਵੇ ਤਾਂ ਪੂਰੇ ਦੇਸ਼ 'ਚ ਹੋਏ ਫਰਜ਼ੀ ਮੁਕਾਬਲਿਆਂ ਦੀ ਗਿਣਤੀ ਤੋਂ ਕਿਤੇ ਜ਼ਿਆਦਾ ਹੋਵੇਗੀ-ਤਰਲੋਚਨ ਸਿੰਘ ਐਸ.ਪੀ.**

-ਪਰ ਗਿਣਤੀ ਕਰਨ ਕਰਵਾਉਣ ਦਾ ਟਾਈਮ ਕੀਹਦੇ ਕੋਲ ਐ। ਥੋਡੇ ਕੋਲੇ ਹੈਗਾ?

***ਅਸੀਂ ਆਪਣੀ ਲੜਾਈ ਆਪਣੇ ਦਮ ਉਤੇ ਲੜਾਂਗੇ-ਰਾਹੁਲ ਗਾਂਧੀ**

-ਚੰਗੀ ਗੱਲ ਐ! ਕਿਸੇ ਦੇ ਮੋਢੇ 'ਤੇ ਰੱਖ ਕੇ ਕੋਈ ਲੜ ਵੀ ਕਿੰਨੀ ਕੁ ਦੇਰ ਸਕਦੈ?

***ਜੈਕਾਰਾ ਛੱਡਣ ਵਾਲੇ ਵਰਕਰ ਨੂੰ ਬਾਦਲ ਨੇ ਫਿਟਕਾਰ ਪਾਈ**

-ਹਮਾਤੜ ਨੂੰ ਪਤਾ ਨ੍ਹੀਂ ਹੋਣਾ ਕਿ ਹੰਕਾਰੇ ਬੰਦੇ ਸਿਰਫ ਆਪਣੀ ਜੈ-ਜੈ ਕਾਰ ਸੁਣਨੀ ਪਸੰਦ ਕਰਦੇ ਐ।

***ਕੀ ਸੱਤ ਸਾਲ ਪਹਿਲਾਂ ਲਾਦੇਨ ਦੀ ਮੌਤ ਹੋ ਗਈ ਸੀ?**

-ਬੁਸ਼ ਸਾਬ੍ਹ ਨੂੰ ਪੁੱਛ ਲਓ!

***ਲੈ ਲਓ ਪੰਜਾਬੀ ਵਿਰਸਾ-ਇਕ ਗੀਤ**

-ਭਾਅ ਠੀਕ ਲਾ ਲਓ, ਦੋ ਮਣ ਲੈ ਲਾਂ'ਗੇ।

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Kashmir S. Thandi
Office: (866) 933-3038
Balhar S. Rana
Cell:916-502-7733

Call For Special Price

4585 Pell Dr. Secramento CA, 95838

**HOME LOANS**
**Sacramento and Central Valley**

ਜੈਗ ਭੰਗੂ ਜੋ ਇਕ ਹਜ਼ਾਰ ਤੋਂ ਵੱਧ ਹਰ ਕਿਸਮ ਦੇ ਲੋਨ ਕਰ ਚੁੱਕੇ ਹਨ

*Attention Home Buyers & Realtors*
*Get qualified for loan before looking for a house.*

*Free Credit & Loan pre approval*

ਰੀਫਾਇਨਾਂਸ ਕਰਵਾਓ ਅਤੇ ਆਪਣੀ ਵਿਆਜ ਦਰ ਤੇ ਕਿਸ਼ਤ ਘਟਾਓ

ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਲਈ ਲੋਨ ਚੰਗੀਆਂ ਸ਼ਰਤਾਂ ਲੈਣ ਲਈ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ

*Purchase home with 3.5% Down FHA*

*Loan can be approved even if your bank/loan officer said NO*

*Low credit score ...We can do the loan*

*Realtors get your client pre approved ...Call for details*



Self Employed OK
First Time Home Buyers OK
Loan Available For Bank Owned Properties
ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

ਜੈਗ ਭੰਗੂ
408-598-9605
916-759-1923
CA DRE Lic 01364174

*Direct Mortgage Lender Rates Are LOW Now*

DIRECT LENDERS AND MAJOR BANKS LOAN AVAILABLE

*For Honest and Reliable*
**Real Estate Services**

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।

*Specializing in Bank Repo. And short sales.*

Nand S. Brar
Broker Associate
DRE Lic No: 01816328



(916) 501-3974
(916) 344-5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com

# ਬਿਜਲੀ ਦਰਾਂ ਵਧਾਉਣ ਦੇ ਮੁੱਦੇ 'ਤੇ ਅਕਾਲੀ ਭਾਜਪਾ ਸਰਕਾਰ ਉਲਝੀ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਚੰਡੀਗੜ੍ਹ : ਬਿਜਲੀ ਦਰਾਂ ਵਧਾਉਣ ਜਾਂ ਨਾ ਵਧਾਉਣ ਅਤੇ ਸਬਸਿਡੀਆਂ ਵਾਪਸ ਲੈਣ ਦੇ ਮੁੱਦੇ 'ਤੇ ਅਕਾਲੀ ਭਾਜਪਾ ਸਰਕਾਰ ਬੁਰੀ ਤਰ੍ਹਾਂ ਉਲਝ ਗਈ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਵਧਾਈਆਂ ਬਿਜਲੀ ਦਰਾਂ ਦੇ ਵਿੱਤੀ ਬੋਝ ਨੂੰ ਖਪਤਕਾਰਾਂ ਦੀ ਥਾਂ ਸਰਕਾਰੀ ਖਜ਼ਾਨੇ 'ਤੇ ਪਾਉਣ ਦਾ ਪੰਜਾਬ ਸਰਕਾਰ ਦਾ ਫੈਸਲਾ ਰਾਜ ਦੇ ਵਿੱਤ ਵਿਭਾਗ ਲਈ ਵੱਡੇ ਸਦਮੇ ਤੋਂ ਘੱਟ ਨਹੀਂ ਹੈ। ਘੋਰ ਮਾਲੀ ਸੰਕਟ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਲਈ ਇਸ ਸਾਲ ਦੌਰਾਨ ਤਕਰੀਬਨ 4000 ਕਰੋੜ ਰੁਪਏ ਸਿਰਫ ਬਿਜਲੀ ਦੀਆਂ ਸਬਸਿਡੀਆਂ ਦੀ ਅਦਾਇਗੀ 'ਤੇ ਖਰਚ ਕਰਨਾ ਇਕ ਵੱਡਾ ਸੰਕਟ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਹੀ ਸਬਸਿਡੀਆਂ ਵਿਰੁਧ ਡਟੇ ਹੋਏ ਹਨ। ਸਰਕਾਰ ਵਲੋਂ ਲਏ ਨਵੇਂ ਫੈਸਲੇ ਨੇ ਵਿੱਤ ਮੰਤਰੀ ਦੀ ਹਾਲਤ ਹੋਰ ਵੀ ਪੇਚੀਦਾ ਬਣਾ ਦਿੱਤੀ ਹੈ।

ਵਿੱਤ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਸਤੰਬਰ ਮਹੀਨੇ ਦੌਰਾਨ ਮੁਲਾਜ਼ਮਾਂ ਨੂੰ ਨਵੇਂ ਸਕੇਲਾਂ ਅਨੁਸਾਰ ਤਨਖਾਹਾਂ ਦੇਣ ਅਤੇ ਹੋਰਨਾਂ ਖਰਚਿਆਂ ਕਾਰਨ ਸਰਕਾਰ ਦਾ 300 ਕਰੋੜ ਰੁਪਏ ਤੋਂ ਵਧ ਦਾ ਓਵਰਡਰਾਫਟ ਹੋ ਚੁੱਕਾ ਹੈ। ਆਉਣ ਵਾਲੇ ਕੁਝ ਕੁ ਦਿਨਾਂ 'ਚ ਹੀ ਮਾਲੀ ਹਾਲਤ ਹੋਰ ਵੀ ਗੁੰਝਲਦਾਰ ਹੋ ਸਕਦੀ ਹੈ।

ਭਰੋਸੇਯੋਗ ਸੂਤਰਾਂ ਮੁਤਾਬਕ ਪੈਦਾ ਹੋਏ ਤਾਜ਼ਾ ਵਿੱਤੀ ਸੰਕਟ ਦੇ ਮੱਦੇਨਜ਼ਰ ਸ੍ਰੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਕਰਕੇ ਸਮੁੱਚੀ ਵਿੱਤੀ ਹਾਲਤ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵਿਭਾਗ ਅਧਿਕਾਰੀਆਂ ਨੂੰ ਫੰਡ ਜੁਟਾਉਣ ਲਈ ਹਰ ਹੀਲਾ-ਵਸੀਲਾ ਕਰਨ ਲਈ ਵੀ ਕਿਹਾ।

ਸਰਕਾਰ ਦਾ ਫੈਸਲਾ ਪੰਜਾਬ ਰਾਜ ਬਿਜਲੀ ਬੋਰਡ ਲਈ ਵੀ ਭਾਰੀ ਪੈ ਸਕਦਾ ਹੈ। ਸਰਕਾਰ 'ਤੇ ਮਾਲੀ ਸੰਕਟ ਦੇ ਬੱਦਲ ਹੋਣ ਕਾਰਨ ਬੋਰਡ ਨੂੰ ਸਬਸਿਡੀਆਂ ਦੀ ਰਕਮ ਦੀ ਅਦਾਇਗੀ ਤੁਰਤ-ਫਿਰਤ ਨਹੀਂ ਕੀਤੀ ਜਾ ਰਹੀ। ਸੂਤਰਾਂ ਦੇ ਦੱਸਣ ਮੁਤਾਬਕ ਸਰਕਾਰ ਨੇ ਬਿਜਲੀ ਬੋਰਡ ਨੂੰ 600 ਕਰੋੜ ਰੁਪਏ ਦੇ ਕਰੀਬ ਸਬਸਿਡੀਆਂ ਦੀ ਅਦਾਇਗੀ ਅਜੇ ਦੇਣੀ ਹੈ। ਇਸ 'ਚ ਸਤੰਬਰ ਮਹੀਨੇ ਦੀ ਸਬਸਿਡੀ ਅਤੇ ਪਿਛਲੇ ਛੇ ਮਹੀਨਿਆਂ ਦਾ ਬਕਾਇਆ ਸ਼ਾਮਲ ਹੈ। ਬੋਰਡ ਨੂੰ ਵਿੱਤੀ ਅਦਾਰਿਆਂ, ਖਾਸ ਕਰ ਬੈਂਕਾਂ ਵਲੋਂ ਪਹਿਲਾਂ ਹੀ ਕਰਜ਼ਾ ਦੇਣ ਤੋਂ ਜਵਾਬ ਦਿੱਤਾ ਜਾ ਰਿਹਾ ਹੈ। ਅਜਿਹੀ ਹਾਲਤ 'ਚ ਜੇਕਰ ਸਰਕਾਰ ਬੋਰਡ ਅਦਾਇਗੀ ਨਹੀਂ ਕਰਦੀ ਤਾਂ ਬੋਰਡ ਦਾ ਸੰਕਟ ਹੋਰ ਵੀ ਗੰਭੀਰ ਹੋ ਜਾਵੇਗਾ।

ਬੋਰਡ ਦੇ ਅਧਿਕਾਰੀਆਂ ਨੇ ਸਰਕਾਰ ਨੂੰ ਇਸ ਹਾਲਤ ਤੋਂ ਜਾਣੂ ਕਰਵਾ ਦਿੱਤਾ ਹੈ। ਇੱਕ ਉੱਚ ਅਧਿਕਾਰੀ ਅਨੁਸਾਰ ਬਿਜਲੀ ਦਰਾਂ ਬਾਰੇ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੋਰਡ ਪ੍ਰਬੰਧਕਾਂ ਨੂੰ ਬਿਜਲੀ ਦੇ ਬਿਲ ਕੁਝ ਦਿਨਾਂ ਲਈ ਰੋਕਣ ਵਾਸਤੇ ਕਿਹਾ, ਪਰ ਅਧਿਕਾਰੀਆਂ ਨੇ ਸਪਸ਼ਟ ਕੀਤਾ ਕਿ ਸੋਮਵਾਰ ਤੋਂ ਬਾਅਦ ਬਿਲ ਰੋਕੇ ਨਹੀਂ ਜਾ ਸਕਦੇ। ਅਧਿਕਾਰੀਆਂ ਦੇ ਜਵਾਬ ਤੋਂ ਬਾਅਦ ਹੀ ਤਾਲਮੇਲ ਕਮੇਟੀ ਦੀ ਅਚਨਚੇਤ ਮੀਟਿੰਗ ਬੁਲਾ ਲਈ ਗਈ। ਸਰਕਾਰ ਦੇ ਫੈਸਲੇ ਤੋਂ ਬਾਅਦ ਬੋਰਡ ਵਲੋਂ ਨਵੀਆਂ ਦਰਾਂ ਅਨੁਸਾਰ ਬਿਜਲੀ ਦੇ ਬਿਲ ਤਿਆਰ ਤੇ ਜਾਰੀ ਕਰ ਦਿੱਤੇ ਗਏ।

ਯਾਦ ਰਹੇ ਪੰਜਾਬ ਵਿਚ ਵਧਾਈਆਂ ਗਈਆਂ ਬਿਜਲੀ ਦਰਾਂ ਦਾ 1300 ਕਰੋੜ ਰੁਪਏ ਦਾ ਬੋਝ ਪੰਜਾਬ ਦਾ ਸਰਕਾਰੀ ਖਜ਼ਾਨਾ ਝੱਲੇਗਾ, ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹਾਕਮ ਗਠਜੋੜ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਤਾਲਮੇਲ ਕਮੇਟੀ ਦੀ 20 ਸਤੰਬਰ ਨੂੰ ਹੋਈ ਹੰਗਾਮੀ ਮੀਟਿੰਗ 'ਚ ਲਿਆ ਗਿਆ ਸੀ। ਸਰਕਾਰ ਦੇ ਇਸ ਫੈਸਲੇ ਨੂੰ ਭਾਜਪਾ ਦੀ ਵੱਡੀ ਜਿੱਤ ਸਮਝਿਆ ਜਾ ਰਿਹਾ ਹੈ ਕਿਉਂਕਿ ਇਸੇ ਹਕੂਮਤੀ ਭਾਈਵਾਲ ਧਿਰ ਭਾਜਪਾ ਨੇ ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਵਲੋਂ ਬਿਜਲੀ ਦੀਆਂ ਦਰਾਂ ਵਧਾਏ ਜਾਣ ਕਾਰਨ ਸਮੁੱਚੇ ਖ਼ਪਤਕਾਰਾਂ 'ਤੇ ਪਿਆ ਵਿੱਤੀ ਬੋਝ ਸਰਕਾਰ ਨੂੰ ਸਹਿਣ ਕਰਨ ਲਈ ਦਬਾਅ ਬਣਾਇਆ ਸੀ। ਪਾਰਟੀ ਦੀ ਇੱਛਾ ਸੀ ਕਿ ਖੇਤੀਬਾੜੀ ਖੇਤਰ ਅਤੇ ਦਲਿਤਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਵਾਂਗ ਸਰਕਾਰ ਘਰੇਲੂ, ਉਦਯੋਗਿਕ ਅਤੇ ਵਪਾਰਕ ਖ਼ਪਤਕਾਰਾਂ ਦੇ ਵਾਧੂ ਭਾਰ ਨੂੰ ਆਪਣੇ ਉੱਪਰ ਲਵੇ। ਸਰਕਾਰ ਦੇ ਇਸ ਫੈਸਲੇ ਨਾਲ ਕੁੱਲ ਸਬਸਿਡੀਆਂ ਦਾ ਭਾਰ 4000 ਕਰੋੜ ਦੇ ਕਰੀਬ ਹੋ ਜਾਵੇਗਾ।



**ਵਿੱਤ ਮੰਤਰੀ ਸ੍ਰੀ ਮਨਪ੍ਰੀਤ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਕਰਕੇ ਸਮੁੱਚੀ ਵਿੱਤੀ ਹਾਲਤ ਦਾ ਜਾਇਜ਼ਾ ਲਿਆ।**

ਸੂਤਰਾਂ ਮੁਤਾਬਕ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਫਿਲਹਾਲ ਬਿਜਲੀ ਬੋਰਡ ਵਲੋਂ ਖ਼ਪਤਕਾਰਾਂ ਨੂੰ ਵਧਾਈਆਂ ਗਈਆਂ ਦਰਾਂ 'ਤੇ ਹੀ ਬਿਲ ਭੇਜੇ ਜਾਣਗੇ ਤੇ ਮਗਰੋਂ ਸਰਕਾਰ ਬਿਜਲੀ ਰੈਗੂਲੇਟਰੀ ਕਮਿਸ਼ਨ ਤੱਕ ਪਹੁੰਚ ਕਰਕੇ ਮੰਗ ਕਰੇਗੀ ਕਿ ਵਧਾਈਆਂ ਗਈਆਂ ਬਿਜਲੀ ਦਰਾਂ ਦੀ ਅਦਾਇਗੀ ਸਰਕਾਰ ਨੂੰ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਕਮਿਸ਼ਨ ਦੀ ਪ੍ਰਵਾਨਗੀ ਤੋਂ ਬਾਅਦ ਖ਼ਪਤਕਾਰਾਂ ਨੂੰ ਪੁਰਾਣੀਆਂ ਦਰਾਂ ਵਾਲੇ ਬਿਲ ਭੇਜੇ ਜਾਣਗੇ ਤੇ ਵਧਾਈਆਂ ਗਈਆਂ ਦਰਾਂ ਦੀ ਅਦਾਇਗੀ ਸਰਕਾਰ ਵਲੋਂ ਸਬਸਿਡੀਆਂ ਦੇ ਰੂਪ 'ਚ ਕੀਤੀ ਜਾਵੇਗੀ। ਮੀਟਿੰਗ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਵਿਧਾਇਕ ਦਲ ਦੇ ਨੇਤਾ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਉਤੇ ਆਧਾਰਿਤ ਕਮੇਟੀ ਦਾ ਗਠਨ ਕੀਤਾ ਗਿਆ। ਇਹ ਕਮੇਟੀ ਵਿੱਤੀ ਸੋਮਿਆਂ ਦੀ ਗਤੀਸ਼ੀਲਤਾ ਬਾਰੇ ਆਪਣੀ ਰਿਪੋਰਟ ਇੱਕ ਮਹੀਨੇ 'ਚ ਦੇਵੇਗੀ। ਮੀਟਿੰਗ 'ਚ ਲਏ ਇਨ੍ਹਾਂ ਫੈਸਲਿਆਂ ਦੀ ਪੁਸ਼ਟੀ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਐਚ.ਐਸ.ਬੈਂਸ ਨੇ ਕੀਤੀ ਹੈ।

ਪੰਜਾਬ ਸਰਕਾਰ ਵਲੋਂ ਸਬਸਿਡੀਆਂ 'ਚ ਕੀਤਾ ਗਿਆ ਵਾਧਾ ਸਰਕਾਰੀ ਖਜ਼ਾਨੇ 'ਤੇ ਬਿਜਲੀ ਵਾਂਗ ਡਿੱਗਿਆ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਦੋਹਾਂ ਪਾਰਟੀਆਂ ਦੀ ਤਾਲਮੇਲ ਕਮੇਟੀ ਦੀ ਮੀਟਿੰਗ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਦੋਹਾਂ ਆਗੂਆਂ ਦੇ ਸੀਨੀਅਰ ਮੈਂਬਰਾਂ 'ਤੇ ਅਧਾਰਿਤ ਇਕ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ 'ਚ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਭਾਜਪਾ ਦੇ ਸੀਨੀਅਰ ਆਗੂ ਬਲਰਾਮਜੀ ਦਾਸ ਟੰਡਨ ਅਤੇ ਭਾਜਪਾ ਵਿਧਾਇਕ ਦਲ ਦੇ ਨੇਤਾ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ। ਸੂਤਰਾਂ ਦਾ ਦੱਸਣਾ ਹੈ ਕਿ ਇਸ ਚਾਰ ਮੈਂਬਰੀ ਕਮੇਟੀ ਭਾਵੇਂ ਅਜੇ ਕੋਈ ਠੋਸ ਸਿੱਟਾ ਨਹੀਂ ਸੀ ਕੱਢ ਸਕੀ ਪਰ ਕਿਉਂਕਿ ਪੰਜਾਬ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਵਧਾਈਆਂ ਗਈਆਂ ਦਰਾਂ ਨੂੰ ਬਿਜਲੀ ਬੋਰਡ ਬਹੁਤਾ ਸਮਾਂ ਟਾਲ ਨਹੀਂ ਸੀ ਸਕਦਾ ਇਸ ਲਈ ਮੁੱਖ ਮੰਤਰੀ ਨੇ ਦੋਹਾਂ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਬੁਲਾਕੇ ਇਸ ਮਾਮਲੇ ਨੂੰ ਤਣ ਪੱਤਣ ਲਾਉਣ ਦਾ ਫੈਸਲਾ ਕੀਤਾ।

ਯਾਦ ਰਹੇ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਪਿਛਲੇ ਦਿਨਾਂ ਦੌਰਾਨ ਬਿਜਲੀ ਦੀਆਂ ਨਵੀਆਂ ਦਰਾਂ ਦਾ ਐਲਾਨ ਕਰਦਿਆਂ ਪੰਜਾਬ ਦੇ ਸਮੁੱਚੇ ਖ਼ਪਤਕਾਰਾਂ 'ਤੇ ਲੱਗਭੱਗ 1300 ਕਰੋੜ ਰੁਪਏ ਦਾ ਵਿੱਤੀ ਬੋਝ ਪਾਇਆ ਸੀ। ਇਸ 'ਚੋਂ ਖੇਤੀਬਾੜੀ, ਦਲਿਤਾਂ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ 'ਤੇ ਪਏ ਬੋਝ ਨੂੰ ਸਬਸਿਡੀ ਦੇ ਰੂਪ 'ਚ ਸਰਕਾਰੀ ਖ਼ਜ਼ਾਨੇ ਨੇ ਝੱਲਣਾ ਹੈ। ਇਹ ਸਬਸਿਡੀ ਤਕਰੀਬਨ 344 ਕਰੋੜ ਰੁਪਏ ਬਣਦੀ ਹੈ। ਬਾਕੀ ਕਰੀਬ 950 ਕਰੋੜ ਰੁਪਏ ਦਾ ਵਿੱਤੀ ਬੋਝ ਘਰੇਲੂ, ਸਨਅਤੀ ਅਤੇ ਵਪਾਰਕ ਖੇਤਰ ਦੇ ਖ਼ਪਤਕਾਰਾਂ 'ਤੇ ਪਿਆ ਸੀ। ਭਾਰਤੀ ਜਨਤਾ ਪਾਰਟੀ ਨੇ ਸਰਕਾਰ ਤੋਂ ਮੰਗ ਕੀਤੀ ਸੀ ਕਿ ਸਰਕਾਰ ਜਿਸ ਤਰ੍ਹਾਂ ਖੇਤੀ ਖੇਤਰ ਅਤੇ ਦਲਿਤਾਂ ਨੂੰ ਸਬਸਿਡੀ ਦੇ ਰਹੀ ਹੈ ਉਸੇ ਅਧਾਰ 'ਤੇ ਬਾਕੀ ਖ਼ਪਤਕਾਰਾਂ ਨੂੰ ਵੀ ਸਬਸਿਡੀ ਦੇਵੇ ਤੇ ਵਧਾਈਆਂ ਗਈਆਂ ਬਿਜਲੀ ਦਰਾਂ ਦੇ ਸਮੁੱਚੇ ਬੋਝ ਦਾ ਭਾਰ ਸਰਕਾਰੀ ਖ਼ਜ਼ਾਨਾ ਝੱਲੇ।

ਉਧਰ ਪੰਜਾਬ ਦੀ ਮਾਲੀ ਹਾਲਤ ਬੇਹੱਦ ਕਮਜ਼ੋਰ ਹੋਣ ਕਾਰਨ ਸਰਕਾਰ ਕਸੂਤੀ ਸਥਿਤੀ 'ਚ ਫਸੀ ਮਹਿਸੂਸ ਕਰ ਰਹੀ ਹੈ। ਮਹੱਤਵਪੂਰਨ ਤੱਥ ਇਹ ਹੈ ਕਿ 2007 ਵਿਚ ਵੀ ਜਦੋਂ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਬਿਜਲੀ ਦੀਆਂ ਦਰਾਂ ਵਧਾਈਆਂ ਸਨ ਤਾਂ ਭਾਜਪਾ ਨੇ ਇਸੇ ਤਰ੍ਹਾਂ ਘਰੇਲੂ ਅਤੇ ਹੋਰਨਾਂ ਖੇਤਰਾਂ ਦੇ ਖ਼ਪਤਕਾਰਾਂ 'ਤੇ ਪਿਆ ਬੋਝ ਸਰਕਾਰ ਨੂੰ ਝੱਲਣ ਲਈ ਮਜ਼ਬੂਰ ਕਰ ਦਿੱਤਾ ਸੀ। ਮਾਮਲਾ ਭਾਜਪਾ ਦੀ ਹਾਈ ਕਮਾਂਡ ਤੱਕ ਵੀ ਗਿਆ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭਾਜਪਾ ਆਗੂਆਂ ਦੀ ਅੜੀ ਅੱਗੇ ਝੁਕਣਾ ਪਿਆ ਸੀ।

## ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

**ਹੁਸ਼ਿਆਰਪੁਰ:** ਵਿਸ਼ਵ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਯੂ.ਕੇ. ਰਜਿ. ਇੰਡੀਆ ਇਕਾਈ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਹਿਲੇ ਅਨਿੰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਸੂਬਾ ਪੱਧਰੀ ਪ੍ਰਕਾਸ਼ ਦਿਹਾੜਾ ਆਰਗੇਨਾਈਜੇਸ਼ਨ ਦੇ ਯੂ.ਕੇ. ਪ੍ਰਧਾਨ ਸ. ਕਰਨੈਲ ਸਿੰਘ ਚੀਮਾ ਦੇ ਆਦੇਸ਼ਾਂ ਅਨੁਸਾਰ ਇੰਡੀਆ ਇਕਾਈ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਅਤੇ ਜ਼ਿਲ੍ਹਾ ਪ੍ਰਧਾਨ ਇੰਜੀ. ਸਤਨਾਮ ਸਿੰਘ ਫੁੱਲ ਸੇਵਾਮੁਕਤ ਐਕਸੀਅਨ ਦੀ ਦੇਖ-ਰੇਖ ਹੇਠ ਸੰਤ ਬਾਬਾ ਰਣਜੀਤ ਸਿੰਘ ਮੁੱਖ ਸੰਚਾਲਕ ਡੇਰਾ ਸ਼ਹੀਦ ਸਿੰਘਾਂ ਦੇ ਭਰਵੇਂ ਸਹਿਯੋਗ ਸਦਕਾ ਮਨਾਇਆ ਗਿਆ।

ਡੇਰਾ ਸ਼ਹੀਦ ਸਿੰਘਾਂ ਡਗਾਣਾ ਰੋਡ, ਹੁਸ਼ਿਆਰਪੁਰ ਵਿਖੇ ਕਰਵਾਏ ਗਏ ਇਸ ਸੂਬਾ ਪੱਧਰੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਰਘਵੀਰ ਸਿੰਘ ਦੀਵਾਨਾ ਨੈਰੋਬੀ ਅਤੇ ਹੋਰ ਕੀਰਤਨੀ ਜਥਿਆਂ ਵਲੋਂ ਧੁਰਕੀ ਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਗਿਆ ਤੇ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੇ ਜੀਵਨ ਇਤਿਹਾਸ 'ਤੇ ਚਰਚਾ ਕੀਤੀ ਗਈ। ਇਸ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਭਾਈ ਰਾਮ ਸਿੰਘ ਸ਼ਾਮਲ ਹੋਏ।


## Matrimonials

**Medico Jat Sikh match for, 27, 5'0'/ smart girl doing DDS in USA. Respond with place and time of birth. contact:219-878-1008 e-mail:sur_malhi@yahoo.co.in**

**ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800**

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com

Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com







**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਖਬੀਰ ਵਲੋਂ ਸਿੱਖਾਂ ਨੂੰ ਅਬਾਦੀ ਵਧਾਉਣ ਦੀ ਸਲਾਹ

**ਅਮਰਜੀਤ ਸਿੰਘ**

**ਜਲੰਧਰ:** ਪਿਛਲੇ ਦਿਨੀਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਇਕ ਸਮਾਗਮ ਵਿਚ ਇਹ ਬਿਆਨ ਦਿੱਤਾ ਗਿਆ ਕਿ ਸਿੱਖਾਂ ਨੂੰ ਆਪਣੇ ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਕੌਮ ਆਪਣੇ ਗੁਰੂਆਂ ਦੇ ਦੱਸੇ ਹੋਏ ਮਾਰਗ ਨੂੰ ਸਾਰੀ ਦੁਨੀਆਂ ਵਿਚ ਪੁਚਾ ਸਕੇ। ਉਨ੍ਹਾਂ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਸਿੱਖ ਨੂੰ ਇਸ ਕਾਰਜ ਲਈ ਵਧ ਤੋਂ ਵਧ ਬੱਚੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਸਿੱਖ ਕੌਮ ਹੋਰ ਵਧ ਫੁੱਲ ਸਕੇ ਅਤੇ ਉਨ੍ਹਾਂ ਬੱਚਿਆਂ ਨੂੰ ਗੁਰੂ ਦੇ ਲੜ ਲਾਇਆ ਜਾ ਸਕੇ।

ਉਨ੍ਹਾਂ ਦਾ ਇਹ ਬਿਆਨ ਸਾਰੇ ਮੀਡੀਏ ਨੇ ਬੜੇ ਮਸਾਲੇ ਲਗਾ ਕੇ ਉਛਾਲਿਆ ਹੈ। ਸੁਖਬੀਰ ਬਾਦਲ ਦੇ ਇਸ ਬਿਆਨ ਨਾਲ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੇ ਆਪਣੇ ਆਪਣੇ ਪ੍ਰਤੀਕਰਮ ਦਿੱਤੇ ਹਨ। ਇਸ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਬਾਦਲ ਪਰਿਵਾਰ ਦੇ ਕੱਟੜ ਵਿਰੋਧੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਬਾਦਲ ਦੇ ਇਸ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੁਖਬੀਰ ਬਾਦਲ ਨੂੰ ਉਨ੍ਹਾਂ ਸਿੱਖ ਨੌਜਵਾਨਾਂ ਦਾ ਫਿਕਰ ਕਰਨਾ ਚਾਹੀਦਾ ਹੈ ਜੋ ਅੱਜ ਕੱਲ੍ਹ ਬੇਰੁਜ਼ਗਾਰ ਹੋਏ ਫਿਰ ਰਹੇ ਹਨ। ਉਨ੍ਹਾਂ ਕਿਹਾ ਜੇਕਰ ਸੁਖਬੀਰ ਬਾਦਲ ਦੇ ਕਹਿਣ 'ਤੇ ਲੋਕੀ ਆਪਣੇ ਪਰਿਵਾਰ ਦਾ ਵਾਧਾ ਕਰਦੇ ਹਨ ਤਾਂ ਆਉਣ ਵਾਲੇ ਸਮੇਂ ਵਿਚ ਹਿੰਦੁਸਤਾਨ ਦੀ ਆਬਾਦੀ ਚੀਨ ਨਾਲੋਂ ਵੀ ਵਧ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਿਤ ਦਿਹਾੜੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਪੰਜਾਬ ਦੇ ਨੌਜਵਾਨ ਨਸ਼ਿਆਂ ਵਿਚ ਜਕੜੇ ਜਾ ਰਹੇ ਹਨ। ਬੇਰੁਜ਼ਗਾਰੀ ਕਾਰਨ ਚੋਰੀਆਂ ਤੇ ਲੁੱਟਾਂ ਖੋਹਾਂ ਵਿਚ ਵਾਧਾ ਹੋ ਰਿਹਾ ਹੈ। ਪੰਜਾਬ ਦਾ ਕੋਈ ਵੀ ਵਿਅਕਤੀ ਸੁਰਖਿਅਤ ਨਹੀਂ ਹੈ। ਡਿਉਟੀਆਂ ਦੌਰਾਨ ਅਫਸਰਾਂ ਤੇ ਕਾਤਲਾਨਾ ਹਮਲੇ ਹੋ ਰਹੇ ਹਨ। ਫਿਰ ਵੀ ਸੁਖਬੀਰ ਬਾਦਲ ਆਬਾਦੀ ਵਧਾਉਣ ਦੀਆਂ ਗੱਲਾਂ ਕਰ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਸਭ ਤੋਂ ਪਹਿਲਾਂ ਇਹ ਕਾਰਜ ਆਪ ਆਰੰਭ ਕਰੇ। ਸਾਡੀ ਸਮੁੱਚੀ ਪਾਰਟੀ ਇਸ ਕਾਰਜ ਲਈ ਸੁਖਬੀਰ ਬਾਦਲ ਨੂੰ ਵਧਾਈ ਦੇਵੇਗੀ। ਇਸੇ ਤਰ੍ਹਾਂ ਮੋਹਿੰਦਰ ਸਿੰਘ ਕੇਪੀ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਨੇ ਵੀ ਸੁਖਬੀਰ ਦੀ ਅਲੋਚਨਾ ਕੀਤੀ ਹੈ।

ਭਾਵੇਂ ਆਬਾਦੀ ਵਧਾਉਣ ਦੇ ਆਪਣੇ ਬਿਆਨ ਤੋਂ ਕੁਝ ਦਿਨ ਬਾਅਦ ਸ. ਸੁਖਬੀਰ ਸਿੰਘ ਬਾਦਲ ਪਾਸਾ ਵੱਟ ਗਏ ਹਨ, ਉਨ੍ਹਾਂ ਇਸ ਬਿਆਨ ਦਾ ਖੰਡਨ ਵੀ ਕੀਤਾ ਹੈ ਪਰ ਜੇ ਸੁਖਬੀਰ ਸਿੰਘ ਬਾਦਲ ਦੇ ਬਿਆਨ 'ਤੇ ਗੌਰ ਕਰੀਏ ਤਾਂ ਪੰਜਾਬ ਵਿਚ ਸੱਚ ਮੁੱਚ ਹੀ ਸਿੱਖਾਂ ਦੀ ਆਬਾਦੀ ਘੱਟਦੀ ਜਾ ਰਹੀ ਹੈ। ਸਨਅਤੀਕਰਣ ਕਾਰਨ ਪੰਜਾਬ ਵਿਚ ਆਬਾਦੀ ਦਾ ਸੰਤੁਲਨ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ। ਪੰਜਾਬ ਦੇ ਸਿੱਖ ਪਰਿਵਾਰਾਂ ਵਲੋਂ ਆਪਣੀਆਂ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਨੂੰ ਜਾਣ ਦਾ ਰੁਝਾਨ ਹਾਲੇ ਵੀ ਕਾਇਮ ਹੈ, ਭਾਵੇਂ ਆਰਥਕ ਮੰਦਵਾੜੇ ਨੇ ਇਸਨੂੰ ਕਿਸੇ ਹੱਦ ਤੱਕ ਠੱਲ੍ਹ ਜ਼ਰੂਰ ਪਾਈ ਹੈ। ਮੰਦਵਾੜੇ ਦੇ ਬਾਵਜੂਦ ਪੰਜਾਬ ਦੇ ਲੋਕਾਂ ਦੀ ਪ੍ਰਦੇਸਾਂ ਵਲ ਜਾਣ ਦੀ ਇੱਛਾ ਨਹੀਂ ਮਰੀ। ਉਨ੍ਹਾਂ ਦੀਆਂ ਜ਼ਮੀਨ ਵੱਡੀ ਅਫਸਰਸ਼ਾਹੀ ਅਤੇ ਵਪਾਰੀਆਂ ਵਲੋਂ ਖਰੀਦੀਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਪੰਜਾਬ ਵਿਚ ਹੋ ਰਿਹਾ ਸਨਅਤੀਕਰਨ ਪੰਜਾਬੀ ਬੰਦੇ ਨੂੰ ਰੁਜ਼ਗਾਰ ਨਹੀਂ ਦੇ ਰਿਹਾ, ਜਿਸ ਕਰਕੇ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਘਟਦੀ ਜਾ ਰਹੀ ਹੈ।

ਕੁਝ ਦਿਨਾਂ ਤੋਂ ਪੰਜਾਬੀ ਮੀਡੀਆ ਵਿਚ ਇਹ ਖ਼ਬਰਾਂ ਵੀ ਆ ਰਹੀਆਂ ਹਨ ਕਿ ਕੁਝ ਅਣਵਿਆਹੇ ਨੌਜਵਾਨਾਂ ਵਲੋਂ ਨਸ਼ਿਆਂ ਦੀ ਖਾਤਰ ਇਕ ਕੈਂਪ ਵਿਚ ਨਸਬੰਦੀ ਅਪਰੇਸ਼ਨ ਕਰਵਾਏ ਗਏ ਹਨ। ਨਸਬੰਦੀ ਅਪਰੇਸ਼ਨ ਕਰਾਉਣ ਵਾਲਿਆਂ ਦੀ ਉਮਰ 20 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ। ਵਧ ਰਹੀ ਮਹਿੰਗਾਈ ਕਾਰਨ ਮਜ਼ਦੂਰੀ ਕਰਨ ਵਾਲੇ ਪਰਿਵਾਰ ਨੂੰ ਦੋ ਵਕਤ ਦੀ ਰੋਟੀ ਵੀ ਮੁਸ਼ਕਲ ਹੋ ਗਈ ਹੈ। ਸਰਕਾਰ ਵਲੋਂ ਰੁਜ਼ਗਾਰ ਦੇ ਸਾਧਨ ਵਧਾਉਣ 'ਤੇ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ।

ਇਧਰ ਬਾਦਲ ਪਰਿਵਾਰ ਨੇ ਹਰ ਚੀਜ਼ 'ਤੇ ਆਪਣਾ ਕਬਜ਼ਾ ਜਮਾ ਰਖਿਆ ਹੋਇਆ ਹੈ ਚਾਹੇ ਉਹ ਟਰਾਂਸਪੋਰਟ ਹੋਵੇ ਜਾਂ ਕੇਬਲ ਨੈੱਟਵਰਕ। ਬਾਦਲ ਪਰਿਵਾਰ ਨੇ ਸਾਰੀਆਂ ਨਦੀਆਂ ਦੇ ਰੇਤੇ 'ਤੇ ਵੀ ਆਪਣਾ ਕਬਜ਼ਾ ਜਮਾ ਲਿਆ। ਪੰਜਾਬ ਵਿਚਲੇ ਸਾਰੇ ਠੇਕਿਆਂ 'ਤੇ ਜਿੰਨੀ ਸ਼ਰਾਬ ਵੇਚੀ ਜਾ ਰਹੀ ਹੈ ਉਸ ਸ਼ਰਾਬ ਦਾ ਮੁੱਖ ਹੋਲ ਸੇਲ ਡੀਲਰ ਬਿਕਰਮਜੀਤ ਸਿੰਘ ਮਜੀਠੀਆ ਹੈ। ਸਿਤਮਜ਼ਰੀਫੀ ਵੇਖੋ, ਦੂਜੇ ਪਾਸੇ ਮਜੀਠੀਏ ਦੇ ਜੀਜਾ ਜੀ ਸਿੱਖੀ ਅਤੇ ਸਿੱਖਾਂ ਨੂੰ ਪ੍ਰਫੁੱਲਤ ਕਰਨ ਦੀਆਂ ਗੱਲਾਂ ਕਰਨ ਲਗੇ ਹਨ। ਸੁਖਬੀਰ ਬਾਦਲ ਸਿੱਖਾਂ ਨੂੰ ਆਬਾਦੀ ਵਧਾਉਣ ਦੇ ਸੁਝਾ ਦੇ ਰਿਹਾ ਹੈ ਪਰ ਪੰਜਾਬ ਵਿਚ ਸਰਕਾਰ ਵਲੋਂ ਲੱਖਾਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਵੀ ਚੱਜ ਦਾ ਉਪਰਾਲਾ ਨਹੀਂ ਹੋ ਰਿਹਾ। ਬੱਸ ਐਵੇਂ ਹੀ ਸਰਕਾਰਾਂ ਕਾਗਜਾਂ ਵਿਚ ਮਾਸਟਰ ਪਲਾਨਾਂ, ਮੈਗਾ ਪ੍ਰਾਜੈਕਟਾਂ ਦੇ ਸੁਪਨੇ ਦਿਖਾ ਕੇ ਲੋਕਾਂ ਨੂੰ ਭਰਮਾਉਂਦੀਆਂ ਰਹਿੰਦੀਆਂ ਹਨ।

# ਕੇਪੀ ਦੇ ਕੈਪਟਨ ਖਿਲਾਫ ਦੋਸ਼ਾਂ ਨਾਲ ਕਾਂਗਰਸ ਕਲੇਸ਼ ਨਵੇਂ ਦੌਰ 'ਚ

ਕਰਨ ਲਈ ਪਾਰਟੀ ਲੀਡਰਸ਼ਿਪ ਨੂੰ ਇਕ ਮੰਚ ਤੇ ਆਉਣਾ ਪਵੇਗਾ ਨਹੀਂ ਤਾਂ ਮੁੜ ਤੋਂ ਕਾਂਗਰਸ ਨੂੰ ਪੰਜਾਬ ਵਿਚ ਹਾਰ ਦਾ ਸਾਹਮਣਾ ਕਰਨਾ ਪਵੇਗਾ।

ਉਧਰ ਕੈਪਟਨ ਅਮਰਿੰਦਰ ਸਿੰਘ ਵੀ ਪਿਛਲੇ ਕੁਝ ਸਮੇਂ ਤੋਂ ਹਮਲਾਵਰ ਹੋਏ ਵਿਖਾਈ ਦਿੰਦੇ ਹਨ। ਉਨ੍ਹਾਂ ਨੇ ਭਾਵੇਂ ਰਾਜ ਕਾਂਗਰਸ ਵਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਬਾਰੇ ਬਹੁਤਾ ਗੌਰ ਨਹੀਂ ਕੀਤਾ ਅਤੇ ਨਾ ਹੀ ਉਹ ਇਨ੍ਹਾਂ ਵਿਚ ਸ਼ਾਮਲ ਹੋਏ ਹਨ ਪਰ ਅਕਾਲੀ-ਭਾਜਪਾ ਸਰਕਾਰ ਉੱਪਰ ਹਮਲੇ ਉਨ੍ਹਾਂ ਨੇ ਤੇਜ਼ ਕਰ ਦਿੱਤੇ ਹਨ। ਪਿਛਲੇ ਦਿਨੀਂ ਸੰਗਰੂਰ ਵਿਖੇ ਆਪਣੇ ਇਕ ਰਿਸ਼ਤੇਦਾਰ ਦੇ ਘਰ ਕੁਝ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬਾਦਲ ਪਿਓ-ਪੁੱਤ ਦੀ ਸਰਕਾਰ ਕੇਂਦਰ ਮੂਹਰੇ ਹੱਥ ਅੱਡਣ ਤੋਂ ਸਿਵਾਏ ਕੁਝ ਵੀ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਜੇ ਇਸ ਸਰਕਾਰ ਨੇ ਸਾਰਾ ਕੁਝ ਕੇਂਦਰ ਤੋਂ ਹੀ ਮੰਗਣਾ ਹੈ ਤਾਂ ਪੰਜਾਬ ਦੇ ਲੋਕਾਂ ਨੂੰ ਇਸ ਸਰਕਾਰ ਦੀ ਲੋੜ ਹੀ ਕੀ ਹੈ? ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਅਰਥ-ਵਿਵਸਥਾ ਡਾਂਵਾਡੋਲ ਹੋ ਚੁੱਕੀ ਹੈ ਅਤੇ ਪੰਜਾਬ ਕਰੀਬ 70 ਹਜ਼ਾਰ ਕਰੋੜ ਰੁਪਏ ਦਾ ਕਰਜ਼ਾਈ ਹੈ। ਉਨ੍ਹਾਂ ਹੋਰ ਕਿਹਾ ਕਿ ਪੰਜਾਬ ਦੀ ਅਰਥ ਵਿਵਸਥਾ ਵਿਚ ਸੁਧਾਰ ਕਰਨਾ ਸਮੇਂ ਦੀ ਮੁੱਖ ਜ਼ਰੂਰਤ ਹੈ ਪਰ ਇਹ ਸਰਕਾਰੀ ਜਾਇਦਾਦਾਂ ਵੇਚ ਕੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਹ ਪਤੇ ਦੀ ਗੱਲ ਵੀ ਕਹੀ ਕਿ ਜੇ ਪੰਜਾਬ ਨੂੰ ਕਣਕ-ਝੋਨੇ ਵਾਲੇ ਫਸਲੀ ਚੱਕਰ 'ਚੋਂ ਨਾ ਕੱਢਿਆ ਗਿਆ ਤਾਂ ਇਹ ਰਾਜ ਤਬਾਹ ਹੋ ਸਕਦਾ ਹੈ। ਦਿਨੋ-ਦਿਨ ਪਾਣੀ ਹੇਠਾਂ ਜਾ ਰਿਹਾ ਹੈ ਅਤੇ ਨਦੀਆਂ ਵਿਚ ਪਾਣੀ ਦੀ ਕਮੀ ਹੋ ਰਹੀ ਹੈ।

ਯਾਦ ਰਹੇ ਕੁਝ ਦਿਨ ਪਹਿਲਾਂ ਬੇਅੰਤ ਸਿੰਘ ਦੇ ਪੋਤੇ ਅਤੇ ਰਾਹੁਲ ਗਾਂਧੀ ਦੇ ਨਜ਼ਦੀਕ ਸਮਝੇ ਜਾ ਰਹੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਕਿਹਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਪੰਜਾਬ ਕਾਂਗਰਸ ਦੀ ਅਗਵਾਈ ਸੰਭਾਲਣੀ ਚਾਹੀਦੀ ਹੈ। ਉਨ੍ਹਾਂ ਆਖਿਆ ਸੀ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੈਪਟਨ ਅਮਰਿੰਦਰ ਸਿੰਘ ਹੀ ਅਜਿਹੇ ਸਮਰੱਥ ਆਗੂ ਹਨ ਜਿਹੜੇ ਪਾਰਟੀ ਨੂੰ ਰਾਜ ਵਿਚ ਜਿੱਤ ਤੱਕ ਪਹੁੰਚਾ ਸਕਦੇ ਹਨ। ਇਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਆਨੰਦਪੁਰ ਸਾਹਿਬ ਦੀ ਲੋਕ ਸਭਾ ਸੀਟ ਤੋਂ ਰਵਨੀਤ ਸਿੰਘ ਬਿੱਟੂ ਨੂੰ ਜਿਤਾਉਣ ਲਈ ਪੂਰਾ ਤਾਣ ਲਗਾਇਆ ਸੀ ਅਤੇ ਅਕਾਲੀ ਦਲ (ਬਾਦਲ) ਦੇ ਦਲਜੀਤ ਸਿੰਘ ਚੀਮਾ ਨੂੰ ਹਰਾ ਕੇ ਰਵਨੀਤ ਸਿੰਘ ਬਿੱਟੂ ਨੇ ਇਹ ਸੀਟ ਜਿੱਤੀ ਸੀ।

ਦਿਲਚਸਪ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਮੁੱਖ ਮੰਤਰੀ ਦੇ ਕਾਲ ਵੇਲੇ ਮਰਹੂਮ ਬੇਅੰਤ ਸਿੰਘ ਦੀ ਯਾਦ ਵਿਚ ਕੀਤੇ ਜਾਣ ਵਾਲੇ ਕਿਸੇ ਵੀ ਸਮਾਗਮ ਵਿਚ ਸ਼ਾਮਿਲ ਨਹੀਂ ਹੋਏ ਸਨ ਅਤੇ ਬੇਅੰਤ ਸਿੰਘ ਧੜਾ ਉਨ੍ਹਾਂ ਦਾ ਵਿਰੋਧੀ ਸਮਝਿਆ ਜਾਂਦਾ ਰਿਹਾ ਹੈ ਪਰ ਰਵਨੀਤ ਸਿੰਘ ਬਿੱਟੂ ਨਾਲ ਉਨ੍ਹਾਂ ਦਾ ਰਾਜਨੀਤਕ ਕਰੂਰਾ ਮਿਲਣ ਲੱਗਾ ਹੈ। ਰਵਨੀਤ ਸਿੰਘ ਬਿੱਟੂ ਦੇ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਿਚ ਆਉਣ ਨਾਲ ਬੇਅੰਤ ਸਿੰਘ ਧੜਾ ਦੋ-ਫਾੜ ਹੋ ਗਿਆ ਹੈ ਅਤੇ ਇਸ ਨਾਲ ਮੋਹਿੰਦਰ ਸਿੰਘ ਕੇਪੀ ਤੇ ਭੱਠਲ ਧੜੇ ਦੀ ਪੁਜ਼ੀਸ਼ਨ ਵੀ ਕਮਜ਼ੋਰ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਥਿਤੀ ਕਾਫੀ ਹੱਦ ਤੱਕ ਮੁੜ ਮਜ਼ਬੂਤ ਹੋ ਗਈ ਵਿਖਾਈ ਦਿੰਦੀ ਹੈ। ਇਸ ਹਾਲਤ ਵਿਚ ਨਵੇਂ ਸਿਰਿਓਂ ਇਹ ਕਿਆਸ ਅਰਾਈਆਂ ਲੱਗਣ ਲੱਗੀਆਂ ਹਨ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਹਾਈ ਕਮਾਨ ਵਲੋਂ ਪੰਜਾਬ ਕਾਂਗਰਸ ਦੀ ਅਗਵਾਈ ਸੰਭਾਲੀ ਜਾਵੇਗੀ ਭਾਵੇਂਕਿ ਮੌਜੂਦਾ ਕਾਂਗਰਸ ਹਾਈ ਕਮਾਨ ਦੇ ਸੁਭਾਅ ਨੂੰ ਵੇਖਦਿਆਂ ਕੁਝ ਵੀ ਪੱਕ ਨਾਲ ਨਹੀਂ ਕਿਹਾ ਜਾ ਸਕਦਾ।

ਉਧਰ ਜੇ ਪੰਜਾਬ ਸਿਆਸਤ ਵਿਚ ਦੂਜੀ ਮੁੱਖ ਧਿਰ ਅਕਾਲੀ-ਭਾਜਪਾ ਦੇ ਰਿਸ਼ਤਿਆਂ 'ਤੇ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਾਫ਼ ਹੋਣ ਲੱਗੀ ਹੈ ਕਿ ਅਕਾਲੀ ਦਲ ਹੁਣ ਸਹਿਜੇ-ਸਹਿਜੇ ਭਾਜਪਾ ਤੋਂ ਵੱਖਰੇ ਬਦਲਾਂ ਵਲ ਵੀ ਵੇਖਣ ਲੱਗਿਆ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਲਈ ਅਕਾਲੀ ਦਲ (ਬਾਦਲ) ਨੇ ਭਾਰਤੀ ਜਨਤਾ ਪਾਰਟੀ ਨਾਲ ਸਮਝੌਤਾ ਕਰਨ ਦੀ ਥਾਂ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੇ ਇਨੈਲੋ ਨਾਲ ਸਮਝੌਤਾ ਕਰ ਲਿਆ ਹੈ। ਇਨੈਲੋ ਨੇ ਅਕਾਲੀ ਦਲ (ਬਾਦਲ) ਲਈ ਦੋ ਸੀਟਾਂ ਐਲਾਨ ਵੀ ਦਿੱਤੀਆਂ ਹਨ। ਅਕਾਲੀ-ਭਾਜਪਾ ਸਬੰਧਾਂ ਵਿਚ ਇਹ ਵਰਤਾਰਾ ਦਿਲਚਸਪ ਹੈ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਹਮੇਸ਼ਾ ਕਹਿੰਦੇ ਆਏ ਹਨ ਕਿ ਅਕਾਲੀਆਂ ਦਾ ਭਾਜਪਾ ਨਾਲ ਰਿਸ਼ਤਾ ਨਹੁੰ-ਮਾਸ ਦਾ ਹੈ ਪਰ ਹਰਿਆਣਾ ਚੋਣਾਂ ਵਿਚ ਇਹ ਨਹੁੰ-ਮਾਸ ਦਾ ਰਿਸ਼ਤਾ ਨਿੱਖੜਦਾ ਵਿਖਾਈ ਦੇ ਰਿਹਾ ਹੈ। ਇਸ ਦੌਰਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਆਗੂਆਂ ਨੇ ਵੱਖਰੀ ਹਰਿਆਣਾ ਕਮੇਟੀ ਬਣਾਉਣ ਦਾ ਮੁੱਦਾ ਚੁੱਕਿਆ ਹੋਇਆ ਹੈ ਅਤੇ ਹਰਿਆਣਾ ਕਾਂਗਰਸ ਇਸਨੂੰ ਹਵਾ ਦੇ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖਰੀ ਕਮੇਟੀ ਦਾ ਤਿੱਖਾ ਵਿਰੋਧ ਕਰ ਰਹੀ ਹੈ। ਇਨੈਲੋ ਅਤੇ ਭਾਜਪਾ ਸਮੇਤ ਹਰਿਆਣਾ ਵਿਚ ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਇਸ ਮੁੱਦੇ 'ਤੇ ਚੁੱਪ ਹਨ। ਇੰਜ ਉੱਤਰੀ ਭਾਰਤ ਦੇ ਇਨ੍ਹਾਂ ਦੋ ਮਹੱਤਵਪੂਰਨ ਰਾਜਾਂ ਵਿਚ ਰਾਜਸੀ ਸਥਿਤੀ ਨਵਾਂ ਰੂਪ ਲੈ ਰਹੀ ਹੈ।

# ਬੱਬਰ ਖਾਲਸਾ ਦੇ ਖ਼ਤਰੇ ਨੂੰ ਵਧਾ ਕੇ ਪੇਸ਼ ਕਰਨਾ ਇਕ ਸਾਜ਼ਿਸ਼

**ਲਖਨਊ:** ਉੱਤਰ ਪ੍ਰਦੇਸ਼ ਦੇ ਸਿੱਖਾਂ ਨੇ ਪਾਬੰਦੀਸ਼ੁਦਾ ਸਿੱਖ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਤੋਂ ਦਰਪੇਸ਼ ਖ਼ਤਰੇ ਨੂੰ ਮਨਘੜਤ ਕਰਾਰ ਦਿੰਦਿਆਂ ਦੋਸ਼ ਲਗਾਇਆ ਕਿ ਇਹ ਪੰਜਾਬ ਵਿਚਲੀਆਂ ਕੁਝ ਸਿਆਸੀ ਪਾਰਟੀਆਂ ਦੀ ਸਾਜ਼ਸ਼ ਹੈ। ਯੂ.ਪੀ.ਸਿੱਖ ਪ੍ਰਤੀਨਿਧੀ ਬੋਰਡ ਦੇ ਚੇਅਰਮੈਨ ਗੁਰਮੀਤ ਸਿੰਘ ਨੇ ਕਿਹਾ, ''ਦੇਸ਼ ਵਿਚ ਵਸਦੇ ਸਿੱਖ ਕਿਸੇ ਵੀ ਕਿਸਮ ਦੇ ਖਾੜਕੂਵਾਦ ਦੇ ਵਿਰੁਧ ਹਨ ਅਤੇ ਬੱਬਰ ਖ਼ਾਲਸਾ ਤੋਂ ਖ਼ਤਰੇ ਦੀਆਂ ਮਨਘੜਤ ਰੀਪੋਰਟਾਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਹਮਦਰਦੀ ਹਾਸਲ ਕਰਨ ਲਈ ਫੈਲਾਈਆਂ ਹਨ।''

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੋਸ਼ ਲਗਾਇਆ ਕਿ ਇਹ ਸਾਜ਼ਿਸ਼ ਆਈ.ਐਸ.ਆਈ. ਦੇ ਦਬਾਅ ਹੇਠ ਘੜੀ ਗਈ ਹੈ ਤਾਂ ਜੋ ਸਿੱਖ ਨੌਜਵਾਨਾਂ ਨੂੰ ਧਰਮ ਦੇ ਨਾਂ 'ਤੇ ਭੜਕਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਹ ਮਾਮਲਾ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਕੈਨੇਡਾ ਜਾਂ ਇੰਗਲੈਂਡ 'ਚ ਇਸ ਪਾਬੰਦੀਸ਼ੁਦਾ ਜਥੇਬੰਦੀ ਵਲੋਂ ਕੀਤੇ ਜਾਣ ਵਾਲੇ ਰੋਸ ਵਿਖਾਵਿਆਂ 'ਤੇ ਵੀ ਇਤਰਾਜ਼ ਜ਼ਾਹਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਤੀਨਿਧੀ ਬੋਰਡ ਵੀ ਪੂਰੇ ਯੂ.ਪੀ. 'ਚ ਸਿੱਖ ਨੌਜਵਾਨਾਂ ਨੂੰ ਇਸ ਸਾਜ਼ਸ਼ ਬਾਰੇ ਜਾਗਰੂਕ ਕਰ ਰਿਹਾ ਹੈ ਅਤੇ ਹਰ ਜ਼ਿਲ੍ਹੇ 'ਚ ਕੈਂਪ ਆਯੋਜਤ ਕੀਤੇ ਜਾ ਰਹੇ ਹਨ। ਗੁਰਮੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਵੀ ਬੱਬਰ ਖ਼ਾਲਸਾ ਨੂੰ ਕੁਝ ਪਾਰਟੀਆਂ ਨੇ ਸਿਆਸੀ ਤੌਰ 'ਤੇ ਵਰਤਿਆ ਅਤੇ ਹੁਣ ਇਕ ਹੋਰ ਸਿਆਸੀ ਜਥੇਬੰਦੀ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਇਸਨੂੰ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਏਕਤਾ ਬਣਾਈ ਰੱਖਣ 'ਚ ਹਮੇਸ਼ਾ ਅਹਿਮ ਭੂਮਿਕਾ ਨਿਭਾਈ ਅਤੇ ਕਿਸੇ ਨੂੰ ਵੀ ਨਫਰਤ ਫੈਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਦੱਸਣਯੋਗ ਹੈ ਕਿ ਹਾਲ ਹੀ 'ਚ ਇਕ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਲੰਡਨ ਅਧਾਰਤ ਬੱਬਰ ਖ਼ਾਲਸਾ ਇੰਟਰਨੈਸ਼ਨਲ ਪਾਕਿਸਤਾਨ ਦੇ ਸਮਰਥਨ ਨਾਲ ਭਾਰਤ ਵਿਚ ਹਿੰਸਾ ਫੈਲਾਉਣ ਦੀ ਯੋਜਨਾ ਬਣਾ ਰਹੀ ਹੈ। ਇਸੇ ਦੌਰਾਨ ਗੁਰਮੀਤ ਸਿੰਘ ਨੇ ਪੰਜਾਬ ਦੀ ਅਕਾਲੀ ਸਰਕਾਰ ਵਲੋਂ ਅਪਣਾਈ ਜੰਤਰੀ ਪ੍ਰਣਾਲੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਤਿਉਹਾਰਾਂ ਦੇ ਮਾਮਲੇ 'ਚ ਇਹ ਕੈਲੰਡਰ ਭੰਬਲਭੂਸਾ ਪੈਦਾ ਕਰਦਾ ਹੈ।

## ਟੋਰਾਂਟੋ ਫ਼ਿਲਮ ਮੇਲੇ 'ਚ ਕੋਂਕਣੀ ਫ਼ਿਲਮ ਨੂੰ ਇਨਾਮ

**ਟੋਰਾਂਟੋ :** ਨਵੇਂ ਫ਼ਿਲਮਕਾਰ ਲਕਸ਼ਮੀਕਾਂਤ ਸ਼ੇਰਗਾਂਵਕਰ ਦੀ ਕੋਂਕਣੀ ਫ਼ਿਲਮ 'ਦ ਮੈਨ ਬਿਆਂਡ ਬ੍ਰਿਜ' ਨੇ 34ਵੇਂ ਟੋਰਾਂਟੋ ਅੰਤਰਰਾਸ਼ਟਰੀ ਫ਼ਿਲਮ ਫ਼ੈਸਟੀਵਲ ਦੇ ਖੋਜ ਵਰਗ 'ਚ ਅੰਤਰਰਾਸ਼ਟਰੀ ਫ਼ਿਲਮ ਆਲੋਚਕ ਸੰਘ ਦਾ ਪੁਰਸਕਾਰ ਜਿੱਤਿਆ ਹੈ।

ਮੇਲੇ 'ਚ ਧੁੰਮਾਂ ਪਾਉਣ ਵਾਲੀ ਇਸ ਫ਼ਿਲਮ ਨੂੰ 'ਛੋਟੀ ਪਰ ਕਾਇਮ ਰਹਿਣ ਵਾਲੀ ਦੁਬਿਧਾ' ਦੀ ਸੰਵੇਦਨਸ਼ੀਲ ਖੋਜ ਲਈ ਪੁਰਸਕਾਰ ਦਿਤਾ ਗਿਆ ਹੈ। ਗੋਆ ਦੇ ਮਸ਼ਹੂਰ ਸਾਹਿਤਕਾਰ ਮਹਾਬਲਸ਼ੇਰ ਸ਼ੈਲ ਦੀ ਇਸ ਕਹਾਣੀ ਦੇ ਰੂਪਾਂਤਰਣ ਦੌਰਾਨ 'ਦ ਮੈਨ ਬੀਆਂਡ ਦ ਬ੍ਰਿਜ' ਕੋਂਕਣੀ ਭਾਸ਼ਾ ਦੀ ਪਹਿਲੀ ਅਜਿਹੀ ਫ਼ਿਲਮ ਹੈ, ਜਿਸ ਨੂੰ ਮੁੱਖ ਕੌਮਾਂਤਰੀ ਇਨਾਮ ਮਿਲਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਜਥੇਦਾਰ ਰਣਜੀਤ ਸਿੰਘ ਫਿਰ ਵਰ੍ਹਿਆ ਬਾਦਲ ਪਰਿਵਾਰ ’ਤੇ

**ਕਲਾਨੌਰ :** ਕਲਾਨੌਰ ਬਲਾਕ ਦੇ ਪਿੰਡ ਪੰਨਵਾਂ ‘ਚ ਗੁਰਦਵਾਰਾ ਫ਼ਲਾਹੀ ਸਾਹਿਬ ਵਿਖੇ ਬਾਬਾ ਸੋਢੀ ਸਾਹਿਬ ਜੀ ਦੀ ਯਾਦ ਵਿਚ 17 ਸਤੰਬਰ ਨੂੰ ਕਰਵਾਏ ਗਏ ਸਾਲਾਨਾ ਧਾਰਮਕ ਸਮਾਗਮ ‘ਚ ਸ਼ਿਰਕਤ ਕਰਨ ਆਏ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਨੇ ਰੁਪਿੰਦਰ ਸਿੰਘ ਦੇ ਗ੍ਰਿਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਦਲ ਐਂਡ ਕੰਪਨੀ ਨੇ ਅਪਣੇ ਨਿਜੀ ਮੁਫ਼ਾਦਾ ਲਈ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਦੋਹਾਂ ਹੱਥਾਂ ਨਾਲ ਲੁਟਿਆ ਹੈ। ਜਦੋਂਕਿ ਬਾਦਲ ਦੇ ਹੱਥਾਂ ਵਿਚ ਖੇਡ ਰਹੀ 600 ਕਰੋੜ ਰੁਪਏ ਦੇ ਬਜਟ ਵਾਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਲਈ ਅੱਜ ਤਕ ਕੁੱਝ ਨਹੀਂ ਕਰ ਸਕੀ ਅਤੇ ਪੰਥ ਦੇ ਬੁਰਕੇ ਵਿਚ ਕਾਲੀਆਂ ਭੇਡਾਂ ਸਿੱਖ ਕੌਮ ਦਾ ਵੱਡਾ ਨੁਕਸਾਨ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਲਿਫ਼ਾਫ਼ੇ ਵਿਚੋਂ ਨਿਕਲਣ ਵਾਲੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀਆਂ ਡੋਰਾਂ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਵਿਚ ਹਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁਣ ਸਿਰਫ਼ ਬਾਦਲ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਏ ਹਨ। ਸਿੱਖ ਕੌਮ ਦੀ ਅਗਵਾਈ ਕਰਨਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਵੱਸ ਦੀ ਗੱਲ ਨਹੀਂ। ਇਸ ਦੀ ਤਾਕਤ ਬਾਦਲ ਦੇ ਹੱਥ ‘ਚ ਹੋਣ ਕਾਰਨ ਗੁਰੂ ਘਰ ਨੂੰ ਹਮੇਸ਼ਾ ਹੀ ਵੋਟ ਬੈਂਕ ਵਜੋਂ ਹੀ ਵਰਤਿਆ ਹੈ।

ਮੁੱਖ ਸੇਵਾਦਾਰ ਰਣਜੀਤ ਸਿੰਘ ਨੇ ਕਿਹਾ ਕਿ ਹਰ ਸਿੱਖ ਨੂੰ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਹੱਕ ਹੈ ਪਰ ਹਰਿਆਣਾ ਵਿਚ ਸਿੱਖਾਂ ਨੂੰ ਵਖਰੀ ਕਮੇਟੀ ਬਣਾਉਣ ਤੋਂ ਬਾਦਲ ਇਸ ਲਈ ਡਰਦਾ ਹੈ ਕਿਉਂਕਿ ਉਸ ਨੇ ਅਪਣੇ ਚਹੇਤਿਆਂ ਨੂੰ ਕਰੀਬ 13 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਕੌਡੀਆਂ ਦੇ ਭਾਅ ‘ਤੇ ਲੀਜ਼ ‘ਤੇ ਦਿਤੀ ਹੋਈ ਹੈ ਅਤੇ ਗੁਰੂ ਘਰ ਦੀਆਂ ਗੋਲਕਾਂ ‘ਤੇ ਬਾਦਲ ਪਰਵਾਰ ਐਸ਼ੋ-ਅਰਾਮ ਫ਼ਰਮਾ ਰਿਹਾ ਹੈ ਤੇ ਪੰਥ ਦੇ ਬੁਰਕੇ ਵਿਚ ਇਹ ਕਾਲੀਆਂ ਭੇਡਾਂ ਸਿੱਖ ਕੌਮ ਦਾ ਵੱਡਾ ਨੁਕਸਾਨ ਕਰ ਰਹੀਆਂ ਹਨ। ਸਾਬਕਾ ਮੁੱਖ ਸੇਵਾਦਾਰ ਰਣਜੀਤ ਸਿੰਘ ਨੇ ਕਿਹਾ ਕਿ ਮਜੀਠੀਆ ਪਰਵਾਰ ਅੰਗਰੇਜ਼ਾਂ ਦੇ ਸਮੇਂ ਉਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਬਣਿਆ ਰਿਹਾ ਹੈ ਤੇ ਹੁਣ ਉਸ ਪਰਵਾਰ ਦੀ ਧੀ ਅਤੇ ਬਾਦਲ ਦੀ ਨੂੰਹ ਨੰਨ੍ਹੀ ਛਾਂ ਗੁਰੂ ਘਰ ਦੀ ਗੋਲਕ ‘ਤੇ ਅਪਣਾ ਨਾਮਨਾ ਖੱਟ ਰਹੀ ਹੈ। ਜਦੋਂ ਕਿ ਦੂਜੇ ਪਾਸੇ ਭਗਤ ਪੂਰਨ ਸਿੰਘ ਨੇ ਵੀ ਵਾਤਾਵਰਣ ਨੂੰ ਹਰਿਆ ਭਰਿਆ ਕਰਨ ਦੀ ਮੁਹਿੰਮ ਚਲਾਈ ਸੀ ਪਰ ਬਾਦਲ ਵਲੋਂ ਉਸ ਲਈ ਅੱਜ ਤਕ ਕੁਝ ਨਹੀਂ ਕੀਤਾ।

ਇਸ ਮੌਕੇ ਬਾਬਾ ਮਾਨ ਸਿੰਘ ਮੁਖੀ ਗੁਰੂ ਨਾਨਕ ਦਲ, ਗੁਰਦਵਾਰਾ ਬਾਬਾ ਬੰਦਾ ਸਿੰਘ ਬਹਾਦਰ ਕਲਾਨੌਰ ਦੇ ਮੁੱਖ ਸੇਵਾਦਾਰ ਭਾਈ ਦਲਵਿੰਦਰ ਸਿੰਘ ਬਿਟੂ ,ਸੁੱਚਾ ਸਿੰਘ ਆਦਿ ਹਾਜ਼ਰ ਸਨ।

## ਕਾਮਾਗਾਟਾਮਾਰੂ ਦੇ ਸ਼ਹੀਦਾਂ ਤੇ ਨਾਇਕਾਂ ਨੂੰ ਆਜ਼ਾਦੀ ਘੁਲਾਟੀਆਂ ਦਾ ਦਰਜਾ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਦੀਆਂ ਠੋਸ ਕੋਸ਼ਿਸ਼ਾਂ ਦੀ ਬਦੌਲਤ ਭਾਰਤ ਸਰਕਾਰ ਨੇ ਸਵਤੰਤਰਤਾ ਸੈਨਿਕ ਸੰਮੇਲਨ ਪੈਨਸ਼ਨ ਸਕੀਮ 1980 ਦੇ ਹੇਠ ਕਾਮਾਗਾਟਾਮਾਰੂ ਲਹਿਰ ਦੇ ਸ਼ਹੀਦਾਂ ਅਤੇ ਨਾਇਕਾਂ ਨੂੰ ਆਜ਼ਾਦੀ ਘੁਲਾਟੀਆਂ ਦਾ ਰੁਤਬਾ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਹੈ। ਇਸ ਗੱਲ ਦਾ ਪ੍ਰਗਟਾਵਾ ਕਰਦੇ ਹੋਏ ਇਥੇ ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਸੂਚਨਾ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਹੈ।

ਗੌਰਤਲਬ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਜੁਲਾਈ 2009 ਨੂੰ ਭਾਰਤ ਸਰਕਾਰ ਦੇ ਗ੍ਰਿਹ ਮਾਮਲਿਆਂ ਦੇ ਮੰਤਰਾਲੇ ਨੂੰ ਇੱਕ ਡੀ.ਓ. ਲਿਖ ਕੇ ਕਾਮਾਗਾਟਾਮਾਰੂ ਲਹਿਰ ਦੇ ਸ਼ਹੀਦਾਂ ਅਤੇ ਨਾਇਕਾਂ ਨੂੰ ਆਜ਼ਾਦੀ ਘੁਲਾਟੀਆਂ ਦਾ ਦਰਜਾ ਦੇਣ ਦੀ ਮੰਗ ਕੀਤੀ ਸੀ।

ਭਾਰਤ ਸਰਕਾਰ ਦੇ ਗ੍ਰਿਹ ਮਾਮਲਿਆਂ ਦੇ ਮੰਤਰਾਲੇ ਨੇ ਦੱਸਿਆ ਹੈ ਕਿ ਇਸ ਲਹਿਰ ਵਿਚ ਹਿੱਸਾ ਲੈਣ ਵਾਲਾ ਕੋਈ ਵੀ, ਜੋ ਸਵੰਤਤਰਤਾ ਸੈਨਿਕ ਸੰਮੇਲਨ ਪੈਨਸ਼ਨ ਸਕੀਮ 1980 ਦੇ ਹੇਠ ਨਿਰਧਾਰਤ ਜ਼ਰੂਰਤਾਂ ਪੂਰੀਆਂ ਕਰਦਾ ਹੈ, ਪੈਨਸ਼ਨ ਲਈ ਯੋਗ ਹੋਵੇਗਾ।

## ਸਿੱਖਾਂ ਦੇ ਅਧਿਕਾਰਾਂ ਦੀ ਰਾਖੀ ਲਈ ਯੂ ਐਨ ਓ ਦੇ ਦਖਲ ਦੀ ਮੰਗ

**ਮੰਡੀ ਅਹਿਮਦਗੜ੍ਹ :** ਆਸਟਰੀਆ ਦੀਆਂ ਜੇਲ੍ਹਾਂ ਵਿਚ ਫਸੇ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਯੂ.ਐਨ.ਓ. ਤੋਂ ਦਖ਼ਲਅੰਦਾਜ਼ੀ ਦੀ ਮੰਗ ਕਰਕੇ ਇਨ੍ਹਾਂ ਨੌਜਵਾਨਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਕਿਹਾ ਹੈ। ਉਥੋਂ ਦੀ ਜੇਲ੍ਹ ਵਿਚ ਇਕ ਹੋਰ ਨੌਜਵਾਨ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਜਾਣ ਤੋਂ ਬਾਅਦ ਉਥੇ ਰਹਿ ਰਹੇ ਪੰਜਾਬੀਆਂ ਦੇ ਮਨਾਂ ਵਿਚ ਰੋਸ ਹੈ। ਉਥੇ ਫਸੇ ਸਿਆਸੀ ਪਨਾਹ ਲੈਣ ਲਈ ਕੇਸ ਲਗਾਉਣ ਵਾਲੇ 1220 ਤੋਂ ਵੱਧ ਸਿੱਖ ਨੌਜਵਾਨ ਜਾਂ ਤਾਂ ਭੁੱਖ ਹੜਤਾਲ ਕਾਰਨ ਬਿਮਾਰ ਪਏ ਹਨ ਜਾਂ ਫੇਰ ਉਥੋਂ ਦੀ ਸਰਕਾਰ ਦੇ ਕਥਿਤ ਅਣਮਨੁੱਖੀ ਤਸ਼ੱਦਦ ਝੱਲਣ ਤੋਂ ਬਾਅਦ ਬਿਮਾਰ ਪਏ ਹਨ।

ਜਗਦੇਵ ਸਿੰਘ ਮਾਨ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਬਟਾਲਾ ਦੇ ਗਗਨਪ੍ਰੀਤ ਸਿੰਘ ਨੂੰ ਹਰਨਾਲਸਰ ਗੁਰਟੇਲ ਪੁਲੀਸ ਵਲੋਂ ਗ੍ਰਿਫਤਾਰ ਕਰ ਲਿਆ ਤੇ ਡੇਢ ਮਹੀਨੇ ਬਾਅਦ ਉਸ ਦੀ ਭੇਦਭਰੀ ਹਾਲਤ ਵਿਚ ਮੌਤ ਹੋ ਗਈ ਜਿਸ ਤੋਂ ਬਾਅਦ ਸਿੱਖ ਨੌਜਵਾਨਾਂ ਵਿਚ ਭਾਰੀ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਵੀਆਨਾ ਕਾਂਡ ਤੋਂ ਬਾਅਦ ਆਸਟਰੀਆ ਸਰਕਾਰ ਨੇ ਕਥਿਤ ਤੌਰ ‘ਤੇ ਸਿੱਖ ਨੌਜਵਾਨਾਂ ਨਾਲ ਅਣਮਨੁੱਖੀ ਵਰਤਾਰਾ ਸ਼ੁਰੂ ਕਰ ਦਿੱਤਾ ਸੀ। ਭਾਵੇਂ ਅਸਟਰੀਆ ਦੀਆਂ ਅਦਾਲਤਾਂ ਵਲੋਂ ਇਹ ਹੁਕਮ ਦਿੱਤੇ ਗਏ ਹਨ ਕਿ ਭੁੱਖ ਹੜਤਾਲ ਜਾਂ ਆਪਣੇ ਜਿਸਮ ਨੂੰ ਨੁਕਸਾਨ ਪੁਚਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਜੇਲ੍ਹ ਵਿਚ ਨਹੀਂ ਰਹਿਣ ਦੇਣਾ ਅਤੇ ਲੋੜੀਂਦੀ ਡਾਕਟਰੀ ਸਹਾਇਤਾ ਦੇਣੀ ਹੈ, ਪਰ ਅਧਿਕਾਰੀਆਂ ਨੇ ਗਗਨਪ੍ਰੀਤ ਅਤੇ ਅਮਰਜੀਤ ਦੀ ਹਾਲਤ ਵਿਗੜਣ ਤੋਂ ਬਾਅਦ ਵੀ ਉਸ ਨੂੰ ਹਸਪਤਾਲ ਨਹੀਂ ਪਹੁੰਚਾਇਆ। ਸਿੱਖ ਨੌਜਵਾਨਾਂ ਨੇ ਦੋਸ਼ ਲਗਾਇਆ ਕਿ ਉੱਥੇ ਦੀ ਸਰਕਾਰ ਆਪਣੇ ਏਜੰਟਾਂ ਅਤੇ ਵਕੀਲਾਂ ਰਾਹੀਂ ਕੱਚੇ ਤੌਰ ‘ਤੇ ਰਹਿ ਰਹੇ ਸਿੱਖਾਂ ਦੇ ਪਾਸਪੋਰਟ ਆਪਣੇ ਕਬਜ਼ੇ ਵਿਚ ਲੈ ਰਹੀ ਹੈ ਅਤੇ ਵਕੀਲਾਂ ਨੂੰ ਜਾਣਬੁੱਝ ਕੇ ਇਨ੍ਹਾਂ ਦੇ ਕੇਸਾਂ ਦੀ ਪੈਰਵਾਈ ਢਿੱਲੀ ਕਰਨ ਲਈ ਕਿਹਾ ਗਿਆ ਹੈ।ਹੁਸ਼ਿਆਰਪੁਰ ਦਾ ਅਮਰਜੀਤ ਵੀ ਪੁਲੀਸ ਹਿਰਾਸਤ ਵਿਚ ਇਸੇ ਤਰ੍ਹਾਂ ਮਰ ਗਿਆ ਸੀ।

## ਪੰਜਾਬ ਅਤੇ ਚੰਡੀਗੜ੍ਹ ’ਚ ਵਾਅਦਾ ਵਪਾਰ ਦਾ ਜ਼ੋਰ

**ਚੰਡੀਗੜ੍ਹ:** ਸੋਨਾ ਦਿਨੋ ਦਿਨ ਮਹਿੰਗਾ ਹੋਣ ਦੇ ਬਾਵਜੂਦ ਇਸ ਦੇ ਖਰੀਦਦਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ । ਪਿਛਲੇ ਸਾਲ ਤੋਂ ਲੈਕੇ ਹੁਣ ਤਕ ਸੋਨੇ ਦੀਆਂ ਕੀਮਤਾਂ ਵਿਚ ਚਾਰ ਹਜ਼ਾਰ ਰੁਪਏ ਪ੍ਰਤੀ 10 ਗ੍ਰਾਮ ਦਾ ਇਜ਼ਾਫਾ ਹੋਇਆ ਹੈ ਅਤੇ ਇਸ ਕਾਰਨ ਗਹਿਣਿਆਂ ਦੀ ਮੰਗ ਵਿਚ ਵੀ ਮੰਦਾ ਆਇਆ ਹੈ, ਪਰ ਇਸਦੇ ਬਾਵਜੂਦ ਨਿਵੇਸ਼ ਦੇ ਮੰਤਵ ਨਾਲ ਸੋਨੇ ਦੀ ਪਰਚੂਨ ਖਰੀਦ ਦੀ ਮੰਗ ਵਧੀ ਹੈ। ਕੁਝ ਮੋਟੇ ਅਨੁਮਾਨਾਂ ਅਨੁਸਾਰ ਪੰਜਾਬ ਤੇ ਚੰਡੀਗੜ੍ਹ ਖੇਤਰ ਵਿਚ ਸੋਨੇ ਦਾ ਰੋਜ਼ਾਨਾ 1200 ਤੋਂ 1300 ਕਰੋੜ ਰੁਪਏ ਦਾ ਵਾਅਦਾ ਵਪਾਰ ਚੱਲ ਰਿਹਾ ਹੈ।

ਲੁਧਿਆਣਾ ਵਿਚ ਜਿੱਥੇ ਰੋਜ਼ਾਨਾ ਔਸਤ 400-500 ਕਰੋੜ ਰੁਪਏ ਦਾ ਸੋਨਾ ਬੁੱਕ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ, ਜਲੰਧਰ ਤੇ ਚੰਡੀਗੜ੍ਹ ਵੀ ਹੁਣ ਸੋਨੇ ਦੇ ਵਾਅਦਾ ਵਪਾਰ ਵਿਚ ਸਰਗਰਮ ਹੁੰਦੇ ਜਾ ਰਹੇ ਹਨ।

## ਪਹਾੜੀ ਸੰਮੇਲਨ ਨੂੰ ਹੇਠਲੇ ਪੱਧਰ ਤੱਕ ਲਿਜਾਣ ਦੀ ਅਕਾਲੀ ਯੋਜਨਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜਿੱਤੇ-ਹਾਰੇ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਅਤੇ ਸੀਨੀਅਰ ਅਕਾਲੀ ਆਗੂਆਂ ਨਾਲ ਪੰਜਾਬ ਵਿਚਾਰ ਸੰਮੇਲਨ ਪਿੱਛੋਂ ਬਲਾਕ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਦੇ ਜਥੇਦਾਰਾਂ ਨਾਲ ਵਿਚਾਰ ਸੰਮੇਲਨ ਦਾ ਪ੍ਰੋਗਰਾਮ ਤੈਅ ਕਰ ਲਿਆ ਹੈ। ਸੁਖਬੀਰ ਮੁਤਾਬਕ ਸ਼ਿਮਲਾ ਸੰਮੇਲਨ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ ਅਤੇ ਇਸੇ ਫ਼ਾਰਮੂਲੇ ਨੂੰ ਲੈ ਕੇ ਹੇਠਲੇ ਪੱਧਰ ਦੇ ਵਿਚਾਰ ਸੰਮੇਲਨ ਲਈ ਬਲਾਕ ਅਤੇ ਜ਼ਿਲ੍ਹਾ ਪੱਧਰ ਦੇ ਜਥੇਦਾਰਾਂ ਨੂੰ ਪੰਜਾਬ ਵਿਚਾਰ ਸੰਮੇਲਨ ਦੇ ਪ੍ਰੋਗਰਾਮ ‘ਚ ਸੱਦਾ ਦੇਣ ਲਈ ਸਮਾਂ ਅਤੇ ਸਥਾਨ ਦੀ ਚੋਣ ਕੀਤੀ ਜਾਣੀ ਬਾਕੀ ਹੈ।

ਲੰਘੀ16 ਸਤੰਬਰ ਨੂੰ ਇਥੇ ਸੁਖਬੀਰ ਸਿੰਘ ਬਾਦਲ ਨੇ ਗ਼ੈਰ ਰਸਮੀ ਮੁਲਾਕਾਤ ਦੌਰਾਨ ਦਸਿਆ ਕਿ ਸ਼ਿਮਲਾ ਵਿਖੇ ਪੰਜਾਬ ਵਿਚਾਰ ਸੰਮੇਲਨ ਦੌਰਾਨ ਧਰਾਤਲ ਪੱਧਰ ਦਾ ਆਪਸੀ ਆਦਾਨ-ਪ੍ਰਦਾਨ ਹੋਇਆ ਹੈ।

ਵਿਧਾਇਕਾਂ ਨੇ ਹਲਕਿਆਂ ਸਬੰਧੀ ਖੁਲ੍ਹ ਕੇ ਵਿਚਾਰ ਪ੍ਰਗਟ ਕੀਤੇ। ਇਸ ਗੱਲਬਾਤ ਦੌਰਾਨ ਕਈ ਤਰ੍ਹਾਂ ਦੀਆਂ ਕਮੀਆਂ ਸਾਹਮਣੇ ਆਈਆਂ। ਇਸ ਕਰ ਕੇ ਬਿਲਕੁਲ ਸਪੱਸ਼ਟ ਹੋ ਗਿਆ ਹੈ ਕਿ ਕਮੀਆਂ ਨੂੰ ਪਹਿਲ ਦੇ ਅਧਾਰ ‘ਤੇ ਦੂਰ ਕੀਤਾ ਜਾਵੇ। ਉਨ੍ਹਾਂ ਦਸਿਆ ਕਿ ਇਸ ਸੰਮੇਲਨ ਦੌਰਾਨ ਦਿਤੇ ਗਏ ਸੁਝਾਅ ਵੀ ਪਾਰਟੀ ਦੀ ਮਜ਼ਬੂਤੀ ਲਈ ਸਹਾਈ ਸਿੱਧ ਹੋਣਗੇ। ਸੁਖਬੀਰ ਸਿੰਘ ਨੇ ਦਸਿਆ ਕਿ ਇਹ ਫ਼ਾਰਮੂਲਾ ਬਲਾਕ ਪੱਧਰ ‘ਤੇ ਵੀ ਲਾਗੂ ਕੀਤਾ ਜਾਵੇਗਾ।

ਬਲਾਕ ਪੱਧਰ ਦੇ ਪਾਰਟੀ ਆਗੂ ਜ਼ਮੀਨੀ ਹਕੀਕਤ ਬਾਰੇ ਜਾਣੂ ਹੁੰਦੇ ਹਨ। ਉਨ੍ਹਾਂ ਦਸਿਆ ਕਿ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਸਬੰਧੀ ਸੁਧਾਰ ਦਾ ਅਮਲ ਦਸੰਬਰ ਤੋਂ ਸ਼ੁਰੂ ਹੋ ਜਾਵੇਗਾ ਅਤੇ ਮਾਰਚ ਤਕ ਸਮੁੱਚੇ ਸਰਕਾਰੀ ਸਿਸਟਮ ਵਿਚ ਹੋਣ ਵਾਲਾ ਸੁਧਾਰ ਇਕ ਇਤਿਹਾਸਕ ਇਨਕਲਾਬ ਹੋਵੇਗਾ।


Real Estate and Home Loans
For buying or selling your home
Call Aman Hundal at: 209-918-6464

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ
ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:


ਅਮਨਜੋਤ ਸਿੰਘ ਹੁੰਦਲ

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

Century 21
M&M and Associates



ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.
Farmers offers more discounts than anybody else.
Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.
ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350

FARMERS INSURANCE GROUP
FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।



ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ
Truck Insurance at very competitive rates.
ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਕੁੜੀ ਨੇ ਪ੍ਰੇਮ ਨੂੰ ਸਿਰੇ ਲਾਉਣ ਲਈ ਆਪਣਾ ਪਰਿਵਾਰ ਕਤਲ ਕੀਤਾ

**ਚੰਡੀਗੜ੍ਹ:** ਰੋਹਤਕ ਪੁਲੀਸ ਨੇ ਇਕ ਪਰਿਵਾਰ ਦੇ ਸੱਤ ਮੈਂਬਰਾਂ ਦੀਆਂ ਬੇਰਹਿਮੀ ਨਾਲ ਕੀਤੀਆਂ ਹੱਤਿਆਵਾਂ ਦਾ ਮਾਮਲਾ ਹੱਲ ਕਰ ਲਿਆ ਹੈ। ਹੱਤਿਆਵਾਂ ਕਰਨ ਵਾਲਾ ਕੋਈ ਹੋਰ ਨਹੀਂ ਸਗੋਂ ਇਸੇ ਪਰਿਵਾਰ ਦੀ ਇਕ 19 ਸਾਲਾਂ ਧੀ ਹੀ ਨਿਕਲੀ ਹੈ। ਉਸਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਪਰਿਵਾਰ ਦੇ ਮੈਂਬਰਾਂ ਨੂੰ ਪਹਿਲਾਂ ਬੇਹੋਸ਼ ਕਰਨ ਵਾਲੀ ਦਵਾਈ, ਦੁੱਧ ਅਤੇ ਰੋਟੀਆਂ ਰਾਹੀਂ ਦਿੱਤੀ। ਬਾਅਦ ਵਿਚ ਬੇਹੋਸ਼ੀ ਦੀ ਹਾਲਤ ਵਿਚ ਉਨ੍ਹਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ।

ਰੋਹਤਕ ਜ਼ਿਲੇ ਕਬੂਲਪੁਰ ਪਿੰਡ ਦੇ ਸੱਤ ਜੀਅ 14 ਸਤੰਬਰ ਨੂੰ ਘਰ ਵਿਚ ਮ੍ਰਿਤਕ ਮਿਲੇ ਸਨ। ਇਸ ਦੀ ਖਬਰ ਮਿਲਦਿਆਂ ਹੀ ਪਿੰਡ ਤੇ ਆਸ ਪਾਸ ਦੇ ਇਲਾਕੇ ਵਿਚ ਸਹਿਮ ਪੈ ਗਿਆ ਸੀ। ਹੱਤਿਆਵਾਂ ਦਾ ਉਸ ਸਮੇਂ ਪਤਾ ਲੱਗਾ ਸੀ ਜਦੋਂ ਇਸ ਪਰਿਵਾਰ ਦਾ ਬਜ਼ੁਰਗ ਸਵੇਰ ਦੀ ਚਾਹ ਨਾ ਮਿਲਣ ਕਰਕੇ ਘਰ ਪੁੱਜਾ ਸੀ। ਪਰਿਵਾਰ ਦੀ 19 ਸਾਲਾਂ ਦੀ ਲੜਕੀ ਸੋਨਮ ਬੇਹੋਸ਼ ਮਿਲੀ ਸੀ। ਉਸਨੂੰ ਪੀ.ਜੀ.ਆਈ. ਰੋਹਤਕ ਦਾਖਲ ਕਰਵਾ ਦਿੱਤਾ ਗਿਆ ਸੀ। ਲੜਕੀ ਕੁਝ ਸਮੇਂ ਬਾਅਦ ਹੋਸ਼ ਵਿਚ ਆ ਗਈ ਸੀ, ਪਰ ਉਸਨੇ ਹੱਤਿਆਵਾਂ ਬਾਰੇ ਕੁਝ ਨਹੀਂ ਬੋਲਿਆ ਤੇ ਚੁੱਪ ਧਾਰੀ ਰੱਖੀ। ਪੁਲੀਸ ਨੂੰ ਹੱਤਿਆਵਾਂ ਵਾਲੇ ਦਿਨ ਹੀ ਇਸ ਗੱਲ ਦਾ ਸ਼ੱਕ ਹੋ ਗਿਆ ਸੀ ਕਿ ਹੱਤਿਆਵਾਂ ਘਰ ਦੇ ਕਿਸੇ ਨਜ਼ਦੀਕੀ ਨੇ ਕੀਤੀਆਂ ਜਾਂ ਕਰਵਾਈਆਂ ਹਨ। ਪੁਲੀਸ ਨੂੰ ਲੜਕੀ ਬਾਰੇ ਵੀ ਸ਼ੱਕ ਸੀ। ਇਸ ਕਰਕੇ ਪੀ.ਜੀ.ਆਈ. ਵਿਚ ਹੀ ਲੜਕੀ ਕੋਲ ਪੁਲੀਸ ਤਾਇਨਾਤ ਕਰ ਦਿੱਤੀ ਗਈ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਲੜਕੀ ਦਾ ਆਪਣੇ ਪਿੰਡ ਦੇ ਲੜਕੇ ਨਵੀਨ ਨਾਲ ਪਿਆਰ ਸੀ। ਲੜਕਾ ਤੇ ਲੜਕੀ ਇਕੋ ਹੀ ਗੋਤ ਦੇ ਸਨ। ਲੜਕੀ ਦਾ ਪਰਿਵਾਰ ਦੋਵਾਂ ਦੀ ਸ਼ਾਦੀ ਅਤੇ ਪਿਆਰ ਦੇ ਖ਼ਿਲਾਫ ਸੀ। ਉਨ੍ਹਾਂ ਨੇ ਲੜਕੀ ਨੂੰ ਇਸ ਗੱਲ ਤੋਂ ਵਰਜਿਆ ਵੀ ਸੀ ਤੇ ਲੜਕੇ ਦੇ ਮਾਪਿਆਂ ਤਕ ਵੀ ਪਹੁੰਚ ਕੀਤੀ ਸੀ। ਪਰਿਵਾਰ ਨੇ ਲੜਕੀ ਨੂੰ ਇਸ਼ਕ ਦੇ ਚੱਕਰ ਵਿਚੋਂ ਕੱਢਣ ਲਈ ਰੋਹਤਕ ਦੇ ਇਕ ਕਾਲਜ ਵਿਚ ਬੀ.ਏ.-2 ਵਿਚ ਦਾਖਲ ਕਰਵਾ ਕੇ ਹੋਸਟਲ ਵਿਚ ਕਮਰਾ ਲੈ ਦਿੱਤਾ। ਮਾਮਲਾ ਇਸ ਦੇ ਬਾਵਜੂਦ ਨਹੀਂ ਰੁਕਿਆ, ਕਿਉਂਕਿ ਲੜਕੇ ਨੇ ਕੰਪਿਊਟਰ ਕੋਰਸ ਵਿਚ ਰੋਹਤਕ ਦਾਖਲਾ ਲੈ ਲਿਆ। ਦੋਵੇਂ ਇਕ ਦੂਜੇ ਨੂੰ ਮਿਲਣ ਲੱਗ ਪਏ। ਦੋਵਾਂ ਨੇ ਪਿਛਲੇ ਸਾਲ ਸਤੰਬਰ ਵਿਚ ਗੁਪਤ ਤੌਰ 'ਤੇ ਵਿਆਹ ਵੀ ਕਰਵਾ ਲਿਆ ਸੀ। ਲੜਕੀ ਦੇ ਪਰਿਵਾਰ ਨੂੰ ਜਦੋਂ ਇਸ ਦੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਲੜਕੀ ਨੂੰ ਪੜ੍ਹਨ ਤੋਂ ਹਟਾ ਲਿਆ।

ਜ਼ਿਲਾ ਪੁਲੀਸ ਮੁਖੀ ਸ੍ਰੀ ਅਨਿਲ ਕੁਮਾਰ ਰਾਓ ਅਨੁਸਾਰ ਦੋਵਾਂ ਨੇ ਪਿਆਰ ਵਿਚ ਅੜਿੱਕਾ ਬਣ ਰਹੇ ਪਰਿਵਾਰ ਦੇ ਮੈਂਬਰਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਤੇ ਇਸ ਤਹਿਤ ਪਹਿਲਾਂ ਉਨ੍ਹਾਂ ਨੂੰ ਬੇਹੋਸ਼ੀ ਦੀ ਦਵਾਈ ਰੋਟੀਆਂ ਵਿਚ ਰਾਤ ਨੂੰ ਸੌਣ ਵੇਲੇ ਦੁੱਧ ਵਿਚ ਦੇ ਦਿੱਤੀ। ਇਸਤੋਂ ਲੜਕੀ ਨੇ ਲੜਕੇ ਨੂੰ ਫੋਨ ਕਰਕੇ ਸੱਦ ਲਿਆ। ਪਹਿਲਾਂ ਲੜਕੀ ਦੇ ਮਾਤਾ ਪਿਤਾ ਅਤੇ ਦਾਦੀ ਨੂੰ ਗਲਾ ਘੁੱਟ ਕੇ ਮਾਰਿਆ ਗਿਆ। ਉਸ ਤੋਂ ਬਾਅਦ ਸੋਨਮ ਦੇ ਭਰਾ ਅਰਵਿੰਦ ਅਤੇ ਚਾਚੇ ਦੇ ਤਿੰਨ ਬੱਚਿਆਂ ਨੂੰ ਮਾਰ ਦਿੱਤਾ ਗਿਆ। ਦੋਵਾਂ ਨੇ ਇਸ ਸਾਰੇ ਮਾਮਲੇ ਨੂੰ ਚੋਰੀ ਦਾ ਮਾਮਲਾ ਬਣਾਉਣ ਦਾ ਵੀ ਯਤਨ ਕੀਤਾ। ਲੜਕੀ ਨੇ ਆਪਣੇ ਆਪ ਨੂੰ ਬਚਾਉਣ ਲਈ ਵੀ ਕੁਝ ਦੁੱਧ ਪੀਤਾ, ਜਿਸ ਕਰਕੇ ਉਹ ਵੀ ਕੁਝ ਸਮਾਂ ਬੇਹੋਸ਼ ਰਹੀ। ਇਸ ਕਾਂਡ ਤੋਂ ਬਾਅਦ ਲੜਕਾ ਆਪਣੇ ਕਰੀਬੀ ਰਿਸ਼ਤੇਦਾਰਾਂ ਕੋਲ ਝੱਜਰ ਚਲਾ ਗਿਆ, ਜਿਸਨੂੰ ਪੁਲੀਸ ਨੇ ਗ੍ਰਿਫਤਾਰ ਲਿਆ ਹੈ। ਦੋਵਾਂ ਦੀ ਗ੍ਰਿਫਤਾਰੀ ਨਾਲ ਕੇਸ ਦੀ ਗੁੱਥੀ ਸੁਲਝ ਗਈ ਹੈ। ਪਰ ਇਸ ਹੱਤਿਆ ਕਾਂਡ ਨੇ ਕਈ ਤਰ੍ਹਾਂ ਦੀਆਂ ਚਰਚਾਵਾਂ ਨੂੰ ਵੀ ਜਨਮ ਦਿੱਤਾ ਹੈ।

# ਸਾਬਕਾ ਮੰਤਰੀ ਦੇ ਰਿਸ਼ਤੇਦਾਰ ਸਣੇ 3 ਜਣੇ ਗ੍ਰਿਫਤਾਰ

**ਸਮਾਣਾ :** ਬੀਤੀ 17 ਸਤੰਬਰ ਨੂੰ ਹਰਿਆਣਾ ਪੁਲਸ ਨੇ ਸੂਬੇ ਦੇ ਇਕ ਸਾਬਕਾ ਮੰਤਰੀ ਦੇ ਦੋਹਤਰੇ ਦੇ ਪੁੱਤਰ ਸਮੇਤ 3 ਵਿਅਕਤੀਆਂ ਨੂੰ ਜਾਅਲੀ ਦਸਤਾਵੇਜ਼ ਤਿਆਰ ਕਰਕੇ ਸੈਂਕੜੇ ਲੋਕਾਂ ਨੂੰ ਵਿਦੇਸ਼ ਭੇਜਣ ਸਬੰਧੀ ਗ੍ਰਿਫਤਾਰ ਕੀਤਾ ਹੈ। ਦੋਸ਼ੀ ਕੋਲੋਂ ਪੁਲਸ ਨੇ 45 ਉੱਚ ਅਧਿਕਾਰੀਆਂ ਦੀਆਂ ਜਾਅਲੀ ਮੋਹਰਾਂ, 2 ਕੰਪਿਊਟਰ, 5 ਪ੍ਰਿੰਟਰ ਅਤੇ ਕਈ ਲੈਟਰ ਪੈਡ ਬਰਾਮਦ ਕੀਤੇ ਹਨ।

ਕੁਰੂਕਸ਼ੇਤਰ ਪੁਲਸ ਵੀਰਵਾਰ ਨੂੰ ਗ੍ਰਿਫਤਾਰ ਕੀਤੇ ਗਏ ਸਾਬਕਾ ਮੰਤਰੀ ਦੇ ਦੋਹਤਰੇ ਦੇ ਪੁੱਤਰ ਨਵਕੇਤਨ ਪੁੱਤਰ ਸ਼ਸ਼ੀਪਾਲ ਵਾਸੀ ਕੁਰੂਕਸ਼ੇਤਰ ਨੂੰ ਇਸ ਗੌਰਖਧੰਦੇ ਵਿਚ ਸਮਾਣਾ ਦੇ ਯੂਕੋ ਬੈਂਕ ਦੇ ਨਾਮ ਉੱਤੇ ਬਣਾਏ ਗਏ ਦਸਤਾਵੇਜ਼ਾਂ ਸਬੰਧੀ ਜਾਂਚ ਅਤੇ ਸ਼ਨਾਖਤ ਕਰਨ ਲਈ ਯੂਕੋ ਬੈਂਕ ਬ੍ਰਾਂਚ ਵਿਖੇ ਲੈ ਕੇ ਆਈ। ਬੈਂਕ ਵਿਚ ਹੋਈ ਜਾਂਚ ਬਾਰੇ ਉਨ੍ਹਾਂ ਦੱਸਿਆ ਕਿ ਇਥੇ ਦੋਸ਼ੀਆਂ ਨੇ 70 ਬੈਂਕ ਖਾਤੇ ਖੁਲ੍ਹਵਾਏ ਸਨ ਅਤੇ ਇਨ੍ਹਾਂ ਵਿਚ ਰਾਮਲੀਲਾ ਮੰਦਰ ਸਮਾਣਾ ਨੇੜੇ ਰਹਿਣ ਵਾਲੇ ਇਕ ਵਿਅਕਤੀ ਨੂੰ ਹੀ ਗਵਾਹ ਬਣਾਇਆ ਹੈ ਜੋ ਕਿਸੇ ਸਮੇਂ ਇਸ ਬੈਂਕ ਵਿਚ ਆਰਜ਼ੀ ਤੌਰ 'ਤੇ ਕੰਮ ਕਰਦਾ ਸੀ। ਪੁਲਸ ਨੇ ਕੇਸ ਦਰਜ ਕਰਕੇ ਇਨ੍ਹਾਂ ਤਿੰਨਾਂ ਦੋਸ਼ੀਆਂ ਦਾ ਅਦਾਲਤ ਵਿਚੋਂ ਰਿਮਾਂਡ ਲੈ ਲਿਆ ਹੈ।

# ਮਾਲੀਲੀਆ 'ਚ ਫਸੇ ਤਿੰਨ ਪੰਜਾਬੀ ਜਵਾਨ ਭੁੱਖ ਨਾਲ ਮਰੇ, ਇੱਕ ਵਲੋਂ ਖੁਦਕੁਸ਼ੀ

**ਜਲੰਧਰ :** ਕਰਜ਼ਾ ਚੁੱਕ ਕੇ ਵਿਦੇਸ਼ਾਂ 'ਚ ਰੋਜ਼ੀ ਰੋਟੀ ਕਮਾਉਣ ਲਈ ਏਜੰਟਾਂ ਦੇ ਹੱਥੇ ਚੜ੍ਹੇ ਮੁੰਡਿਆਂ 'ਚੋਂ ਤਿੰਨਾਂ ਦੀ ਭੁੱਖ ਨਾਲ ਮੌਤ ਹੋ ਗਈ ਤੇ ਇਕ ਮੁੰਡੇ ਨੇ ਖੁਦਕੁਸ਼ੀ ਕਰ ਲਈ ਤੇ 63 ਮੁੰਡੇ ਸਪੇਨ ਦੇ ਖੁਦਮੁਖਤਿਆਰੀ ਵਾਲੇ ਟਾਪੂ ਮਾਲੀਲੀਆ ਦੀਆਂ ਜੇਲਾਂ 'ਚ ਫਸੇ ਹੋਏ ਹਨ। ਪਿਛਲੇ 7 ਸਾਲਾਂ ਤੋਂ ਵੱਖ-ਵੱਖ ਦੇਸ਼ਾਂ ਦੇ ਧੱਕੇ ਖਾ ਕੇ ਵੀ ਟਿਕਾਣੇ ਸਿਰ ਨਾ ਪਹੁੰਚੇ ਮੁੰਡਿਆਂ ਦੇ ਮਾਪਿਆਂ ਨੇ ਰੋਂਦੇ ਹੋਏ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਮੁੰਡਿਆਂ ਨੂੰ ਟਰੈਵਲ ਏਜੰਟ ਮਾਰਨ ਦੀਆਂ ਧਮਕੀਆਂ ਦੇ ਕੇ ਲੱਖਾਂ ਰੁਪਏ ਹੋਰ ਮੰਗਾ ਕੇ ਉਨ੍ਹਾਂ ਨੂੰ ਕਰਜ਼ਈ ਬਣਾ ਰਹੇ ਹਨ।

ਇੱਥੇ ਪੱਤਰਕਾਰਾਂ ਸਾਹਮਣੇ ਪੀੜਤ ਮਾਪਿਆਂ ਨੂੰ ਪੇਸ਼ ਕਰਦਿਆਂ ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਦੱਸਿਆ ਕਿ ਟਰੈਵਲ ਏਜੰਟਾਂ ਦੇ ਹੱਥੀਂ ਚੜ੍ਹੇ ਮੁੰਡਿਆਂ 'ਚੋਂ ਸਪੇਨ ਤੇ ਇਟਲੀ ਜਾਣ ਦੇ ਇਛੁੱਕ ਮੁੰਡਿਆ 'ਚ ਤਿੰਨ ਜਣੇ ਤਾਂ ਭੁੱਖ ਨਾਲ ਮਰ ਗਏ ਹਨ। ਉਨ੍ਹਾਂ 'ਚ ਬੂਟਾ ਸਿੰਘ ਫਗਵਾੜੇ ਦਾ ਸੁਖਵਿੰਦਰ ਸਿੰਘ ਲਿਲੀਵਾੜੇ (ਕਪੂਰਥਲਾ) ਦਾ ਸੋਨੂ ਸਿੰਘ ਅੰਮ੍ਰਿਤਸਰ ਦਾ ਹੈ। ਜਦਕਿ ਪਟਿਆਲਾ ਦੇ ਹਰਜੀਤ ਸਿੰਘ ਨੇ ਖੁਦਕੁਸ਼ੀ ਕਰ ਲਈ।



ਬੀਤੀ 20 ਸਤੰਬਰ ਨੂੰ ਸ੍ਰੀ ਰਾਮੂਵਾਲੀਆ ਨੇ ਦੱਸਿਆ ਕਿ 63 ਮੁੰਡੇ ਮਾਲੀਲੀਆ 'ਚ ਫਸੇ ਹੋਏ ਹਨ। ਉਨ੍ਹਾਂ ਮਾਲੀਲੀਆ ਤੋਂ ਫਸੇ ਮੁੰਡਿਆਂ ਦੀ ਆਈ ਚਿੱਠੀ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਉਹ ਭਾਰਤ ਤੋਂ 6-7 ਸਾਲ ਪਹਿਲਾਂ ਇਟਲੀ ਤੇ ਸਪੇਨ ਜਾਣ ਲਈ ਆਏ ਸਨ। ਇਸ ਦੇ ਬਦਲੇ ਏਜੰਟਾਂ ਨੇ ਹਰ ਮੁੰਡੇ ਤੋਂ 7-7 ਲੱਖ ਰੁਪਏ ਤੋਂ ਵਧ ਦੀ ਰਕਮ ਲਈ ਸੀ। ਉਨ੍ਹਾਂ ਦੱਸਿਆ ਕਿ ਤਿੰਨ ਸਾਲ ਤਾਂ ਉਨ੍ਹਾਂ ਨੂੰ ਮਾਲੀਲੀਆ ਪਹੁੰਚਣ 'ਚ ਹੀ ਲੱਗ ਗਏ। ਇੱਥੋਂ ਜਦੋਂ ਉਹ ਸਪੇਨ ਤੇ ਇਟਲੀ ਨੂੰ ਜਾਣ ਲੱਗੇ ਤਾਂ ਫੜੇ ਗਏ। ਹੁਣ ਉਨ੍ਹਾਂ ਨੂੰ ਜੇਲ੍ਹ ਨੁਮਾ ਕੈਂਪਾਂ 'ਚ ਰੱਖਿਆ ਜਾ ਰਿਹਾ ਹੈ। ਪਿਛਲੇ ਚਾਰ ਸਾਲਾਂ ਤੋਂ ਉਹ ਮਾਲੀਲੀਆ 'ਚ ਫਸੇ ਹੋਏ ਹਨ। ਘਰਦਿਆਂ ਤੋਂ ਟਰੈਵਲ ਏਜੰਟਾਂ ਨੇ ਸਾਢੇ ਸੱਤ-ਸੱਤ ਲੱਖ ਹੋਰ ਮੰਗਵਾ ਲਏ ਹਨ, ਜਿਨ੍ਹਾਂ ਨੇ ਪੈਸੇ ਨਹੀਂ ਭੇਜੇ, ਉਨ੍ਹਾਂ ਮੁੰਡਿਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।


ਪੀੜਤ ਮਾਪਿਆਂ 'ਚ ਵੱਡੀ ਮਿਆਣੀ ਪਿੰਡ ਦੀ ਜਸਬੀਰ ਕੌਰ ਨੇ ਦੱਸਿਆ ਕਿ ਉਸਦਾ ਪੁੱਤਰ ਰਜਿੰਦਰ ਸਿੰਘ ਪੰਜ ਸਾਲ ਪਹਿਲਾਂ ਘਰੋਂ ਗਿਆ ਸੀ। ਸਾਢੇ 7 ਲੱਖ ਰੁਪਏ ਪਹਿਲਾਂ ਦਿੱਤੇ ਸਨ ਹੁਣ ਫਿਰ ਸਾਢੇ 7 ਲੱਖ ਭੇਜ ਦਿੱਤੇ। ਜ਼ਮੀਨ ਵਿਕ ਗਈ ਹੈ। ਤਿੰਨ ਧੀਆਂ ਵਿਆਹੁਣ ਵਾਲੀਆਂ ਹਨ।

ਬੇਗੋਵਾਲ ਦੀ ਪ੍ਰਕਾਸ਼ ਕੌਰ ਦੇ ਹੰਝੂ ਰੁਕ ਨਹੀਂ ਸੀ ਰਹੇ। ਸਾਢੇ ਸੱਤ ਲੱਖ ਰੁਪਏ ਲਗਾ ਕੇ ਪੁੱਤ ਨੂੰ ਕਮਾਉਣ ਭੇਜਿਆ ਸੀ, ਹੁਣ 5 ਲੱਖ ਹੋਰ ਭੇਜੇ ਹਨ। ਹਾਲ ਹੁਣ ਇੰਨਾ ਮਾੜਾ ਹੋ ਗਿਆ ਕਿ ਘਰਦਾ ਗੁਜ਼ਾਰਾ ਭਾਂਡੇ ਮਾਂਜ ਕੇ ਕਰਨਾ ਪੈਂਦਾ ਹੈ।

ਸ. ਰਾਮੂਵਾਲੀਆ ਨੇ ਦੱਸਿਆ ਕਿ ਸਪੇਨ ਸਰਕਾਰ ਦਾ ਕਾਨੂੰਨ ਹੈ ਕਿ ਜਿਹੜਾ ਕੋਈ ਵਿਅਕਤੀ ਤਿੰਨ ਸਾਲ ਉਥੇ ਰਹਿ ਜਾਂਦਾ ਹੈ, ਉਸਨੂੰ ਸਰਕਾਰ ਪੱਕਿਆਂ ਕਰ ਦਿੰਦੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਫਸੇ ਮੁੰਡਿਆਂ ਦੀ ਮਦਦ ਕਰੇ। ਉਨ੍ਹਾਂ ਦੱਸਿਆ ਕਿ ਟਰੈਵਲ ਏਜੰਟ ਇਨ੍ਹਾਂ ਮੁੰਡਿਆਂ ਨੂੰ ਪਹਿਲਾਂ ਯੂਕਰੇਨ ਲੈ ਜਾਂਦੇ ਹਨ, ਫਿਰ ਗਲਤ ਰਸਤੇ ਰਾਹੀਂ ਇਟਲੀ ਤੇ ਸਪੇਨ 'ਚ ਭੇਜਦੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਮੁੰਡਿਆਂ ਦੀ ਤਰਸਯੋਗ ਹਾਲਤ ਵਲ ਸ੍ਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।


North American Truck Stop



ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਬਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

## ਸੁਖਬੀਰ ਲਈ ਵੱਡੀ ਕੁਰਸੀ ਵਿਸਾਖੀ ਵੇਲੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣੇ ਰਹਿਣ ਲਈ ਪਰਵਾਰਕ ਮੋਹਲਤ ਲਗਾਤਾਰ ਵਧਦੀ ਜਾ ਰਹੀ ਹੈ। ਇਸੇ ਕਾਰਨ ਸੁਖਬੀਰ ਸਿੰਘ ਬਾਦਲ ਦਾ ਹਾਲੇ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਨਹੀਂ ਪੈ ਰਿਹਾ। ਮੀਡੀਆ 'ਚ ਸੁਖਬੀਰ ਸਿੰਘ ਬਾਦਲ ਦੀ ਦੁਸਹਿਰੇ ਮੌਕੇ ਤਾਜਪੋਸ਼ੀ ਨੂੰ ਲੈ ਕੇ ਆਈਆਂ ਖ਼ਬਰਾਂ ਨੂੰ ਭਾਵੇਂ ਗ਼ੈਰ ਜ਼ੁੰਮੇਵਾਰਾਨਾ ਤੇ ਹਾਸੋਹੀਣਾ ਸਮਝਿਆ ਜਾ ਰਿਹਾ ਹੈ ਪਰ ਇਹ ਸੱਚ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਇਕ ਦਿਨ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣਾ ਹੀ ਹੈ। ਇਸ ਰਾਜ਼ ਬਾਰੇ ਬਾਦਲ ਪਰਵਾਰ ਵੀ ਚੰਗੀ ਤਰ੍ਹਾਂ ਜਾਣਦਾ ਹੈ ਪਰ ਖ਼ੁਦ ਬਾਦਲ ਅੱਜ ਦੀ ਸਿਆਸਤ ਦਾ 'ਸੱਚ' ਹੈ ਅਤੇ ਇਸ 'ਸੱਚ' ਦੀ ਸਚਾਈ ਬਾਰੇ ਕੋਈ ਨਹੀਂ ਜਾਣਦਾ।



ਸ. ਬਾਦਲ ਦੇ ਗੁੱਝੇ ਭੇਦਾਂ ਬਾਰੇ ਤਾਂ ਬਾਹਰ ਦੀਆਂ ਕੀ, ਘਰ ਦੀਆਂ ਕੰਧਾਂ ਵੀ ਕੁਝ ਨਹੀਂ ਜਾਣਦੀਆਂ। ਇਸ ਕਰ ਕੇ ਸੁਖਬੀਰ ਸਿੰਘ ਬਾਦਲ ਨੂੰ ਕਦੋਂ ਮੁੱਖ ਮੰਤਰੀ ਦੀ ਕੁਰਸੀ ਦੇਣੀ ਹੈ, ਇਸ ਬਾਰੇ ਬਾਦਲ ਹੀ ਜਾਣਦੇ ਹਨ। ਸ. ਬਾਦਲ ਨੇ ਪਹਿਲਾਂ ਵੀ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਕੇ ਮੀਡੀਆ ਨੂੰ ਵੀ ਕਲਾਬਾਜ਼ੀ ਖੁਆ ਦਿਤੀ ਸੀ ਕਿਉਂਕਿ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੀ ਥਾਂ ਉਪ ਮੰਤਰੀ ਵੀ ਬਣਾਇਆ ਜਾ ਸਕਦਾ ਹੈ। ਹੁਣ ਸਰਕਾਰੀ ਤੇ ਸਿਆਸੀ ਹਲਕਿਆਂ ਵਿਚ ਸ. ਬਾਦਲ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਮੋਹਲਤ ਮਿਲ ਗਈ ਹੈ ਕਿਉਂਕਿ ਸੁਖਬੀਰ ਸਿੰਘ ਬਾਦਲ ਦਾ ਮੁੱਖ ਮੰਤਰੀ ਲਈ ਨੰਬਰ ਲੱਗਣ ਦੀ ਗੱਲ ਵਿਸਾਖੀ 'ਤੇ ਜਾ ਪੁੱਜੀ ਹੈ। ਉਂਜ ਵੀ ਦੁਸਹਿਰੇ ਮੌਕੇ ਸਹੁੰ ਚੁੱਕਣ ਦੀ ਕੋਈ ਤੁਕ ਨਹੀਂ ਬਣਦੀ ਜਦਕਿ ਵਿਸਾਖੀ ਮੌਕੇ ਖ਼ਾਲਸਾ ਪੰਥ ਦਾ ਸਥਾਪਨਾ ਦਿਵਸ ਹੈ। ਸਿਆਸੀ, ਅਫ਼ਸਰਸ਼ਾਹੀ ਤੇ ਅਖ਼ਬਾਰੀ ਹਲਕਿਆਂ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਵੱਡੇ ਬਾਦਲ ਇਸ ਵਜ਼ਾਰਤ ਦੇ ਆਖ਼ਰੀ ਸਾਲ ਮੁੱਖ ਮੰਤਰੀ ਦਾ ਮੌਕਾ ਦੇਣਗੇ ਅਤੇ 2012 ਦੀਆਂ ਵਿਧਾਨ ਸਭਾ ਚੋਣਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ।

## ਆਬਾਦੀ ਨਹੀਂ ਅਕਾਲੀਆਂ ਦਾ ਦਿਮਾਗ ਵਧਾਉਣ ਵਲ ਧਿਆਨ ਦੇਵੇ ਸੁਖਬੀਰ

**ਬਾਘਾਪੁਰਾਣਾ:** ਸੁਖਬੀਰ ਬਾਦਲ ਦੇ ਸਿੱਖਾਂ ਦੀ ਆਬਾਦੀ ਵਧਾਉਣ ਬਾਰੇ ਵੱਧ ਬੱਚੇ ਪੈਦਾ ਕਰਨ ਦੇ ਦਿੱਤੇ ਗਏ ਗੈਰ-ਜ਼ਿੰਮੇਵਾਰਾਨਾ ਬਿਆਨ 'ਤੇ ਤਿੱਖੀ ਟਿੱਪਣੀ ਕਰਦਿਆਂ ਲੰਘੀ 16 ਸਤੰਬਰ ਨੂੰ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਆਬਾਦੀ ਵਿਸਫੋਟ ਨੇ ਅੱਜ ਭਾਰਤ ਨੂੰ ਵਿਨਾਸ਼ ਦੀ ਡੂੰਘਾਈ ਤੱਕ ਸੁੱਟ ਦਿੱਤਾ ਹੈ ਅਤੇ ਜਦੋਂ ਦੇਸ਼ ਦੀ ਹਰੇਕ ਰਾਜਨੀਤਿਕ ਪਾਰਟੀ ਅਤੇ ਹੋਰ ਸੰਸਥਾਵਾਂ ਇਸ ਉਪਰ ਕਾਬੂ ਪਾਉਣ ਲਈ ਜੁਟੀਆਂ ਹਨ, ਅਜਿਹੇ ਗੰਭੀਰ ਯਤਨਾਂ ਦੀ ਦੌੜ 'ਚ ਸੁਖਬੀਰ ਬਾਦਲ ਵਲੋਂ ਰੁਕਾਵਟਾਂ ਖੜ੍ਹੀਆਂ ਕਰਨ ਦੀਆਂ ਅਜਿਹੀਆਂ ਕੋਸ਼ਿਸ਼ਾਂ ਬੇਹੱਦ ਅਫਸੋਸਜਨਕ ਹਨ।

ਉਨ੍ਹਾਂ ਕਿਹਾ ਕਿ ਕੌਮ ਜਾਂ ਸਮਾਜ ਦਾ ਵਿਕਾਸ ਆਬਾਦੀ ਨੂੰ ਵਧਾਉਣ ਨਾਲ ਨਹੀਂ ਸਗੋਂ ਦਿਮਾਗ ਨੂੰ ਵਧਾਉਣ ਨਾਲ ਹੋਇਆ ਕਰਦਾ ਹੈ, ਇਸ ਲਈ ਅਕਾਲੀਆਂ ਨੂੰ ਆਪਣੀ ਦਿਮਾਗੀ ਸ਼ਕਤੀ ਤੇਜ਼ ਕਰਨ ਵਲ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ।

## ਮੰਡੀ ਬੋਰਡ ਆੜ੍ਹਤੀਆਂ ਦੇ ਹਵਾਲੇ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਚ ਪਹਿਲੀ ਵਾਰ ਆੜ੍ਹਤੀਆਂ ਵਲੋਂ ਦਬਾਅ ਪਾਉਣ 'ਤੇ ਅਕਾਲੀ-ਭਾਜਪਾ ਗਠਜੋੜ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਮੰਡੀ ਬੋਰਡ ਵਿਚ ਆੜ੍ਹਤੀ ਵਰਗ ਦਾ ਉੱਪ ਚੇਅਰਮੈਨ ਲਾਉਣ ਅਤੇ ਕਿਸਾਨਾਂ ਦੀ ਫਸਲ ਦੀ ਅਦਾਇਗੀ ਆੜ੍ਹਤੀਆਂ ਰਾਹੀਂ ਚੈੱਕ ਨਾਲ ਕਰਨ ਬਾਰੇ ਤਿਆਰ ਹੋ ਗਈ ਹੈ।

ਇਸ ਬਾਰੇ ਆੜਤੀਆਂ ਦੀ ਸਹਿਮਤੀ ਨਾਲ ਅੰਤਿਮ ਫੈਸਲਾ ਲੈਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆੜ੍ਹਤੀਆਂ ਅਤੇ ਅਧਿਕਾਰੀਆਂ ਦੀ ਸਾਂਝੀ ਮੀਟਿੰਗ ਕੀਤੀ। ਇਸ ਵੇਲੇ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਹਨ, ਜੋ ਭਾਰਤੀ ਕਿਸਾਨ ਯੂਨੀਅਨ ਦੇ ਇਕ ਧੜੇ ਦੇ ਪ੍ਰਧਾਨ ਹਨ। ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੇ ਸੇਵਾਕਾਲ ਵਿਚ ਵਾਧਾ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਬੋਰਡ ਦੇ ਸਰਕਾਰੀ ਮੈਂਬਰ ਨਿਯੁਕਤ ਕਰ ਦਿੱਤੇ ਹਨ, ਪਰ ਅਜੇ ਗੈਰਸਰਕਾਰੀ ਮੈਂਬਰਾਂ ਦੀ ਨਿਯੁਕਤੀ ਹੋਣੀ ਬਾਕੀ ਹੈ। ਪਿਛਲੀ ਵਿਧਾਨ ਸਭਾ ਨੇ ਮੰਡੀ ਬੋਰਡ ਦੇ ਐਕਟ ਵਿਚ ਸੋਧ ਕਰਕੇ ਜਿਹੜੇ ਮੈਂਬਰ ਵਧਾਏ ਸਨ, ਉਨ੍ਹਾਂ ਵਿਚ ਆੜ੍ਹਤੀਆਂ ਦਾ ਇਕ ਮੈਂਬਰ ਲਿਆ ਜਾਣਾ ਹੈ। ਮੰਡੀ ਬੋਰਡ ਦੇ ਐਕਟ ਵਿਚ ਵਾਈਸ ਚੇਅਰਮੈਨ ਦਾ ਪਹਿਲਾਂ ਕੋਈ ਅਹੁਦਾ ਨਹੀਂ।

ਆੜ੍ਹਤੀਆ ਐਸੋਸੀਏਸ਼ਨ ਵਲੋਂ ਕਾਫੀ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਜਿਸ ਤਰ੍ਹਾਂ ਮਾਰਕੀਟ ਕਮੇਟੀਆਂ ਵਿਚ ਵਾਈਸ ਚੇਅਰਮੈਨ ਆੜ੍ਹਤੀਆਂ ਵਿਚੋਂ ਲਿਆ ਜਾਂਦਾ ਹੈ, ਉਸੇ ਤਰ੍ਹਾਂ ਮੰਡੀ ਬੋਰਡ ਵਿਚ ਵੀ ਵਾਈਸ ਚੇਅਰਮੈਨ ਆੜ੍ਹਤੀਆਂ ਦਾ ਲਿਆ ਜਾਵੇ। ਕਿਸਾਨ ਜਥੇਬੰਦੀਆਂ ਮੰਡੀ ਬੋਰਡ ਵਿਚ ਵਾਈਸ ਚੇਅਰਮੈਨ ਕਿਸੇ ਆੜ੍ਹਤੀ ਨੂੰ ਲਾਉਣ ਦਾ ਵਿਰੋਧ ਕਰ ਰਹੀਆਂ ਹਨ। ਇਸ ਧਿਰ ਦਾ ਕਹਿਣਾ ਹੈ ਕਿ ਮੰਡੀ ਬੋਰਡ ਕਿਸਾਨਾਂ ਦੇ ਹਿਤਾਂ ਲਈ ਬਣਿਆ ਹੈ। ਇਸ ਵਿਚ ਆੜ੍ਹਤੀਆਂ ਦਾ ਵਾਈਸ ਚੇਅਰਮੈਨ ਲਾਉਣ ਨਾਲ ਬੋਰਡ ਦੇ ਅਸਲ ਮੰਤਵ ਨੂੰ ਹੀ ਠੇਸ ਲੱਗੇਗੀ। ਇਸ ਤੋਂ ਇਲਾਵਾ ਐਕਟ ਵਿਚ ਵਾਈਸ ਚੇਅਰਮੈਨ ਦੀ ਕੋਈ ਥਾਂ ਨਹੀਂ ਹੈ ਅਤੇ ਇਸ ਮੰਤਵ ਲਈ ਐਕਟ ਵਿਚ ਸੋਧ ਕਰਨੀ ਪਏਗੀ। ਦੂਜੇ ਪਾਸੇ ਆੜ੍ਹਤੀਆਂ ਦਾ ਕਹਿਣਾ ਹੈ ਕਿ ਜਦੋਂ ਬੋਰਡ ਵਿਚ ਆੜ੍ਹਤੀਆਂ ਦਾ ਪ੍ਰਤੀਨਿਧ ਸ਼ਾਮਲ ਕਰਨ ਦੀ ਵਿਵਸਥਾ ਹੋ ਚੁੱਕੀ ਹੈ ਤਾਂ ਵਾਈਸ ਚੇਅਰਮੈਨ ਲੈਣ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

ਪਹਿਲੀ ਅਕਤੂਬਰ ਤੋਂ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਫਸਲ ਦੀ ਖਰੀਦ ਸ਼ੁਰੂ ਹੋਣੀ ਹੈ। ਅਜੇ ਤੱਕ ਸਰਕਾਰ ਨੇ ਕਿਸਾਨ ਨੂੰ ਫਸਲ ਦੀ ਅਦਾਇਗੀ ਦੀ ਵਿਧੀ ਬਾਰੇ ਬਕਾਇਦਾ ਫੈਸਲਾ ਨਹੀਂ ਲਿਆ। ਭਾਵੇਂ ਮੁੱਖ ਮੰਤਰੀ ਵਲੋਂ ਅਧਿਕਾਰੀਆਂ ਅਤੇ ਰਾਜਸੀ ਆਗੂਆਂ ਦੇ ਪੱਧਰ 'ਤੇ ਇਸ ਬਾਰੇ ਮੀਟਿੰਗਾਂ ਕਰਕੇ ਜਿਹੜੀ ਰਾਇ ਬਣਾਈ ਹੈ, ਉਸ ਮੁਤਾਬਿਕ ਤਾਂ ਕਿਸਾਨ ਨੂੰ ਪ੍ਰਫਾਰਮਾ ਦਿੱਤਾ ਜਾਵੇਗਾ, ਜਿਸ ਵਿਚ ਕਿਸਾਨ ਦੱਸੇਗਾ ਕਿ ਉਸ ਨੇ ਫਸਲ ਦੀ ਅਦਾਇਗੀ ਚੈੱਕ ਰਾਹੀਂ ਸਰਕਾਰੀ ਖਰੀਦ ਏਜੰਸੀਆਂ ਤੋਂ ਲੈਣੀ ਹੈ ਜਾਂ ਆੜ੍ਹਤੀਆਂ ਰਾਹੀਂ ਲੈਣੀ ਹੈ। ਇਸਤੋਂ ਇਲਾਵਾ ਦਸ ਹਜ਼ਾਰ ਰੁਪਏ ਤੱਕ ਦੀ ਨਕਦ ਅਦਾਇਗੀ ਦੀ ਵੀ ਆਗਿਆ ਹੋਵੇਗੀ। ਇਸ ਬਾਰੇ ਜਦੋਂ ਇਕ ਸੀਨੀਅਰ ਅਧਿਕਾਰੀ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਹੋ ਸਕਿਆ ਹੈ। ਝੋਨੇ ਦੀ ਖਰੀਦ ਨੇੜੇ ਆਉਣ ਕਾਰਨ ਇਹ ਫੈਸਲਾ ਪਹਿਲਾਂ ਹੋ ਜਾਣਾ ਚਾਹੀਦਾ ਸੀ।

ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਆਰ.ਐਸ.ਚੀਮਾ ਦਾ ਕਹਿਣਾ ਹੈ ਕਿ ਆੜ੍ਹਤੀਆਂ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਕਿਸਾਨ ਨੂੰ ਚੈੱਕ ਦੀ ਅਦਾਇਗੀ ਆੜ੍ਹਤੀਆਂ ਰਾਹੀਂ ਕੀਤੀ ਜਾਵੇ। ਪੰਜਾਬ ਵਿਚ ਬਣੀਆਂ ਨਵੀਆਂ 37 ਮੰਡੀਆਂ ਵਿਚ ਅਲਾਟਮੈਂਟ ਦਾ ਮਾਮਲਾ ਵੀ ਮੀਟਿੰਗ ਵਿਚ ਆਏਗਾ। ਇਨ੍ਹਾਂ ਵਿਚੋਂ ਖਾਸ ਤੌਰ 'ਤੇ ਸਰਹੱਦੀ ਖੇਤਰ ਦੀਆਂ ਕਈ ਮੰਡੀਆਂ ਵਿਚ ਰਾਖਵੀਂ ਕੀਮਤ ਬਹੁਤ ਰੱਖ ਦਿੱਤੀ ਹੈ ਅਤੇ ਉਸ ਕੀਮਤ 'ਤੇ ਕੋਈ ਪਲਾਟ ਲੈਣ ਲਈ ਤਿਆਰ ਨਹੀਂ ਹੈ।

## ਪੰਜਾਬ ਵਿਚ 6 ਹਜ਼ਾਰ ਟਨ ਕਣਕ ਖਰਾਬ ਹੋਈ

**ਚੰਡੀਗੜ੍ਹ:** ਇਸ ਵੇਲੇ ਜਦੋਂ ਸੋਕੇ ਕਾਰਨ ਅਨਾਜ ਦੇ ਉਤਪਾਦਨ 'ਚ ਭਾਰੀ ਕਮੀ ਦਾ ਖਤਰਾ ਸਿਰ 'ਤੇ ਮੰਡਰਾ ਰਿਹਾ ਹੈ ਤੇ ਕੇਂਦਰ ਸਰਕਾਰ ਸੰਕਟਕਾਲੀ ਯੋਜਨਾਵਾਂ ਤਿਆਰ ਕਰਨ ਲਈ ਯਤਨਸ਼ੀਲ ਹੈ ਪਰ ਪੰਜਾਬ ਦੀਆਂ ਸੂਬਾ ਪੱਧਰੀ ਏਜੰਸੀਆਂ ਦੀ ਮਾੜੀ ਸਾਂਭ-ਸੰਭਾਲ ਕਾਰਨ 6000 ਟਨ ਤੋਂ ਵੱਧ ਕਣਕ ਖਰਾਬ ਹੋ ਗਈ ਹੈ।

ਤਰਨਤਾਰਨ ਜ਼ਿਲੇ 'ਚ ਪਨਗਰੇਨ ਵਲੋਂ ਖਰੀਦੀ ਗਈ 5800 ਟਨ ਤੋਂ ਵੱਧ ਕਣਕ, ਜਿਸ ਦਾ ਵੱਡਾ ਹਿੱਸਾ ਕੇਂਦਰੀ ਭੰਡਾਰ 'ਚ ਜਾਂਦਾ ਹੈ ਅਤੇ ਮਾਰਕਫੈੱਡ ਵਲੋਂ ਬਾਘਾਪੁਰਾਣਾ, ਬਟਾਲਾ ਤੇ ਫਿਰੋਜ਼ਪੁਰ 'ਚੋਂ ਖਰੀਦੀ ਗਈ 30-35 ਟਨ ਕਣਕ ਖਰਾਬ ਹੋ ਗਈ ਹੈ।

ਰਾਜ ਸਰਕਾਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਿਉਂਕਿ ਇਹ ਕਣਕ ਖੁੱਲ੍ਹੇ 'ਚ ਰੱਖੀ ਹੋਈ ਸੀ, ਇਸ ਕਰਕੇ ਮੀਂਹਾਂ ਨਾਲ ਖਰਾਬ ਹੋ ਗਈ। ਇਸੇ ਦੌਰਾਨ ਭਾਰਤੀ ਖੁਰਾਕ ਨਿਗਮ ਨੇ 6.88 ਲੱਖ ਟਨ ਕਣਕ, ਨੁਕਸਾਨ ਤੋਂ ਬਚਾਉਣ ਲਈ ਦੂਜੇ ਰਾਜਾਂ 'ਚ ਭੇਜ ਦਿੱਤੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਗੈਰ-ਵਿਗਿਆਨਕ ਢੰਗਾਂ ਨਾਲ ਸਟੋਰੇਜ ਕਰਨ, ਪੰਜਾਬ ਤੋਂ ਬਾਹਰ ਅਨਾਜ ਭੇਜਣ ਦੀ ਸੁਸਤ ਰਫਤਾਰ ਤੇ ਇਸ ਦੇ ਭੰਡਾਰ ਲਈ ਢੱਕੀਆਂ ਹੋਈਆਂ ਥਾਵਾਂ ਦੀ ਭਾਰੀ ਕਮੀ ਕਾਰਨ ਕਣਕ ਖਰਾਬ ਹੋਈ ਹੈ।

ਦਿਲਚਸਪ ਗੱਲ ਹੈ ਕਿ ਰਾਜ ਦਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਹੁਣ ਬੋਲੀ ਰਾਹੀਂ ਇਸ ਖਰਾਬ ਅਨਾਜ ਨੂੰ ਬਿਲੇ ਲਾਉਣਾ ਚਾਹੁੰਦਾ ਹੈ ਤੇ ਰਾਜ ਦੀ ਇਕ ਹੋਰ ਏਜੰਸੀ ਮਾਰਕਫੈੱਡ ਨੇ 301.35 ਟਨ ਖਰਾਬ ਕਣਕ ਵੇਚਣ ਲਈ ਟੈਂਡਰ ਵੀ ਮੰਗ ਲਏ ਹਨ।

*To Advertise with us call:*
**847-359-0746**

**MRP TRAVEL**
*Lowest International and Domestic Fares*
A·R·C FLY ANY AIRLINE OF YOUR CHOICE IATA
*Providing the lowest Airfare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*



Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES
**We Also Offer Notary Service**


**B & Sons Travel**
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

**Editing & Translation**
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789

NCP College of Nursing
Educate | Grow | Succeed



*Start Your Career in Nursing Today!*
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
- (LVN) Vocational Nursing Program (Full-time & Part-time classes)
- Required General Science Courses for the LVN Program
- CNA Nursing Assistant Training*
- CNA Acute Care Training*
- NCLEX-PN Test Preparation Workshop
- IV Therapy & Blood Withdrawal Certification Course *
- CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080
1-800-339-5145
Hayward Campus 21615 Hesperian Blvd. Suite A, Hayward, CA 94541
1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮੱਖੀਆਂ ਮਾਰ ਰਹੀ ਪਾਰਲੀਮਾਨੀ ਸਕੱਤਰਾਂ ਦੀ ਵਿਹਲੀ ਫੌਜ

**ਚੰਡੀਗੜ੍ਹ :** ਪੰਜਾਬ ਦੇ ਮੰਤਰੀਆਂ ਅਤੇ ਅਫ਼ਸਰਸ਼ਾਹੀ ਦੀ ਮਨਮਰਜ਼ੀ ਅੱਗੇ ਮੁੱਖ ਪਾਰਲੀਮਾਨੀ ਸਕੱਤਰ ਬੇਵਸ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਦਿੱਤੇ ਸਖ਼ਤ ਹੁਕਮਾਂ ਦੇ ਬਾਵਜੂਦ ਪੰਜਾਬ ਦੇ ਪਾਰਮਲੀਮਾਨੀ ਸੱਕਤਰਾਂ ਦੀ ਕੋਈ ਸੱਦ ਪੁੱਛ ਨਹੀਂ ਹੈ। ਪਾਰਲੀਮਾਨੀ ਸਕੱਤਰਾਂ ਨੇ ਆਪਣਾ ਦੁੱਖ ਫਰੋਲਦਿਆਂ ਦੱਸਿਆ ਕਿ ਸਰਕਾਰੀ ਕੰਮਾਂ ਦੀਆਂ ਫਾਈਲਾਂ ਭੇਜਣਾ ਤਾਂ ਦੂਰ ਦੀ ਗੱਲ ਕਈ ਵਾਰੀ ਤਾਂ ਉਨ੍ਹਾਂ ਨੂੰ ਸਰਕਾਰੀ ਸਮਾਗਮਾਂ ਲਈ ਸੱਦਾ ਪੱਤਰ ਤੱਕ ਵੀ ਨਹੀਂ ਭੇਜਿਆ ਜਾਂਦਾ। ਮੰਤਰੀਆਂ ਅਤੇ ਅਧਿਕਾਰੀਆਂ ਵਲੋਂ ਲਗਾਤਾਰ ਅਣਗੌਲੇ ਕੀਤੇ ਜਾਣ ਤੋਂ ਦੁਖੀ ਮੁੱਖ ਪਾਰਲੀਮਾਨੀ ਸਕੱਤਰ ਇਹ ਅਹੁਦਾ ਖ਼ਤਮ ਕਰਨ ਜਾਂ 'ਸਰਦਾਰੀ' ਕਾਇਮ ਕਰਨ ਲਈ ਵੀ ਕਹਿ ਚੁੱਕੇ ਹਨ ਪਰ ਪਰਨਾਲਾ ਉੱਥੇ ਦਾ ਉੱਥੇ ਹੈ। ਇੱਕ ਦੋ ਪਾਰਲੀਮਾਨੀ ਸਕੱਤਰਾਂ ਨੂੰ ਛੱਡ ਕੇ ਬਾਕੀ ਸਾਰੇ 'ਕਾਗਜ਼ੀ ਸ਼ੇਰ' ਬਣੇ ਦਿਖਾਈ ਦੇ ਰਹੇ ਹਨ।

ਸੂਤਰਾਂ ਦੇ ਦੱਸਣ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਇੱਕ ਮੁੱਖ ਪਾਰਲੀਮਾਨੀ ਸਕੱਤਰ ਨੇ ਪਾਰਟੀ ਦੇ ਸ਼ਿਮਲਾ 'ਚ ਹੋਏ ਵਿਚਾਰ ਸੰਮੇਲਨ ਦੌਰਾਨ ਇਹ ਮੁੱਦਾ ਚੁੱਕਿਆ ਸੀ ਤੇ ਮੁੱਖ ਮੰਤਰੀ ਨੂੰ ਮੁੱਖ ਪਾਰਲੀਮਾਨੀ ਸਕੱਤਰ ਦਾ ਅਹੁਦਾ ਖ਼ਤਮ ਕਰਨ ਲਈ ਵੀ ਆਖ ਦਿੱਤਾ ਸੀ।

ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਮੁੱਖ ਪਾਰਲੀਮਾਨੀ ਸਕੱਤਰ ਸੁਖਪਾਲ ਸਿੰਘ ਨੰਨੂ ਨੇ ਬੀਤੀ 19 ਸਤੰਬਰ ਨੂੰ ਦੱਸਿਆ ਕਿ ਸਰਕਾਰ ਨੇ ਉਨ੍ਹਾਂ ਨੂੰ ਤਨਖਾਹਾਂ, ਭੱਤੇ ਅਤੇ ਕਾਰਾਂ ਦੀ ਸਹੂਲਤ ਤਾਂ ਦੇ ਦਿੱਤੀ ਹੈ ਪਰ ਕੰਮ ਕੋਈ ਵੀ ਨਹੀਂ ਦਿੱਤਾ। ਸਰਕਾਰ ਨੇ ਬੇਸ਼ੱਕ ਪ੍ਰਮੁੱਖ ਸਕੱਤਰਾਂ ਤੇ ਪ੍ਰਬੰਧਕੀ ਸਕੱਤਰਾਂ ਨੂੰ ਸਰਕਾਰੀ ਫੈਸਲਿਆਂ ਦੀਆਂ ਫਾਈਲਾਂ ਮੁੱਖ ਪਾਰਲੀਮਾਨੀ ਸਕੱਤਰਾਂ ਰਾਹੀਂ ਲਿਜਾਣ ਦੇ ਹੁਕਮ ਦਿੱਤੇ ਸਨ ਪਰ ਇਨ੍ਹਾਂ ਹੁਕਮਾਂ 'ਤੇ ਅਜੇ ਤੱਕ ਅਮਲ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਹਾਲ ਹੀ 'ਚ ਹੋਏ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵੀ ਇਹ ਮੁੱਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਹਮਣੇ ਸਾਰੇ ਪਾਰਲੀਮਾਨੀ ਸਕੱਤਰਾਂ ਵਲੋਂ ਉਠਾਇਆ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਦੋ ਪਾਰਲੀਮਾਨੀ ਸਕੱਤਰਾਂ ਦੇ ਨਾਮ ਗੁਪਤ ਰਖਦਿਆਂ ਦੱਸਿਆ ਕਿ ਅਧਿਕਾਰੀਆਂ ਨੂੰ ਮੰਤਰੀਆਂ ਵਲੋਂ ਜਾਣ ਬੁੱਝ ਕੇ ਰੋਕਿਆ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਮੰਤਰੀਆਂ ਵਲੋਂ ਸਰਕਾਰੀ ਸਮਾਗਮ ਕੀਤੇ ਜਾਂਦੇ ਹਨ ਪਰ ਪਾਰਲੀਮਾਨੀ ਸਕੱਤਰਾਂ ਨੂੰ ਕੋਈ ਜਾਣਕਾਰੀ ਹੀ ਨਹੀਂ ਹੁੰਦੀ ਤੇ ਕਈ ਵਾਰੀ ਤਾਂ ਸਮਾਗਮ ਹੋਣ ਤੋਂ ਬਾਅਦ ਖ਼ਬਰ ਪੜ੍ਹ ਕੇ ਹੀ ਪਤਾ ਲਗਦਾ ਹੈ। ਉਨ੍ਹਾਂ ਕਿਹਾ ਕਿ ਪਾਰਲੀਮਾਨੀ ਸਕੱਤਰਾਂ ਰਾਹੀਂ ਫਾਈਲਾਂ ਜਾਣ 'ਚ ਵੀ ਮੰਤਰੀ ਹੀ ਅੜਿੱਕਾ ਹਨ ਕਿਉਂਕਿ ਮੰਤਰੀਆਂ ਨੂੰ ਆਪਣਾ ਅਧਿਕਾਰ ਖੁੱਸਦਾ ਲਗਦਾ ਹੈ। ਕੋਈ ਸਰਕਾਰੀ ਕੰਮ ਵੀ ਨਾ ਹੋਣ ਕਾਰਨ ਕਈ ਮੁੱਖ ਪਾਰਲੀਮਾਨੀ ਸਕੱਤਰ ਤਾਂ ਹਫਤਿਆਂ ਬੱਧੀ ਸਕੱਤਰੇਤ ਵਿਚਲੇ ਆਪਣੇ ਦਫ਼ਤਰਾਂ 'ਚ ਵੀ ਨਹੀਂ ਜਾਂਦੇ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਦੱਸਿਆ ਕਿ ਸ਼ਿਮਲਾ ਵਿਚਾਰ ਸੰਮੇਲਨ ਦੌਰਾਨ ਵੀ ਇਹ ਮਾਮਲਾ ਉੱਠਿਆ ਸੀ। ਜ਼ਿਕਰਯੋਗ ਹੈ ਕਿ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਨਾ ਹੋਣ ਕਾਰਨ ਕਈ ਪਾਰਲੀਮਾਨੀ ਸਕੱਤਰਾਂ ਦੀ ਅੰਦਰਖਾਤੇ ਮੰਤਰੀਆਂ ਨਾਲ ਝੜਪ ਵੀ ਹੋ ਚੁੱਕੀ ਹੈ।

ਪਾਰਲੀਮੈਂਟ ਵਲੋਂ ਮੰਤਰੀਆਂ ਦੀ ਗਿਣਤੀ ਨਿਰਧਾਰਤ ਕੀਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ ਮੁੱਖ ਪਾਰਲੀਮਾਨੀ ਸਕੱਤਰਾਂ ਅਤੇ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਦੇ ਨਿਯਮ ਸਾਬਕਾ ਕਾਂਗਰਸ ਸਰਕਾਰ ਦੇ ਸਮੇਂ 2006 'ਚ ਬਣਾਏ ਸਨ।

ਪੰਜਾਬ ਦੀ ਮੌਜੂਦਾ ਸਰਕਾਰ ਨੇ ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਸ਼ਕਤੀਆਂ ਦੇਣ ਲਈ ਇਨ੍ਹਾਂ ਨਿਯਮਾਂ 'ਚ ਸੋਧ ਕਰਕੇ ਇਹ ਜ਼ਰੂਰੀ ਬਣਾ ਦਿੱਤਾ ਸੀ ਕਿ ਅਹਿਮ ਫੈਸਲਿਆਂ ਦੀਆਂ ਸਾਰੀਆਂ ਫਾਈਲਾਂ ਮੁੱਖ ਪਾਰਲੀਮਾਨੀ ਸਕੱਤਰਾਂ ਜਾਂ ਪਾਰਲੀਮਾਨੀ ਸਕੱਤਰਾਂ ਰਾਹੀਂ ਹੋ ਕੇ ਮੰਤਰੀ ਤੱਕ ਪਹੁੰਚਣਗੀਆਂ।

## ਆਦਮਪੁਰ ਫੇਰੀ ਦੌਰਾਨ ਅਕਾਲੀਆਂ ਨੇ ਕਾਲੀਆ ਦਾ ਕੀਤਾ ਬਾਈਕਾਟ !



**ਆਦਮਪੁਰ :** ਅਕਾਲੀ-ਭਾਜਪਾ ਦੇ ਪਿਆਰ ਦੀਆਂ ਤੰਦਾਂ ਹੁਣ ਸਾਫ਼ ਟੁੱਟਦੀਆਂ ਨਜ਼ਰ ਆ ਰਹੀਆਂ ਹਨ, ਜਿਸ ਦੀ ਮਿਸਾਲ ਹਲਕਾ ਆਦਮਪੁਰ 'ਚ ਪ੍ਰਤੱਖ ਰੂਪ ਵਿਚ ਦੇਖਣ ਨੂੰ ਮਿਲ ਰਹੀ ਹੈ। ਲੰਘੀ 20 ਸਤੰਬਰ ਨੂੰ ਭਾਜਪਾ ਮੰਤਰੀ ਮਨੋਰੰਜਨ ਕਾਲੀਆ ਜਿਉਂ ਹੀ ਹਲਕਾ ਆਦਮਪੁਰ ਦੀ ਨਿਜੀ ਫੇਰੀ ਦੌਰਾਨ ਆਏ ਤਾਂ ਅਕਾਲੀ ਦਲ ਬਾਦਲ ਦੇ ਆਗੂਆਂ ਨੇ ਉਸ ਦਾ ਬਾਈਕਾਟ ਕਰ ਦਿਤਾ। ਕੋਈ ਵੀ ਅਕਾਲੀ ਆਗੂ ਉਸ ਦੇ ਨਜ਼ਦੀਕ ਨਹੀਂ ਢੁਕਿਆ।

ਸਿਰਫ਼ ਭਾਜਪਾ ਦੇ ਆਗੂ ਅਮਿਤ ਕੁਮਾਰ ਪ੍ਰਧਾਨ ਯੁਵਾ ਮੋਰਚਾ, ਰਾਜੀਵ ਪਾਜਾਂ ਦਿਹਾਤੀ ਪ੍ਰਧਾਨ ਜਲੰਧਰ, ਸਿੰਗਾਰੀ ਰਾਮ, ਰਾਕੇਸ਼ ਕੁਮਾਰ, ਚਰਨਜੀਤ ਚੰਨੀ, ਮੰਗਤ ਰਾਏ, ਅਮਿਤ ਕੁਮਾਰ ਪ੍ਰਧਾਨ ਨੇ ਸ੍ਰੀ ਕਾਲੀਆ ਦਾ ਸਵਾਗਤ ਕੀਤਾ, ਜਦਕਿ ਸ਼ਹਿਰ ਦੇ ਅਕਾਲੀ ਆਗੂਆਂ ਨੇ ਉਨ੍ਹਾਂ ਦਾ ਬਾਈਕਾਟ ਕੀਤਾ। ਸ਼ਾਇਦ ਇਸ ਫੇਰੀ ਦਾ ਬਾਈਕਾਟ ਕਰਨ ਦਾ ਕਾਰਨ ਹਲਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਤੇ ਮਨੋਰੰਜਨ ਕਾਲੀਆ ਵਿਚਕਾਰ 'ਤੂੰ-ਤੂੰ, ਮੈਂ-ਮੈਂ' ਵੀ ਹੋ ਸਕਦਾ ਹੈ। ਇਥੇ ਇਹ ਵੀ ਦਸਣਾ ਬਣਦਾ ਹੈ ਕਿ ਲੋਕਲ ਬਾਡੀਜ਼ ਮੰਤਰੀ ਪੰਜਾਬ ਡਾ. ਲਾਲ ਕੁਮਾਰ ਭਾਜਪਾ ਆਗੂ ਦੇ ਘਰ ਰਖੀ ਫੇਰੀ ਦੌਰਾਨ ਉਨ੍ਹਾਂ ਕਿਸੇ ਦੀ ਕੋਈ ਸ਼ਿਕਾਇਤ ਤਕ ਵੀ ਨਹੀਂ ਸੁਣੀ। ਸ਼ਿਕਾਇਤ ਲੈ ਕੇ ਆਗੂਆਂ ਨੂੰ ਬੇਰੰਗ ਲਿਫ਼ਾਫ਼ੇ ਤਰ੍ਹਾਂ ਵਾਪਸ ਪਰਤਣਾ ਪਿਆ। ਇਸ ਤਰ੍ਹਾਂ ਇਹ ਫੇਰੀ ਸਹੀ ਤਰ੍ਹਾਂ ਸੰਗਤ ਦਰਸ਼ਨ ਦਾ ਰੂਪ ਵੀ ਨਾ ਧਾਰ ਸਕੀ। ਮੀਟਿੰਗ ਦੀ ਕਵਰੇਜ ਕਰਨ ਆਏ ਪੱਤਰਕਾਰਾਂ ਨੂੰ ਧੱਕਾ ਮੁੱਕੀ ਤੋਂ ਇਲਾਵਾ ਕੁਝ ਨਾ ਮਿਲਿਆ।

## ਕਲਗ਼ੀ ਮਾਮਲਾ ਠੰਢੇ ਬਸਤੇ 'ਚ ਪਾਇਆ

**ਅੰਮ੍ਰਿਤਸਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗ਼ੀ ਦੱਸ ਕੇ ਵਿਦੇਸ਼ਾਂ ਤੋਂ ਲਿਆਂਦੀ ਵਿਵਾਦਗ੍ਰਸਤ ਕਲਗ਼ੀ ਦਾ ਮਾਮਲਾ 'ਆਪਸੀ ਰਜ਼ਾਮੰਦੀ' ਨਾਲ ਠੰਢੇ ਬਸਤੇ ਵਿਚ ਪਾ ਦਿਤਾ ਗਿਆ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਇਸ ਕਲਗ਼ੀ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ ਬਣਾਈ 8 ਮੈਂਬਰੀ ਕਮੇਟੀ ਦੀ ਮੀਟਿੰਗ ਨਹੀਂ ਹੋ ਸਕੀ ਅਤੇ ਨਾ ਹੀ ਕਲਗ਼ੀ ਮਾਮਲੇ 'ਤੇ ਨੇੜੇ ਭਵਿੱਖ 'ਚ ਮੀਟਿੰਗ ਹੋਣ ਦੀ ਸੰਭਾਵਨਾ ਹੈ। ਕਲਗ਼ੀ ਨੂੰ ਅਸਲੀ ਤੇ ਕਲਗ਼ੀ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦੇਣ ਵਾਲਿਆਂ ਦੋਵੇਂ ਧਿਰਾਂ ਨੇ ਅਪਣੇ ਅਸਤਰ-ਸ਼ਸਤਰ ਸਮੇਟ ਲਏ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਮਾਮਲੇ 'ਤੇ ਦਾਅਵਾ ਕੀਤਾ ਸੀ ਕਿ ਜੇ ਲੋੜ ਪਈ ਤਾਂ ਕਲਗ਼ੀ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ ਕਮੇਟੀ ਦੇ ਮੈਂਬਰਾਂ ਨੂੰ ਵਿਦੇਸ਼ ਵੀ ਭੇਜਿਆ ਜਾਵੇਗਾ। ਕਲਗ਼ੀ ਮਾਮਲੇ ਦੀ ਜਾਂਚ ਕਰਨ ਲਈ ਕਮੇਟੀ ਦੇ ਮੁਖੀ ਸ਼੍ਰੋਮਣੀ ਕਮੇਟੀ ਸਕੱਤਰ ਦਲਮੇਘ ਸਿੰਘ ਦੇ ਰੁਝੇਵੇਂ ਵੀ ਇਸ ਕਲਗ਼ੀ ਦੀ ਮੀਟਿੰਗ 'ਤੇ ਰੋਕ ਲਾਉਣ 'ਚ ਸਹਾਈ ਹੋ ਰਹੇ ਹਨ।

## ਦਮਦਮੀ ਟਕਸਾਲ ਦੇ ਗੜ੍ਹ ਵਿਚ ਹੋਈ ਸੌਦਾ ਸਾਧ ਦੀ ਨਾਮ ਚਰਚਾ

**ਜਗਰਾਉਂ:** ਦਮਦਮੀ ਟਕਸਾਲ ਦੇ ਪਿੰਡ ਵਜੋਂ ਜਾਣੇ ਜਾਂਦੇ ਪਿੰਡ ਮਲਕ ਵਿਖੇ ਲੰਘੀ 20 ਸਤੰਬਰ ਨੂੰ ਸੌਦਾ ਸਾਧ ਦੇ ਪ੍ਰੇਮੀਆਂ ਵਲੋਂ ਖੁੱਲੇ ਤੌਰ 'ਤੇ ਨਾਮ ਚਰਚਾ ਕੀਤੀ ਗਈ। ਇਸ ਨੂੰ ਰੋਕਣ ਦੀ ਕਿਸੇ ਵੀ ਸਿੱਖ ਜਥੇਬੰਦੀ ਨੇ ਕੋਸ਼ਿਸ਼ ਨਾ ਕੀਤੀ।

ਇਸ ਪਿੰਡ ਵਿਚ ਹਰਨਾਮ ਸਿੰਘ ਧੁੰਮਾ ਵੀ ਆਉਂਦੇ ਰਹਿੰਦੇ ਹਨ ਤੇ ਪਿੰਡ ਦਮਦਮੀ ਟਕਸਾਲ ਦੇ ਪਿੰਡ ਵਜੋਂ ਜਾਣਿਆ ਜਾਂਦਾ ਹੈ। ਸੌਦਾ ਸਾਧ ਦੇ ਪ੍ਰੇਮੀਆਂ ਵਲੋਂ ਸਰਕਾਰੀ ਸ਼ਹਿ 'ਤੇ ਪੁਲਿਸ ਵਲੋਂ ਕੀਤੇ ਪ੍ਰਬੰਧਾਂ ਹੇਠ ਪ੍ਰੇਮੀ ਬੂਟਾ ਸਿੰਘ ਦੇ ਘਰ ਵੱਡੀ ਪੱਧਰ 'ਤੇ ਇਕੱਠ ਕਰ ਕੇ ਨਾਮ ਚਰਚਾ ਕੀਤੀ। ਨਾਮ ਚਰਚਾ ਵਿਚ ਮਰਦਾਂ ਤੋਂ ਵੀ ਜ਼ਿਆਦਾ ਔਰਤਾਂ ਤੇ ਕੁਆਰੀਆਂ ਕੁੜੀਆਂ ਸ਼ਾਮਲ ਸਨ। ਨਾਮ ਚਰਚਾ ਕਾਰਨ ਰਾਹਗੀਰਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਪੁਲਿਸ ਨੇ ਥਾਂ ਥਾਂ ਨਾਕੇ ਲਾ ਰੱਖੇ ਸਨ।

ਦਮਦਮੀ ਟਕਸਾਲ, ਏਕਨੂਰ ਖ਼ਾਲਸਾ ਫੌਜ, ਸ਼੍ਰੋਮਣੀ ਅਕਾਲੀ ਦਲ (ਅ) ਆਦਿ ਇਸ ਮੌਕੇ ਕਿਤੇ ਨਜ਼ਰ ਨਹੀਂ ਆਏ।

# ਸਰਕਾਰੀ ਕਲਾਕਾਰਾਂ ਦੇ ਹੱਥਾਂ 'ਚ ਹੁਣ ਸਾਜ਼ ਨਹੀਂ, ਫਾਈਲਾਂ

### ਸਿਰਫ 25-30 ਦੇ ਕਰੀਬ ਆਰਟਿਸਟ ਹੀ ਬਾਕੀ, ਬਹੁਤੇ ਰਿਟਾਇਰ ਹੋਣ ਦੇ ਨੇੜੇ

**ਚੰਡੀਗੜ੍ਹ:** ਆਪਣੇ ਕਲਾਕਾਰੀ ਗੁਣਗਾਣ ਰਾਹੀਂ ਸਰਕਾਰ ਦੇ ਸੋਹਲੇ ਗਾਉਣ ਵਾਲੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਆਰਟਿਸਟ ਹੁਣ ਕਲਰਕ ਬਣ ਕੇ ਰਹਿ ਗਏ ਹਨ। ਗਾਇਕ ਕਲਾਕਾਰਾਂ ਦੇ ਹੱਥਾਂ ਵਿਚ ਮਾਈਕ ਦੀ ਥਾਂ ਦਫਤਰੀ ਫਾਈਲਾਂ ਦੇ ਥੱਬੇ ਹਨ ਅਤੇ ਹਰਮੋਨੀਅਮ ਮਾਸਟਰ ਤੇ ਤਬਲਾ ਮਾਸਟਰ ਸੰਗੀਤ ਦੀਆਂ ਸੁਰਾਂ ਛੇੜਨ ਦੀ ਥਾਂ ਦਫਤਰਾਂ ਵਿਚ ਕਲਮ ਘਸਾਈ ਕਰਨ ਲਈ ਮਜਬੂਰ ਹਨ। ਇਸੇ ਤਰ੍ਹਾਂ ਆਪਣੇ ਟੋਟਕਿਆਂ ਨਾਲ ਜਨਤਾ ਨੂੰ ਲੀਡਰਾਂ ਦੇ ਭਾਸ਼ਣ ਸੁਣਨ ਲਈ ਬੰਨ੍ਹੀ ਰੱਖਣ ਵਾਲੇ ਸਟੇਜ ਮਾਸਟਰ ਵੀ ਹੁਣ ਦਫਤਰੀ ਬਾਬੂ ਬਣ ਚੁੱਕੇ ਹਨ ਅਤੇ ਉਪਰੋਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨਾਲ ਇਨ੍ਹਾਂ ਦੇ ਪੱਲੇ ਕੱਖ ਨਾ ਪੈਣ ਕਾਰਨ ਇਹ ਵਰਗ ਬੁਰੀ ਤਰ੍ਹਾਂ ਅਣਗੌਲਿਆ ਗਿਆ ਹੈ।

ਇਸ ਆਧੁਨਿਕ ਯੁੱਗ ਵਿਚ ਸਰਕਾਰੀ ਆਰਟਿਸਟਾਂ ਦੀ ਪੁੱਛ ਘਟਣ ਅਤੇ ਸਰਕਾਰ ਵਲੋਂ ਗੀਤ ਤੇ ਨਾਟਕ ਸ਼ਾਖਾ ਵਿਚ ਡੇਢ ਦਹਾਕੇ ਤੋਂ ਕੋਈ ਭਰਤੀ ਨਾ ਕਰਨ ਕਾਰਨ ਇਸ ਸ਼ਾਖਾ ਦਾ ਭੋਗ ਪੈਣ ਦੇ ਆਸਾਰ ਬਣ ਗਏ ਹਨ। ਉਪਰੋਂ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨਾਲ ਲੋਕ ਸੰਪਰਕ ਵਿਭਾਗ ਦੇ ਆਰਟਿਸਟਾਂ ਦੀਆਂ ਤਨਖਾਹਾਂ ਵਿਚ ਨਿਗੂਣਾ ਵਾਧਾ ਹੋਣ ਕਾਰਨ ਇਹ ਵਰਗ ਵਿੱਤੀ ਮਾਰ ਝੱਲ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਭਲਿਆ ਜ਼ਮਾਨਿਆਂ ਵਿਚ ਲੋਕ ਸੰਪਰਕ ਵਿਭਾਗ ਦੀ ਗੀਤ ਤੇ ਨਾਟਕ ਸ਼ਾਖਾ ਸਰਕਾਰ ਦੇ ਇਕ ਧੁਰੇ ਵਜੋਂ ਜਾਣੀ ਜਾਂਦੀ ਸੀ। ਸਰਕਾਰਾਂ ਅਤੇ ਜਨਤਾ ਵਿਚਕਾਰ ਇਹ ਸ਼ਾਖਾ ਹੀ ਸੰਪਰਕ ਦਾ ਸਾਧਨ ਸੀ। ਕਿਸੇ ਵੇਲੇ ਹਰੇਕ ਜ਼ਿਲ੍ਹੇ ਵਿਚ ਗੀਤ ਤੇ ਨਾਟਕ ਸ਼ਾਖਾ ਦੀ 12 ਮੈਂਬਰੀ ਟੋਲੀ ਪੂਰੇ ਜਲੌਅ ਵਿਚ ਹੁੰਦੀ ਸੀ। ਮੁੱਢਲੇ ਦੌਰ ਵਿਚ ਗੀਤ ਤੇ ਨਾਟਕ ਸ਼ਾਖਾ ਵਿਚ 130 ਦੇ ਕਰੀਬ ਆਰਟਿਸਟਾਂ ਦੀ ਗਿਣਤੀ ਸੀ। ਇਸ ਟੋਲੀ ਦਾ ਮੁਖੀ ਡਰਾਮਾ ਇੰਸਪੈਕਟਰ ਹੁੰਦਾ ਸੀ ਅਤੇ ਇਸ ਵਿਚ ਇਕ ਸਟੇਜ ਮਾਸਟਰ, ਇਕ ਹਰਮੋਨੀਅਮ ਮਾਸਟਰ, ਇੱਕ ਤਬਲਾ ਮਾਸਟਰ, ਪੰਜ ਆਰਟਿਸਟ, ਇਕ ਡਰਾਮਾ ਅਟੈਂਡੈਂਟ ਅਤੇ ਡਰਾਈਵਰ ਤੇ ਕਲੀਨਰ ਹੁੰਦੇ ਸਨ। ਇਸ ਤੋਂ ਇਲਾਵਾ ਕੁਝ ਸਿਨੇਮਾ ਆਪ੍ਰੇਟਰ ਵੀ ਹਨ। ਇਹੋ ਟੋਲੀਆਂ ਮੁੱਖ ਮੰਤਰੀਆਂ ਅਤੇ ਮੰਤਰੀਆਂ ਲਈ ਫੀਲਡ ਵਿਚ ਇਕੱਠ ਕਰਵਾਉਂਦੀਆਂ ਸਨ। ਪਟਿਆਲਾ ਜ਼ਿਲ੍ਹੇ ਨੂੰ ਛੱਡ ਕੇ ਬਾਕੀ ਤਕਰੀਬਨ ਹਰੇਕ ਜ਼ਿਲ੍ਹੇ ਵਿਚ ਇਸ ਟੋਲੀ ਦੇ ਮਸਾਂ ਦੋ-ਦੋ ਮੈਂਬਰ ਹੀ ਬਚੇ ਹਨ। ਹੁਣ ਮਸਾਂ 25-30 ਦੇ ਕਰੀਬ ਹੀ ਆਰਟਿਸਟ ਰਹਿ ਗਏ ਹਨ ਅਤੇ ਉਨ੍ਹਾਂ ਵਿਚੋਂ ਵੀ ਬਹੁਤੇ ਸੇਵਾ ਮੁਕਤੀ ਦੇ ਨੇੜੇ ਢੁਕੇ ਪਏ ਹਨ।

ਮੁੱਢ ਤੋਂ ਹੀ ਡਰਾਮਾ ਇੰਸਪੈਕਟਰ ਨੂੰ ਜੂਨੀਅਰ ਸਹਾਇਕ ਅਤੇ ਸਟੇਜ ਮਾਸਟਰ, ਹਰਮੋਨੀਅਮ ਮਾਸਟਰ, ਤਬਲਾ ਮਾਸਟਰ ਤੇ ਆਰਟਿਸਟਾਂ ਨੂੰ ਕਲਰਕ ਦਾ ਗਰੇਡ ਮਿਲਦਾ ਹੈ ਜਦਕਿ ਡਰਾਮਾ ਅਟੈਂਡੈਂਟ ਨੂੰ ਦਰਜਾ ਚਾਰ ਮੁਲਾਜ਼ਮ ਦਾ ਗਰੇਡ ਮਿਲਦਾ ਹੈ।

ਹੁਣ ਤਨਖਾਹ ਕਮਿਸ਼ਨ ਨੇ ਇਸ ਵਰਗ ਦਾ ਗ੍ਰੇਡ ਪੇ ਕਲਰਕ ਦੀ ਆਸਾਮੀ ਨੂੰ ਆਧਾਰ ਬਣਾ ਕੇ ਨਿਰਧਾਰਤ ਕੀਤਾ ਹੈ। ਜਦਕਿ ਇਨ੍ਹਾਂ ਆਰਟਿਸਟਾਂ ਦੀ ਨੌਕਰੀ ਕਈ ਸਾਲਾਂ ਦੀ ਹੋਣ ਕਾਰਨ ਇਹ ਪਹਿਲਾਂ ਹੀ ਕਲਰਕ ਦੇ ਸਿਖਰਲੇ ਸਕੇਲ ਤੋਂ ਵੀ ਕਿਤੇ ਅੱਗੇ ਪੁੱਜ ਚੁੱਕੇ ਹਨ।

ਰੌਚਕ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿਚ ਤਾਇਨਾਤ ਇਕ ਆਰਟਿਸਟ ਸੁਖਦੇਵ ਪਾਲੀ ਦੀ ਨੌਕਰੀ 38ਵੇਂ ਸਾਲ ਵਿਚ ਪੁੱਜ ਗਈ ਹੈ। ਉਹ ਲੋਕ ਸੰਪਰਕ ਵਿਭਾਗ ਦਾ ਸਭ ਤੋਂ ਸੀਨੀਅਰ ਆਰਟਿਸਟ ਹੈ ਅਤੇ ਸਾਲ 2011 ਵਿਚ ਉਸ ਦੀ ਸੇਵਾ ਮੁਕਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਰਗ ਦੀ ਤਰੱਕੀ ਦਾ ਵੀ ਕੋਈ ਖਾਸ ਚੈਨਲ ਨਾ ਹੋਣ ਕਾਰਨ 1972 ਵਿਚ ਭਰਤੀ ਹੋਏ ਆਰਟਿਸਟ ਇਸੇ ਹੀ ਆਸਾਮੀ ਤੇ ਸੇਵਾਮੁਕਤ ਹੋ ਰਹੇ ਹਨ।

## ਘਰ ਦੀ ਛੱਤ ਡਿੱਗਣ ਨਾਲ ਪਰਵਾਰ ਦੇ 5 ਜੀਅ ਹਲਾਕ

**ਬਟਾਲਾ :** ਸ਼ਹਿਰ ਦੇ ਔਲ਼ਾ ਮੁਹੱਲੇ 'ਚ ਪੈਂਦੇ ਇਕ ਘਰ ਦੀ ਛੱਤ ਬੀਤੀ 20 ਸਤੰਬਰ ਨੂੰ ਤੜਕੇ ਲਗਭਗ 4 ਵਜੇ ਡਿੱਗਣ ਕਾਰਨ ਤਿੰਨ ਬੱਚਿਆਂ ਸਮੇਤ ਪੰਜ ਜਣਿਆਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਰਮੇਸ਼ ਕੁਮਾਰ ਅਪਣੀ ਪਤਨੀ ਮਮਤਾ, ਪੁੱਤਰ ਸੰਨੀ (7), ਬੇਟੀਆਂ ਮੋਨਾ (5) ਅਤੇ ਪਰੀ (4) ਨਾਲ ਰਾਤ ਕਰੀਬ 11 ਵਜੇ ਰੋਟੀ ਖਾ ਕੇ ਸੁੱਤਾ ਸੀ। ਤੜਕੇ ਕਰੀਬ ਸਾਢੇ ਤਿੰਨ ਵਜੇ ਅਚਾਨਕ ਘਰ ਦੀ ਛੱਤ ਉਨ੍ਹਾਂ ਉਪਰ ਡਿਗ ਪਈ ਜਿਸ ਦੇ ਮਲਬੇ ਹੇਠਾਂ ਆਉਣ ਕਾਰਨ ਰਮੇਸ਼ ਕੁਮਾਰ ਦੀ ਪਤਨੀ, ਬੇਟਾ ਅਤੇ ਬੇਟੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਰਮੇਸ਼ ਕੁਮਾਰ ਦੀ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿਚ ਮੌਤ ਹੋ ਗਈ। ਪੁਲਿਸ ਅਧਿਕਾਰੀ ਸਵੇਰੇ 7 ਵਜੇ ਘਟਨਾ ਦਾ ਪਤਾ ਲਗਦੇ ਹੀ ਮੌਕੇ 'ਤੇ ਪਹੁੰਚੇ। ਪੁਲਿਸ ਅਨੁਸਾਰ ਮਕਾਨ ਬਹੁਤ ਪੁਰਾਣਾ ਸੀ ਅਤੇ ਇਸ ਦੀ ਹਾਲਤ ਖ਼ਸਤਾ ਸੀ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਅੰਬਿਕਾ ਖੰਨਾ ਅਤੇ ਹੀਰਾ ਵਾਲੀਆ ਵੀ ਮੌਕੇ 'ਤੇ ਪਹੁੰਚੇ ਅਤੇ ਨਗਰ ਕੌਂਸਲ ਦੇ ਕਰਮਚਾਰੀਆਂ ਦੀ ਸਹਾਇਤਾ ਨਾਲ ਲਾਸ਼ਾਂ ਨੂੰ ਮਲਬੇ ਹੇਠੋਂ ਕਢਿਆ ਤੇ ਲਾਸ਼ਾਂ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਭੇਜਿਆ। ਪੁਲਿਸ ਨੇ ਧਾਰਾ 174 ਦੀ ਕਾਰਵਾਈ ਕੀਤੀ ਹੈ। ਇਸ ਮੌਕੇ ਬਟਾਲਾ ਦੇ ਐਸ.ਡੀ.ਐਮ ਸ੍ਰੀ ਰਾਹੁਲ ਚਾਬਾ ਵੀ ਮੌਕੇ 'ਤੇ ਪਹੁੰਚੇ।




# ਸਾਲ ਭਰ ਤੋਂ ਧਮਕੀਆਂ ਦਿੰਦਾ ਚਾਹਲ-ਹੋਠੀ ਧੜਾ ਅਖੀਰ ਗੁਰਦੁਆਰਾ ਸੈਨ ਹੋਜ਼ੇ ਨੂੰ ਅਦਾਲਤ 'ਚ ਲੈ ਹੀ ਗਿਆ

ਗੁਰਦੁਆਰਾ ਸੈਨ ਹੋਜ਼ੇ ਦੇ ਸਾਬਕਾ ਪ੍ਰਧਾਨ ਬਲਬੰਤ ਸਿੰਘ ਚਾਹਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਖੀਰ ਉਹ ਕੁਝ ਕੀਤਾ ਜਿਸ ਦਾ ਇਕ ਸਾਲ ਭਰ ਤੋਂ ਉਸ ਸਮੇਂ ਤੋਂ ਅੰਦੇਸ਼ਾ ਪ੍ਰਗਟ ਕੀਤਾ ਜਾ ਰਿਹਾ ਸੀ ਜਦੋਂ ਉਨ੍ਹਾਂ ਨੂੰ ਪ੍ਰਬੰਧਕ ਕਮੇਟੀ ਨੇ ਅਹੁਦਿਆਂ ਤੋਂ ਅਲਹਿਦਾ ਕੀਤਾ ਸੀ। ਸਾਬਕਾ ਪ੍ਰਧਾਨ ਬਲਬੰਤ ਸਿੰਘ ਚਾਹਲ ਦੇ ਛੋਟੇ ਭਰਾ ਬਖਸ਼ੀਸ਼ ਸਿੰਘ ਚਾਹਲ (ਕਮੇਟੀ ਮੈਂਬਰ ਅਤੇ ਮੀਤ ਖਜ਼ਾਨਚੀ), ਬਚਿੱਤਰ ਸਿੰਘ ਸੰਘਾ (ਕਮੇਟੀ ਮੈਂਬਰ ਅਤੇ ਮੀਤ ਖਜ਼ਾਨਚੀ) ਅਤੇ ਬਲਬੀਰ ਸਿੰਘ ਢਿੱਲੋਂ (ਸਾਬਕਾ ਕਮੇਟੀ ਮੈਂਬਰ) ਨੇ ਅਦਾਲਤ ਵਿਚ ਗੁਰਦੁਆਰਾ ਸਾਹਿਬ ਦੇ ਵਿਰੁੱਧ 17 ਸਤੰਬਰ 2009 ਨੂੰ ਕੇਸ ਕਰ ਦਿੱਤਾ ਹੈ ਜਿਸਦੇ ਅਦਾਲਤੀ ਕਾਗਜ਼ ਗੁਰਦੁਆਰਾ ਸਾਹਿਬ ਨੂੰ ਸਤੰਬਰ 19, 2009 ਨੂੰ ਮਿਲ ਗਏ ਹਨ। ਪਿਛਲੇ ਇੱਕ ਸਾਲ ਤੋਂ ਇਹ ਲੋਕ ਲਗਾਤਾਰ ਕੋਰਟ 'ਚ ਜਾਣ ਦੀਆਂ ਧਮਕੀਆਂ ਦਿੰਦੇ ਆ ਰਹੇ ਸਨ ਅਤੇ ਅਖੀਰ ਬਿੱਲੀ ਥੈਲਿਓਂ ਬਾਹਰ ਆ ਹੀ ਗਈ।

*(ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਜਲਦ ਹੀ ਉਨ੍ਹਾਂ ਵਿਅਕਤੀਆਂ ਵਿਰੁਧ ਕੋਰਟ ਕੇਸ ਡਲਿਵਰ ਕੀਤਾ ਜਾਵੇਗਾ ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਲੋਨ 'ਚ ਰੁਕਾਵਟ ਪਾਉਣ ਲਈ ਬੈਂਕ ਨੂੰ ਚਿੱਠੀ ਭੇਜੀ ਹੈ।)*

ਸ. ਚਾਹਲ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਲਜ਼ਾਮ ਲਾਏ ਜਾ ਰਹੇ ਹਨ ਕਿ ਮੌਜੂਦਾ ਕਮੇਟੀ 1992 ਤੋਂ ਲੈ ਕੇ ਹੁਣ ਤੱਕ (18 ਸਾਲਾਂ) ਦਾ ਹਿਸਾਬ-ਕਿਤਾਬ ਨਹੀਂ ਦੇ ਰਹੀ ਪਰ ਸਵਾਲ ਇਹ ਹੈ ਕਿ ਜਦ ਆਪ ਹੀ ਇਹ ਸਾਰੇ ਲੋਕ ਬੜੇ ਲੰਬੇ ਅਰਸੇ ਤੋਂ ਗੁਰਦੁਆਰਾ ਸਾਹਿਬ ਦੇ ਕਰਤਾ-ਧਰਤਾ ਸਨ ਤਾਂ ਹਿਸਾਬ ਕਿਸ ਪਾਸੋਂ ਮੰਗ ਰਹੇ ਹਨ? ਗੁਰਦੁਆਰਾ ਸਾਹਿਬ ਦਾ ਇਤਿਹਾਸ ਗਵਾਹ ਹੈ ਕਿ ਬਲਬੰਤ ਸਿੰਘ ਚਾਹਲ ਪ੍ਰਧਾਨ ਸਨ, ਬਲਬੀਰ ਸਿੰਘ ਢਿੱਲੋਂ ਸੀਨੀਅਰ ਮੀਤ ਪ੍ਰਧਾਨ, ਬਖਸ਼ੀਸ਼ ਸਿੰਘ ਚਾਹਲ ਮੀਤ ਖਜ਼ਾਨਚੀ, ਬਚਿੱਤਰ ਸਿੰਘ ਸੰਘਾ ਮੀਤ ਖਜ਼ਾਨਚੀ ਅਤੇ ਜਸਵੰਤ ਸਿੰਘ ਹੋਠੀ ਜਨਰਲ ਸਕੱਤਰ ਤੇ ਸਟੇਜ ਸਕੱਤਰ ਸਨ। ਅਗਸਤ 2008-ਜਦੋਂ ਤੋਂ ਇਨ੍ਹਾਂ ਦੀਆਂ ਕੁਰਸੀਆਂ ਖੁਸੀਆਂ ਹਨ ਉਦੋਂ ਤੋਂ ਹੀ ਇਨ੍ਹਾਂ ਨੇ ਗੁਰੂ ਦਾ ਭੈਅ ਭੁਲਾ ਕੇ ਅਨੇਕਾਂ ਯਤਨ ਕੀਤੇ ਹਨ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਗੁਰੂ ਘਰ ਦੇ ਕੰਮ ਕਾਜ 'ਚ ਵਿਘਨ ਪਾਇਆ ਜਾਵੇ ਤਾਂ ਜੋ ਇਨ੍ਹਾਂ ਦੇ ਅਹੁਦੇ ਵਾਪਸ ਮਿਲ ਸਕਣ।

ਅਸੀਂ ਪਹਿਲਾਂ ਵੀ ਕਈ ਵਾਰ ਦੱਸ ਚੁੱਕੇ ਹਾਂ ਕਿ ਇਸ ਧੜੇ ਨੇ ਗੁਰੂ ਘਰ ਦੇ ਲੋਨ 'ਚ ਰੁਕਾਵਟ ਪਾਉਣ ਲਈ 9 ਸਫਿਆਂ ਦੀ ਚਿੱਠੀ ਬੈਂਕ ਨੂੰ ਫੈਕਸ ਕੀਤੀ ਜਿਸ ਵਿਚ ਨਵੀਂ ਬਣ ਰਹੀ ਬਿਲਡਿੰਗ ਦੇ ਖਿਲਾਫ ਸੰਕੇਤ ਕੀਤਾ ਹੈ ਕਿ ਬੈਂਕ ਦਾ ਗੁਰੂ ਘਰ ਨੂੰ ਦਿੱਤਾ ਹੋਇਆ ਲੋਨ ਖਤਰੇ ਵਿਚ ਹੈ, ਬਿਲਡਿੰਗ 18 ਮਿਲੀਅਨ ਡਾਲਰ 'ਚ ਨਹੀਂ ਬਣਨੀ ਇਸ 'ਤੇ ਤਾਂ 23 ਮਿਲੀਅਨ ਡਾਲਰ ਤੋਂ ਵੀ ਵਧੇਰੇ ਖਰਚਾ ਹੋਣਾ ਹੈ ਅਤੇ ਗੁਰੂ ਘਰ ਬੈਂਕਰਪਟ (ਦੀਵਾਲੀਆ) ਹੋ ਸਕਦਾ ਹੈ। ਇਸ ਧੜੇ ਵਲੋਂ ਤਕਰੀਬਨ ਹਰ ਹਫਤੇ ਪੰਜਾਬੀ ਅਤੇ ਅੰਗਰੇਜ਼ੀ ਅਖਬਾਰਾਂ ਵਿਚ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਬੰਧਕਾਂ ਵਿਰੁੱਧ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਬੇ-ਏਰੀਏ ਤੋਂ ਛਪਦੇ ਇਕ ਪੰਜਾਬੀ ਅਖਬਾਰ ਵਿਚ ਇਸ ਧੜੇ ਨੇ ਵਾਰ ਵਾਰ ਝੂਠ-ਤੁਫਾਨ ਬੋਲਿਆ ਕਿ ਗੁਰੂ ਘਰ ਦੀ ਮੌਜੂਦਾ ਉਸਾਰੀ ਦੀ ਕੁਆਲਿਟੀ ਵਧੀਆ ਨਹੀਂ ਹੈ, ਬਾਬ ਢਿੱਲੋਂ ਗੁਰਦੁਆਰਾ ਸਾਹਿਬ ਦਾ ਦੀਵਾਲਾ ਕਢਾ ਦੇਵੇਗਾ ਅਤੇ ਉਸ ਵਿਰੁਧ ਕੇਸ ਵੀ ਨਹੀਂ ਕੀਤਾ ਜਾ ਸਕੇਗਾ। ਗੁਰੂ ਘਰ ਦੀ ਜ਼ਮੀਨ ਵੇਚ ਦਿੱਤੀ ਜਾਏਗੀ। ਇਕ ਅੰਗਰੇਜ਼ੀ ਅਖਬਾਰ ਵਿਚ ਗੁਰਦੁਆਰਾ ਸਾਹਿਬ ਬਾਰੇ ਬੇ-ਬੁਨਿਆਦ ਖਬਰਾਂ ਲੁਆਈਆਂ ਅਤੇ ਇਹ ਵੀ ਭੁੱਲ ਗਏ ਕਿ ਇੰਜ ਗੁਰੂ ਘਰ ਅਤੇ ਸਿੱਖਾਂ ਦੀ ਬਿਨਾ ਵਜ੍ਹਾ ਦੂਜੇ ਭਾਈਚਾਰਿਆਂ ਵਿਚ ਬਦਨਾਮੀ ਹੋਵੇਗੀ। ਬਾਹਰਲੇ ਸ਼ਹਿਰਾਂ ਤੋਂ ਲੱਠਮਾਰਾਂ ਦੇ ਜਥੇ ਲਿਆ ਕੇ ਮੌਜੂਦਾ ਕਮੇਟੀ ਅਤੇ ਸੰਗਤਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜਾਂ ਤਾਂ ਉਨ੍ਹਾਂ ਨੂੰ ਅਹੁਦੇ ਵਾਪਿਸ ਦਿੱਤੇ ਜਾਣ ਨਹੀਂ ਤਾਂ ਉਹ ਕੋਈ ਨਾ ਕੋਈ ਬਹਾਨਾ ਲਾ ਕੇ ਗੁਰਦੁਆਰਾ ਸਾਹਿਬ 'ਤੇ ਕੇਸ ਕਰਨਗੇ ਅਤੇ ਕੋਰਟ ਵਲੋਂ ਰਿਸੀਵਰ ਲੁਆ ਕੇ ਨਵੀਂ ਬਣ ਰਹੀ ਬਿਲਡਿੰਗ ਨੇਪਰੇ ਨਹੀਂ ਚੜ੍ਹਨ ਦੇਣਗੇ। ਇਸ ਖਾਤਰ ਇਨ੍ਹਾਂ ਲੋਕਾਂ ਨੇ ਅਖੌਤੀ ਸਮਝੌਤਿਆਂ ਦੀ ਗੱਲ ਵੀ ਚਲਾਈ।


## ਪਿਛਲੇ 2 ਸਾਲਾਂ 'ਚ ਕੀ ਰਿਹਾ ਇਸ ਧੜੇ ਦਾ ਵਿਹਾਰ?

2007 ਵਿਚ ਪ੍ਰਬੰਧਕ ਕਮੇਟੀ ਨੇ ਬਿਲਡਿੰਗ ਬਣਾਉਣ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਅਤੇ ਭਾਈ ਭੁਪਿੰਦਰ ਸਿੰਘ (ਬਾਬ) ਢਿੱਲੋਂ ਦੀ ਸਹਾਇਤਾ ਨਾਲ ਲਿਆਂਦੇ ਲੋਨ ਨੂੰ ਮਨਜ਼ੂਰੀ ਦਿੱਤੀ, ਪਰ ਥੋੜੇ ਚਿਰ ਬਾਅਦ ਇਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਲੋਨ ਠੀਕ ਨਹੀਂ ਹੈ। ਇਥੋਂ ਤੱਕ ਇਨ੍ਹਾਂ ਦੇ ਇੱਕ ਨਿੱਜੀ ਸਾਥੀ ਹਰਬੰਸ ਸਿੰਘ ਸਰਾਂ ਨੇ ਤਾਂ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਗੁਰੂ ਘਰ ਦੇ ਬੈਂਕਰਪਟ ਹੋ ਜਾਣ ਦੇ ਦੁਰਵਚਨ ਵੀ ਕਹੇ।

ਫਰਵਰੀ 2008 'ਚ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਬਣ ਰਹੀ ਬਿਲਡਿੰਗ ਦੇ ਠੇਕੇ ਠੀਕ ਤਰੀਕੇ ਨਾਲ ਨਹੀਂ ਦਿੱਤੇ ਜਾ ਰਹੇ ਅਤੇ ਬਾਹਰੋਂ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਸੁਖਮਿੰਦਰ ਸਿੰਘ ਨੂੰ ਕੰਸਟਰਕਸ਼ਨ ਕਮੇਟੀ ਉਪਰ ਥਾਪ ਦਿੱਤਾ। ਸੁਖਮਿੰਦਰ ਸਿੰਘ ਨੇ ਆਉਂਦੇ ਸਾਰ ਹੀ ਗੁਰਦੁਆਰਾ ਸਾਹਿਬ ਦਾ 34000 ਡਾਲਰ ਤੋਂ ਵੱਧ ਦਾ ਖਰਚਾ ਕਰਵਾ ਕੇ ਹਾਲਮਾਰਕ ਕੰਪਨੀ ਤੋਂ ਨਵੀਂ ਬਿਲਡਿੰਗ ਦਾ 23 ਤੋਂ 30 ਮਿਲੀਅਨ ਡਾਲਰ ਦਾ ਐਸਟੀਮੇਟ ਲੈ ਆਂਦਾ ਜਿਹੜਾ ਕਿ ਬਾਬ ਢਿੱਲੋਂ ਵਾਲੇ 18 ਮਿਲੀਅਨ ਡਾਲਰ ਦੇ ਐਸਟੀਮੇਟ ਤੋਂ ਕਿਤੇ ਵੱਧ ਸੀ ਪਰ ਫਿਰ ਵੀ ਕਈ ਹਫਤੇ ਅੜਿੱਕਾ ਡਾਹੀ ਰੱਖਿਆ ਕਿ ਹਾਲਮਾਰਕ ਕੰਪਨੀ ਦੇ ਠੇਕਿਆਂ ਰਾਹੀਂ ਹੀ ਬਿਲਡਿੰਗ ਬਣਾਉਣੀ ਹੈ।

ਫਿਰ ਇੱਕ ਹੋਰ ਵਿਅਕਤੀ ਮਹਿੰਦਰ ਸਿੰਘ ਗਰੇਵਾਲ ਨੂੰ ਕੰਸਟਰਕਸ਼ਨ ਕਮੇਟੀ ਉਪਰ ਇੱਕ ਹੋਰ ਪ੍ਰਾਸੈਸ ਕਮੇਟੀ ਵਜੋਂ ਥਾਪ ਦਿੱਤਾ। ਜਦੋਂ ਬਿਲਡਿੰਗ ਅੱਧ ਵਿਚਾਲੇ ਚਲੀ ਗਈ ਤਾਂ ਕਹਿਣ ਲੱਗ ਗਏ ਕਿ ਇਕੱਲਾ ਹਾਲ ਹੀ ਬਣਾਉਣਾ ਹੈ, ਇੱਥੋਂ ਤੱਕ ਕਿ ਬਗੈਰ ਕਮੇਟੀ ਦੀ ਮਨਜ਼ੂਰੀ ਲਏ ਬਲਬੰਤ ਸਿੰਘ ਚਾਹਲ ਅਤੇ ਜਸਵੰਤ ਸਿੰਘ ਹੋਠੀ ਦੇ ਦਸਤਖਤਾਂ ਹੇਠ ਕੰਸਟਰਕਸ਼ਨ ਮੈਨੇਜਰ ਨੂੰ ਹੁਕਮ ਜਾਰੀ ਕਰ ਦਿੱਤੇ ਕਿ 12 ਮਿਲੀਅਨ ਡਾਲਰ ਦੇ ਬਜਟ ਅਨੁਸਾਰ ਇਕੱਲਾ ਦੀਵਾਨ ਹਾਲ ਬਣਾਵੇ। ਬਾਅਦ ਵਿਚ ਇਸੇ ਸਬੰਧ 'ਚ ਕਮੇਟੀ ਮੈਂਬਰਾਂ ਤੋਂ ਦਸਤਖਤ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਸਿਰਫ 24 ਮੈਂਬਰਾਂ 'ਚੋਂ 8 ਨੇ ਹੀ ਸਹਿਮਤੀ ਪ੍ਰਗਟਾਈ। ਜਦੋਂ ਇੱਥੇ ਵੀ ਵੱਸ ਨਾ ਚੱਲਿਆ ਤਾਂ ਬਾਬ ਢਿੱਲੋਂ ਨੂੰ ਕੰਸਟਰਕਸ਼ਨ ਕਮੇਟੀ ਦੇ ਚੇਅਰਮੈਨ ਤੋਂ ਹਟਾਉਣ ਲਈ ਪਲਾਨ ਬਣਾਈ ਅਤੇ ਕਮੇਟੀ ਮੈਂਬਰਾਂ ਨੂੰ ਫੋਨ ਕਰਕੇ ਅਤੇ ਉਨ੍ਹਾਂ ਦੇ ਘਰ-ਘਰ ਜਾ ਕੇ ਧਮਕੀਆਂ ਦਿੱਤੀਆਂ ਕਿ ਅਗਸਤ 2008 ਮਹੀਨੇ ਦੀ ਮਹੀਨਾਵਾਰ ਮੀਟਿੰਗ 'ਚ ਉਨ੍ਹਾਂ ਦੇ ਹੱਕ 'ਚ ਵੋਟ ਪਾਈ ਜਾਵੇ।

ਗੁਰਦੁਆਰਾ ਸੈਨ ਹੋਜ਼ੇ ਦੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦੇ ਹਾਂ ਕਿ ਇਹ ਸਾਰਾ ਕੁਝ ਦੇਖਦਿਆਂ ਹੋਇਆਂ ਕਮੇਟੀ ਨੇ 31 ਅਗਸਤ 2008 ਵਾਲੀ ਮੀਟਿੰਗ 'ਚ 22 ਕਮੇਟੀ ਮੈਂਬਰਾਂ ਦੀ ਹਾਜ਼ਰੀ 'ਚ 14 ਵੋਟਾਂ ਪਾ ਕੇ ਐਗਜ਼ੈਕਟਿਵ ਕਮੇਟੀ ਬਦਲ ਦਿੱਤੀ ਸੀ। 8 ਸਾਲ ਬਾਅਦ ਅਹੁਦੇ ਖੁਸਣ 'ਤੇ ਲੋਹਾ ਲਾਖਾ ਹੋਏ ਜਸਵੰਤ ਸਿੰਘ ਹੋਠੀ ਨੇ ਕਾਰਵਾਈ ਲਿਖਣ ਤੋਂ ਰੋਕਣ ਦੀ ਕੋਸ਼ਿਸ਼ ਕਰਦਿਆਂ ਕਾਰਵਾਈ ਰਜਿਸਟਰ ਖੋਹਿਆ ਅਤੇ ਬਲਬੀਰ ਸਿੰਘ ਢਿੱਲੋਂ ਦੀ ਮਦਦ ਨਾਲ ਮੀਟਿੰਗ ਤੋਂ ਬਾਹਰ ਦੌੜੇ ਜਿੱਥੇ ਮੌਜੂਦ ਪੁਲਿਸ ਮੁਲਾਜ਼ਮ ਨੇ ਇਨ੍ਹਾਂ ਨੂੰ ਕਾਰਵਾਈ ਰਜਿਸਟਰ ਚੋਰੀ ਕਰਨ ਤੋਂ ਰੋਕਿਆ ਅਤੇ ਹੁਕਮ ਕੀਤਾ ਕਿ ਰਜਿਸਟਰ ਪੁਲਿਸ ਦੇ ਹਵਾਲੇ ਕਰੋ ਜਾਂ ਫਿਰ ਕਮੇਟੀ ਨੂੰ ਦੇ ਦਿਉ। ਜਸਵੰਤ ਸਿੰਘ ਹੋਠੀ ਨੇ ਕਾਰਵਾਈ ਰਜਿਸਟਰ ਕਮੇਟੀ ਨੂੰ ਵਾਪਿਸ ਕਰਨ ਵਿਚ ਹੀ ਆਪਣੀ ਬਿਹਤਰੀ ਸਮਝੀ। ਉਸ ਦਿਨ ਪੁਲਿਸ ਨੇ ਇਨ੍ਹਾਂ ਦੋਹਾਂ ਸਿਰ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦੀ ਰਿਪੋਰਟ ਵੀ ਦਰਜ ਕੀਤੀ।



ਗੁਰੂ ਘਰ ਨਾਲ ਸਬੰਧਤ ਸਿੱਖ ਸੰਗਤ ਨੇ ਮੌਜੂਦਾ ਕਮੇਟੀ ਦੀ ਇਸ ਕਾਰਵਾਈ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਮੋਢੇ ਨਾਲ ਮੋਢਾ ਲਾ ਕੇ ਗੁਰੂ ਘਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਲਈ ਜਿੰਮੇਵਾਰੀਆਂ ਲਈਆਂ। ਮੌਜੂਦਾ ਕਮੇਟੀ ਨੇ ਆਪਣੀ ਜਿੰਮੇਵਾਰੀ ਸਮਝਦਿਆਂ ਮੈਂਬਰਸ਼ਿਪ ਬਣਾਉਣੀ ਸ਼ੁਰੂ ਕੀਤੀ ਤਾਂ ਕਿ ਲੋੜ ਪੈਣ 'ਤੇ ਵਧੀਆ ਤਰੀਕੇ ਨਾਲ ਚੋਣ ਕਰਵਾਈ ਜਾ ਸਕੇ। ਉਂਜ ਵੀ ਸਰਕਾਰੀ ਨਿਯਮਾਂ ਅਤੇ ਅਦਾਲਤਾਂ ਦੇ ਫੈਸਲੇ ਨੂੰ ਮੁੱਖ ਰੱਖਦਿਆਂ ਅਜਿਹਾ ਜਰੂਰੀ ਹੈ। ਗੁਰੂ ਘਰ ਦਾ ਹਿਸਾਬ - ਕਿਤਾਬ ਹਰ ਮਹੀਨੇ ਨੋਟਿਸ ਬੋਰਡ ਅਤੇ ਵੈਬਸਾਈਟ 'ਤੇ ਲਾਉਣਾ ਸ਼ੁਰੂ ਕਰ ਦਿੱਤਾ, ਆਡਿਟ ਕਮੇਟੀ ਸਥਾਪਤ ਕੀਤੀ ਜਿਹੜੀ ਬੜੇ ਜੋਰ-ਸ਼ੋਰ ਨਾਲ ਕੰਮ ਕਰ ਰਹੀ ਹੈ। ਇੱਕ ਲੰਗਰ ਕਮੇਟੀ ਸਥਾਪਤ ਕੀਤੀ, ਧਾਰਮਿਕ ਕਮੇਟੀ 'ਚ ਸੋਧ ਕੀਤੀ ਅਤੇ ਸੰਗਤ ਦੇ ਕਈ ਮੈਂਬਰ ਸ਼ਾਮਲ ਕੀਤੇ ਤਾਂ ਕਿ ਵਧੀਆ ਤਰੀਕੇ ਨਾਲ ਧਾਰਮਿਕ ਪ੍ਰੋਗਰਾਮ ਉਲੀਕੇ ਜਾ ਸਕਣ; ਢਾਲ ਇਕੱਠੀ ਕਰਨੀ ਸ਼ੁਰੂ ਕੀਤੀ ਜਿਸ ਦਾ ਸਦਕਾ 8 ਪਰਿਵਾਰਾਂ ਨੇ ਖਾਲਸਾ ਸਕੂਲ ਦੇ ਕਮਰਿਆਂ ਦੀ ਸੇਵਾ 51-51 ਹਜ਼ਾਰ ਡਾਲਰ ਅਤੇ ਇੱਕ ਪਰਿਵਾਰ ਨੇ ਲਾਇਬਰੇਰੀ ਦੀ ਸੇਵਾ ਲਈ ਇੱਕ ਲੱਖ ਡਾਲਰ ਦੇਣ ਦਾ ਪ੍ਰਣ ਕੀਤਾ। ਹੋਰ ਅਨੇਕਾਂ ਹੀ ਪਰਿਵਾਰ ਹਰ ਰੋਜ਼ ਆਪਣੀ ਨੇਕ ਕਮਾਈ ਵਿਚੋਂ ਗੁਰੂ ਘਰ ਦੀ ਬਣ ਰਹੀ ਨਵੀਂ ਖੂਬਸੂਰਤ ਬਿਲਡਿੰਗ 'ਚ ਯੋਗਦਾਨ ਪਾ ਰਹੇ ਹਨ।

ਸੰਗਤਾਂ ਨੂੰ ਬੇਨਤੀ: ਭਾਈ ਭੁਪਿੰਦਰ ਸਿੰਘ ਢਿੱਲੋਂ ਸਮੂਹ ਸੰਗਤ ਨੂੰ ਬੇਨਤੀ ਕਰਦੇ ਹਨ ਕਿ ਝੂਠੇ ਅਤੇ ਗਲਤ ਪ੍ਰਚਾਰ ਤੋਂ ਬਚੋ। ਗੁਰੂ ਘਰ ਤੇ ਜਿਹੜਾ ਕੇਸ ਹੋਇਆ ਹੈ ਉਸਦਾ ਵਧੀਆ ਤਰੀਕੇ ਨਾਲ ਜਵਾਬ ਦਿੱਤਾ ਜਾਵੇਗਾ। ਗੁਰੂ ਦੇ ਘਰ 'ਤੇ ਕੇਸ ਕਰਨ ਵਾਲਿਆਂ ਨੂੰ ਗੁਰੂ ਘਰ ਪ੍ਰਤੀ ਕਿੰਨੀ ਕੁ ਸ਼ਰਧਾ ਅਤੇ ਸਿੱਖ ਸੰਗਤ ਨਾਲ ਕਿੰਨਾ ਕੁ ਪਿਆਰ ਹੈ? ਇਹ ਪਰਮਾਤਮਾ ਹੀ ਜਾਣਦਾ ਹੈ। ਦੁਨੀਆਂ ਭਰ ਵਿਚ ਇਹ ਇੱਕ ਮਿਸਾਲੀ ਗੁਰੂ ਘਰ ਬਣ ਰਿਹਾ ਹੈ। ਸੰਗਤ ਦਾ ਚੜ੍ਹਾਇਆ ਹੋਇਆ ਇੱਕ ਇੱਕ ਡਾਲਰ ਸਕਾਰਥੇ ਲਾਇਆ ਜਾਏਗਾ ਅਤੇ ਜ਼ਾਇਆ ਨਹੀਂ ਹੋਣ ਦਿੱਤਾ ਜਾਵੇਗਾ। ਨਵੀਂ ਬਿਲਡਿੰਗ ਦੀ ਉਸਾਰੀ ਮਿੱਥੇ ਸਮੇਂ ਅਨੁਸਾਰ ਚਲ ਰਹੀ ਹੈ। ਇਸ ਵਿਚ ਰੁਕਾਵਟ ਪਾਉਣ ਵਾਲਿਆਂ ਨੂੰ ਪਰਮਾਤਮਾ ਸੁਮੱਤ ਬਖਸ਼ੇ। ਆਉ, ਸਾਰੇ ਰਲ ਮਿਲ ਕੇ ਇਸ ਕਾਰਜ ਵਿਚ ਤਨ, ਮਨ ਅਤੇ ਧਨ ਨਾਲ ਸੇਵਾ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਮੀਡੀਆ ਕਮੇਟੀ**
**ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ**

# ਗਾਇਕ ਭਾਈਆਂ ਨੇ ਲਾਇਆ ਪੰਜਾਬੀ ਨੂੰ ਅੰਗਰੇਜ਼ੀ ਵਾਲਾ ਤੁੜਕਾ

**ਸਵਰਨ ਸਿੰਘ ਟਹਿਣਾ**

'ਮਾਂ ਬੋਲੀ ਜੇ ਭੁੱਲ ਜਾਵੋਗੇ, ਕੱਖਾਂ ਵਾਂਗੂੰ ਰੁਲ ਜਾਵੋਗੇ' ਵਰਗੀਆਂ ਸਤਰਾਂ ਭਾਵੇਂ ਮਨ ਨੂੰ ਕਿੰਨਾ ਵੀ ਕਿਉਂ ਨਾ ਟੁੰਬਦੀਆਂ ਹੋਣ, ਪਰ ਪੱਥਰ ਦਿਲਾਂ 'ਤੇ ਇਨ੍ਹਾਂ ਦਾ ਕੋਈ ਅਸਰ ਨਹੀਂ ਹੋਣ ਵਾਲਾ। ਸਿਆਣਿਆਂ ਨੇ ਐਵੇਂ ਤਾਂ ਨਹੀਂ ਕਿਹਾ ਕਿ ਮੱਝ ਮੂਹਰੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ। ਬੰਦਾ ਤਰ੍ਹਾਂ-ਤਰ੍ਹਾਂ ਦੇ ਢਕਵੰਜ ਰਚ ਕੇ 'ਦੇਵਤਾ' ਬਣਨ ਦੀ ਕੋਸ਼ਿਸ਼ 'ਚ ਲੱਗਾ ਰਹਿੰਦੈ, ਪਰ ਉਹ ਇਹ ਗੱਲ ਭੋਰਾ ਵੀ ਨਹੀਂ ਸਮਝਦਾ ਕਿ ਜੇ ਬੰਦਾ ਬੰਦਿਆਂ ਵਾਲੇ ਕੰਮ ਹੀ ਕਰੀ ਜਾਵੇ ਤਾਂ ਉਹੀ ਬਹੁਤ ਹੁੰਦੇ ਨੇ।


ਸਵਰਨ ਸਿੰਘ ਟਹਿਣਾ

ਪਿਛਲੇ ਦਿਨੀਂ ਇੱਕ ਗਾਇਕ ਨੇ ਆਪਣੇ ਮੂੰਹੋਂ ਮਿੱਠੂ ਬਣਦਿਆਂ ਕਿਹਾ ਸੀ, 'ਅਸੀਂ ਤਾਂ ਮਾਂ ਬੋਲੀ ਦੇ ਸਰਵਣ ਪੁੱਤਰ ਹਾਂ...ਸਾਡੇ ਗੀਤਾਂ ਵਿਚੋਂ ਮਾਂ ਬੋਲੀ ਦਾ ਸਤਿਕਾਰ ਝਲਕਦੈ...ਅਸੀਂ ਆਪਣੀ ਮਾਂ ਬੋਲੀ ਦੀਆਂ ਮੀਡੀਆਂ ਗੁੰਦਣ ਲਈ ਯਤਨਸ਼ੀਲ ਹਾਂ...ਜਿਹੜੇ ਸਾਡੇ ਗੀਤਾਂ ਨੂੰ ਮਾੜਾ ਕਹਿੰਦੇ ਨੇ ਉਨ੍ਹਾਂ ਕੋਲੋਂ ਸਾਡੇ ਵਲੋਂ ਮਾਂ ਦੀ ਕੀਤੀ ਜਾਂਦੀ ਸੇਵਾ ਬਰਦਾਸ਼ਤ ਨਹੀਂ ਹੁੰਦੀ...।'

ਸਾਨੂੰ ਉਹ ਭੱਦਰ ਪੁਰਸ਼ ਮੁਹੰਮਦ ਤੁਗਲਕ ਦੇ ਖਾਨਦਾਨ ਵਿਚੋਂ ਜਾਪਿਆ। ਤੁਗਲਕ ਵੀ ਪੜ੍ਹਿਆ-ਲਿਖਿਆ ਮੂਰਖ ਸੀ ਤੇ ਉਸ ਗਾਇਕ ਦੀਆਂ ਗੱਲਾਂ ਵੀ ਮੂਰਖਾਂ ਵਾਲੀਆਂ ਹੀ ਸਨ। ਭਲਾਂ, ਮਾਂ ਦੀ ਇੱਜ਼ਤ ਕਰਕੇ ਖਰੂਦ ਮਚਾਉਣ ਦੀ ਵੀ ਲੋੜ ਹੁੰਦੀ ਹੈ...ਭਲਾਂ ਇਹ ਦੱਸਣ ਦੀ ਲੋੜ ਹੁੰਦੀ ਹੈ ਕਿ ਅਸੀਂ ਆਪਣੀ ਮਾਂ ਰਾਣੀ ਦਾ ਦਿਲੋਂ ਸਤਿਕਾਰ ਕਰਦੇ ਹਾਂ...? ਸਾਨੂੰ ਆਪਣਾ ਫ਼ਰਜ਼ ਨਿਭਾਈ ਜਾਣਾ ਚਾਹੀਦੈ ਤੇ ਕਿਸੇ ਦੀ ਸ਼ਾਬਾਸ਼ ਦੀ ਭੁੱਖ ਨਹੀਂ ਰੱਖਣੀ ਚਾਹੀਦੀ। ਨਾਲੇ ਉਸ ਗਾਇਕ ਦਾ ਇਹ ਕਹਿਣਾ ਕਿ, 'ਅਸੀਂ ਮਾਂ ਬੋਲੀ ਨੂੰ ਬਚਾਉਣ ਵਾਲੇ ਹਾਂ', ਵਿਚ ਕੋਈ ਤਰਕ ਨਹੀਂ ਕਿਉਂਕਿ ਇਹ ਬੋਲੀ ਉਨ੍ਹਾਂ ਨੂੰ ਬਚਾਈ ਆਉਂਦੀ ਹੈ...ਵਿਚਲੇ ਪੈਂਤੀ ਅੱਖਰ ਸਭ ਨੂੰ ਵੱਖੋ-ਵੱਖਰੇ ਢੰਗਾਂ ਨਾਲ ਰੋਟੀ ਦੇਈ ਜਾਂਦੇ ਨੇ...ਇਸ ਹਲਕੀ ਬੁੱਧੀ ਵਾਲਿਆਂ ਦੇ ਰਹਿਮੋ-ਕਰਮ ਦੀ ਜ਼ਰੂਰਤ ਕਦੇ ਨਹੀਂ ਪਈ।

ਇਹ ਗੱਲਾਂ ਇਸ ਕਰਕੇ ਜ਼ਿਹਨ ਵਿਚ ਆ ਰਹੀਆਂ ਨੇ ਕਿਉਂਕਿ ਗੀਤ-ਸੰਗੀਤ ਨਾਲ ਜੁੜੇ ਲਗਭਗ ਸਾਰੇ ਵਰਗਾਂ ਵਲੋਂ ਪੰਜਾਬੀਅਤ ਨੂੰ ਲਿਤਾੜਿਆ ਜਾ ਰਿਹਾ ਹੈ। ਪੰਜਾਬ ਦੀ ਆਬੋ ਹਵਾ ਵਿਚ ਰਹਿ ਕੇ, ਪਲ ਕੇ, ਕਮਾ ਕੇ, ਖਾ ਕੇ ਇਹ ਲੋਕ ਗੱਦਾਰਾਂ ਵਾਲੀਆਂ ਗੱਲਾਂ ਕਰੀ ਜਾ ਰਹੇ ਨੇ। ਬਚਪਨੇ 'ਚ ਇਹੀ ਲੋਕ ਮਾਂ ਬੋਲੀ ਲਈ ਖ਼ੂਨ ਦਾ ਕਤਰਾ-ਕਤਰਾ ਵਹਾ ਦੇਣ ਦੀ ਗੱਲ ਕਰਦੇ ਨੇ, ਪਰ ਜਿਉਂ-ਜਿਉਂ ਕਾਰਾਂ ਦੇ ਮਾਡਲ ਉੱਚੇ ਹੁੰਦੇ ਜਾਂਦੇ ਨੇ, ਬੈਂਕ ਬੈਲੇਂਸ ਮੋਟਾ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਇਨ੍ਹਾਂ ਦੀ ਵਿਚਾਰਧਾਰਾ ਨੂੰ ਘੁਣ ਲੱਗਦਾ ਜਾਂਦਾ ਹੈ। ਫਿਰ ਇਹ ਗੱਦਾਰ ਆਪਣੀ 'ਮਾਂ' ਨੂੰ ਤੂੜੀ ਵਾਲੇ ਕੋਠੇ 'ਚ ਸੁੱਟ ਦਿੰਦੇ ਨੇ ਤੇ ਦੂਜੀਆਂ ਦੀ ਮਮਤਾ ਦਾ ਨਿੱਘ ਲੈਣ ਜਾਂਦੇ ਨੇ।

ਭਲਾ ਅਜਿਹਾ ਕਿਹੜਾ ਪੰਜਾਬੀ ਗਾਇਕ ਹੈ, ਜਿਸ ਦੇ ਬੋਲਾਂ ਤੋਂ ਅੰਗਰੇਜ਼ ਪ੍ਰਭਾਵਿਤ ਹੋਏ ਹੋਣ, ਪਰ ਅਸੀਂ ਅੰਗਰੇਜ਼ੀ ਤੇ ਪੰਜਾਬੀ ਮਿਕਸ ਕਰਕੇ ਸਤਨਾਜੇ ਵਾਲੇ ਗੀਤ ਪੇਸ਼ ਕਰਕੇ ਖ਼ੁਦ ਨੂੰ ਮਾਂ ਬੋਲੀ ਦੇ ਕੱਟੜ ਪਹਿਰੇਦਾਰ ਅਖਵਾਉਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਾਂ। ਹਾਂ, ਇਹ ਸੱਚ ਹੈ ਕਿ ਪੰਜਾਬੀ ਗੀਤਾਂ ਦੀਆਂ ਧੁਨਾਂ 'ਤੇ ਅੰਗਰੇਜ਼ ਮਸਤ ਹੋਣ ਲੱਗੇ ਹਨ। ਪੰਜਾਬੀ ਕਲਾਕਾਰ, ਜਿਨ੍ਹਾਂ ਨੂੰ 'ਵਿਰਸੇ ਦੇ ਵਾਰਿਸ' ਵਰਗੀਆਂ ਤਸ਼ਬੀਹਾਂ ਦੇ ਕੇ ਵਡਿਆਇਆ ਜਾਂਦਾ ਹੈ, ਜਿਨ੍ਹਾਂ ਲਈ 'ਪੰਜਾਬੀ ਮਾਂ ਬੋਲੀ ਦੇ ਸੱਗੀ ਫੁੱਲ' ਵਰਗੇ ਵਿਸ਼ੇਸ਼ਣ ਵਰਤੇ ਜਾਂਦੇ ਹਨ, ਜਦੋਂ ਆਪਣੀ ਮਾਂ ਬੋਲੀ ਤੋਂ ਕੰਨੀ ਕਤਰਾਉਣ ਲੱਗੇ ਹੋਣ, ਜਦੋਂ ਉਹ ਹਾਈ-ਫਾਈ ਬਣਨ ਦੇ ਚੱਕਰ 'ਚ ਮੁਟਿਆਰਾਂ ਦੇ ਜਿਸਮਾਂ ਦੀ ਨੁਮਾਇਸ਼ ਲਗਾ ਰਹੇ ਹੋਣ, ਜਦੋਂ ਉਹ ਆਪਣੇ ਸੰਗੀਤਕਾਰ ਨੂੰ ਕਹਿ ਰਹੇ ਹੋਣ ਕਿ ਦੋ ਕੁ ਗੀਤਾਂ ਵਿਚ ਅੰਗਰੇਜ਼ੀ ਵਾਲਾ ਰਾਮ ਘਚੋਲਾ ਜ਼ਰੂਰ ਪਾਇਓ ਤਾਂ ਖੁਲਾਸਾ ਹੋ ਜਾਂਦਾ ਹੈ ਕਿ ਇਹ ਮਾਂ ਬੋਲੀ ਦੇ ਸੱਚੇ ਆਸ਼ਕ ਹਨ ਜਾਂ ਜਾਅਲੀ।

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਅਖੌਤ ਨਿਆਣੀ ਉਮਰ 'ਚ ਸੁਣੀ ਸੀ, ਪਰ ਹੁਣ ਜਦੋਂ ਇਸ ਨੂੰ ਪੰਜਾਬੀ ਗਾਇਕੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਤਾਂ ਪਤਾ ਲੱਗਦੈ ਕਿ ਪੰਜਾਬ ਦੇ ਗਾਉਣ ਵਾਲੇ ਨਿੱਤ ਨਵੀਆਂ ਮੁਹਿੰਮਾਂ ਵਿਚ ਰੁੱਝੇ ਰਹਿੰਦੇ ਹਨ। ਪੰਜਾਬ ਦੇ ਇੱਕ ਗਾਉਣ ਵਾਲੇ ਦੀ ਪੱਕੀ ਪਛਾਣ ਬਣ ਚੁੱਕੀ ਹੈ ਕਿ ਉਹਦੇ ਗੀਤਾਂ ਵਿਚੋਂ ਰੈਪ ਮਿਲਣਾ ਹੀ ਮਿਲਣਾ ਹੈ। ਉਸ ਦਾ ਅੱਧਾ ਗਾਣਾ ਅੰਗਰੇਜ਼ੀ ਵਿਚ ਹੁੰਦਾ ਹੈ ਤੇ ਅੱਧਾ ਪੰਜਾਬੀ ਵਿਚ। ਇਸ ਸਭ ਦੇ ਨਾਲ ਉਹ ਰੈਪ ਕਰਨ ਵਾਲੇ ਵਲੈਤੀਏ ਨੂੰ ਵੀ ਵੀਡੀਓ ਵਿਚ ਲੈ ਲੈਂਦਾ ਹੈ, ਪਰ ਕੀ ਉਹ ਇਸ ਗੱਲ ਦਾ ਜਵਾਬ ਦੇ ਸਕਦਾ ਹੈ ਕਿ ਅੱਜ ਤੱਕ ਉਸ ਦਾ ਕੋਈ ਪ੍ਰੋਗਰਾਮ ਸਿਰਫ਼ ਅੰਗਰੇਜ਼ੀ ਗੀਤਾਂ ਨੂੰ ਪਸੰਦ ਕਰਨ ਵਾਲਿਆਂ ਨੇ ਲਵਾਇਆ ਹੈ। ਪੰਜਾਬੀ ਤੋਂ ਦੂਰ ਜਾਣ ਦੇ ਸਵਾਲ 'ਤੇ ਉਸ ਦਾ ਜਵਾਬ ਹੁੰਦਾ ਹੈ, 'ਯੰਗ ਜਨਰੇਸ਼ਨ ਇਹੀਓ ਕੁਝ ਪਸੰਦ ਕਰਦੀ ਹੈ...ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਸ਼ੁੱਧ ਪੰਜਾਬੀ ਸਮਝ ਨਹੀਂ ਆਉਂਦੀ...ਇਸੇ ਲਈ ਮੈਨੂੰ ਇਹ ਸਭ ਕਰਨਾ ਪੈਂਦਾ ਹੈ...।' ਪਰ ਅਸੀਂ ਉਸ ਦੇ ਇਸ ਤਰਕ ਨਾਲ ਬਿਲਕੁਲ ਸਹਿਮਤ ਨਹੀਂ ਹਾਂ।

ਦੋ ਕੁ ਸਾਲ ਪਹਿਲਾਂ ਦਿੱਲੀ ਵਲ ਦੇ ਗਾਇਕ ਕਪਤਾਨ ਲਾਡੀ ਦੀ ਕੈਸਿਟ 'ਡਾਨ ਆਫ਼ ਭੰਗੜਾ' ਤੈਨੂੰ ਨੱਚਦੀ ਵੇਖਣਾ' ਜਲੰਧਰ ਦੇ ਪ੍ਰੈਸ ਕਲੱਬ ਵਿਚ ਰਿਲੀਜ਼ ਹੋਈ ਸੀ। ਉਸ ਨੇ ਇੱਕ ਗੀਤ ਵਿਚ ਅਪਾਚੀ ਇੰਡੀਅਨ ਤੋਂ ਰੈਪ ਕਰਾਇਆ ਸੀ ਤੇ ਉਸ ਨੂੰ ਵੀਡੀਓ ਵਿਚ ਵੀ ਲਿਆ ਸੀ। ਉਸ ਨੇ ਆਪਣੇ ਬੋਲਾਂ ਵਿਚ ਕਿਹਾ ਸੀ, 'ਮੈਂ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਪਾਚੀ ਨੂੰ ਨਾਲ ਲਿਐ...ਉਹ ਦੀ ਵਿਦੇਸ਼ਾਂ ਵਿਚ ਭਾਰੀ ਮੰਗ ਹੈ...।' ਪਰ ਜਦੋਂ ਉਸ ਨੂੰ ਮੋੜਵਾਂ ਸਵਾਲ ਹੋਇਆ ਕਿ ਅਪਾਚੀ ਨੇ ਤਾਂ ਅੰਗਰੇਜ਼ੀ 'ਚ ਰੈਪ ਕੀਤੈ, ਇਹਦੇ ਨਾਲ ਪੰਜਾਬੀ ਬੋਲੀ ਦਾ ਪ੍ਰਚਾਰ ਕਿਵੇਂ ਹੋ ਸਕਦੈ?

ਕਲਾਕਾਰ ਨੂੰ ਉੱਤਰ ਨਾ ਆਇਆ ਤੇ ਜਦੋਂ ਉਸ ਨੂੰ ਅਗਲਾ ਸਵਾਲ ਕੀਤਾ, 'ਤੁਹਾਡੀ ਕੈਸਿਟ ਦਾ ਨਾਂ 'ਤੈਨੂੰ ਨੱਚਦੀ ਵੇਖਣਾ' ਹੈ, ਪੂਰੀ ਕੈਸਿਟ




ਦਾ ਰੈਪਰ ਤੁਸੀਂ ਅੰਗਰੇਜ਼ੀ ਵਿਚ ਤਿਆਰ ਕਰਵਾਇਆ ਤੇ ਕੈਸਿਟ ਦਾ ਨਾਂ ਸਿਰਫ਼ ਪੰਜਾਬੀ ਵਿਚ ਹੈ ਤੇ ਨਾਂ ਵਾਲੇ ਤਿੰਨੋਂ ਸ਼ਬਦ ਵਿਆਕਰਣ ਪੱਖੋਂ ਗ਼ਲਤ ਹਨ...।' ਤਾਂ ਗਾਇਕ ਸਾਹਿਬ ਨੂੰ ਕੋਈ ਜਵਾਬ ਨਹੀਂ ਸੀ ਸੁੱਝ ਰਿਹਾ।

ਇਹ ਤਾਂ ਸਿਰਫ਼ ਇੱਕ ਉਦਾਹਰਣ ਹੈ। ਦੋਗਾਣੇ ਪੰਜਾਬੀ ਗਾਇਕੀ ਦਾ ਉਹ ਅਨਿੱਖੜਵਾਂ ਅੰਗ ਹਨ, ਜਿਨ੍ਹਾਂ ਨੂੰ ਪੰਜ ਦਹਾਕੇ ਪਹਿਲਾਂ ਵੀ ਪਸੰਦ ਕੀਤਾ ਜਾਂਦਾ ਸੀ ਤੇ ਅੱਜ ਵੀ ਇਹ ਪਹਿਲਾਂ ਜਿੰਨੇ ਚਾਅ ਨਾਲ ਹੀ ਸੁਣੇ ਜਾਂਦੇ ਹਨ। ਪਰ ਦੋਗਾਣਿਆਂ ਨੂੰ ਨਵੀਨੀਕਰਨ ਦਾ ਤੁੜਕਾ ਲਾਉਂਦਿਆਂ ਇਨ੍ਹਾਂ ਵਿਚੋਂ ਪੰਜਾਬੀਅਤ ਖਤਮ ਕਰਨ ਦੇ ਕੋਝੇ ਹਥਕੰਡੇ ਅਪਣਾਏ ਜਾ ਰਹੇ ਹਨ। ਇਸ ਨੂੰ ਸੰਗੀਤਕ ਸਾਜਿਸ਼ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਮੂਲ ਤੋਂ ਸੱਖਣੇ ਵਿਦੇਸ਼ੀ ਸੰਗੀਤਕਾਰ ਦੋਗਾਣਿਆਂ ਨੂੰ ਵੀ ਇਸ ਢੰਗ ਨਾਲ ਪੇਸ਼ ਕਰ ਰਹੇ ਨੇ, ਜਿਵੇਂ ਇਹ ਵਿਦੇਸ਼ਾਂ ਵਿਚਲੇ ਪੱਬਾਂ ਵਿਚ ਪਸੰਦ ਕਰਨ ਲਾਇਕ ਹੀ ਹੋਣ।

ਪੰਜਾਬ ਵਿਚ ਜਿੰਨੀਆਂ ਵੀ ਕੈਸਿਟਾਂ ਰਿਲੀਜ਼ ਹੋ ਰਹੀਆਂ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਦੇ ਨਾਂ ਅੰਗਰੇਜ਼ੀ ਵਿਚ ਰੱਖਣ ਨੂੰ ਸ਼ਾਨ ਦੀ ਨਿਸ਼ਾਨੀ ਸਮਝਿਆ ਜਾਣ ਲੱਗਾ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਟਾਈਟਲ ਨਾਲ ਮਿਲਦਾ-ਜੁਲਦਾ ਗੀਤ ਕੈਸਿਟ ਵਿਚ ਹੁੰਦਾ ਹੀ ਨਹੀਂ।

ਪਹਿਲੇ ਵੇਲਿਆਂ ਵਿਚ ਕੈਸਿਟ ਦਾ ਟਾਈਟਲ ਸਭ ਤੋਂ ਚੰਗੇ ਗੀਤ ਵਿਚੋਂ ਚੁਣ ਕੇ ਕੱਢਿਆ ਜਾਂਦਾ ਸੀ, ਪਰ ਨਵੀਨੀਕਰਨ ਤਹਿਤ ਇਹ ਸਭ ਗੱਲਾਂ ਮਾਇਨੇ ਨਹੀਂ ਰੱਖ ਰਹੀਆਂ। ਅੱਜ ਅਨਪੜ੍ਹ ਗਾਇਕ ਦੀ ਕੈਸਿਟ ਦਾ ਟਾਈਟਲ ਵੀ ਸ਼ੁੱਧ ਅੰਗਰੇਜ਼ੀ ਵਿਚ ਹੋ ਸਕਦਾ ਹੈ, ਭਾਵੇਂ ਉਸ ਦਾ ਪੰਜਾਬੀ ਅਰਥ ਉਸ ਦੀ ਆਪਣੀ ਸ਼ਖ਼ਸੀਅਤ ਦੇ ਉਲਟ ਹੀ ਕਿਉਂ ਨਾ ਜਾਂਦਾ ਹੋਵੇ।

ਮਾਰਕੀਟ ਵਿਚ ਚੱਲ ਰਹੀਆਂ ਕੈਸਿਟਾਂ ਦੇ ਨਾਂਵਾਂ ਵਲ ਗੌਰ ਕਰੋ, 'ਦ ਨੈਸਟ ਲੈਵਲ', 'ਰੋਮਾਂਟਕ ਜੱਟ', 'ਸਪੀਚਲੈਸ', 'ਦ ਬਿਗਨਿੰਗ', 'ਸਮੈਸ਼ ਹਿਟਸ' ਆਦਿ। ਇਨ੍ਹਾਂ ਕੈਸਿਟਾਂ ਦੇ ਗਾਇਕਾਂ ਦਾ ਕਹਿਣਾ ਹੈ, 'ਨਵੀਂ ਪਨੀਰੀ ਪੰਜਾਬੀ ਤੋਂ ਦੂਰ ਹੋ ਰਹੀ ਹੈ...ਏਸ ਵਰਗ ਨੇ ਹੀ ਸਾਡੀਆਂ ਕੈਸਿਟਾਂ ਖਰੀਦਣੀਆਂ ਹੁੰਦੀਆਂ ਨੇ...ਇਹ ਪਨੀਰੀ ਜਿਹੜੀ ਗੱਲ ਪਸੰਦ ਕਰਦੀ ਹੈ, ਅਸੀਂ ਤਾਂ ਉਹੀ ਪੇਸ਼ ਕਰਨੀ ਹੁੰਦੀ ਹੈ।'

ਇਨ੍ਹਾਂ ਦੀਆਂ ਗੱਲਾਂ ਸੁਣ ਕੇ ਇੰਜ ਜਾਪਣ ਲੱਗਦਾ ਹੈ ਕਿ ਜੇ ਕੱਲ੍ਹ ਨੂੰ ਸਰੋਤਿਆਂ ਦਾ ਮੂਰਖ ਤਬਕਾ ਇਨ੍ਹਾਂ ਗਾਇਕਾਂ ਕੋਲੋਂ ਗਾਲ੍ਹਾਂ ਦੀ ਮੰਗ ਕਰੇਗਾ ਤਾਂ ਸ਼ਾਇਦ ਇਹ ਆਪਣੀਆਂ ਕੈਸਿਟਾਂ ਵਿਚ ਗਾਲ੍ਹਾਂ ਵੀ ਪੇਸ਼ ਕਰ ਦੇਣਗੇ, ਜਿਵੇਂ ਇਸ ਵਾਰ 'ਨੈਸਟ ਲੈਵਲ' ਕੈਸਿਟ ਵਿਚ ਦਿਲਜੀਤ ਨੇ ਆਪਣੇ ਸੰਗੀਤਕਾਰ ਹਨੀ ਸਿੰਘ ਤੋਂ ਕਢਵਾਈਆਂ ਨੇ ਤੇ ਦਲੇਰ ਮਹਿੰਦੀ ਦੇ ਭਰਾ ਸ਼ਮਸ਼ੇਰ ਮਹਿੰਦੀ ਨੇ ਸ਼ਰੇਆਮ ਭੈਣਾਂ ਦੀਆਂ ਗਾਲ੍ਹਾਂ ਆਪਣੀ ਕੈਸਿਟ ਵਿਚ ਕੱਢੀਆਂ ਨੇ।

ਪੰਜਾਬੀ ਵਿਚ ਗਾ-ਗਾ ਕੇ ਅਲਮਾਰੀਆਂ ਭਰਨ ਵਾਲੇ ਗਾਇਕਾਂ ਦੇ ਦੰਦ ਹਾਥੀ ਦੇ ਦੰਦਾਂ ਵਰਗੇ ਬਣ ਚੁੱਕੇ ਨੇ। ਇਹ ਕਹਿੰਦੇ ਨੇ ਪੰਜਾਬੀ ਸਾਡੀ ਮਾਂ ਹੈ...ਅਸੀਂ ਇਸ ਦੇ ਸਰਵਣ ਪੁੱਤਰ ਹਾਂ...ਅਸੀਂ ਇਸ ਨੂੰ ਵਹਿੰਗੀ 'ਚ ਪਾ ਕੇ ਸਾਰੀ ਦੁਨੀਆਂ ਦੀ ਸੈਰ ਕਰਵਾਉਣ ਲਈ ਯਤਨਸ਼ੀਲ ਹਾਂ।' ਪਰ ਅਸਲ ਵਿਚ ਇਹ ਸਾਰੀਆਂ ਗੱਲਾਂ ਕੋਰਾ ਝੂਠ ਨੇ।

ਭਲਾ ਕਿਹੜਾ ਅਜਿਹਾ ਗਾਇਕ ਹੈ, ਜਿਹੜਾ ਆਪਣੇ ਨਿਆਣਿਆਂ ਨੂੰ ਇਹ ਸਿੱਖਿਆ ਦਿੰਦਾ ਹੋਵੇ, 'ਪੁੱਤ ਪੰਜਾਬ ਹੀ ਤੇਰੀ ਜੰਮਣ ਭੋਇੰ ਹੈ...ਇਥੋਂ ਦੀ ਬੋਲੀ ਨਾਲ ਤੇਰਾ ਲੋਰੀਆਂ ਦਾ ਰਿਸ਼ਤਾ ਹੈ ਅਤੇ ਇਹ ਰਿਸ਼ਤਾ ਮਰਨ ਵੇਲ਼ੇ ਵੈਣ ਪੈਣ ਤੱਕ ਤੇਰੇ ਨਾਲ ਨਿਭਣਾ ਹੈ...।' ਜ਼ਿਆਦਾਤਰ ਪੰਜਾਬੀ ਗਾਇਕਾਂ ਨੂੰ ਝੋਰਾ ਰਹਿੰਦਾ ਹੈ ਕਿ ਉਨ੍ਹਾਂ ਦੀ ਮਾਰਕੀਟ ਸਿਰਫ਼ ਪੰਜਾਬ ਤੱਕ ਹੀ ਸੀਮਤ ਕਿਉਂ ਹੈ, ਸਾਨੂੰ ਕਨੇਡਾ, ਇੰਗਲੈਂਡ ਤੇ ਅਮਰੀਕਾ ਦੇ ਪੰਜਾਬੀਆਂ ਵਲੋਂ ਕਿਉਂ ਨਹੀਂ ਪਸੰਦ ਕੀਤਾ ਜਾਂਦਾ। ਉਥੋਂ ਦੇ ਡਾਲਰਾਂ ਤੇ ਪੌਂਡਾਂ ਨਾਲ ਸਾਡੀ ਨੇੜਤਾ ਕਿਉਂ ਨਹੀਂ ਬਣਦੀ ਤੇ ਜਦੋਂ ਉਨ੍ਹਾਂ ਦਾ ਵਿਦੇਸ਼ਾਂ ਵਲ ਜਾਣ ਦਾ ਰਾਹ ਖੁੱਲ੍ਹ ਜਾਂਦਾ ਹੈ ਤਾਂ ਉਨ੍ਹਾਂ ਨੂੰ ਝੋਰਾ ਸਤਾਉਣ ਲੱਗ ਜਾਂਦਾ ਹੈ ਕਿ ਮੁੰਬਈ ਫ਼ਿਲਮ ਨਗਰੀ ਵਿਚ ਸਾਡੀ ਪੁੱਛ-ਗਿੱਛ ਕਿਉਂ ਨਹੀਂ ਹੈ...। ਫੇਰ ਉਹ ਹਿੰਦੀ ਵਿਚ ਗਾਉਣ ਦੀ ਕੋਸ਼ਿਸ਼ ਕਰਦੇ ਨੇ ਤੇ ਉਨ੍ਹਾਂ ਨਾਲ 'ਅਗਲੀ ਲੈਣ ਗਿਆ ਪਿਛਲੀ ਕੁੱਤਾ ਲੈ ਗਿਆ' ਵਾਲੀ ਗੱਲ ਹੋ ਜਾਂਦੀ ਹੈ। ਉਨ੍ਹਾਂ ਦੇ ਇਹ ਗੱਲ ਬਿਲਕੁਲ ਹੀ ਦਿਮਾਗ਼ ਵਿਚ ਨਹੀਂ ਆਉਂਦੀ ਕਿ ਜੀਹਨੇ ਹਿੰਦੀ ਗੀਤ ਸੁਣਨੇ ਨੇ, ਉਹ ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਅਲਕਾ ਯਾਗਨਿਕ, ਕੈਲਾਸ਼ ਖੇਰ, ਅਭਿਜੀਤ, ਸੋਨੂੰ ਨਿਗਮ ਆਦਿ ਨੂੰ ਸੁਣੇਗਾ, ਸਾਥੋਂ ਕਿਸੇ ਨੇ ਕੀ ਕਰਾਉਣੈ?

ਦੀਦਾਰ ਸੰਧੂ, ਲਾਲ ਚੰਦ ਯਮਲਾ ਜੱਟ, ਹਰਚਰਨ ਗਰੇਵਾਲ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਗੀਤ ਸੁਣਨ 'ਤੇ ਇੰਜ ਲੱਗਦੈ ਜਿਵੇਂ ਅਸੀਂ ਪੰਜ ਆਬਾਂ ਵਾਲੇ ਪੁਰਾਣੇ ਪੰਜਾਬ ਦੇ ਬਸ਼ਿੰਦੇ ਹੋਈਏ, ਜਿਵੇਂ ਅੱਜ ਵੀ ਪੈਰੀਂ ਝਾਂਜਰਾਂ ਪਹਿਨ ਮੁਟਿਆਰ ਵੱਟ 'ਤੇ ਭੱਤਾ ਲਈ ਜਾਂਦੀ ਹੋਵੇ, ਜਿਵੇਂ ਮਲਮਲ ਲੱਗੇ ਲੀੜਿਆਂ 'ਚੋਂ ਖੜਖੜ ਦੀ ਅਵਾਜ਼ ਆ ਰਹੀ ਹੋਵੇ, ਜਿਵੇਂ ਚੰਨ ਚਾਨਣੀ ਰਾਤ ਸਾਡੀਆਂ ਸੋਚਾਂ 'ਤੇ ਆਪਣਾ ਪ੍ਰਛਾਵਾਂ ਛੱਡ ਰਹੀ ਹੋਵੇ, ਪਰ ਅੱਜ ਦੇ ਪੰਜਾਬੀਅਤ ਤੋਂ ਸੱਖਣੇ ਗੀਤ ਸੁਣ ਕੇ ਸ਼ਾਂਤ ਮਨ ਭਟਕ ਜਾਂਦੈ, ਦਿਲ ਕਰਦੈ ਗਾਉਣ ਵਾਲੇ ਦਾ ਅਤਾ-ਪਤਾ ਲੱਭ ਕੇ ਉਸ ਨੂੰ ਇਹ ਸਭ ਨਾ ਕਰਨ ਲਈ ਮਿੰਨਤ-ਤਰਲਾ ਕਰ ਲਈਏ, ਉਸ ਨੂੰ ਕਹੀਏ ਆਪਣੇ ਗੀਤਾਂ ਜ਼ਰੀਏ ਪੰਜਾਬੀ ਮਾਂ ਬੋਲੀ ਦੀ ਇੱਜ਼ਤ ਕਿਉਂ ਤਾਰ-ਤਾਰ ਕਰ ਰਹੇ ਹੋ।ਕਾਲਜੇ ਦਾ ਰੁੱਗ ਭਰ ਆਉਂਦਾ ਹੈ ਜਦੋਂ ਕੋਈ ਕਹਿੰਦੈ, 'ਆਉਂਦੇ ਸਮੇਂ ਵਿਚ ਪੰਜਾਬੀ ਖਤਮ ਹੋ ਜਾਣੀ ਹੈ...ਇਸ ਨੂੰ ਪੰਜਾਬ ਵਿਚ ਹੀ ਤੀਜੇ ਦਰਜੇ ਦੀ ਭਾਸ਼ਾ ਸਮਝਿਆ ਜਾਵੇਗਾ...ਪੰਜਾਬੀ ਵਿਚ ਗੱਲ ਕਰਨ ਵਾਲੇ ਨੂੰ ਕੋਈ ਸਿਆਣਾ ਨਹੀਂ ਸਮਝੇਗਾ।'

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਨਾ ਤਾਂ ਸਾਡੀਆਂ ਸਰਕਾਰਾਂ ਪੰਜਾਬ ਤੇ ਪੰਜਾਬੀਅਤ ਨੂੰ ਪ੍ਰਫੁੱਲਤ ਕਰਨ ਲਈ ਕੋਈ ਫ਼ਰਜ਼ ਨਿਭਾਅ ਰਹੀਆਂ ਹਨ ਅਤੇ ਨਾ ਹੀ ਸਾਡੀਆਂ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ। ਸਾਡੇ ਵਿਚੋਂ ਕਿਸੇ ਨੂੰ ਤਾਂ ਪੰਜਾਬੀ ਦੇ ਬਚਾਅ ਲਈ ਅੱਗੇ ਆਉਣਾ ਹੀ ਪਵੇਗਾ, ਸੱਭਿਆਚਾਰਕ ਵੰਨਗੀਆਂ ਨਾਲ ਜੁੜੇ ਲੋਕਾਂ ਨੇ ਤਾਂ ਆਪਣੀ ਜ਼ਮੀਰ ਨਾਲ ਸੌਦਾ ਕਰ ਲਿਆ ਹੈ, ਉਨ੍ਹਾਂ ਦੀਆਂ ਆਤਮਾਵਾਂ ਤਾਂ ਮਰ ਗਈਆਂ ਹਨ...ਪਰ ਜੇ ਜਿਊਂਦੀਆਂ ਜ਼ਮੀਰਾਂ ਵਾਲਿਆਂ ਨੇ ਵੀ ਚੁੱਪ ਨਾ ਤੋੜੀ ਤਾਂ ਸਾਡੀ ਮਾਂ ਬੋਲੀ ਦੀ ਇੱਜ਼ਤ ਨੂੰ ਬਚਾਉਣ ਵਾਲਾ ਕੋਈ ਨਹੀਂ ਰਹੇਗਾ।ਪੰਜਾਬੀ ਲਈ ਸਮਾਂ ਸੱਚਮੁਚ ਕਠਨਾਈਆਂ ਵਾਲਾ ਹੈ ਅਤੇ ਹਰ ਖੇਤਰ ਦੇ ਲੋਕਾਂ ਨੂੰ ਇਸ ਦੀ ਸੁਰੱਖਿਆ ਲਈ ਨਿੱਤਰ ਕੇ ਅਗੇ ਆਉਣਾ ਚਾਹੀਦਾ ਹੈ। ਗਾਇਕੀ ਵਿਚ ਵੀ ਬਹੁਤ ਸਾਰਾ ਜਾਨਦਾਰ ਤੱਤ ਹੈ ਅਤੇ ਉਸ ਕਿਸੇ ਪਹਿਲ ਕਦਮੀ ਦੀ ਉਡੀਕ ਵਿਚ ਹੈ ।ਇਹ ਵੀ ਸੱਚ ਹੈ ਕਿ ਪਹਿਲ ਕਦਮੀ ਹਰ ਰਿਕ ਦੇ ਵੱਸ ਦਾ ਰੋਗ ਨਹੀਂ ਹੁੰਦੀ।

**ਪੰਜਾਬ ਵਿਚ ਜਿੰਨੀਆਂ ਵੀ ਕੈਸਿਟਾਂ ਰਿਲੀਜ਼ ਹੋ ਰਹੀਆਂ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਦੇ ਨਾਂ ਅੰਗਰੇਜ਼ੀ ਵਿਚ ਰੱਖਣ ਨੂੰ ਸ਼ਾਨ ਦੀ ਨਿਸ਼ਾਨੀ ਸਮਝਿਆ ਜਾਣ ਲੱਗਾ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਟਾਈਟਲ ਨਾਲ ਮਿਲਦਾ-ਜੁਲਦਾ ਗੀਤ ਕੈਸਿਟ ਵਿਚ ਹੁੰਦਾ ਹੀ ਨਹੀਂ।**

## ਸ਼੍ਰੋਮਣੀ ਕਮੇਟੀ ਦੀ ਬੱਸ ਉਲਟੀ, ਇਕ ਸ਼ਰਧਾਲੂ ਦੀ ਮੌਤ, 15 ਜ਼ਖਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਯਾਤਰੂਆਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਰੇਲਵੇ ਸਟੇਸ਼ਨ ਤਕ ਮੁਫ਼ਤ ਲਿਜਾਣ ਵਾਲੀ ਬੱਸ ਉਲਟ ਜਾਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਸਵਾ ਦਰਜਨ ਦੇ ਕਰੀਬ ਜ਼ਖਮੀ ਹੋ ਗਏ। ਜ਼ਖਮੀਆਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ। ਸ਼੍ਰੋਮਣੀ ਕਮੇਟੀ ਨੇ ਬੱਸ ਦੇ ਡਰਾਈਵਰ ਨੂੰ ਬੇਧਿਆਨੀ ਨਾਲ ਬੱਸ ਚਲਾਉਣ ਦੇ ਦੋਸ਼ ਅਧੀਨ ਮੁਅੱਤਲ ਕਰ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ 17 ਸਤੰਬਰ ਨੂੰ ਵਾਪਰੇ ਹਾਦਸੇ ਵਿਚ ਮਰਨ ਵਾਲੇ ਵਿਅਕਤੀ ਦੇ ਪਰਿਵਾਰ ਨੂੰ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ ਅਤੇ ਫੱਟੜ ਵਿਅਕਤੀਆਂ ਦਾ ਗੁਰੂ ਰਾਮਦਾਸ ਹਸਪਤਾਲ ਵਿਚ ਮੁਫਤ ਇਲਾਜ ਕੀਤਾ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ 6 ਵਜੇ ਦੇ ਕਰੀਬ ਸ਼੍ਰੋਮਣੀ ਕਮੇਟੀ ਦੀ ਮਿੰਨੀ ਬੱਸ ਸ੍ਰੀ ਦਰਬਾਰ ਸਾਹਿਬ ਤੋਂ ਸਵਾਰੀਆਂ ਲੈ ਕੇ ਰੇਲਵੇ ਸਟੇਸ਼ਨ ਨੂੰ ਜਾ ਰਹੀ ਸੀ ਕਿ ਤੇਜ਼ ਰਫਤਾਰ ਹੋਣ ਅਤੇ ਸਮਰੱਥਾ ਤੋਂ ਜ਼ਿਆਦਾ ਸਵਾਰੀਆਂ ਹੋਣ ਕਾਰ ਭੰਡਾਰੀ ਪੁੱਲ ਤੋਂ ਚੜਨ ਲੱਗਿਆਂ ਮੋੜ ਤੇ ਉਲਟ ਗਈ, ਜਿਸ ਕਾਰਨ ਇੱਕ ਸ਼ਰਧਾਲੂ ਗੁਲਜ਼ਾਰ ਸਿੰਘ ਵਾਸੀ ਪਿੰਡ ਹੇਰ ਦੀ ਬੱਸ ਹੇਠਾਂ ਆਉਣ ਕਾਰਨ ਮੌਕੇ ਤੇ ਮੌਤ ਹੋ ਗਈ ਅਤੇ 15 ਦੇ ਕਰੀਬ ਹੋਰ ਸ਼ਰਧਾਲੂ ਜ਼ਖਮੀ ਹੋ ਗਏ।

ਜ਼ਖਮੀਆਂ ਵਿਚੋਂ ਦੋ ਸ਼ਰਧਾਲੂਆਂ ਸਤਪਾਲ ਸਿੰਘ ਅਤੇ ਰਾਮ ਸਰੂਪ ਦੀ ਹਾਲਤ ਕਾਫੀ ਗੰਭੀਰ ਹੈ ਅਤੇ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਗੁਰੂ ਰਾਮਦਾਸ ਹਸਪਤਾਲ ਵੱਲਾ ਵਿਖੇ ਦਾਖਿਲ ਕਰਵਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਚਲਾਈ ਜਾਣ ਵਾਲੀ ਬੱਸ 32 ਸੀਟਾਂ ਵਾਲੀ ਹੈ, ਪਰ ਇਸ ਵਿਚ 50 ਦੇ ਕਰੀਬ ਲੋਕ ਸਵਾਰ ਸਨ। ਜ਼ਿਆਦਾ ਸਵਾਰੀਆਂ ਹੋਣ ਕਾਰਨ ਹੀ ਮੋੜ ਤੋਂ ਮੋੜਨ ਲੱਗਿਆਂ ਇਹ ਬੱਸ ਉਲਟੀ ਹੈ।

**Attention Homeowners**


Nirmal Singh Mann

ਤੁਹਾਡੇ ਘਰ ਦਾ ਲੋਨ ਮੋਡੀਫਾਈ ਹੋ ਸਕਦਾ ਹੈ ਬੇਸ਼ੱਕ:

- ਤੁਹਾਡਾ ਕਰੈਡਿਟ ਅੱਛਾ ਹੈ ਜਾਂ ਬਿਲਕੁਲ ਖਰਾਬ?
- ਕੀ ਤੁਸੀਂ ਮਾਲੀ ਤੌਰ 'ਤੇ ਔਖੇ ਸਮੇਂ 'ਚੋਂ ਲੰਘ ਰਹੇ ਹੋ?
- ਤੁਹਾਡੇ ਘਰ ਦੀ ਕੀਮਤ ਘਟ ਗਈ ਹੈ?
- ਕੀ ਤੁਸੀਂ Neg ARM/Option ARM ਲੋਨ ਵਿਚ ਹੋ?
- ਰੀਫਾਇਨਾਂਸ ਕਰਾਉਣ ਵਿਚ ਤੁਹਾਨੂੰ ਦਿੱਕਤ ਆ ਰਹੀ ਹੈ?

ਕਰਜੇ ਦੀ ਆਪਣੀ ਮੂਲ ਰਕਮ ਦਾ ਚੋਖਾ ਹਿੱਸਾ ਘਟਾਓ,
ਆਪਣਾ ਵਿਆਜ ਦਰ 1% ਤੱਕ ਘਟਾਓ

ਮੈਂ ਤੁਹਾਡੀ ਮਦਦ ਕਰ ਸਕਦਾ ਹਾਂ, ਸਲਾਹ ਲਈ ਕਾਲ ਕਰੋ

Nirmal Singh Mann can help reduce your payment as low as 1%


Free Consultation Call (877) 899-6244

or www.tryemc.com

# ਗੁਰਗੱਦੀ ਦਿਵਸ ’ਤੇ ਸਿਅਸਤਦਾਨਾਂ ਆਪਣੇ ਰਾਜਸੀ ਕਸੀਦੇ ਕੱਢੇ

**ਤਰਨਤਾਰਨ:** ਬੀਤੀ 18 ਸਤੰਬਰ ਨੂੰ ਇਤਿਹਾਸਕ ਕਸਬਾ ਖਡੂਰ ਸਾਹਿਬ ਵਿਖੇ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਉਪਰ ਬਿਰਾਜਮਾਨ ਹੋਣ ਨੂੰ ਸਮਰਪਿਤ ਸਾਲਾਨਾ ਗੁਰਗੱਦੀ ਦਿਵਸ ਮੌਕੇ ਹਾਕਮ ਸ਼੍ਰੋਮਣੀ ਅਕਾਲੀ ਦਲ ਅਤੇ ਮੁੱਖ ਵਿਰੋਧੀ ਕਾਂਗਰਸ ਪਾਰਟੀ ਸਮੇਤ ਕਈ ਹੋਰ ਰਾਜਨੀਤਿਕ ਪਾਰਟੀਆਂ ਵਲੋਂ ਰਾਜਸੀ ਕਾਨਫਰੰਸਾਂ ਕੀਤੀਆਂ ਗਈਆਂ।





ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਮਹਿੰਦਰ ਸਿੰਘ ਕੇ.ਪੀ.

ਹਾਕਮ ਧਿਰ ਦੀ ਕਾਨਫਰੰਸ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਦਲ ਦੇ ਇਸ ਇਲਾਕੇ ਨਾਲ ਸਬੰਧਤ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ ਜਦੋਂਕਿ ਕਾਂਗਰਸ ਪਾਰਟੀ ਦੀ ਕਾਨਫਰੰਸ ਨੂੰ ਪਾਰਟੀ ਦੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਸੰਬੋਧਨ ਕੀਤਾ। ਸੀ.ਪੀ.ਆਈ. ਦੀ ਕਾਨਫਰੰਸ ਨੂੰ ਪਾਰਟੀ ਦੀ ਕੌਮੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਸਮੇਤ ਸੂਬਾ ਇਕਾਈ ਦੇ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ।

ਸ੍ਰੀ ਬਾਦਲ ਨੇ ਪਾਰਟੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਨਿਵਾਸੀਆਂ ਨੂੰ ਸੂਬੇ ਅੰਦਰ ਕੁਝ ਅਣਸੁਖਾਵੀਆਂ ਘਟਨਾਵਾਂ ਘਟਣ ਤੋਂ ਸਾਵਧਾਨ ਕਰਦਿਆਂ ਆਖਿਆ ਕਿ ਪੰਜਾਬੀਆਂ ਨੂੰ ਅਜਿਹੇ ਅਨਸਰਾਂ ਦੀਆਂ ਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ, ਜਿਹੜੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਏਕਤਾ ਨੂੰ ਢਾਹ ਲਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਾਂਗਰਸ ਪਾਰਟੀ ਉੱਤੇ ਸਖ਼ਤ ਸ਼ਬਦੀ ਹਮਲੇ ਕਰਦਿਆਂ ਆਖਿਆ ਕਿ ਇਹ ਪਾਰਟੀ ਕਦੇ ਵੀ ਨਾ ਪੰਜਾਬ ਅਤੇ ਨਾ ਹੀ ਪੰਜਾਬੀਆਂ ਦੀ ਖੈਰ-ਖਵਾਹ ਹੋ ਸਕਦੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੇ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਕਿਸਾਨਾਂ ਦੀ ਵਿੱਤੀ ਹਾਲਤ ਨੂੰ ਬਿਹਤਰ ਕਰਨ ਲਈ ਕਈ ਵਾਰ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਪਰ ਕੇਂਦਰ ਵਿਚ ਕਾਂਗਰਸ ਸਰਕਾਰ ਹੋਣ ਕਰਕੇ ਉਹ ਪੰਜਾਬ ਦੀ ਬਿਹਤਰੀ ਲਈ ਕੁਝ ਵੀ ਕਰਨਾ ਨਹੀਂ ਚਾਹ ਰਹੀ।

ਸ੍ਰੀ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਰਿਆਣਾ ਪ੍ਰਦੇਸ਼ ਵਿਚਲੇ ਗੁਰਦੁਆਰਿਆਂ ਵਿਚ ਕੁਝ ਲੋਕਾਂ ਵਲੋਂ ਕਬਜਾ ਕਰਨ ਲਈ ਬੀਤੇ ਦਿਨੀਂ ਕੀਤੀਆਂ ਕੋਸ਼ਿਸ਼ਾਂ ਦਾ ਗੰਭੀਰ ਨੋਟਿਸ ਲੈਂਦਿਆਂ ਆਖਿਆ ਕਿ ਕਾਂਗਰਸ ਸਮੇਤ ਕੁਝ ਅਜਿਹੀਆਂ ਸ਼ਕਤੀਆਂ ਸਿੱਖਾਂ ਅਤੇ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਸਾਨੀ ਨੂੰ ਕਰਜ਼ਾ ਮੁਕਤ ਕਰਨ ਲਈ ਕੇਂਦਰ ਸਰਕਾਰ ਨੂੰ ਢੁਕਵੇਂ ਉਪਰਾਲੇ ਕਰਨ ਲਈ ਵੀ ਕਿਹਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਸਾਨੀ ਨੂੰ ਆਪਣੀ ਆਰਥਿਕ ਹਾਲਤ ਸੁਧਾਰਨ ਲਈ ਕਈ ਕੁਝ ਖੁਦ ਹੀ ਕਰਨ ਲਈ ਸੁਝਾਅ ਦਿੰਦਿਆਂ ਆਖਿਆ ਕਿ ਕਿਸਾਨੀ ਨੂੰ ਉਨ੍ਹਾਂ ਨੀਤੀਆਂ ਨੂੰ ਅਪਨਾਉਣਾ ਚਾਹੀਦਾ ਹੈ, ਜਿਹੜੀਆਂ ਪੰਜਾਬ ਸਰਕਾਰ ਨੇ ਕਿਸਾਨੀ ਦੇ ਭਲੇ ਲਈ ਬਣਾਈਆਂ ਹਨ। ਉਨ੍ਹਾਂ ਕਿਸਾਨਾਂ ਨੂੰ ਵਧੇਰੇ ਸਬਜ਼ੀਆਂ ਅਤੇ ਡੇਅਰੀ ਫਾਰਮ ਦੇ ਧੰਦੇ ਨੂੰ ਅਪਨਾਉਣ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਹੋਰਨਾਂ ਤਬਕਿਆਂ ਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਸਰਕਾਰ ਵਲੋਂ ਸਿਖਿਆ ਸਿਹਤ, ਨਹਿਰੀ ਪਾਣੀ ਸਮੇਤ ਹੋਰਨਾਂ ਵਿਕਾਸ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ।

ਕਾਨਫਰੰਸ ਨੂੰ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ ਨੇ ਸੰਬੋਧਨ ਕਰਦਿਆਂ ਆਖਿਆ ਕਿ ਸੂਬੇ ਦੀ ਰਾਜਨੀਤੀ ਵਿਚ ਨੌਜਵਾਨਾਂ ਨੂੰ ਅੱਗੇ ਲਿਆਉਣ ਦੇ ਮੰਤਵ ਨਾਲ ਜਲਦੀ ਹੀ ਸਰਕਾਰ ਵਿਚ ਅਤੇ ਅਕਾਲੀ ਦਲ ਵਿਚ ਨੌਜਵਾਨਾਂ ਨੂੰ ਪ੍ਰਤੀਨਿਧਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਉਹ ਖੁਦ ਅਕਾਲੀ ਦਲ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਅਕਾਲੀ ਦਲ ਦੇ ਯੂਥ, ਪੱਛੜੀਆਂ ਸ਼੍ਰੇਣੀਆਂ, ਇਸਤਰੀ ਆਦਿ ਵਿੰਗਾਂ ਨੂੰ ਮਜ਼ਬੂਤ ਕਰਨ ਲਈ ਹੇਠਲੇ ਪੱਧਰ ਤਕ ਪਹੁੰਚ ਕਰ ਰਹੇ ਹਨ। ਉਨ੍ਹਾਂ ਪੁਰਾਣੇ ਅਤੇ ਸੂਬੇ ਦੇ ਉਨ੍ਹਾਂ ਰਾਜਨੀਤੀਵਾਨਾਂ ਨੂੰ ਇਕ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਕੋਲ ਵੀ ਅਕਾਲੀ ਦਲ ਦੇ ਇਤਿਹਾਸ ਨਾਲ ਸਬੰਧਤ ਬਹੁਮੁੱਲਾ ਰਿਕਾਰਡ ਉਪਲਬਧ ਹੈ, ਉਨ੍ਹਾਂ ਨੂੰ ਇਹ ਰਿਕਾਰਡ ਸ਼੍ਰੋਮਣੀ ਅਕਾਲੀ ਦਲ ਨੂੰ ਪੁਚਾਉਣਾ ਚਾਹੀਦਾ ਹੈ ਤਾਂ ਕਿ ਇਸ ਸਬੰਧੀ ਅਕਾਲੀ ਦਲ ਵਲੋਂ ਤਿਆਰ ਕੀਤੀ ਜਾ ਰਹੀ ਇਕ ਪੁਸਤਕ ਵਿਚ ਸਹੀ ਸਥਾਨ ਦਿੱਤਾ ਜਾ ਸਕੇ। ਕਾਨਫਰੰਸ ਨੂੰ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਸੰਬੋਧਨ ਕੀਤਾ।

ਅਕਾਲੀ ਦਲ ਦੀ ਇਹ ਕਾਨਫਰੰਸ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਵਲੋਂ ਕਰਵਾਈ ਗਈ ਸੀ। ਕਾਨਫਰੰਸ ਨੂੰ ਸ੍ਰੀ ਬ੍ਰਹਮਪੁਰਾ ਦੇ ਇਲਾਵਾ ਲੋਕ ਸਭਾ ਮੈਂਬਰ ਰਤਨ ਸਿੰਘ ਅਜਨਾਲਾ, ਵਿਧਾਇਕ ਵਿਰਸਾ ਸਿੰਘ ਵਲਟੋਹਾ, ਡਾ. ਦਲਬੀਰ ਸਿੰਘ, ਮਨਜਿੰਦਰ ਸਿੰਘ ਕੰਗ ਦੇ ਇਲਾਵਾ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਅਲਵਿੰਦਰ ਪਾਲ ਸਿੰਘ ਪੱਖੋਕੇ, ਸੀਨੀਅਰ ਆਗੂ ਭਾਈ ਮਨਜੀਤ ਸਿੰਘ ਅਤੇ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਵੀ ਸੰਬੋਧਨ ਕੀਤਾ। ਸਟੇਜ ਦਾ ਸੰਚਾਲਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਝੱਬਾਲ ਨੇ ਕੀਤਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੀ ਕਾਨਫਰੰਸ ਨੂੰਸੰਬੋਧਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਝ ਦਿਨ ਪਹਿਲਾਂ ਪਾਕਿਸਤਾਨ ਵਾਲੇ ਪਾਸਿਓਂ ਸਰਹੱਦੀ ਪਿੰਡ ਦੋਦੇ ਵਿਖੇ ਰਾਕਟ ਸੁੱਟਣ ਉਪਰੰਤ ਸਰਹੱਦੀ ਪਿੰਡਾਂ ਦੇ ਲੋਕਾਂ ਵਿਚ ਪਾਈ ਜਾ ਰਹੀ ਦਹਿਸ਼ਤ ਉਪਰ ਟਿੱਪਣੀ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੇ ਸਰਹੱਦੀ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਇਕ ਵਿਸਥਾਰ ਸਹਿਤ ਪੱਤਰ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਉਚੇਚੇ ਤੌਰ ਉੱਤੇ ਲਿਖਿਆ ਹੈ। ਉਨ੍ਹਾਂ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨਾਲ ਅਕਾਲੀ ਦਲ ਦੀ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਸਰਹੱਦੀ ਖੇਤਰ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਸਮੇਤ ਹੋਰ ਉਪਰਾਲੇ ਕਰਨ ਉਪਰ ਜ਼ੋਰ ਦਿੱਤਾ ਹੈ। ਕਾਂਗਰਸ ਪਾਰਟੀ ਦੀ ਕਾਨਫਰੰਸ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵਲੋਂ ਸੂਬੇ ਦੀ ਆਰਥਿਕਤਾ ਦਾ ਬੁਰੀ ਤਰ੍ਹਾਂ ਘਾਣ ਕੀਤੇ ਜਾਣ ਦਾ ਦੋਸ਼ ਲਾਉਂਦਿਆਂ ਮੰਗ ਕੀਤੀ ਕਿ ਸੂਬੇ ਅੰਦਰ ਵਿੱਤੀ ਐਮਰਜੈਂਸੀ ਲਾਗੂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਅੱਜ 64 ਹਜ਼ਾਰ ਕਰੋੜ ਰੁਪਏ ਦੀ ਕਰਜਾਈ ਹੋ ਚੁੱਕੀ ਹੈ ਅਤੇ ਇਸ ਸਰਕਾਰ ਕੋਲ ਆਪਣੇ ਬਲਬੂਤੇ ਵਿਕਾਸ ਦੀ ਇਕ ਇੱਟ ਲਾਉਣ ਲਈ ਪੈਸਾ ਨਹੀਂ ਹੈ। ਉਨ੍ਹਾਂ ਆਖਿਆ ਕਿ ਸੂਬੇ ਅੰਦਰ ਜਿੰਨੇ ਵੀ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਉਹ ਸਾਰੇ ਦੇ ਸਾਰੇ ਕੇਂਦਰ ਸਰਕਾਰ ਵਲੋਂ ਆ ਰਹੇ ਪੈਸਿਆਂ ਨਾਲ ਹੀ ਕੀਤੇ ਜਾ ਰਹੇ ਹਨ।

> **ਮੁੱਖ ਮੰਤਰੀ ਨੇ ਕਿਸਾਨੀ ਨੂੰ ਆਪਣੀ ਆਰਥਿਕ ਹਾਲਤ ਸੁਧਾਰਨ ਲਈ ਕਈ ਕੁਝ ਖੁਦ ਹੀ ਕਰਨ ਲਈ ਸੁਝਾਅ ਦਿੰਦਿਆਂ ਆਖਿਆ ਕਿ ਕਿਸਾਨੀ ਨੂੰ ਉਨ੍ਹਾਂ ਨੀਤੀਆਂ ਨੂੰ ਅਪਨਾਉਣਾ ਚਾਹੀਦਾ ਹੈ, ਜਿਹੜੀਆਂ ਪੰਜਾਬ ਸਰਕਾਰ ਨੇ ਕਿਸਾਨੀ ਦੇ ਭਲੇ ਲਈ ਬਣਾਈਆਂ ਹਨ। ਉਨ੍ਹਾਂ ਕਿਸਾਨਾਂ ਨੂੰ ਵਧੇਰੇ ਸਬਜ਼ੀਆਂ ਅਤੇ ਡੇਅਰੀ ਫਾਰਮ ਦੇ ਧੰਦੇ ਨੂੰ ਅਪਨਾਉਣ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਹੋਰਨਾਂ ਤਬਕਿਆਂ ਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ।**

ਸ੍ਰੀ ਕੇ.ਪੀ. ਨੇ ਪਾਰਟੀ ਵਰਕਰਾਂ ਦੀ ਕਾਨਫਰੰਸਾਂ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਹਾਕਮ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਇੱਕੋ ਇੱਕ ਧੰਦਾ ਕਾਂਗਰਸ ਪਾਰਟੀ ਦੇ ਵਰਕਰਾਂ ਉੱਪਰ ਤਸ਼ੱਦਦ ਕਰਨਾ ਹੀ ਬਾਕੀ ਬਚਿਆ ਹੈ। ਉਨ੍ਹਾਂ ਆਖਿਆ ਕਿ ਚਾਰ ਚੁਫੇਰੇ ਉੱਪਰ ਤੋਂ ਹੇਠਾਂ ਤੱਕ ਭ੍ਰਿਸ਼ਟਾਚਾਰ ਪਸਰਿਆ ਹੋਇਆ ਹੈ। ਆਮ ਆਦਮੀ ਲਈ ਨਿਆਂ ਲੈਣਾ ਆਸਾਨ ਕੰਮ ਨਹੀਂ ਰਿਹਾ। ਉਨ੍ਹਾਂ ਆਖਿਆ ਕਿ ਹਾਕਮ ਧਿਰ ਨੇ ਪੁਲੀਸ ਦਾ ਪੂਰੀ ਤਰ੍ਹਾਂ ਰਾਜਨੀਤੀਕਰਨ ਕਰ ਦਿੱਤਾ ਹੈ ਅਤੇ ਅਫਸਰਾਂ ਨੂੰ ਜਬਰਦਸਤੀ ਆਮ ਲੋਕਾਂ ਉਪਰ ਤਸ਼ੱਦਦ ਕਰਨ ਲਈ ਹੁਕਮ ਚਾੜ੍ਹੇ ਜਾ ਰਹੇ ਹਨ।


ਕਾਂਗਰਸ ਪਾਰਟੀ ਦੀ ਕਾਨਫਰੰਸ ਨੂੰ ਹੋਰਨਾਂ ਦੇ ਇਲਾਵਾ ਸਾਬਕਾ ਲੋਕ ਸਭਾ ਮੈਂਬਰ ਰਾਣਾ ਗੁਰਜੀਤ ਸਿੰਘ, ਸੁਖਵਿੰਦਰ ਸਿੰਘ ਉਰਫ ਸੁੱਖੀ ਰੰਧਾਵਾ ਸਾਬਕਾ ਵਿਧਾਇਕ, ਡਾ. ਧਰਮਵੀਰ ਅਗਨੀਹੋਤਰੀ, ਤਰਸੇਮ ਸਿੰਘ, ਹਰਮਿੰਦਰ ਸਿੰਘ ਗਿੱਲ, ਗੁਰਮਿੰਦਰ ਸਿੰਘ ਰਟੌਲ, ਬੀਬੀ ਹਰਜੀਤ ਕੌਰ ਹਰੀਕੇ,ਆਦਿ ਨੇ ਵੀ ਸੰਬੋਧਨ ਕੀਤਾ।

ਸੀ.ਪੀ.ਆਈ ਦੀ ਕਾਨਫਰੰਸ ਨੂੰ ਪਾਰਟੀ ਦੀ ਕੌਮੀ ਸਕੱਤਰ ਕਾਮਰੇਡ ਅਮਰਜੀਤ ਕੌਰ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਵਲੋਂ ਮੁੜ ਸੱਤਾ ਵਿਚ ਆਉਣ ਦੇ ਆਪਣੇ ਪਹਿਲੇ ਸੌ ਦਿਨਾਂ ਵਿਚ ਲੋਕਾਂ ਦਾ ਮਹਿੰਗਾਈ ਸਮੇਤ ਹੋਰਨਾਂ ਗਲਤ ਨੀਤੀਆਂ ਕਾਰਨ ਕਚੂਮਰ ਕੱਢ ਦੇਣ ਦਾ ਦੋਸ਼ ਲਾਇਆ। ਪਾਰਟੀ ਦੀ ਕਾਨਫਰੰਸ ਨੂੰ ਸੂਬਾ ਸਕੱਤਰ ਭੁਪਿੰਦਰ ਸਿੰਘ ਸਾਂਬਰ,ਸਮੇਤ ਕਈ ਹੋਰਨਾਂ ਨੇ ਵੀ ਸੰਬੋਧਨ ਕੀਤਾ।

ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਵਲੋਂ ਇਸ ਮੌਕੇ ਵਧੇਰੇ ਦਰੱਖਤ ਲਾਉਣ ਦੀ ਮੁਹਿੰਮ ਨੂੰ ਹੋਰ ਹੁਲਾਰਾ ਦਿੰਦਿਆਂ ਸੂਬੇ ਅੰਦਰ ਸਭਨਾਂ ਦਾਣਾ ਮੰਡੀਆਂ ਵਿਚ ਦਰਖਤ ਲਾਉਣ ਦੀ ਮੁਹਿੰਮ ਅਰੰਭ ਕੀਤੀ ਗਈ। ਇਸ ਤਹਿਤ ਇਕ ਪੌਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖਡੂਰ ਸਾਹਿਬ ਦੀ ਦਾਣਾ ਮੰਡੀ ਵਿਖੇ ਲਾਇਆ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਡਾਇਮੰਡ ਹੇਅਰ ਕਟਿੰਗ ਸਲੂਨ
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

For men, women & Children
Make-up
Hair cut
Perm
Hair styler
Color
Facial, Threading
Bridal Make-up
Body Art (Henna)
TONY
26655 Mission Blvd.
Hayward, CA 94544
Wednesday thru Monday 10 am to 7pm,
Sunday 11 am to 6.00 pm Tuesday closed
Ph: 510-582-2472 Cell: (510) 825-0820

Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਪੰਜਾਬੀ ‘ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ ‘ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ’ (ਸੇਵਾ 10 ਡਾਲਰ)
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਨ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

RAJ SINGH
M.A., M.Ed Retd. Principal
Realtor & Financial Adviser
Lic#01776459 & OG22467
ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Refinance, Home Loan, SBA Loan
(All at Best Rates)
RAJ SINGH
Notary Free
Cell:510-452-7370
30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।
MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 26 ਸਤੰਬਰ, 2009

*ਪਹਿਲਾਂ ਤੋਲੋ ਫਿਰ ਬੋਲੋ-ਇਕ ਕਹਾਵਤ*


## ਸੰਪਾਦਕੀ

# *ਆਮ ਆਦਮੀ ਪਸ਼ੂਆਂ ਦਾ ਝੁੰਡ*

ਕਾਂਗਰਸ ਹਾਈ ਕਮਾਨ, ਖਾਸ ਕਰਕੇ ਸ੍ਰੀਮਤੀ ਸੋਨੀਆ ਗਾਂਧੀ, ਕਾਂਗਰਸ ਪਾਰਟੀ ਨੂੰ ਤਾਜ਼ਾ ਆਰਥਿਕ ਸੰਕਟ ਦੇ ਮੱਦੇਨਜ਼ਰ ਕੁਝ ਸਾਦਗੀ ਵਲ ਤੋਰਨ ਦੇ ਯਤਨ ਕਰ ਰਹੀ ਹੈ। ਉਨ੍ਹਾਂ ਦੇ ਇਨ੍ਹਾਂ ਯਤਨਾਂ ਨੂੰ ਕਾਂਗਰਸ ਦੇ ਦਸ ਕੁ ਫੀਸਦੀ ਆਗੂ ਤਾਂ ਭਾਵੇਂ ਗੰਭੀਰਤਾ ਨਾਲ ਲੈ ਰਹੇ ਹਨ ਪਰ ਬਹੁਤੇ ਕਾਂਗਰਸੀ ਆਗੂ, ਖ਼ਾਸ ਕਰਕੇ ਮੰਤਰੀ ਅਤੇ ਹੋਰ ਉਚ ਅਹੁਦਿਆਂ ਤੇ ਨਿਯੁਕਤ ਆਗੂ, ਇਨ੍ਹਾਂ ਲੀਹਾਂ ਉਪਰ ਤੁਰਨ ਲਈ ਤਿਆਰ ਨਹੀਂ ਹਨ। ਇਥੇ ਜ਼ਿਕਰਯੋਗ ਹੈ ਕਿ ਦੇਸ਼ ਦੇ ਵਿੱਤ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਨੇ ਮੰਤਰੀਆਂ ਅਤੇ ਉਚ ਕਾਂਗਰਸੀ ਆਗੂਆਂ ਨੂੰ ਹਵਾਈ ਜਹਾਜ਼ ਦੀ ਇਕਾਨਮੀ ਕਲਾਸ ਵਿਚ ਸਫ਼ਰ ਕਰਨ ਦੀ ਸਲਾਹ ਦਿੱਤੀ ਹੈ। ਪ੍ਰਣਬ ਮੁਖਰਜੀ ਦੀ ਇਸ ਸਲਾਹ ਦਾ ਪਿਛਲੇ ਦਿਨੀਂ ਕੇਂਦਰੀ ਵਿਦੇਸ਼ ਰਾਜਮੰਤਰੀ ਸ੍ਰੀ ਸ਼ਸ਼ੀ ਥਰੂਰ ਨੇ ਹੀ ਮਖੌਲ ਉਡਾ ਦਿੱਤਾ ਸੀ। ਉਨ੍ਹਾਂ ਇਕਾਨਮੀ ਦਰਜੇ ਨੂੰ ਹਵਾਈ ਸਫਰ ਦਾ ਡੰਗਰਾਂ ਵਾਲਾ ਦਰਜਾ ਕਰਾਰ ਦਿੱਤਾ। ਇਸ ਮਾਮਲੇ ਉਪਰ ਜਦੋਂ ਦੇਸ਼ ਭਰ ਵਿਚ ਥਰੂਰ ਅਤੇ ਕਾਂਗਰਸ ਦੀ ਆਲੋਚਨਾ ਹੋਣ ਲੱਗੀ ਤਾਂ ਕਈ ਦਿਨ ਬਾਅਦ ਜਾ ਕੇ ਸ਼ਸ਼ੀ ਥਰੂਰ ਨੇ ਕਾਂਗਰਸ ਹਾਈ ਕਮਾਨ ਦੇ ਭਾਰੀ ਦਬਾਅ ਅਧੀਨ ਮੁਆਫ਼ੀ ਮੰਗੀ। ਉਨ੍ਹਾਂ ਆਪਣੇ ਮਾਫੀਨਾਮੇ ਵਿਚ ਕਿਹਾ ਕਿ ਉਨ੍ਹਾਂ ਦਾ ਇਰਾਦਾ ਇਕਾਨਮੀ ਕਲਾਸ ਵਿਚ ਸਫ਼ਰ ਕਰਨ ਵਾਲਿਆਂ ਦਾ ਅਪਮਾਨ ਕਰਨ ਦਾ ਨਹੀਂ ਸੀ। ਸ੍ਰੀ ਥਰੂਰ ਨੇ ਸੋਸ਼ਲ ਨੈਟਵਰਕਿੰਗ ਵੈਬਸਾਈਟ, ਟਵਿੱਟਰ ਉਤੇ ਲਿਖੇ ਸੰਦੇਸ਼ ਵਿਚ ਕਿਹਾ ਕਿ ਉਨਾਂ ਦਾ ਇਹ ਬਿਆਨ ਅਸਲ ਵਿਚ ਨਾਦਾਨੀ ਭਰਿਆ ਸੀ ਪਰ ਉਨ੍ਹਾਂ ਨਾਲ ਹੀ ਕਿਹਾ ਕਿ ਇਸਦਾ ਮਕਸਦ ਲੋਕਾਂ ਦਾ ਅਪਮਾਨ ਕਰਨਾ ਨਹੀਂ ਸੀ। ਉਨ੍ਹਾਂ ਆਪਣੇ ਬਿਆਨ ਨੂੰ ਰਾਜਨੀਤੀਵਾਨਾਂ ਵਾਲੀ ਚਲਾਕੀ ਭਰੀ ਪੁੱਠ ਦਿੰਦਿਆਂ ਕਿਹਾ ਕਿ ਮੇਰਾ ਮਤਲਬ ਉਨ੍ਹਾਂ ਏਅਰਲਾਈਨਜ਼ ਤੋਂ ਸੀ ਜੋ ਡੰਗਰਾਂ ਵਾਂਗ ਯਾਤਰੀਆਂ ਨੂੰ ਜਹਾਜ਼ 'ਚ ਤੁੰਨ ਲੈਂਦੇ ਹਨ ਪਰ ਬਹੁਤ ਸਾਰੇ ਲੋਕਾਂ ਨੇ ਮੇਰੇ ਇਸ ਬਿਆਨ ਦਾ ਗਲਤ ਮਤਲਬ ਕੱਢਿਆ। ਉਧਰ ਕਾਂਗਰਸ ਪਾਰਟੀ ਨੇ ਹਾਲ ਹੀ ਵਿਚ ਕਿਹਾ ਹੈ ਕਿ ਸਮਾਂ ਆਉਣ 'ਤੇ ਵਿਦੇਸ਼ ਰਾਜਮੰਤਰੀ ਸ਼ਸ਼ੀ ਥਰੂਰ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ। ਕਾਂਗਰਸੀ ਬੁਲਾਰੇ ਸ੍ਰੀ ਮੁਨੀਸ਼ ਤਿਵਾੜੀ ਨੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਉਸ ਬਿਆਨ ਕਿ ਸ੍ਰੀ ਥਰੂਰ ਤੋਂ ਅਸਤੀਫਾ ਲਿਆ ਜਾਣਾ ਚਾਹੀਦਾ ਹੈ, ਦਾ ਵੀ ਸਮਰਥਨ ਕੀਤਾ ਹੈ।

ਇਥੇ ਇਸ ਗੱਲ ਦਾ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਸ੍ਰੀ ਸ਼ਸ਼ੀ ਥਰੂਰ ਦੇ ਇਸ ਬਿਆਨ ਦੀ ਵਿਆਪਕ ਪੱਧਰ ਤੇ ਆਲੋਚਨਾ ਹੋਈ ਹੈ। ਭਾਜਪਾ ਅਤੇ ਖੱਬੇ ਪੱਖੀ ਪਾਰਟੀਆਂ ਨੇ ਸ੍ਰੀ ਥਰੂਰ ਦੇ ਇਸ ਬਿਆਨ ਨੂੰ ਲੈ ਕੇ ਕਾਂਗਰਸ ਪਾਰਟੀ ਉਪਰ ਤਕੜੇ ਹਮਲੇ ਕੀਤੇ ਹਨ ਅਤੇ ਕਿਹਾ ਹੈ ਕਿ ਸ੍ਰੀ ਥਰੂਰ ਦਾ ਇਹ ਬਿਆਨ ਕਾਂਗਰਸ ਪਾਰਟੀ ਦੀ ਆਮ ਸਧਾਰਣ ਲੋਕਾਂ ਪ੍ਰਤੀ ਪਹੁੰਚ ਨੂੰ ਹੀ ਉਜਾਗਰ ਕਰਦਾ ਹੈ। ਉਤਰੀ ਭਾਰਤ ਦੇ ਮੀਡੀਆ ਦੀਆਂ ਵੱਡੀਆਂ ਧਿਰਾਂ ਨੇ ਵੀ ਸ੍ਰੀ ਥਰੂਰ ਦੇ ਇਸ ਬਿਆਨ ਦੀ ਜ਼ੋਰਦਾਰ ਆਲੋਚਨਾ ਕੀਤੀ ਹੈ। ਥਰੂਰ ਦੇ ਆਲੋਚਕਾਂ ਦਾ ਆਖਣਾ ਹੈ ਕਿ ਸਾਡੇ ਰਾਜਨੀਤੀਵਾਨ, ਆਮ ਲੋਕਾਂ ਕੋਲ ਸਿਰਫ ਵੋਟਾਂ ਹਾਸਲ ਕਰਨ ਹੀ ਆਉਂਦੇ ਹਨ। ਉਂਝ ਉਨ੍ਹਾਂ ਨੂੰ ਆਮ ਲੋਕਾਂ ਤੋਂ ਬੋ ਆਉਂਦੀ ਹੈ। ਇਸ ਸਾਰੀ ਆਲੋਚਨਾ ਦੇ ਮੱਦੇਨਜ਼ਰ ਇਹ ਗੱਲ ਭੁਲਾਈ ਨਹੀਂ ਜਾ ਸਕਦੀ ਕਿ ਸ੍ਰੀਮਤੀ ਸੋਨੀਆ ਗਾਂਧੀ, ਪ੍ਰਣਬ ਮੁਖਰਜੀ, ਸ਼ਰਦ ਪਵਾਰ, ਜਹਾਜ਼ਾਂ ਦੀ ਇਕਾਨਮੀ ਕਲਾਸ ਵਿਚ ਸਫਰ ਕਰਨ ਲੱਗੇ ਹਨ ਅਤੇ ਇਸੇ ਤਰ੍ਹਾਂ ਸ੍ਰੀ ਰਾਹੁਲ ਗਾਂਧੀ ਪਿਛਲੇ ਦਿਨੀਂ ਆਪਣੀ ਲੁਧਿਆਣਾ ਫੇਰੀ ਸਮੇਂ ਰੇਲ ਦੀ ਸ਼ਤਾਬਦੀ ਐਕਸਪ੍ਰੈਸ ਵਿਚ ਸਫ਼ਰ ਕਰਕੇ ਆਏ ਤੇ ਵਾਪਸ ਗਏ। ਇਸ ਦੌਰਾਨ ਹਰਿਆਣਾ ਵਿਚ ਉਨ੍ਹਾਂ ਉਪਰ ਕੁਝ ਨੌਜਵਾਨਾਂ ਨੇ ਪਥਰਾਅ ਵੀ ਕੀਤਾ। ਇੰਝ ਆਪਣੀ ਸੁਰਖਿਆ ਨੂੰ ਖ਼ਤਰੇ ਵਿਚ ਪਾ ਕੇ ਵੀ ਰਾਹੁਲ ਗਾਂਧੀ ਨੇ ਕਾਂਗਰਸ ਕਲਚਰ ਨੂੰ ਸਧਾਰਣਤਾ ਦੀਆਂ ਲੀਹਾਂ ਵਲ ਮੋੜਨ ਦੀ ਕੋਸ਼ਿਸ਼ ਕੀਤੀ ਹੈ। ਭਾਵੇਂਕਿ ਅਜਿਹਾ ਕਰਨਾ ਹੁਣ ਬਹੁਤ ਜ਼ਿਆਦਾ ਸੌਖਾ ਨਹੀਂ ਹੈ।

ਉਧਰ ਵਿਰੋਧੀ ਧਿਰਾਂ ਇਹ ਵੀ ਆਖ ਰਹੀਆਂ ਹਨ ਕਿ ਕਾਂਗਰਸ ਪਾਰਟੀ ਦੀ ਸਰਕਾਰ ਇਕ ਪਾਸੇ ਤਾਂ ਆਪਣੇ ਆਪ ਨੂੰ ਆਮ ਲੋਕਾਂ ਦੀ ਸਰਕਾਰ ਅਖਵਾ ਰਹੀ ਹੈ ਪਰ ਦੂਜੇ ਪਾਸੇ ਨਾਲ ਹੀ ਉਹ ਆਮ ਲੋਕਾਂ ਪ੍ਰਤੀ ਥਰੂਰ ਵਰਗੀਆਂ ਘਟੀਆਂ ਟਿੱਪਣੀਆਂ ਕਰ ਰਹੀ ਹੈ। ਜੇ ਵਿਰੋਧੀ ਧਿਰ ਦੀ ਆਲੋਚਨਾ ਨੂੰ ਛੱਡ ਵੀ ਦਿੱਤਾ ਜਾਵੇ ਤਦ ਵੀ ਸ੍ਰੀ ਸ਼ਸ਼ੀ ਥਰੂਰ ਦਾ ਆਮ ਸਧਾਰਨ ਲੋਕਾਂ ਪ੍ਰਤੀ ਉਕਤ ਬਿਆਨ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਕ ਗੱਲ ਹੋਰ ਵੀ ਧਿਆਨ ਰੱਖਣ ਵਾਲੀ ਹੈ ਕਿ ਹਵਾਈ ਸਫਰ ਕਰਨ ਵਾਲੇ ਲੋਕ ਉਹ ਭਾਵੇਂ ਇਕਾਨਮੀ ਕਲਾਸ ਵਿਚ ਸਫ਼ਰ ਕਰਦੇ ਹਨ ਜਾਂ ਐਗਜ਼ੀਕਿਊਟਿਵ ਕਲਾਸ ਵਿਚ, ਆਰਥਿਕ ਤੌਰ 'ਤੇ ਬਹੁਤ ਮਾੜੀ ਹਾਲਤ ਵਾਲੇ ਨਹੀਂ ਹੁੰਦੇ। ਭਾਰਤ ਵਿਚ ਆਰਥਿਕ ਤੌਰ 'ਤੇ ਕਾਫੀ ਸਮਰਿਧ ਤਬਕਿਆਂ ਦੇ ਲੋਕ ਹੀ ਹਵਾਈ ਜਹਾਜ਼ਾਂ ਵਿਚ ਸਫਰ ਕਰਨ ਦੇ ਸਮਰੱਥ ਹੋ ਸਕਦੇ ਹਨ। ਸੋ, ਸੋਚਣਾ ਬਣਦਾ ਹੈ ਕਿ ਦੇਸ਼ ਦੇ ਇਕ ਵੱਡੇ ਸਿਆਸੀ ਆਗੂ ਵਲੋਂ ਅਜਿਹਾ ਬਿਆਨ ਕਿਸ ਆਧਾਰ ਤੇ ਦਿੱਤਾ ਗਿਆ? ਕੀ ਸਾਡੇ ਰਾਜਨੀਤਕ ਆਗੂ ਪੜ੍ਹੇ ਲਿਖੇ ਮੂਰਖ ਹਨ? ਉਂਝ ਇਸ ਸੰਦਰਭ ਵਿਚ ਸ਼ਸ਼ੀ ਥਰੂਰ ਦੇ ਕੈਰੀਅਰ ਉਪਰ ਵੀ ਇਕ ਪੰਛੀ ਝਾਤ ਮਾਰ ਲੈਣੀ ਜ਼ਰੂਰੀ ਹੈ। 53 ਸਾਲਾ ਸ੍ਰੀ ਸ਼ਸ਼ੀ ਥਰੂਰ ਪੜ੍ਹੇ ਲਿਖੇ ਵਿਅਕਤੀ ਹਨ ਅਤੇ ਸੰਯੁਕਤ ਰਾਸ਼ਟਰ ਵਿਚ ਅੰਡਰ ਸੈਕਟਰੀ ਦੇ ਅਹੁਦੇ ਉਤੇ ਕੰਮ ਕਰ ਚੁੱਕੇ ਹਨ। ਉਹ 2006 ਵਿਚ ਸੰਯੁਕਤ ਰਾਸ਼ਟਰ ਦੇ ਜਰਨਲ ਸਕੱਤਰ ਦੇ ਅਹੁਦੇ ਦੀ ਚੋਣ ਵੀ ਲੜ ਚੁੱਕੇ ਹਨ। ਇਸ ਅਹੁਦੇ ਦੀ ਚੋਣ ਲੜਨ ਵਾਲੇ 7 ਉਮੀਦਵਾਰਾਂ ਵਿਚੋਂ ਉਹ ਦੂਜੇ ਨੰਬਰ 'ਤੇ ਰਹੇ ਸਨ। ਉਨ੍ਹਾਂ ਨੂੰ ਵਿਦੇਸ਼ ਰਾਜਮੰਤਰੀ ਨਿਯੁਕਤ ਕਰਨ ਵੇਲੇ ਕਾਂਗਰਸ ਪਾਰਟੀ ਦੀ ਆਸ ਰਹੀ ਹੋਵੇਗੀ ਕਿ ਇਹ ਕੌਮਾਂਤਰੀ ਪੱਧਰ 'ਤੇ ਜਾਣਿਆ ਪਛਾਣਿਆ ਆਗੂ ਅਤੇ ਡਿਪਲੋਮੈਟ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਆਪਣੇ ਅਹੁਦੇ ਦੀ ਵਰਤੋਂ ਕਰੇਗਾ। ਪਰ ਹਾਲਾਂ ਤੱਕ ਅਜਿਹਾ ਹੁੰਦਾ ਵਿਖਾਈ ਨਹੀਂ ਦੇ ਰਿਹਾ। ਸ੍ਰੀ ਸ਼ਸ਼ੀ ਥਰੂਰ ਦੇ ਬਿਆਨ ਆਮ ਲੋਕਾਂ ਵਿਚ ਕਾਂਗਰਸ ਪਾਰਟੀ ਦੇ ਅਕਸ ਨੂੰ ਧੁੰਦਲਾ ਕਰਨ ਦਾ ਕੰਮ ਹੀ ਕਰ ਰਹੇ ਹਨ। ਜਿਸ ਵੀ ਵਿਅਕਤੀ ਨੂੰ ਕੋਈ ਸਰਕਾਰ ਵਿਸ਼ੇਸ਼ ਅਹੁਦੇ ਦਾ ਮਾਣ ਬਖਸ਼ਦੀ ਹੈ ਉਸ ਤੋਂ ਸੰਬੰਧਿਤ ਪਾਰਟੀ ਨੂੰ ਇਹੋ ਆਸ ਹੁੰਦੀ ਹੈ ਕਿ ਉਹ ਆਮ ਲੋਕਾਂ ਦੀ ਸੇਵਾ ਨਿਭਾਉਣ ਵਿਚ ਚੰਗੀ ਭੂਮਿਕਾ ਅਦਾ ਕਰੇ ਅਤੇ ਅਜਿਹਾ ਕਰਦਿਆਂ ਪਾਰਟੀ ਨੂੰ ਵੀ ਮਜ਼ਬੂਤ ਕਰਨ ਵਿਚ ਆਪਣਾ ਹਿੱਸਾ ਪਾਵੇ। ਸ੍ਰੀ ਸ਼ਸ਼ੀ ਥਰੂਰ ਆਪਣੀ ਇਸ ਭੂਮਿਕਾ ਵਿਚ ਤਕਰੀਬਨ ਅਸਫਲ ਰਹੇ ਹਨ। ਇਸ ਤੋਂ ਪਹਿਲਾਂ ਵੀ ਉਹ ਸ਼ਰਮ-ਅੱਲ-ਸ਼ੇਖ ਵਿਚ ਭਾਰਤ-ਪਾਕਿ ਪ੍ਰਧਾਨ ਮੰਤਰੀਆਂ ਦੇ ਸਾਂਝੇ ਬਿਆਨ ਪ੍ਰਤੀ ਇਕ ਗੈਰਜ਼ਰੂਰੀ ਟਿੱਪਣੀ ਕਰਨ ਕਰਕੇ ਵਿਵਾਦ ਵਿਚ ਘਿਰ ਗਏ ਸਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੁਸੇਵਾਂ ਭਾਜਪਾ ਦਾ!

*ਸੁਣੇ ਕੋਈ ਨਾ ਉਨ੍ਹਾਂ ਦੀ ਗੱਲ ਭੋਰਾ,*
*ਬਣੇ ਦਰਜਣਾਂ ਖਾਲਸਾ ਦਲ ਮੀਆਂ।*
*ਰਹਿਣ ਕੱਢਦੇ ਨੁਕਸ ਹਜ਼ਾਰ ਸਾਡੇ,*
*ਸਿੱਖਾਂ ਵਿਚ ਬਣਾਉਣ ਲਈ ਭੱਲ ਮੀਆਂ।*
*ਲੌਂਗੋਵਾਲੀਆ ਦਲ ਜਾਂ ਮਾਨ-ਬਿੱਟੂ,*
*ਸਾਡੇ ਵਾਸਤੇ ਨਹੀਂ ਕੋਈ ਗੱਲ ਮੀਆਂ।*
*ਟਿੱਲ ਲਾਉਣ ਭਾਵੇਂ 'ਸਰਨੇ' ਲੱਖ 'ਝੀਂਡੇ',*
*ਸਾਨੂੰ ਕੋਈ ਨਾ ਸਕਦਾ ਠੱਲ੍ਹ ਮੀਆਂ।*
*ਬੇਸ਼ੱਕ ਵਿਟਰਿਆ ਫਿਰੇ ਮਨਪ੍ਰੀਤ ਕਾਕਾ,*
*ਕੱਢ ਲਵਾਂਗੇ ਉਹਦਾ ਕੋਈ ਹੱਲ ਮੀਆਂ।*
*ਫਿਰੇ ਰੁੱਸਿਆ ਭਾਵੇਂ ਜਹਾਨ ਸਾਰਾ,*
*ਰੁੱਸੀ 'ਭਾਜਪਾ' ਹੋਣੀ ਨ੍ਹੀਂ ਝੱਲ ਮੀਆਂ!*

# ਪੰਜਾਬੀ ਕਿਸਾਨਾਂ ਲਈ ਖੇਤੀ ਹੁਣ ਘਾਟੇ ਦਾ ਸੌਦਾ

***ਪਿਛਲੇ ਸਾਲ ਤੋਂ ਸਰਕਾਰ ਨੇ 10 ਜੂਨ ਤੋਂ ਪਹਿਲਾਂ ਝੋਨਾ ਲਾਉਣ ਉਪਰ ਕਾਨੂੰਨੀ ਪਾਬੰਦੀ ਲਗਾ ਦਿੱਤੀ ਹੈ, ਕਿਉਂਕਿ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਜਾ ਰਿਹਾ ਹੈ। ਭਾਵੇਂ ਸਰਕਾਰ ਦਾ ਇਹ ਸ਼ਲਾਘਾਯੋਗ ਉਪਰਾਲਾ ਸੀ, ਪਰ ਕਿਸਾਨਾਂ ਨੂੰ ਇਸ ਦੀ ਮਹਿੰਗੀ ਕੀਮਤ ਤਾਰਨੀ ਪੈ ਰਹੀ ਹੈ। ਜਿਹੜੀ ਲੇਬਰ ਕਿਸਾਨਾਂ ਨੂੰ ਝੋਨਾ ਲਾਉਣ ਵਾਸਤੇ 900 ਤੋਂ 1000 ਰੁਪਏ ਪ੍ਰਤੀ ਏਕੜ ਮਿਲਦੀ ਸੀ, 1500 ਤੋਂ 2000 ਰੁਪਏ ਤੱਕ ਪ੍ਰਤੀ ਏਕੜ ਮਿਲਦੀ ਹੈ। ਪੰਜਾਬ ਵਿਚ 26 ਲੱਖ ਹੈਕਟੇਅਰ ਰਕਬਾ ਝੋਨੇ ਹੇਠ ਹੈ। ਜੇਕਰ ਇੱਕ ਹੈਕਟੇਅਰ ਮਗਰ 1000 ਰੁਪਏ ਪ੍ਰਤੀ ਵਧ ਦੇਣਾ ਪਿਆ ਹੈ ਤਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀ ਮਾੜੀ ਆਰਥਿਕਤਾ ਦੀ ਸਹੀ ਤਸਵੀਰ ਦਿਖਣ ਲੱਗ ਪਵੇਗੀ, ਜੋ ਕਿ ਇਕੱਲਾ ਪਾਣੀ ਬਚਾਉਣ ਕਰਕੇ ਪੰਜਾਬ ਦੇ ਕਿਸਾਨਾਂ ਦੀ ਹੋਈ ਹੈ। ਪਾਣੀ ਕੌਮੀ ਸੋਮਾ ਹੈ। ਇਸ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਾਰੇ ਵਰਗਾਂ ਦੀ ਹੈ, ਇਕੱਲੇ ਕਿਸਾਨ ਦੀ ਨਹੀਂ।***

**ਗੁਰਜੀਤ ਸਿੰਘ ਜਹਾਂਗੀਰ**

ਕੇਂਦਰ ਸਰਕਾਰ ਨੇ ਆਰਥਿਕ ਮਸਲਿਆਂ ਬਾਰੇ ਕਮੇਟੀ ਦੀ ਮੀਟਿੰਗ ਵਿਚ ਸਾਉਣੀ ਦੀ ਮੁੱਖ ਫ਼ਸਲ, ਝੋਨੇ ਦੀ ਕੀਮਤ ਵਿਚ 100 ਰੁਪਏ ਦਾ ਵਾਧਾ ਕੀਤਾ ਹੈ, ਜੋ ਖੇਤੀ ਲਾਗਤ ਖਰਚੇ ਦੇ ਹਿਸਾਬ ਨਾਲ ਬਹੁਤ ਘੱਟ ਹੈ। ਭਾਅ ਤੈਅ ਕਰਨ ਸਮੇਂ ਜਿਹੜਾ ਵੱਡਾ ਭੁਲੇਖਾ ਪਾਇਆ ਗਿਆ ਹੈ, ਉਹ ਇਹ ਹੈ ਕਿ ਕਿਸਾਨਾਂ ਨੂੰ ਪਿਛਲੇ ਸਾਲ ਨਾਲੋਂ ਪ੍ਰਤੀ ਕੁਇੰਟਲ ਸਿਰਫ 50 ਰੁਪਏ ਵਧ ਮਿਲਣੇ ਹਨ।

ਪਿਛਲੇ ਸਾਲ ਸਾਉਣੀ ਦੌਰਾਨ ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਨੇ ਝੋਨੇ ਦੇ ਭਾਅ ਦੀ ਸਿਫ਼ਾਰਸ਼ 1050 ਰੁਪਏ ਕੁਇੰਟਲ ਦੀ ਕੀਤੀ ਸੀ, ਪਰ ਸਰਕਾਰ ਨੇ ਘੱਟ ਭਾਅ ਦਿੱਤਾ, ਜਿਸ ਨਾਲ ਕਿਸਾਨਾਂ ਦੀ ਆਰਥਿਕਤਾ ਨੂੰ ਕਾਫੀ ਸੱਟ ਵੱਜੀ ਸੀ। ਇਸ ਵਾਰ ਦੇਸ਼ ਵਿਚ ਸੋਕਾ ਪੈਣ ਕਰਕੇ ਦੇਸ਼ ਦਾ ਤਕਰੀਬਨ 46% ਹਿੱਸਾ ਸੋਕੇ ਦੀ ਮਾਰ ਝੱਲ ਰਿਹਾ ਹੈ। ਪੰਜਾਬ ਵੀ ਇਸ ਕੁਦਰਤੀ ਮਾਰ ਤੋਂ ਬਚ ਨਹੀਂ ਸਕਿਆ, ਜਿਸ ਕਰਕੇ ਪੰਜਾਬ ਦੇ ਕਿਸਾਨਾਂ ਨੇ ਝੋਨੇ ਦੀ ਫ਼ਸਲ ਬਚਾਉਣ ਲਈ ਤਕਰੀਬਨ 500 ਕਰੋੜ ਰੁਪਏ ਖਰਚਣੇ ਹਨ, ਜਿਸ ਵਿਚੋਂ 190 ਕਰੋੜ ਰੁਪਏ ਤਾਂ ਸਰਕਾਰ ਵਲੋਂ ਝੋਨੇ ਦੇ ਸੀਜ਼ਨ ਸਮੇਂ ਡੀਜ਼ਲ ਵਿਚ 2 ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰਨ ਕਰਕੇ ਹੀ ਵਧ ਖਰਚਣੇ ਪਏ। ਸੋਕੇ ਕਾਰਨ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਨਹੀਂ ਮਿਲੀ। ਕਿਸਾਨਾਂ ਨੇ ਜਰਨੇਟਰਾਂ ਨਾਲ ਡੀਜ਼ਲ ਫੂਕ ਕੇ ਬੜੀਆਂ ਮੁਸ਼ਕਲਾਂ ਨਾਲ ਫਸਲਾਂ ਨੂੰ ਬਚਾਇਆ ਹੈ।

ਇੱਕ ਹੋਰ ਵੱਡੀ ਮੁਸ਼ਕਲ, ਜਿਹੜੀ ਕਿਸਾਨਾਂ ਨੂੰ ਪਿਛਲੇ ਸੀਜ਼ਨ ਤੋਂ ਆ ਰਹੀ ਹੈ, ਉਹ ਹੈ ਝੋਨਾ ਲਾਉਣ ਸਮੇਂ ਲੇਬਰ ਦੀ ਘਾਟ। ਪਿਛਲੇ ਸਾਲ ਤੋਂ ਸਰਕਾਰ ਨੇ 10 ਜੂਨ ਤੋਂ ਪਹਿਲਾਂ ਝੋਨਾ ਲਾਉਣ ਉਪਰ ਕਾਨੂੰਨੀ ਪਾਬੰਦੀ ਲਗਾ ਦਿੱਤੀ ਹੈ, ਕਿਉਂਕਿ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਜਾ ਰਿਹਾ ਹੈ। ਭਾਵੇਂ ਸਰਕਾਰ ਦਾ ਇਹ ਸ਼ਲਾਘਾਯੋਗ ਉਪਰਾਲਾ ਸੀ, ਪਰ ਕਿਸਾਨਾਂ ਨੂੰ ਇਸ ਦੀ ਮਹਿੰਗੀ ਕੀਮਤ ਤਾਰਨੀ ਪੈ ਰਹੀ ਹੈ। ਜਿਹੜੀ ਲੇਬਰ ਝੋਨਾ ਲਾਉਣ ਵਾਸਤੇ 900 ਰੁਪਏ ਤੋਂ 1000 ਪ੍ਰਤੀ ਏਕੜ ਮਿਲਦੀ ਸੀ, ਕਿਸਾਨਾਂ ਨੂੰ 1500 ਤੋਂ 2000 ਰੁਪਏ ਤੱਕ ਪ੍ਰਤੀ ਏਕੜ ਮਿਲਦੀ ਹੈ। ਪੰਜਾਬ ਵਿਚ 26 ਲੱਖ ਹੈਕਟੇਅਰ ਰਕਬਾ ਝੋਨੇ ਹੇਠ ਹੈ। ਜੇਕਰ ਇੱਕ ਹੈਕਟੇਅਰ ਮਗਰ 1000 ਰੁਪਏ ਪ੍ਰਤੀ ਵਧ ਦੇਣਾ ਪਿਆ ਹੈ ਤਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀ ਮਾੜੀ ਆਰਥਿਕਤਾ ਦੀ ਸਹੀ ਤਸਵੀਰ ਦਿਖਣ ਲੱਗ ਪਵੇਗੀ, ਜੋ ਕਿ ਇਕੱਲਾ ਪਾਣੀ ਬਚਾਉਣ ਕਰਕੇ ਪੰਜਾਬ ਦੇ ਕਿਸਾਨਾਂ ਦੀ ਹੋਈ ਹੈ। ਪਾਣੀ ਕੌਮੀ ਸੋਮਾ ਹੈ। ਇਸ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਾਰੇ ਵਰਗਾਂ ਦੀ ਹੈ, ਇਕੱਲੇ ਕਿਸਾਨ ਦੀ ਨਹੀਂ। ਕਿਸਾਨ ਤਾਂ ਧਰਤੀ ਵਿਚੋਂ ਪਾਣੀ ਕੱਢ ਕੇ ਲੋਕਾਂ ਦੇ ਢਿੱਡ ਭਰਦਾ ਹੈ, ਜਿਹੜੇ ਹੋਰ ਵਰਗ ਆਪਣੇ ਨਿੱਜੀ ਮੁਫਾਦ ਲਈ ਪਾਣੀ ਦਾ ਨੁਕਸਾਨ ਕਰ ਰਹੇ ਹਨ, ਉਨ੍ਹਾਂ ਲਈ ਕੋਈ ਕਾਨੂੰਨ ਨਹੀਂ। ਖਮਿਆਜ਼ਾ ਇਕੱਲਾ ਕਿਸਾਨ ਭੁਗਤ ਰਿਹਾ ਹੈ। ਇਸਤੋਂ ਇਲਾਵਾ ਖਾਦ ਪਦਾਰਥਾਂ ਵਿਚ ਹੋਏ ਵਾਧੇ ਨੂੰ ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ ਅਤੇ ਨਦੀਨਨਾਸ਼ਕ ਅਤੇ ਕੀਟਨਾਸ਼ਕ ਦਵਾਈਆਂ ਵਿਚ ਵਧੀਆਂ ਕੀਮਤਾਂ ਨੂੰ ਵੀ ਸਰਕਾਰ ਭੁੱਲੀ ਨਹੀਂ। ਇੰਨਾ ਕੁਝ ਜਾਣਨ ਦੇ ਬਾਵਜੂਦ 50 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਿਸਾਨ ਨਾਲ ਕੋਝੇ ਮਜ਼ਾਕ ਤੋਂ ਸਿਵਾਏ ਕੱਖ ਵੀ ਨਹੀਂ ਕਿਹਾ ਜਾ ਸਕਦਾ। ਸਰਕਾਰ ਦਾ ਇਹ ਫੈਸਲਾ ਬੜਾ ਮੰਦਭਾਗਾ ਹੈ।

ਕੇਂਦਰ ਸਰਕਾਰ ਇਹ ਗੱਲ ਮੰਨ ਚੁੱਕੀ ਹੈ ਕਿ ਸੋਕੇ ਕਾਰਨ ਦੇਸ਼ ਵਿਚ ਝੋਨੇ ਹੇਠਲਾ ਰਕਬਾ ਘਟਿਆ ਹੈ ਅਤੇ 100 ਲੱਖ ਟਨ ਝੋਨਾ ਘੱਟ ਹੋਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ। ਸੋਕੇ ਕਾਰਨ ਧਰਤੀ ਹੇਠਲਾ ਪਾਣੀ ਘਟ ਗਿਆ ਹੈ। ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਰਾਜਾਂ ਦੇ ਖੇਤੀ ਮੰਤਰੀਆਂ ਦੀ ਕਾਨਫਰੰਸ ਵਿਚ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਵੀਕਾਰ ਕਰਕੇ ਬਿਆਨ ਦੇ ਚੁੱਕੇ ਹਨ। ਜਿਹੜੀਆਂ ਜਿਣਸਾਂ ਦੀ ਘਾਟ ਹੋਵੇਗੀ, ਸਰਕਾਰ ਉਨ੍ਹਾਂ ਦੀ ਦਰਾਮਦ ਕਰਨ ਲਈ ਪਹਿਲਾਂ ਹੀ ਤਿਆਰ ਬੈਠੀ ਹੈ, ਪਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ 'ਚ ਪਤਾ ਨਹੀਂ, ਕਿਹੜੀ ਮਜਬੂਰੀ ਕਰਕੇ ਪੂਰਾ ਭਾਅ ਨਹੀਂ ਦਿੱਤਾ ਜਾ ਰਿਹਾ, ਹਾਲਾਂਕਿ ਸਰਕਾਰ ਨੂੰ ਦੇਸ਼ ਦੇ ਕਿਸਾਨਾਂ ਦੀ ਵਧ ਤੋਂ ਵਧ ਮਦਦ ਕਰਕੇ ਉਨ੍ਹਾਂ ਨੂੰ ਦੇਸ਼ ਵਿਚੋਂ ਹੀ ਲੋੜਾਂ ਪੂਰੀਆਂ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਸੀ।

ਹਾੜ੍ਹੀ ਦੇ ਸੀਜ਼ਨ 2007 ਦੌਰਾਨ ਸਾਡੇ ਦੇਸ਼ ਵਿਚ ਕਣਕ ਦੇ ਭੰਡਾਰਾਂ ਦੀ ਕਮੀ ਸੀ। ਸਰਕਾਰ ਨੇ ਆਸਟਰੇਲੀਆ ਵਿਚ ਕਣਕ ਦਾ ਸੌਦਾ ਕਰ ਲਿਆ ਸੀ। 1600 ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਕਣਕ ਆਸਟਰੇਲੀਆ ਤੋਂ ਮੰਗਵਾਉਣੀ ਸੀ। ਆਸਟਰੇਲੀਆ ਕੁਝ ਕਣਕ ਭਾਰਤ ਨੂੰ ਭੇਜ ਕੇ ਬਾਅਦ ਵਿਚ ਕਣਕ ਦਾ ਭਾਅ 1600 ਰੁਪਏ ਤੋਂ ਵੱਧ ਮੰਗਣ ਲੱਗ ਪਿਆ ਸੀ। ਮਜਬੂਰੀਵਸ ਸਰਕਾਰ ਨੂੰ ਉਸ ਸਮੇਂ ਸੌਦਾ ਰੱਦ ਕਰਨਾ ਪਿਆ ਸੀ। ਬਾਅਦ ਵਿਚ ਦੇਸ਼ ਵਿਚ ਕਣਕ ਦੇ ਭੰਡਾਰ ਘੱਟ ਹੋਣ ਦੀ ਦੁਹਾਈ ਪਿੱਟੀ ਗਈ ਸੀ। ਕਿਸਾਨਾਂ ਨੇ ਇਕੱਲੇ ਪੰਜਾਬ ਵਿਚੋਂ 100 ਲੱਖ ਟਨ ਕਣਕ ਕੇਂਦਰੀ ਭੰਡਾਰ ਨੂੰ ਭੇਜ ਕੇ ਗੁਦਾਮ ਨੱਕੋ-ਨੱਕ ਭਰ ਦਿੱਤੇ ਪਰ 1600 ਰੁਪਏ ਪ੍ਰਤੀ ਕੁਇੰਟਲ ਕਣਕ ਖਰੀਦਣ ਵਾਲੀ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨੂੰ ਸਿਰਫ 1000 ਰੁਪਏ ਫੀ ਕੁਇੰਟਲ ਦਾ ਭਾਅ ਹੀ ਦਿੱਤਾ ਸੀ। ਹਾੜ੍ਹੀ ਸੀਜ਼ਨ 2008 ਦੌਰਾਨ ਸਰਕਾਰ ਨੇ ਕਣਕ ਦਾ ਭਾਅ ਮਸਾਂ ਹੀ 8% ਵਧਾਇਆ ਸੀ। ਕਿਸਾਨਾਂ ਨੂੰ ਅੰਤਰਰਾਸ਼ਟਰੀ ਮਾਰਕਿਟ 'ਚ ਕਣਕ ਦੇ ਰੇਟ ਬਹੁਤ ਘੱਟ ਹੋਣ ਦੀ ਗੱਲ ਦੱਸੀ ਗਈ ਸੀ। ਜਦੋਂਕਿ ਅੰਤਰਰਾਸ਼ਟਰੀ ਮਾਰਕਿਟ ਵਿਚ ਭਾਅ ਬਹੁਤ ਜ਼ਿਆਦਾ ਸੀ, ਕਿਸਾਨਾਂ ਨੂੰ ਭਾਅ ਉਸ ਸਮੇਂ ਪੂਰਾ ਨਹੀਂ ਦਿੱਤਾ ਗਿਆ। ਜਦੋਂ ਅੰਤਰਰਾਸ਼ਟਰੀ ਮੰਡੀ ਵਿਚ ਭਾਅ ਘੱਟ ਗਿਆ, ਫਿਰ ਤਾਂ ਕਿਸਾਨਾਂ ਨੂੰ ਮਿਲਣਾ ਕੀ ਸੀ? ਅੱਜ ਜਿਹੜੀ ਸਰਕਾਰ ਦਰਾਮਦਾਂ ਦੀ ਗੱਲ ਕਰਦੀ ਹੈ, ਦਰਾਮਦ ਵੇਲੇ ਭਾਅ ਉਨ੍ਹਾਂ ਦੀ ਮਰਜ਼ੀ ਦਾ ਹੋਵੇਗਾ, ਜਿਨ੍ਹਾਂ ਨੇ ਜਿਣਸ ਸਾਡੇ ਦੇਸ਼ ਨੂੰ ਵੇਚਣੀ ਹੈ। ਜਦੋਂ ਦੇਸ਼ ਦਾ ਕਿਸਾਨ ਦੇਸ਼ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੈ ਤਾਂ ਸਰਕਾਰ ਨੂੰ ਦੇਸ਼ ਦੇ ਕਿਸਾਨਾਂ ਦੀ ਸੱਚੇ ਦਿਲੋਂ ਮਦਦ ਕਰਨੀ ਚਾਹੀਦੀ ਹੈ।

ਸਰਕਾਰ ਨੂੰ ਸਭ ਤੋਂ ਪਹਿਲਾ ਕਦਮ ਤਾਂ ਜਿਣਸਾਂ ਦੇ ਭਾਅ ਸੂਚਕ ਅੰਕ ਨਾਲ ਜੋੜ ਕੇ ਹਰ ਵਾਰੀ ਦਾ ਝੰਜਟ ਮੁਕਾ ਦੇਣਾ ਚਾਹੀਦਾ ਹੈ। ਸਮੇਂ-ਸਮੇਂ ਸਿਰ ਅੰਤਰਰਾਸ਼ਟਰੀ ਕੀਮਤਾਂ ਦੇ ਹਿਸਾਬ ਨਾਲ ਬੋਨਸ ਦੇਣਾ ਚਾਹੀਦਾ ਹੈ। ਸਰਕਾਰੀ ਕਰਜ਼ੇ ਦੀਆਂ ਦਰਾਂ 4% ਕਰ ਦੇਣੀਆਂ ਚਾਹੀਦੀਆਂ ਹਨ। ਬੈਂਕਿੰਗ ਸਿਸਟਮ ਸੁਧਾਰ ਕੇ ਕਰਜ਼ਾ ਲੈਣ ਲਈ ਵਿਧੀਆਂ ਸਰਲ ਬਣਾਉਣੀਆਂ ਚਾਹੀਦੀਆਂ ਹਨ। ਕੋਆਪਰੇਟਿਵ ਸੁਸਾਇਟੀਆਂ ਦੀ ਤਰ੍ਹਾਂ ਜਮ੍ਹਾਂਬੰਦੀ ਦੀ ਨਕਲ ਵੇਖ ਕੇ ਕਿਸਾਨਾਂ ਨੂੰ ਕਰਜ਼ਾ ਮਿਲਣਾ ਚਾਹੀਦਾ ਹੈ। ਕਮਰਸ਼ੀਅਲ ਬੈਂਕਾਂ ਕਿਸਾਨਾਂ ਤੋਂ ਆਪਣੇ ਨਾਂ 'ਤੇ ਆੜ ਰਹਿਣਨਾਮੇ ਦੀਆਂ ਰਜਿਸਟਰੀਆਂ ਕਰਵਾਉਂਦੀਆਂ ਹਨ, ਅਜਿਹੀਆਂ ਵਿਧੀਆਂ ਵਿਚ ਕਿਸਾਨਾਂ ਦਾ ਕਾਫੀ ਪੈਸਾ ਰਿਸ਼ਵਤ ਦੇ ਰੂਪ ਵਿਚ ਚਲਾ ਜਾਂਦਾ ਹੈ। ਸਮੇਂ ਦੀ ਬਰਬਾਦੀ ਹੁੰਦੀ ਹੈ। ਅਨਪੜ੍ਹ ਕਿਸਾਨਾਂ ਨੂੰ ਮਾਨਸਿਕ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ।

ਵਾਹੀਯੋਗ ਜ਼ਮੀਨਾਂ ਵਿਚ ਸੁਧਾਰ ਕਰਨਾ ਸਾਡੇ ਦੇਸ਼ ਸਾਹਮਣੇ ਬਹੁਤ ਵੱਡੀ ਲੋੜ ਬਣ ਚੁੱਕੀ ਹੈ, ਕਿਉਂਕਿ ਆਬਾਦੀ ਦੇ ਹਿਸਾਬ ਨਾਲ ਅਸੀਂ ਉਤਪਾਦਨ ਨਹੀਂ ਵਧਾ ਸਕੇ। ਸਾਡੇ ਦੇਸ਼ ਵਿਚ ਇਸ ਸਮੇਂ 14 ਕਰੋੜ ਹੈਕਟੇਅਰ ਭੂਮੀ ਵਾਹੀਯੋਗ ਹੈ, ਜੋ ਕਿ ਕੁੱਲ 34% ਹਿੱਸਾ ਹੀ ਬਣਦੀ ਹੈ। ਸਾਡੇ ਦੇਸ਼ ਦੀ ਆਬਾਦੀ ਬੜੀ ਤੇਜ਼ ਰਫਤਾਰ ਨਾਲ ਵਧ ਰਹੀ ਹੈ, ਪਰ ਉਤਪਾਦਨ ਦਾ ਨਾ ਵਧਣਾ ਦੇਸ਼ ਵਾਸੀਆਂ ਲਈ ਘਰੇਲੂ ਲੋੜਾਂ ਵਿਚ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰ ਸਕਦਾ ਹੈ।

ਭੂਮੀ ਸੁਧਾਰਾਂ ਵਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ, ਜਿਸ ਦੀ ਬਦੌਲਤ ਅੱਜ ਕਾਫੀ ਗਿਣਤੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੋ ਚੁੱਕੀ ਹੈ। ਲੋਕ ਸਸਤੇ ਰਾਸ਼ਨ ਦੀਆਂ ਉਡੀਕਾਂ ਕਰਨ ਲੱਗ ਪਏ ਹਨ। ਆਟਾ-ਦਾਲ ਵਾਲੇ ਲਾਰੇ ਅੱਜਕੱਲ੍ਹ ਚੋਣਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਸਾਡੇ ਦੇਸ਼ ਦੇ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਲੋਕ ਸਭਾ ਵਿਚ ਮੰਨ ਚੁੱਕੇ ਹਨ ਕਿ ਲੋਕਾਂ ਦੇ ਸਸਤੇ ਰਾਸ਼ਨ ਲੈਣ ਲਈ ਬਣਾਏ ਕਾਰਡਾਂ ਵਿਚੋਂ 35% ਬੋਗਸ ਹਨ। ਅੱਜ ਪੰਜ ਦਰਿਆਵਾਂ ਵਾਲੇ ਪੰਜਾਬ ਦੇ 16 ਲੱਖ ਲੋਕ ਸਰਕਾਰੀ ਰਾਸ਼ਨ ਲੈ ਰਹੇ ਹਨ। ਪੰਜਾਬ ਸਰਕਾਰ ਦੇ 4000 ਕਰੋੜ ਰੁਪਏ ਇਕੱਲੀ ਆਟਾ-ਦਾਲ ਸਕੀਮ ਹੀ ਚੱਟ ਜਾਂਦੀ ਹੈ। ਅਜਿਹੀਆਂ ਹਾਲਤਾਂ ਵਿਚ ਭੂਮੀ ਸੁਧਾਰਾਂ ਦੀ ਬਹੁਤ ਲੋੜ ਹੈ।

ਅੱਜ ਸਾਡੇ ਦੇਸ਼ ਦੀ ਵਿਕਾਸ ਦਰ ਕਾਫੀ ਨੀਵੀਂ ਚੱਲ ਰਹੀ ਹੈ। ਇਸ ਨੂੰ ਉਪਰ ਲਿਜਾਣਾ, ਵਿਕਸਤ ਦੇਸ਼ਾਂ ਵਿਚ ਸ਼ਾਮਲ ਹੋਣਾ, ਸਮੇਂ ਦੀ ਮੁੱਖ ਲੋੜ ਹੈ। ਅਰਥਚਾਰੇ ਨੂੰ ਹੁਲਾਰਾ ਦੇਣ ਵਾਸਤੇ ਖੇਤੀ ਸੈਕਟਰ ਨੂੰ ਹੁਲਾਰਾ ਜ਼ਰੂਰ ਦੇਣਾ ਪਵੇਗਾ ਕਿਉਂਕਿ ਖੇਤੀ ਆਰਥਿਕਤਾ ਦੀ ਜੜ੍ਹ ਹੈ। ਅਜਿਹੇ ਹਾਲਾਤ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੂਜੇ ਦੇਸ਼ਾਂ ਵਾਂਗ ਕਿਸਾਨਾਂ ਨੂੰ ਵਧ ਤੋਂ ਵਧ ਸਬਸਿਡੀਆਂ ਦੇ ਕੇ ਕਿਸਾਨਾਂ ਦੀ ਦਿਲੋਂ ਮਦਦ ਕਰਕੇ ਨਵੀਆਂ ਲੀਹਾਂ 'ਤੇ ਤੋਰੇ, ਖੇਤੀ ਜਿਣਸਾਂ ਦੇ ਭਾਅ ਜ਼ਰੂਰ ਸੂਚਕ ਅੰਕ ਨਾਲ ਜੋੜ ਦੇਵੇ ਤਾਂ ਜੋ ਕਿਸਾਨ ਦੇਸ਼ ਨੂੰ ਸਵੈ-ਨਿਰਭਰ ਕਰ ਕੇ, ਦਰਾਮਦਾਂ ਨੂੰ ਕਰਕੇ ਵੀ ਬਰਾਮਦਾਂ ਦੇ ਰਾਹ ਖੋਲ੍ਹ ਸਕੇ।

# ਅਮਰੀਕਾ ਦੀ ਸ਼ਹਿਰੀ ਸੁਰੱਖਿਆ ਵਿਵਸਥਾ ਤੇ ਭਾਰਤ

**ਅਮਰਜੀਤ ਬੱਬਰੀ**

ਬਿਨਾ ਸ਼ੱਕ ਅਮਰੀਕਾ ਦੀ ਦੁਨੀਆਂ 'ਤੇ ਸਰਦਾਰੀ ਹੈ ਅਤੇ ਉਸ ਦਾ ਸਿੱਕਾ ਸਾਰੀ ਦੁਨੀਆਂ ਵਿਚ ਚੱਲਦਾ ਹੈ। ਲਾਦੇਨ ਦੇ ਡਰ ਅਤੇ ਉਸ ਦੀਆਂ ਜਥੇਬੰਦੀਆਂ ਵਲੋਂ ਗਿਆਰਾਂ ਸਤੰਬਰ 2000 ਨੂੰ ਵਰਲਡ ਟਰੇਡ ਸੈਂਟਰ 'ਤੇ ਕੀਤੇ ਹਮਲੇ ਨੇ ਉਥੋਂ ਦੇ ਲੋਕਾਂ ਦੇ ਮਨਾਂ ਵਿਚ ਤਾਂ ਦਹਿਸ਼ਤ ਪੈਦਾ ਕਰਨੀ ਹੀ ਸੀ, ਇਸ ਘਟਨਾ ਨਾਲ ਅਮਰੀਕੀ ਪ੍ਰਸ਼ਾਸਨ ਵੀ ਪੂਰੀ ਤਰ੍ਹਾਂ ਕੰਬ ਗਿਆ ਸੀ। ਇਸੇ ਕੰਬਣੀ ਕਾਰਨ ਹੀ ਅਮਰੀਕੀ ਪ੍ਰਸ਼ਾਸਨ ਦੇ ਸਕਿਉਰਿਟੀ ਵਿਭਾਗ ਨੇ ਦੇਸ਼ ਦੀਆਂ ਸਰਹੱਦਾਂ, ਬੰਦਰਗਾਹਾਂ ਅਤੇ ਏਅਰਪੋਰਟਾਂ 'ਤੇ ਬੜੀ ਸਖ਼ਤੀ ਕਰ ਦਿੱਤੀ ਹੋਈ ਹੈ। ਵਿਦੇਸ਼ੀ ਕੀ, ਆਪਣੇ ਹੀ ਦੇਸ ਦੇ ਲੋਕਾਂ ਦੀ ਅਮਰੀਕਾ ਵਿਚ ਪ੍ਰਵੇਸ਼ ਕਰਦੇ ਸਮੇਂ ਬੜੀ ਬਾਰੀਕੀ ਨਾਲ ਛਾਣਬੀਣ ਕੀਤੀ ਜਾਂਦੀ ਹੈ। ਵਿਦੇਸ਼ੀਆਂ ਵਿਚੋਂ ਖ਼ਾਸ ਤੌਰ 'ਤੇ ਪੱਗ ਵਾਲਿਆਂ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੀ ਤਾਂ ਪੂਰੀ ਤਸੱਲੀ ਹੋਣ ਤੋਂ ਬਾਅਦ ਹੀ ਉਨ੍ਹਾਂ ਨੂੰ ਮੁਲਕ ਵਿਚ ਪ੍ਰਵੇਸ਼ ਕਰਨ ਦਿੱਤਾ ਜਾਂਦਾ ਹੈ।

ਪਿਛਲੇ ਦਿਨੀਂ ਮੈਨੂੰ ਵੀ ਇਕ ਕਾਨਫਰੰਸ ਵਿਚ ਹਿੱਸਾ ਲੈਣ ਲਈ ਅਮਰੀਕਾ ਜਾਣ ਦਾ ਮੌਕਾ ਮਿਲਿਆ। ਸ਼ਿਕਾਗੋ ਏਅਰਪੋਰਟ ਤੋਂ ਅਸੀਂ ਡੋਮੈਸਟਿਕ ਫ਼ਲਾਈਟ ਰਾਹੀਂ ਕਾਨਫ਼ਰੰਸ ਵਾਲੀ ਥਾਂ ਮਿਨੀਐਪੋਲਿਸ ਪਹੁੰਚਣਾ ਸੀ। ਸ਼ਿਕਾਗੋ ਇੰਟਰਨੈਸ਼ਨਲ ਏਅਰਪੋਰਟ ਤੋਂ ਬਾਹਰ ਨਿਕਲਣ ਸਮੇਂ ਸਕਿਉਰਿਟੀ ਚੈਕ ਵਿਚ ਦੀ ਲੰਘ ਕੇ ਜਾਣਾ ਪੈਂਦਾ ਹੈ। ਮੇਰੇ ਨਾਲ ਗਏ ਇੱਕ-ਦੋ ਸਿੱਖ 35-40 ਸਾਲ ਦੀ ਉਮਰ ਦੇ ਲੜਕਿਆਂ ਦੇ ਨਾਲ ਹੀ ਇੱਕ ਹਿੰਦੂ ਨੌਜਵਾਨ ਨੂੰ ਉਨ੍ਹਾਂ ਤਫ਼ਤੀਸ਼ ਲਈ ਰੋਕ ਲਿਆ, ਪਰ 40-45 ਮਿੰਟਾਂ ਬਾਅਦ ਬਿਨਾ ਕੁਝ ਕਹੇ-ਸੁਣੇ ਉਨ੍ਹਾਂ ਨੂੰ ਅਮਰੀਕਾ ਵਿਚ ਪ੍ਰਵੇਸ਼ ਕਰਨ ਦੀ ਆਗਿਆ ਦੇ ਦਿੱਤੀ।

ਸਕਿਉਰਿਟੀ ਵਾਲਿਆਂ ਦਾ ਅਜਿਹਾ ਵਤੀਰਾ ਵੇਖ ਕੇ ਮੇਰੇ ਮਨ ਵਿਚ ਵੀ ਨਸਲੀ ਵਿਤਕਰੇ ਦਾ ਪ੍ਰਸ਼ਨ ਪੈਦਾ ਹੋਇਆ। ਮਨ ਵਿਚ ਆਇਆ ਕਿ ਇਹ ਲੋਕ ਜਾਣ-ਬੁਝ ਕੇ ਸਾਨੂੰ ਖਰਾਬ ਕਰਦੇ ਹਨ। ਇਸ ਦਾ ਕਾਰਨ ਮੈਂ ਇਹ ਸਮਝਦਾ ਸੀ ਕਿ ਸ਼ਾਇਦ ਗੋਰੇ ਸਾਰੇ ਪੱਗ ਬੰਨ੍ਹਣ ਵਾਲਿਆਂ ਨੂੰ ਲਾਦੇਨ ਦੀ ਜੁੰਡਲੀ ਦੇ ਆਦਮੀ ਹੀ ਸਮਝਦੇ ਹਨ। ਯਾਦ ਰਹੇ ਸਤੰਬਰ 2000 ਦੀ ਘਟਨਾ ਤੋਂ ਬਾਅਦ ਇਕ ਪਗੜੀਧਾਰੀ ਪੰਜਾਬੀ ਮਿਸਟਰ ਸੋਢੀ ਨੂੰ ਉਥੋਂ ਦੇ ਲੋਕਾਂ ਨੇ ਲਾਦੇਨ ਦਾ ਆਦਮੀ ਸਮਝ ਕੇ ਕਤਲ ਕਰ ਦਿੱਤਾ ਸੀ ਪਰ ਵੇਖਦਿਆਂ ਹੀ ਵੇਖਦਿਆਂ ਉਨ੍ਹਾਂ ਆਪਣੇ ਹੀ ਮੁਲਕ ਦੇ ਗੋਰਿਆਂ ਅਤੇ ਮੈਕਸੀਕਨਾਂ ਦੀ ਵੀ ਬੜੀ ਬਾਰੀਕੀ ਨਾਲ ਪੁੱਛ-ਗਿੱਛ ਕੀਤੀ। ਏਥੋਂ ਤੱਕ ਕਿ ਉਨ੍ਹਾਂ ਇਕ ਗੋਰੇ (ਜਹਾਜ਼ ਚਲਾਉਣ ਵਾਲੇ ਅਮਲੇ ਦੇ ਮੈਂਬਰ) ਨੂੰ ਵੀ ਪੁਛ-ਗਿੱਛ ਲਈ ਰੋਕ ਲਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਛਾਣਬੀਣ ਕਰਦੇ ਸਮੇਂ ਕਿਸੇ ਕਿਸਮ ਦੀ ਸ਼ੱਕ ਹੋਣ 'ਤੇ ਉਹ ਆਦਮੀ ਦੇ ਕੱਪੜੇ ਤੱਕ ਵੀ ਉਤਰਵਾ ਦਿੰਦੇ ਹਨ।




ਅਮਰੀਕਨ ਸਕਿਉਰਿਟੀ ਪੁਲਿਸ ਐਨੀ ਚੌਕਸੀ ਤੇ ਬਾਜ਼ ਅੱਖ ਰੱਖਦੀ ਹੈ ਜਿਸ ਨੂੰ ਸਾਰੀ ਦੁਨੀਆਂ ਮੰਨਦੀ ਹੈ। ਉਹ ਨਜਾਇਜ਼ ਤੰਗ ਨਹੀਂ ਕਰਦੀ। ਜਾਇਜ਼ ਨੂੰ ਅਮਰੀਕਾ ਦਾ ਰਾਸ਼ਟਰਪਤੀ ਵੀ ਚੈਲਿੰਜ ਨਹੀਂ ਕਰ ਸਕਦਾ। ਇੰਜ ਨਹੀਂ ਕਿ ਉਹ ਕਿਸੇ ਸਿਆਸਤਦਾਨ ਦੇ ਕਹਿਣ 'ਤੇ ਆਪਣੇ ਕੰਮ ਕਰਨ ਦੇ ਤੌਰ-ਤਰੀਕਿਆਂ ਤੇ ਫਰਜ਼ਾਂ ਦੀ ਉਲੰਘਣਾ ਕਰੇ। ਸਾਡੇ ਮੁਲਕ ਵਾਂਗ ਅਮਰੀਕਾ ਦੀ ਪੁਲਿਸ ਨਾ ਤਾਂ ਵਿਕਾਊ ਹੈ ਅਤੇ ਨਾ ਹੀ ਸਿਆਸਤਦਾਨਾਂ ਦੀ ਰਖੇਲ।

ਅਮਰੀਕਾ ਵਿਚ ਪ੍ਰਵੇਸ਼ ਕਰਨ ਸਮੇਂ ਮੀਡੀਏ ਵਿਚ ਇਕ ਖ਼ਬਰ ਪੂਰੀ ਚਰਚਾ ਵਿਚ ਸੀ ਕਿ ਪੁਲਿਸ ਨੇ ਉਥੋਂ ਦੀ ਸੰਸਾਰ ਪ੍ਰਸਿੱਧ ਯੂਨੀਵਰਸਿਟੀ ਦੇ ਪ੍ਰੋਫੈਸਰ ਹੈਨਰੀ ਲੂਈਸ ਗੇਟਸ ਨੂੰ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਨੂੰ ਉਥੋਂ ਦੇ 'ਟਾਈਮਜ਼ ਮੈਗਜ਼ੀਨ' ਨੇ 1999 ਵਿਚ ਅਮਰੀਕਾ ਵਿਚ ਸਭ ਤੋਂ ਵੱਧ ਰਸੂਖ ਰੱਖਣ ਵਾਲੇ ਪਹਿਲੇ 25 ਆਦਮੀਆਂ ਵਿਚ ਸ਼ੁਮਾਰ ਕੀਤਾ ਸੀ। ਗੇਟਸ ਓਬਾਮਾ ਦਾ ਗੂੜ੍ਹਾ ਮਿੱਤਰ ਵੀ ਹੈ। ਗੇਟਸ ਨੂੰ ਇਸ ਬਿਨਾ 'ਤੇ ਗ੍ਰਿਫਤਾਰ ਕੀਤਾ ਗਿਆ ਸੀ ਕਿ ਉਹ ਜਦੋਂ ਕੁਝ ਦਿਨ ਬਾਹਰ ਛੁੱਟੀਆਂ ਮਨਾ ਕੇ ਵਾਪਸ ਘਰ ਆਣ ਕੇ ਜਿੰਦਾ ਖੋਲ੍ਹਣ ਲੱਗਾ ਤਾਂ ਉਸ ਦੀ ਕਿਸੇ ਗੋਰੀ ਗੁਆਂਢਣ ਨੇ ਪੁਲਿਸ ਨੂੰ ਫੋਨ ਕਰ ਕੇ ਕਹਿ ਦਿੱਤਾ ਕਿ ਕੁਝ ਕਾਲੇ ਲੋਕ ਕਿਸੇ ਦੇ ਘਰ ਚੋਰੀ ਕਰਨ ਲਈ ਵੜ ਗਏ ਹਨ। ਇਸ ਸੂਚਨਾ ਦੇ ਮਿਲਦੇ ਸਾਰ ਹੀ ਪੁਲਿਸ ਆਈ ਤੇ ਉਨ੍ਹਾਂ ਗੇਟਸ ਨੂੰ ਫੜ ਲਿਆ। ਖ਼ਬਰ ਫੈਲਦਿਆਂ ਹੀ ਇਹ ਮਸਲਾ ਭੜਕ ਗਿਆ ਤੇ ਇਸਨੂੰ ਨਸਲੀ ਰੰਗਤ ਮਿਲਣੀ ਸ਼ੁਰੂ ਹੋ ਗਈ।

ਇਸ ਮਸਲੇ ਦੇ ਭਖਣ ਦਾ ਇੱਕ ਕਾਰਨ ਇਹ ਬਣਿਆ ਕਿ ਉਸ ਵਕਤ ਸ੍ਰੀ ਬਰਾਕ ਓਬਾਮਾ ਦੀ ਪ੍ਰੈੱਸ ਕਾਨਫਰੰਸ ਚੱਲ ਰਹੀ ਸੀ। ਉੱਥੇ ਕਿਸੇ ਪੱਤਰਕਾਰ ਨੇ ਗੇਟਸ ਦੀ ਗ੍ਰਿਫਤਾਰੀ ਬਾਰੇ ਪੁੱਛਿਆ ਤੇ ਰਾਸ਼ਟਰਪਤੀ ਓਬਾਮਾ ਨੇ ਪੈਂਦੀ ਸੱਟੇ ਹੀ ਕਹਿ ਦਿੱਤਾ ਕਿ ਪੁਲਿਸ ਨੇ ਮੂਰਖਾਨਾ ਗ਼ਲਤੀ ਕੀਤੀ ਹੈ। ਪ੍ਰੋ. ਗੇਟਸ ਦੇ ਕਾਲਾ ਹੋਣ ਕਾਰਨ ਤੇ ਓਬਾਮਾ ਦੇ ਇਸ ਬਿਆਨ ਨਾਲ ਨਸਲੀ ਤਣਾਅ ਹੋਰ ਵਧ ਗਿਆ। ਗੋਰਿਆਂ ਤੇ ਸੱਜੇ-ਪੱਖੀਆਂ ਨੇ ਓਬਾਮਾ ਦੀ ਰੱਜ ਕੇ ਆਲੋਚਨਾ ਕੀਤੀ। ਪੁਲਿਸ ਵਿਭਾਗ ਨੇ ਵੀ ਓਬਾਮਾ ਦੇ ਬਿਆਨ ਦਾ ਬੁਰਾ ਮਨਾਇਆ। ਓਬਾਮਾ ਦਾ ਪੁਲਿਸ ਦੇ ਕੰਮ ਨੂੰ ਮੂਰਖਾਨਾ ਗਲਤੀ ਕਹਿਣਾ ਸਾਬਤ ਕਰਦਾ ਹੈ ਕਿ ਉਨ੍ਹਾਂ ਨੂੰ ਵੀ ਪੁਲਿਸ ਦੇ ਵਿਹਾਰ ਦਾ ਨਿੱਜੀ ਤਜਰਬਾ ਸ਼ਾਇਦ ਜ਼ਰੂਰ ਹੋਇਆ ਹੋਵੇਗਾ। ਗੇਟਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਓਬਾਮਾ ਨੇ ਇਹ ਵੀ ਕਿਹਾ ਕਿ "ਇਟ ਇਜ਼ ਵੱਟ ਹੈਪਨ ਟੂ ਬਲੈਕਮੈਨ ਇੰਨ ਅਮੈਰਿਕਾ।" ਆਖ਼ਰ ਸ੍ਰੀ ਓਬਾਮਾ ਨੇ ਪੁਲਿਸ ਸਾਰਜੈਂਟ ਕਰਾਊਲੀ ਤੇ ਪ੍ਰੋ. ਗੇਟਸ ਨੂੰ ਵਾਈਟ ਹਾਊਸ ਵਿਚ ਬੁਲਾਇਆ ਤੇ ਬੀਅਰ ਦੇ ਗਲਾਸਾਂ ਦੀ ਟੁਣਕਾਰ ਨਾਲ ਤਣਾਅ ਨੂੰ ਖ਼ਤਮ ਕੀਤਾ।

ਕੁਝ ਦਿਨਾਂ ਬਾਅਦ ਜਦੋਂ ਮੈਂ ਭਾਰਤ ਵਾਪਸ ਪਹੁੰਚਿਆ ਤਾਂ ਏਥੋਂ ਦੀਆਂ ਅਖ਼ਬਾਰਾਂ ਤੇ ਟੀ.ਵੀ. ਸਕਰੀਨ 'ਤੇ ਇਹ ਚਰਚਾ ਜ਼ੋਰਾਂ ਨਾਲ ਚੱਲ ਰਹੀ ਸੀ ਕਿ ਬਾਲੀਵੁੱਡ ਦੇ ਅਦਾਕਾਰ ਸ਼ਾਹਰੁਖ ਖ਼ਾਨ ਕੋਲੋਂ ਅਮਰੀਕਨ ਸਕਿਉਰਿਟੀ ਪੁਲਿਸ ਨੇ ਏਅਰਪੋਰਟ 'ਤੇ 62 ਮਿੰਟਾਂ ਤੱਕ ਪੁੱਛ-ਪੜਤਾਲ ਕੀਤੀ ਅਤੇ ਪ੍ਰੇਸ਼ਾਨ ਕੀਤਾ। ਮਸਲੇ ਨੂੰ ਇਸ ਗੱਲ ਨੂੰ ਲੈ ਕੇ ਭੜਕਾਇਆ ਜਾ ਰਿਹਾ ਸੀ ਕਿ ਇਕ ਮਸ਼ਹੂਰ ਕਲਾਕਾਰ ਤੋਂ ਅਮਰੀਕੀ ਪੁਲਿਸ ਨੂੰ ਇਸ ਤਰ੍ਹਾਂ ਪੁੱਛ-ਪੜਤਾਲ ਨਹੀਂ ਸੀ ਕਰਨੀ ਚਾਹੀਦੀ ਪਰ ਸਾਡੇ ਲੋਕ ਭੁੱਲ ਜਾਂਦੇ ਹਨ ਕਿ ਅਜਿਹਾ ਤਾਂ ਜਾਰਜ ਫ਼ਰਨਾਂਡੇਜ਼ (ਜਦੋਂ ਉਹ ਕੇਂਦਰੀ ਮੰਤਰੀ ਸੀ) ਨਾਲ ਵੀ ਹੋਇਆ ਸੀ, ਜਦੋਂ ਉਨ੍ਹਾਂ ਦੇ ਕੱਪੜੇ ਲੁਹਾ ਕੇ ਛਾਣਬੀਣ ਕੀਤੀ ਗਈ ਸੀ। ਅਮਰੀਕਨ ਪੁਲਿਸ ਨੇ ਤਾਂ ਆਪਣੇ ਹਾਲੀਵੁੱਡ ਦੇ ਕਈ ਕਹਿੰਦੇ-ਕਹਾਉਂਦੇ ਨਾਮੀ ਐਕਟਰਾਂ ਨੂੰ ਸਕਿਉਰਿਟੀ ਪੱਖੋਂ ਕੁਤਾਹੀ ਕਰਨ 'ਤੇ ਜੇਲ੍ਹ ਦੀ ਹਵਾ ਵੀ ਖੁਆਈ ਹੈ। ਹਾਂ, ਜੇ ਅਮਰੀਕੀ ਪੁਲਿਸ ਆਪਣੇ ਹੀ ਦੇਸ਼ ਦੇ ਮਸ਼ਹੂਰ ਤੇ ਬਾਰਸੂਖ ਬੰਦਿਆਂ ਨਾਲ ਦੇਸ਼ ਦੀ ਸੁੱਰਖਿਆ ਤੇ ਅਮਨ-ਕਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਅਜਿਹਾ ਕਰ ਸਕਦੀ ਹੈ ਤਾਂ ਇੱਕ ਬਾਲੀਵੁੱਡ ਕਲਾਕਾਰ ਨਾਲ ਅਜਿਹੀ ਘਟਨਾ ਦਾ ਵਾਪਰਨਾ ਕੋਈ ਅਨੋਖੀ ਗੱਲ ਨਹੀਂ। ਇਸ ਘਟਨਾ ਨੂੰ ਹਵਾ ਦੇਣ ਵਿਚ ਕਸੂਰ ਪ੍ਰੈਸ, ਮੀਡੀਏ ਜਾਂ ਆਲੋਚਕਾਂ ਦਾ ਨਹੀਂ ਹੈ, ਕਸੂਰ ਸਾਡੀ ਸੋਚ ਦਾ ਹੈ। ਸਾਡੀ ਸੋਚ ਵਿਚ ਜੋ ਪੁਲਿਸ ਦੇ ਘਟੀਆ, ਭ੍ਰਿਸ਼ਟਾਚਾਰੀ ਤੇ ਵਿਕਾਊ ਹੋਣ ਦਾ ਅਕਸ ਬਣਿਆ ਹੈ, ਉਹੀ ਸਾਡੇ ਸਿਰ ਚੜ੍ਹ ਕੇ ਬੋਲਦਾ ਹੈ। ਬਿਨਾ ਸ਼ੱਕ ਸਾਡੇ ਦੇਸ਼ ਦੀ ਪੁਲਿਸ ਵਿਕਾਊ, ਰਿਸ਼ਵਤਖੋਰ, ਜ਼ਾਲਮ ਤੇ ਬਾਰਸੂਖ ਬਦਮਾਸ਼ਾਂ ਤੇ ਨੇਤਾਵਾਂ ਦੀ ਰਖੇਲ ਹੈ। ਪਰ ਇਸ ਦੇ ਮੁਕਾਬਲੇ ਅਮਰੀਕੀ ਪੁਲਿਸ ਕਿਧਰੇ ਸਾਫ-ਸੁਥਰੇ ਅਕਸ ਵਾਲੀ, ਇਮਾਨਦਾਰ ਹੈ ਅਤੇ ਉਸ ਦੀ ਨਜ਼ਰ ਵਿਚ ਇਕ ਸਧਾਰਨ ਆਦਮੀ, ਗੇਟਸ ਵਰਗਾ ਬਾਰਸੂਖ ਆਦਮੀ ਤੇ ਸ਼ਾਹਰੁਖ ਖ਼ਾਨ ਵਰਗਾ ਮਹਾਨ ਕਲਾਕਾਰ ਸਭ ਬਰਾਬਰ ਹਨ। ਉਨ੍ਹਾਂ ਦਾ ਵਰਤਾਓ ਹਰੇਕ ਨਾਲ ਇਕੋ ਜਿਹੇ ਵਿਹਾਰ ਦੀ ਜ਼ਾਮਨੀ ਭਰਦਾ ਹੈ।

9/11 ਦਾ ਸੰਤਾਪ ਭੋਗ ਚੁੱਕੇ ਮੁਲਕ ਦੀ ਸਕਿਉਰਿਟੀ ਜੇ ਛਾਣਬੀਣ ਕਰਦੀ ਹੈ ਤਾਂ ਉਸ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ, ਸਗੋਂ ਉਸਨੂੰ ਸਹਿਯੋਗ ਦੇਣਾ ਚਾਹੀਦਾ ਹੈ। ਲੋੜ ਆਪਣੇ ਦੇਸ਼ ਦੀ ਪੁਲਿਸ ਨੂੰ ਵੀ ਉਨ੍ਹਾਂ ਵਰਗੀ ਇਮਾਨਦਾਰ ਤੇ ਡਿਊਟੀ ਦੀ ਪਾਬੰਦ ਬਣਨ ਲਈ ਪ੍ਰੇਰਨ ਦੀ ਹੈ, ਤਾਂ ਜੁ ਉਹ ਕਿਸੇ ਮਾੜੇ ਨਾਲ ਵਧੀਕੀ ਨਾ ਕਰੇ ਅਤੇ ਨਾ ਹੀ ਕਿਸੇ ਨੂੰ ਗ਼ਲਤ ਫਸਾਇਆ ਜਾਵੇ। ਕਿੰਨਾ ਫ਼ਰਕ ਹੈ ਦੋਹਾਂ ਮੁਲਕਾਂ ਦੀ ਪੁਲਿਸ ਤੇ ਬਾਰਸੂਖ ਬੰਦਿਆਂ ਦੀ ਸੋਚਣੀ ਵਿਚ। ਇਸ ਮੁਲਕ ਦਾ ਇਕ ਬਾਰਸੂਖ ਆਦਮੀ ਸੜਕ 'ਤੇ ਲੱਗੇ ਟੋਲ ਟੈਕਸ ਲੈਣ ਵਾਲੇ ਨੂੰ ਰੋਹਬ ਮਾਰ ਕੇ ਬਿਨਾ ਟੋਲ ਟੈਕਸ ਦਿੱਤੇ ਲੰਘ ਜਾਂਦਾ ਹੈ। ਪੈਸੇ ਤੇ ਸੱਤਾ ਦੇ ਜ਼ੋਰ ਨਾਲ ਹਰ ਛੋਟੇ-ਵੱਡੇ ਪੁਲਿਸ ਅਧਿਕਾਰੀ ਨੂੰ ਖ਼ਰੀਦ ਕੇ ਆਪਣੇ ਵਿਰੋਧੀ 'ਤੇ ਕਿਸੇ ਵੀ ਕਿਸਮ ਦਾ ਕੇਸ ਪਵਾ ਸਕਦਾ ਹੈ। ਦੂਜੇ ਪਾਸੇ ਫਰਜ਼, ਇਮਾਨਦਾਰੀ ਤੇ ਸਾਰਿਆਂ ਨਾਲ ਇਕੋ ਜਿਹੇ ਵਿਹਾਰ ਵਾਲਾ ਕਿਰਦਾਰ ਹੈ। ਲੋੜ ਉਨ੍ਹਾਂ ਤੋਂ ਸਿੱਖਣ ਦੀ ਹੈ, ਖ਼ਾਸ ਤੌਰ 'ਤੇ ਨੇਤਾਵਾਂ ਤੇ ਪੁਲਿਸ ਨੂੰ। ਭ੍ਰਿਸ਼ਟ ਸਿਆਸੀ ਮਾਹੌਲ ਅਤੇ ਬੇਈਮਾਨ ਪੁਲਿਸ ਤੰਤਰ ਦੇ ਹੁੰਦਿਆਂ ਸਿੱਖਣ-ਸਿਖਾਉਣ ਬਾਰੇ ਗੱਲ ਕਰਨਾ ਵੀ ਸ਼ਾਇਦ ਬਹੁਤ ਦੂਰ ਦੀ ਕੌਡੀ ਹੈ।

*ਤਮਾਂਗ ਰਿਪੋਰਟ ਪਲਿਸ ਦੀ ਕਹਾਣੀ ਵਿਚਲੇ ਮੂੰਹ-ਪਾੜਵੇਂ ਮਘੋਰਿਆਂ ਦੀਆਂ ਵੀ ਧੱਜੀਆਂ ਉਡਾਉਂਦੀ ਹੈ ਕਿ ਇਹ ਚਾਰੇ ਵਿਅਕਤੀ ਮਾਰੇ ਕਿਵੇਂ ਗਏ। ਭਾਵੇਂ ਰਾਜ ਸਰਕਾਰ ਮੈਜਿਸਟਰੇਟੀ ਜਾਂਚ ਦੇ ਸਿੱਟਿਆਂ ਉੱਤੇ ਅਮਲ ਕਰਨ ਦੀ ਪਾਬੰਦੀ ਨਹੀਂ ਹੈ ਅਤੇ ਉਸਨੇ ਹੁਣ ਹਾਈ ਕੋਰਟ ਕੋਲੋਂ ਸਟੇਅ ਵੀ ਲੈ ਲਿਆ ਹੈ, ਪ੍ਰੰਤੂ ਇਹ ਗੱਲ ਤਾਂ ਸਪੱਸ਼ਟ ਹੈ ਕਿ ਇਨ੍ਹਾਂ ਘਿਨਾਉਣੇ ਕਤਲਾਂ ਦਾ ਮਾਮਲਾ ਉਘਾੜ ਕੇ ਪੇਸ਼ ਕਰ ਦਿੱਤਾ ਗਿਆ ਹੈ।*

# ਇਸ਼ਰਤ ਜਹਾਂ ਦੇ ਅਖੌਤੀ ਪੁਲਿਸ ਮੁਕਾਬਲੇ ਦੀ ਨਿਆਂਇਕ ਜਾਂਚ ਦਾ ਮਾਮਲਾ

**ਸਿਧਾਰਥ ਵਰਦਾਰਾਜਨ**

ਜਦੋਂ ਪੁਲਿਸ ਕਿਸੇ ਵਿਅਕਤੀ ਨੂੰ 'ਮੁਕਾਬਲੇ' ਜਾਂ ਕਾਰਵਾਈ ਦੌਰਾਨ ਮਾਰ ਦਿੰਦੀ ਹੈ ਤਾਂ ਕਨੂੰਨ ਇਸ ਬਾਰੇ ਬਹੁਤ ਸਪਸ਼ਟ ਹੈ ਕਿ ਅੱਗੋਂ ਕੀ ਹੋਣਾ ਚਾਹੀਦਾ ਹੈ। 2003 ਵਿਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਸ੍ਰੀ ਏ.ਐਸ. ਆਨੰਦ ਨੇ ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ ਦੇ ਮੁਖੀ ਵਜੋਂ ਇਕ ਚਿੱਠੀ ਵਿਚ ਸਾਰੇ ਮੁੱਖ ਮੰਤਰੀਆਂ ਨੂੰ ਲਿਖਿਆ ਸੀ, "ਪੁਲਿਸ ਕੋਲ ਇਸ ਗੱਲ ਦਾ ਅਧਿਕਾਰ ਨਹੀਂ ਹੈ ਕਿ ਉਹ ਕਿਸੇ ਵਿਅਕਤੀ ਦੀ ਜਾਨ ਲੈ ਲਵੇ। ਜੇ ਆਪਣੇ ਕਿਸੇ ਕਾਰੇ ਰਾਹੀਂ ਇਕ ਪੁਲਸੀਆ ਇਕ ਵਿਅਕਤੀ ਨੂੰ ਕਤਲ ਕਰ ਦਿੰਦਾ ਹੈ, ਜਾਂ ਉਹ ਅਜਿਹਾ ਕੋਈ ਹੋਰ ਜ਼ੁਰਮ ਕਰਦਾ ਹੈ ਤਾਂ ਉਹ ਇਕ ਦੋਸ਼ਪੂਰਨ ਮਾਨਵ-ਘਾਤ ਕਰਦਾ ਹੈ ਅਤੇ ਇਹ ਓਨੀ ਦੇਰ ਕਤਲ ਹੀ ਸਮਝਿਆ ਜਾਏਗਾ, ਜਿੰਨੀ ਦੇਰ ਇਹ ਸਾਬਤ ਨਹੀਂ ਹੋ ਜਾਂਦਾ ਕਿ ਅਜਿਹਾ ਕਤਲ ਕਾਨੂੰਨ ਅਧੀਨ ਅਪਰਾਧ ਨਹੀਂ ਹੈ।" ਪੁਲਿਸ ਨੂੰ ਦੋ ਰਿਆਇਤੀ ਹਾਲਾਤ ਦੀ ਮਿਸਾਲ ਦਿੰਦਿਆਂ ਹੋਇਆਂ ਉਨ੍ਹਾਂ ਲਿਖਿਆ ਸੀ, "ਇੰਜ ਇਹ ਸਪੱਸ਼ਟ ਹੈ ਕਿ ਇਕ ਮੁਕਾਬਲੇ ਵਿਚ ਕੀਤੀ ਗਈ ਹੱਤਿਆ ਜੇ ਹੱਕੀ ਨਹੀਂ ਹੈ ਤਾਂ ਉਸਨੂੰ ਇਕ ਦੋਸ਼ਪੂਰਨ ਮਾਨਵਘਾਤ ਦਾ ਜ਼ੁਰਮ ਹੀ ਸਮਝਿਆ ਜਾਏਗਾ।"

ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ ਰਾਜ ਸਰਕਾਰਾਂ ਨੂੰ ਕਨੂੰਨ ਦਾ ਚੇਤਾ ਕਰਵਾਉਂਦਿਆਂ ਹੋਇਆਂ ਕੋਈ ਖੋਖਲਾ ਸਮਾਜਕ ਸਬਕ ਦੇਣ ਦਾ ਯਤਨ ਨਹੀਂ ਸੀ ਕਰ ਰਿਹਾ। ਸੰਦਰਭ ਓਦੋਂ ਵੀ ਇਹੋ ਸੀ ਅਤੇ ਹੁਣ ਵੀ ਕਿ ਪੁਲਿਸ ਅਤੇ ਦੂਜੇ ਸੁਰੱਖਿਆ ਬਲ ਗੋਲੀ ਚਲਾਉਣ ਅਤੇ ਕਤਲ ਕਰ ਦੇਣ ਲਈ ਆਪਣੀ ਸ਼ਕਤੀ ਦੀ ਗਲਤ ਵਰਤੋਂ ਕਰਨ ਦਾ ਰੁਝਾਨ ਰੱਖਦੇ ਹਨ, ਇਸ ਮਕਸਦ ਲਈ ਉਹ ਝੂਠੇ ਮੁਕਾਬਲੇ ਰਚਦੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਉਨ੍ਹਾਂ ਵਿਅਕਤੀਆਂ ਨੂੰ ਖਤਮ ਕਰ ਦਿੱਤਾ ਜਾਂਦਾ ਹੈ, ਜਿਨ੍ਹਾਂ ਉਪਰ ਦਹਿਸ਼ਤਗਰਦ ਜਾਂ ਆਦੀ ਮੁਜ਼ਰਮ ਹੋਣ ਦਾ ਦੋਸ਼ ਮੜ੍ਹਦੇ ਹਨ। ਨਿਰਣਾਇਕ ਤੌਰ 'ਤੇ ਦਿੱਲੀ ਪੁਲਿਸ ਵਲੋਂ ਆਂਸਲ ਪਲਾਜ਼ਾ ਸ਼ਾਪਿੰਗ ਮਾਲ ਵਿਚ 2002 ਨੂੰ ਰਚੇ ਗਏ ਮੁਕਾਬਲੇ ਵਿਚ ਅਜਿਹਾ ਹੀ ਵਾਪਰਿਆ ਸੀ।

ਭਾਵੇਂ ਪੁਲਿਸ ਨੂੰ ਇਨ੍ਹਾਂ ਨਿਆਂ ਪ੍ਰਕਿਰਿਆ ਤੋਂ ਬਾਹਰ ਜਾ ਕੇ ਕੀਤੇ ਕਤਲਾਂ ਲਈ ਕੁਝ ਹੱਦ ਤੱਕ ਪ੍ਰਸ਼ੰਸਾ ਮਿਲਦੀ ਆਈ ਹੈ, ਪ੍ਰੰਤੂ ਜਿਸ ਤੇਜ਼ੀ ਅਤੇ ਬੇਹਯਾਈ ਨਾਲ ਹੁਣੇ ਜਿਹੇ ਦੇ ਕੁਝ ਮੁਕਾਬਲੇ ਹੋਏ ਹਨ ਅਤੇ ਜਿਵੇਂ ਕੁਝ ਅਜਿਹੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਉਸ ਨਾਲ ਪੁਲਿਸ ਦੀ ਬਦਨਾਮੀ ਹੋਈ ਹੈ। ਇਨ੍ਹਾਂ ਵਿਚੋਂ ਕਈ ਦਹਿਸ਼ਤਗਰਦੀ ਨਾਲ ਬਿਲਕੁਲ ਹੀ ਸੰਬੰਧਤ ਨਹੀਂ ਸਨ। ਇਨ੍ਹਾਂ ਵਿਚ ਸੁਹਰਾਬੂਦੀਨ, ਕੌਸਰ ਬੀ ਅਤੇ ਪੰਜ ਬੇਕਸੂਰ ਕਸ਼ਮੀਰੀ ਜੋ ਅਨੰਤਨਾਗ ਦੇ ਆਲੇ-ਦੁਆਲਿਓਂ ਚੁੱਕੇ ਗਏ ਅਤੇ ਜਿਨ੍ਹਾਂ ਨੂੰ 2000 ਵਿਚ ਪੰਚਾਲਥਨ ਵਿਚ ਮਾਰ ਮੁਕਾਇਆ ਗਿਆ, ਸ਼ਾਮਲ ਹਨ। ਇਸ ਕਾਰਨ ਜਨਤਾ ਵਲੋਂ ਵੀ ਇਹ ਮੰਗ ਉਠੀ ਹੈ ਕਿ ਜਵਾਬਦੇਹੀ ਨਿਸ਼ਚਿਤ ਕੀਤੀ ਜਾਵੇ। ਇਹ ਘਟਨਾਵਾਂ ਪੁਲਿਸ ਵਧੀਕੀਆਂ ਦੇ ਮਾਮਲੇ ਨੂੰ ਮੁੜ ਉਭਾਰ ਕੇ ਪੇਸ਼ ਕਰਦੀਆਂ ਹਨ ਤੇ ਇਹ ਮੰਗ ਖੜ੍ਹੀ ਕਰਦੀਆਂ ਹਨ ਕਿ ਇਸ ਰੁਝਾਨ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ।

ਇਸ ਸਾਰੇ ਮਾਮਲੇ ਵਿਚ ਮੁੱਖ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਫ਼ੈਸਲਾ ਕੌਣ ਕਰੇਗਾ ਕਿ ਮੁਕਾਬਲੇ ਵਿਚ ਕੀਤੀ ਗਈ ਹੱਤਿਆ ਹੱਕੀ ਹੈ ਜਾਂ ਨਹੀਂ? ਕੋਈ ਵੀ ਸੱਭਿਅਕ ਸਮਾਜ ਇਹ ਕੰਮ ਓਸੇ ਹੀ ਸੁਰੱਖਿਆ ਫੋਰਸ ਦੇ ਹਵਾਲੇ ਨਹੀਂ ਕਰ ਸਕਦਾ, ਜਿਸ ਨੇ ਇਹ ਹੱਤਿਆ ਖ਼ੁਦ ਕੀਤੀ ਹੋਵੇ। ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਹੈ ਕਿ ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ ਦੀਆਂ ਇਸ ਬਾਰੇ ਹਦਾਇਤਾਂ ਬਹੁਤ ਸਪੱਸ਼ਟ ਹਨ, "ਮੌਤ ਦੇ ਹਰ ਅਜਿਹੇ ਮਾਮਲੇ ਵਿਚ, ਜਿਹੜਾ ਵੀ ਪੁਲਿਸ ਦੀ ਕਾਰਵਾਈ ਦੌਰਾਨ ਵਾਪਰਿਆ ਹੋਵੇ, ਇਕ ਮੈਜਿਸਟਰੇਟੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਮ੍ਰਿਤਕ ਦੇ ਅਗਲੇ ਰਿਸ਼ਤੇਦਾਰ ਨੂੰ ਅਜਿਹੀ ਪੜਤਾਲ ਵਿਚ ਹਮੇਸ਼ਾ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।"

ਫਰਵਰੀ 2009 'ਚ ਆਂਧਰਾ ਪ੍ਰਦੇਸ਼ ਹਾਈ ਕੋਰਟ ਆਪਣੀ ਇੱਕ ਰੂਲਿੰਗ ਵਿਚ ਇਸ ਨਾਲੋਂ ਵੀ ਇਕ ਕਦਮ ਅੱਗੇ ਚਲੀ ਗਈ ਕਿ ਹਰ ਮੁਕਾਬਲੇ, ਜਿਸ ਵਿਚ ਕੋਈ ਮੌਤ ਹੋਈ ਹੋਵੇ, ਦੇ ਸੰਬੰਧ ਵਿਚ ਉਨ੍ਹਾਂ ਪੁਲਿਸ ਅਧਿਕਾਰੀਆਂ ਵਿਰੁਧ ਲਾਜ਼ਮੀ ਤੌਰ 'ਤੇ ਐਫ਼.ਆਈ.ਆਰ. ਦਰਜ ਕੀਤੀ ਜਾਣੀ ਚਾਹੀਦੀ ਹੈ, ਜਿਸ ਉਪਰ ਬਾਅਦ ਵਿਚ ਕਾਰਵਾਈ ਹੋਵੇ ਜਾਂ ਉਸਨੂੰ ਖਾਰਜ ਕਰ ਦਿੱਤਾ ਜਾਵੇ। ਇਸ ਦਾ ਆਧਾਰ ਇੱਕ ਸੁਤੰਤਰ ਤਫ਼ਤੀਸ਼ ਹੋਣੀ ਚਾਹੀਦੀ ਹੈ। ਹਾਈ ਕੋਰਟ ਦੇ ਹੁਕਮ 'ਤੇ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਸੀ, ਜਿਸ ਬਾਰੇ ਅੰਤਮ ਸੁਣਵਾਈ ਅਕਤੂਬਰ ਵਿਚ ਹੋਣੀ ਹੈ।

ਭਾਵੇਂ ਪਹਿਲਾਂ ਵਾਲੇ ਹਾਲਾਤ ਨਾਲੋਂ ਇਹ ਹੁਕਮ ਤਿੱਖਾ ਸੁਧਾਰ ਹੈ, ਪਰ ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਵਿਚ ਦੋ ਨੁਕਸ ਹਨ। ਪਹਿਲਾ ਇਹ ਕਿ ਬਹੁਤੇ ਰਾਜ ਇਸ ਤੋਂ ਸੇਧ ਨਹੀਂ ਲੈਂਦੇ। ਉਧਰ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਵਿਚ ਦੋ ਨੁਕਸ ਹਨ। ਪਹਿਲਾ ਇਹ ਕਿ ਬਹੁਤੇ ਰਾਜ ਇਸ ਤੋ ਸੇਧ ਨਹੀਂ ਲੈਂਦੇ ਅਤੇ ਕਮਿਸ਼ਨ ਇਸ ਬਾਰੇ ਕੁਝ ਕਰਨ ਸੰਬੰਧੀ ਸ਼ਕਤੀਹੀਣ ਹੈ ਅਤੇ ਦੂਜੇ, ਇਹ ਦਿਸ਼ਾ-ਨਿਰਦੇਸ਼ ਇਹ ਗੱਲ ਸਪੱਸ਼ਟ ਨਹੀਂ ਕਰਦੇ ਕਿ ਨਿਆਂਇਕ ਜਾਂਚ ਇਕ ਨਿਆਂਇਕ ਮੈਜਿਸਟਰੇਟ ਵਲੋਂ ਕੀਤੀ ਜਾਣੀ ਚਾਹੀਦੀ ਹੈ, ਜਾਂ ਕਿ ਐਸ.ਡੀ.ਐਮ. ਵਰਗੇ ਐਗਜ਼ੈਕਟਿਵ ਮੈਜਿਸਟਰੇਟ ਵਲੋਂ। ਸ਼ਾਇਦ ਰਾਸ਼ਟਰੀ ਮਾਨਵ ਅਧਿਕਾਰ ਕਮਿਸ਼ਨ ਨੇ ਇਸ ਗੱਲ ਨੂੰ ਸਪੱਸ਼ਟ ਕਰਨਾ ਬੇਲੋੜਾ ਸਮਝਿਆ ਹੋਵੇ। ਕੁਦਰਤੀ ਇਨਸਾਫ ਦੇ ਅਸੂਲਾਂ ਦਾ ਮਤਲਬ ਹੀ ਇਹ ਹੈ ਕਿ ਤਫ਼ਤੀਸ਼ ਕਿਸੇ ਅਜਿਹੇ ਅਧਿਕਾਰੀ ਵਲੋਂ ਕੀਤੀ ਜਾਵੇ, ਜਿਹੜਾ ਪੁਲਿਸ ਤੋਂ ਸੱਚੀਂ-ਮੁੱਚੀਂ ਸੁਤੰਤਰ ਹੋਵੇ। ਉਹ ਸਪੱਸ਼ਟ ਤੌਰ ਉਤੇ ਰਾਜ ਦੀ ਐਗਜ਼ੈਕਟਿਵ ਬ੍ਰਾਂਚ ਦਾ ਮੈਂਬਰ ਨਾ ਹੋਵੇ। ਪ੍ਰੰਤੂ ਇਹ ਤਾਂ ਭਾਰਤ ਹੈ, ਜਿਥੇ ਅਧਿਕਾਰ ਪ੍ਰਾਪਤ ਲੋਕ ਕਾਨੂੰਨ ਦੇ ਰਾਜ ਦੀ ਜੜ੍ਹੀਂ ਤੇਲ ਦੇਣ ਲਈ ਹਰ ਸੰਭਵ ਸਾਧਨ ਵਰਤ ਲੈਂਦੇ ਹਨ। ਇਹੋ ਕਾਰਨ ਹੈ ਕਿ ਅਜਿਹਾ ਕਦੇ-ਕਦਾਈਂ ਹੀ ਹੁੰਦਾ ਹੈ ਕਿ ਪੁਲਿਸ ਮੁਕਾਬਲੇ ਦੀ ਜਾਂਚ ਨਿਆਂਇਕ ਮੈਜਿਸਟਰੇਟ ਤੋਂ ਕਰਵਾਈ ਗਈ ਹੋਵੇ। ਇਹ ਵੱਖਰੀ ਗੱਲ ਹੈ ਕਿ ਕੋਈ ਅਹਿਮਦਾਬਾਦ ਮੈਟਰੋਪੋਲੀਟਨ ਮੈਜਿਸਟਰੇਟ ਸ੍ਰੀ ਐਸ.ਪੀ. ਤਮਾਂਗ ਵਰਗਾ ਨਿਕਲ ਆਵੇ, ਜਿਸ ਨੇ ਆਪਣੀ ਸੁਤੰਤਰ ਰਾਏ ਦੇਣ ਦੀ ਜ਼ਰੂਰਤ ਨੂੰ ਸਮਝਿਆ ਹੈ।

ਜੂਨ 2004 ਦੇ ਮੁਕਾਬਲੇ ਵਿਚ ਇਸ਼ਰਤ ਜਹਾਂ, ਜਾਵੇਦ ਸ਼ੇਖ ਅਤੇ ਦੋ ਹੋਰ ਹੁਣ ਤੱਕ ਨਾ ਪਛਾਣੇ ਜਾ ਸਕੇ ਬੰਦੇ, ਜਿਨ੍ਹਾਂ ਦੇ ਨਾਂਅ ਅਮਜ਼ਦ ਅਲੀ ਰਾਣਾ ਅਤੇ ਜ਼ੀਸ਼ਾਨ ਜੌਹਰ ਦੱਸੇ ਗਏ ਸਨ, ਗੁਜਰਾਤ ਪੁਲਿਸ ਵਲੋਂ ਮਾਰ ਦਿੱਤੇ ਗਏ ਸਨ। ਉਨ੍ਹਾਂ ਬਾਰੇ ਤਫ਼ਤੀਸ਼ ਤਮਾਂਗ ਨੂੰ ਹੀ ਸੌਂਪੇ ਜਾਣ ਦੇ ਤਿੰਨ ਹਫ਼ਤਿਆਂ ਦੇ ਅੰਦਰ ਹੀ ਮੁਕੰਮਲ ਕਰ ਦਿੱਤੀ ਗਈ ਸੀ। ਉਸ ਵਿਚ ਕਹੀਆਂ ਗੱਲਾਂ ਉਸ ਢੰਗ-ਤਰੀਕੇ ਦੀ ਗੰਭੀਰ ਚਿਤਾਵਨੀ ਦਿੰਦੀਆਂ ਹਨ, ਜਿਹੜਾ ਕੁਝ ਪੁਲਿਸ ਅਫਸਰ ਅਪਨਾਉਂਦੇ ਹਨ। ਬਦਕਿਸਮਤੀ ਨਾਲ ਇਹ ਦੱਸਦੀਆਂ ਹਨ ਕਿ ਭਲਾ ਕਿਉਂ ਰਾਜ ਸਰਕਾਰਾਂ ਆਪਣੇ ਪੁਲਿਸ ਬਲਾਂ ਦੀ ਕਾਰਜਕਰਦਗੀ ਦਾ ਆਜ਼ਾਦਾਨਾ ਨਿਆਂਇਕ ਪੁਨਰ-ਨਿਰੀਖਣ ਕਰਵਾਉਣ ਤੋਂ ਮੂੰਹ ਮੋੜਦੀਆਂ ਹਨ।

ਤਮਾਂਗ ਰਿਪੋਰਟ ਪੁਲਿਸ ਦੀ ਕਹਾਣੀ ਵਿਚਲੇ ਮੂੰਹ-ਪਾੜਵੇਂ ਮਘੋਰਿਆਂ ਦੀਆਂ ਵੀ ਧੱਜੀਆਂ ਉਡਾਉਂਦੀ ਹੈ ਕਿ ਇਹ ਚਾਰੇ ਵਿਅਕਤੀ ਮਾਰੇ ਕਿਵੇਂ ਗਏ। ਭਾਵੇਂ ਰਾਜ ਸਰਕਾਰ ਮੈਜਿਸਟਰੇਟੀ ਜਾਂਚ ਦੇ ਸਿੱਟਿਆਂ ਉਤੇ ਅਮਲ ਕਰਨ ਦੀ ਪਾਬੰਦੀ ਨਹੀਂ ਹੈ ਅਤੇ ਉਸਨੇ ਹੁਣ ਹਾਈ ਕੋਰਟ ਕੋਲੋਂ ਸਟੇਅ ਵੀ ਲੈ ਲਿਆ ਹੈ, ਪ੍ਰੰਤੂ ਇਹ ਗੱਲ ਤਾਂ ਸਪੱਸ਼ਟ ਹੈ ਕਿ ਇਨ੍ਹਾਂ ਘਿਨਾਉਣੇ ਕਤਲਾਂ ਦਾ ਮਾਮਲਾ ਉਘਾੜ ਕੇ ਪੇਸ਼ ਕਰ ਦਿੱਤਾ ਗਿਆ ਹੈ। ਤਮਾਂਗ ਰਿਪੋਰਟ ਇਸ ਦਾਅਵੇ ਬਾਰੇ ਵੀ ਸਵਾਲ ਖੜਾ ਕਰਦੀ ਹੈ ਕਿ ਕੀ ਇਸ਼ਰਤ ਜਹਾਂ ਅਤੇ ਤਿੰਨ ਦੂਜੇ ਆਦਮੀ ਲਸ਼ਕਰੇ-ਤੋਇਬਾ ਦੇ ਦਹਿਸ਼ਤਗਰਦ ਸਨ? ਪੁਲਿਸ ਅਧਿਕਾਰੀਆਂ ਨੇ ਆਪਣਾ ਕਾਨੂੰਨੀ ਤੌਰ 'ਤੇ ਅਤੇ ਜਨਤਕ ਰਾਏ ਦੀ ਵਿਸ਼ਾਲ ਅਦਾਲਤ ਵਿਚ ਬਚਾ ਕਰਨ ਲਈ ਮਾਰੇ ਜਾਣ ਵਾਲੇ ਲੋਕਾਂ ਉੱਤੇ ਦਹਿਸ਼ਤਗਰਦੀ ਦਾ ਠੱਪਾ ਲਾਉਣਾ ਜ਼ਰੂਰੀ ਸਮਝਿਆ ਸੀ।

ਜਿਹੜੀ ਥੋੜ੍ਹੀ-ਬਹੁਤ ਸ਼ਹਾਦਤ ਇਸ਼ਰਤ ਦੇ ਐਲ.ਈ.ਟੀ. ਨਾਲ ਸੰਬੰਧਤ ਹੋਣ ਦੀ ਹੈ, ਉਹ ਇਹ ਹੈ ਕਿ ਐਲ.ਈ.ਟੀ. ਦੀ 2004 ਦੀ ਇਕ ਪ੍ਰਕਾਸ਼ਨਾ ਵਿਚ ਇਹ ਜ਼ਿਕਰ ਹੈ ਕਿ ਉਹ ਇਸ ਦਹਿਸ਼ਤਗਰਦ ਗਰੁੱਪ ਦੀ ਮੈਂਬਰ ਸੀ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਦਾਖ਼ਲ ਕੀਤਾ ਗਿਆ ਇੱਕ ਹਲਫ਼ੀਆ ਬਿਆਨ ਉਸ ਦੀ ਸ਼ਮੂਲੀਅਤ ਨੂੰ ਸਬੂਤ ਵਜੋਂ ਪੇਸ਼ ਕਰਦਾ ਹੈ, ਪ੍ਰੰਤੂ ਹੋ ਤਾਂ ਇਹ ਵੀ ਸਕਦਾ ਹੈ ਕਿ ਐਲ.ਈ.ਟੀ. ਦਾ ਇਹ ਦਾਅਵਾ ਮੌਕਾਪ੍ਰਸਤਾਨਾ ਹੋਵੇ ਅਤੇ ਇਕ ਬੇਈਮਾਨੀ ਭਰਿਆ ਯਤਨ ਹੋਵੇ ਜਾਂ ਇਕ ਮੁਸਲਮਾਨ ਔਰਤ ਦੀ ਬਦਕਿਸਮਤ ਮੌਤ ਨਾਲ ਆਪਣੀ ਸ਼ਾਨ ਵਧਾਉਣ ਦਾ ਇੱਕ ਕੋਝਾ ਯਤਨ ਹੀ ਹੋਵੇ। ਇਹ ਗੱਲ ਬੈਤੁਲਾ ਮਹਿਸੂਦ ਵਲੋਂ ਇਸ ਅਪ੍ਰੈਲ ਵਿਚ ਨਿਊ ਯਾਰਕ ਦੇ ਬਿੰਗਹਮਟਨ ਵਿਚ ਹੋਈ ਗੋਲੀਬਾਰੀ ਬਾਰੇ ਆਪਣੀ ਜ਼ਿੰਮੇਵਾਰੀ ਦਾ ਦਾਅਵਾ ਕਰਨ ਵਾਂਗ ਹੀ ਹੋ ਸਕਦੀ ਹੈ। ਗ੍ਰਹਿ ਮੰਤਰਾਲੇ ਦਾ ਹਲਫੀਆ ਬਿਆਨ ਇਸ਼ਰਤ ਦੀ ਜਾਵੇਦ ਸ਼ੇਖ ਨਾਲ ਜਜ਼ਬਾਤੀ ਨੇੜਤਾ ਦਾ ਵੀ ਜ਼ਿਕਰ ਕਰਦਾ ਹੈ, ਜਿਸ ਦਾ ਪਿਛੋਕੜ ਮੁਜ਼ਰਮਾਨਾ ਸੀ ਪ੍ਰੰਤੂ ਇਹ ਹਕੀਕਤ ਤਾਂ ਬਰਕਰਾਰ ਹੈ ਕਿ ਆਪਣੀ ਮੌਤ ਵੇਲੇ ਉਹ ਕਿਸੇ ਵੀ ਵਿਸ਼ੇਸ਼ ਅਪਰਾਧ ਲਈ ਪੁਲਿਸ ਨੂੰ ਲੋੜੀਂਦਾ ਨਹੀਂ ਸੀ ਤੇ ਨਾ ਹੀ ਉਹ ਦਹਿਸ਼ਤਗਰਦੀ ਦੇ ਕਿਸੇ ਮਾਮਲੇ ਨਾਲ ਜੁੜਿਆ ਹੋਇਆ ਸੀ।

ਹਰ ਝੂਠਾ ਮੁਕਾਬਲਾ ਆਪਣੇ ਵਿਚ ਇਕ ਕਹਾਣੀ ਛੁਪਾਈ ਬੈਠਾ ਹੁੰਦਾ ਹੈ, ਪ੍ਰੰਤੂ ਕੁਝ ਤਾਂ ਬਾਕੀਆਂ ਨਾਲੋਂ ਵਧੇਰੇ ਸਨਸਨੀਖੇਜ਼ ਅਤੇ ਘਿਨਾਉਣੇ ਹੁੰਦੇ ਹਨ। ਸੁਹਰਾਬੁਦੀਨ ਅਤੇ ਉਸ ਦੀ ਪਤਨੀ ਦਾ ਗੁਜਰਾਤ ਪੁਲਿਸ ਵਲੋਂ ਕਤਲ ਇਸ ਦੀ ਇੱਕ ਅਜਿਹੀ ਹੀ ਉਦਾਹਰਣ ਹੈ।

# ਚਾਟ, ਚੈਟ ਅਤੇ ਚੀਟ ਦਾ ਚੱਕਰਵਿਊ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

'ਠੱਕ...ਠੱਕ...ਠੱਕ'

ਦਰਵਾਜ਼ਾ ਖੜਕਣ ਦੀ ਆਵਾਜ਼ ਸੁਣ ਕੇ, ਘਰ ਦੇ ਮਾਲਕ ਨੇ ਝੱਬਦੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ਸੰਤਾਂ-ਸਾਧੂਆਂ ਜੈਸਾ ਪਹਿਰਾਵਾ ਪਹਿਨੀ ਬਾਹਰ ਇੱਕ ਬਜ਼ੁਰਗ ਖੜ੍ਹਾ ਸੀ।

''ਹੁਕਮ ਕਰੋ ਬਾਬਾ ਜੀ?'' ਨੇਕ-ਦਿਲ ਧਰਮੀ ਸਰਦਾਰ ਜੀ ਨੇ ਹੱਥ ਜੋੜਦਿਆਂ ਦਰ 'ਤੇ ਖੜੇ ਅਜਨਬੀ ਨੂੰ ਪੁੱਛਿਆ।

''ਭਗਤਾ ਪ੍ਰਸ਼ਾਦਾ ਛਕਣ ਦੀ ਇੱਛਾ ਹੈ!'' ਘਰ ਦੇ ਮਾਲਕ ਦੀ ਮਿੱਠੀ ਬੋਲ-ਬਾਣੀ ਸੁਣ ਕੇ ਬਾਬਾ ਜੀ ਨੇ ਸਿੱਧੀ-ਸਪਾਟ ਚਾਹਤ ਦੱਸ ਦਿੱਤੀ।

''ਜੀਉ ਆਇਆਂ ਨੂੰ, ਧੰਨ ਭਾਗ ਮਹਾਂ-ਪੁਰਸ਼ੋ!'' ਕਹਿ ਕੇ, ਸਰਦਾਰ ਜੀ ਨੇ ਬੜੇ ਆਦਰ ਭਾਅ ਨਾਲ ਬਾਬਾ ਜੀ ਨੂੰ ਬੈਠਕ ਵਿਚ ਬਿਠਾ ਲਿਆ। ਰੋਟੀ-ਟੁੱਕ ਦਾ ਵੇਲਾ ਤਾਂ ਲੰਘ ਚੁੱਕਾ ਸੀ, ਇਸ ਲਈ ਸਰਦਾਰ ਜੀ ਨੇ ਆਪਣੀ ਬੇਟੀ ਨੂੰ ਆਵਾਜ਼ ਮਾਰੀ ਕਿ ਬਾਬਾ ਜੀ ਲਈ ਲੰਗਰ-ਪਾਣੀ ਤਿਆਰ ਕੀਤਾ ਜਾਏ। ਸ਼ਿਸ਼ਟਾਚਾਰ ਵਜੋਂ ਸਰਦਾਰ ਜੀ ਦੀ ਲੜਕੀ ਨੇ ਬਾਬਾ ਜੀ ਨੂੰ ਨਮਸਕਾਰ ਕਰਕੇ ਪੁੱਛਿਆ ਕਿ ਆਪ ਕਿਹੜੀ ਦਾਲ-ਭਾਜੀ ਖਾਣੀ ਪਸੰਦ ਕਰੋਗੇ?

''ਬੀਬਾ, ਅਸੀਂ ਤਾਂ ਰਮਤੇ ਸਾਧੂ ਹਾਂ, ਜਿਹੋ ਜਿਹਾ ਭੋਜਨ ਮਿਲੇ, 'ਸੱਤਿ, ਕਰਕੇ ਛਕ ਲਈਦਾ ਹੈ।'' ਮੰਜੇ 'ਤੇ ਆਸਣ ਜਮਾਉਂਦਿਆਂ ਹੋਇਆ ਸੰਤ ਜੀ ਪ੍ਰਸੰਨ ਹੋ ਕੇ ਬੋਲੇ।

ਜਿੰਨਾ ਚਿਰ ਕੁੜੀ ਰਸੋਈ ਵਿਚ ਰੋਟੀ-ਪਾਣੀ ਤਿਆਰ ਕਰਦੀ ਰਹੀ, ਇਧਰ ਉਸ ਦੇ ਪਿਤਾ ਨੇ ਬਾਬਾ ਜੀ ਨਾਲ ਧਰਮ-ਕਰਮ ਦੀਆਂ ਗੱਲਾਂ ਛੇੜ ਲਈਆਂ। ਸੰਤ ਜੀ ਦੇ ਮੂੰਹੋਂ ਪ੍ਰਵਚਨ ਸੁਣ ਕੇ ਅੱਗੇ ਥਾਲ ਲਿਆ ਪ੍ਰੋਸਿਆ। ਹੱਥ ਜੋੜ ਕੇ ਉੱਪਰ ਵਾਲੇ ਦਾ ਸ਼ੁਕਰਾਨਾ ਕਰਨ ਤੋਂ ਬਾਅਦ ਮਹਾਂਪੁਰਖਾਂ ਨੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ।

ਪਹਿਲੀ ਬੁਰਕੀ ਤਾਂ ਉਸਨੇ ਆਮ ਵਾਂਗ ਦਾਲ ਦੀ ਕੌਲੀ ਵਿਚ ਡੁੱਬੋ ਕੇ ਖਾ ਲਈ ਪਰ ਰੋਟੀ ਨਾਲੋਂ ਦੂਜੀ ਬੁਰਕੀ ਤੋੜ ਕੇ ਉਹ ਭਰੀ ਹੋਈ ਕੌਲੀ ਵਿਚ ਚਮਚੇ ਵਾਂਗ ਫੇਰਨ ਲੱਗ ਪਿਆ। ਬਾਬੇ ਨੂੰ ਅਜਿਹਾ ਕਰਦਿਆਂ ਦੇਖ ਕੇ ਸਰਦਾਰ ਜੀ ਨੇ ਪੁੱਛਿਆ ਕਿ ਬਾਬਾ ਜੀ ਦਾਲ ਕੁਝ ਜ਼ਿਆਦਾ ਗਰਮ ਹੈ? ਉਸਨੇ ਅੰਦਾਜ਼ਾ ਲਾਇਆ ਕਿ ਸ਼ਾਇਦ ਦਾਲ ਵਿਚ ਬੁਰਕੀ ਘੁਮਾ ਕੇ ਬਾਬਾ ਜੀ ਹੁਣੀਂ ਦਾਲ ਠੰਢੀ ਕਰ ਰਹੇ ਹਨ। ਲੇਕਿਨ ਬਾਬਾ ਅੱਗਿਉਂ ਬੋਲੇ, 'ਨਹੀਂ ਭਾਈ ਦਾਲ ਤਾਂ ਠੀਕ ਈ ਐ...ਅਸਲ 'ਚ ਇਹਦੇ ਵਿਚ ਲੂਣ ਮਿਰਚ ਉੱਕਾ ਈ ਹੈ ਨਹੀਂ। ਮੈਂ ਸੋਚਿਆ ਕਿ ਬੀਬਾ ਜੀ ਕਾਹਲੀ ਕਾਹਲੀ ਦਾਲ ਬਣਾਉਣ ਸਮੇਂ ਲੂਣ ਮਸਾਲਾ ਪਾਉਣਾ ਭੁੱਲ ਗਏ ਹੋਣਗੇ ਤੇ ਉਸਨੇ ਸ਼ਾਇਦ ਇਸ ਕੌਲੀ ਵਿਚ ਮਗਰੋਂ ਲੂਣ-ਮਿਰਚ ਪਾਇਆ ਹੋਵੇਗਾ। ਇਸੇ 'ਸ਼ੱਕ' ਕਾਰਨ ਮੈਂ ਦਾਲ ਵਿਚ ਗਰਾਹੀ ਘੁਮਾ ਰਿਹਾ ਸਾਂ। ਪਰ ਬੇਟੀ ਨੇ ਐਸਾ ਵੀ ਨਹੀਂ ਕੀਤਾ...!''

''ਓ ਕਮਲੀਏ ਕੁੜੀਏ!'' ਸ਼ਰਧਾਲੂ ਸਰਦਾਰ ਗੁੱਸੇ ਵਿਚ ਬੋਲਦਾ ਹੋਇਆ ਰਸੋਈ ਵੱਲ ਵਧਿਆ, ''...ਸੰਤਾਂ ਮਹਾਂ-ਪੁਰਸ਼ਾਂ ਵਾਸਤੇ ਭੋਜਨ ਤਿਆਰ ਕਰਦਿਆਂ ਤੂੰ ਇੰਨੀ ਅਣ-ਗਹਿਲੀ ਕਿਉਂ ਵਰਤੀ?'' ਲੇਕਿਨ ਰਸੋਈ ਵਿਚੋਂ ਪੀਸੇ ਹੋਏ ਲੂਣ-ਮਿਰਚ-ਮਸਾਲੇ ਦੀਆਂ ਡੱਬੀਆਂ ਅਤੇ ਇੱਕ ਚਮਚਾ ਹੱਥ 'ਚ ਫੜੀ ਬਾਹਰ ਆ ਰਹੀ ਉਸ ਦੀ ਲੜਕੀ ਦਾ ਬੇ-ਬਾਕ ਜਵਾਬ ਸੁਣ ਕੇ ਸੰਤ ਅਤੇ ਸਰਦਾਰ ਦੇ ਮੂੰਹ ਅੱਡੇ ਹੀ ਰਹਿ ਗਏ!

''ਪਿਤਾ ਜੀ, ਮੈਂ ਭੁੱਲੀ ਨਹੀਂ ਸਾਂ, ਸਗੋਂ ਜਾਣ-ਬੁੱਝ ਕੇ ਹੀ ਮੈਂ ਸੰਤਾਂ ਵਾਸਤੇ ਬਣਾਈ ਦਾਲ ਅਲੂਣੀ ਰੱਖੀ ਸੀ। ਤਾਂ ਕਿ ਗੱਲ ਦੀ ਨਿਰਖ ਪਰਖ ਹੋ ਸਕੇ ਕਿ ਇਹ 'ਮਹਾਂ-ਪੁਰਖ' ਸੱਚ ਮੁੱਚ ਹੀ 'ਰਮਤੇ ਸਾਧੂ' ਹਨ? ਪਰ ਹੁਣ ਮੈਨੂੰ ਗਿਆਨ ਹੋ ਗਿਆ ਹੈ ਕਿ ਇਹ ਕੋਈ ਸਾਧੂ ਨਹੀਂ, ਇਹ ਤਾਂ 'ਸੁਆਦਾਂ ਦਾ ਪੱਟਿਆ' ਹੋਇਆ ਹੀ ਹੈ।...ਅਹਿ ਲਉ ਲੂਣ ਮਸਾਲਾ, ਇਨ੍ਹਾਂ ਦੀ ਦਾਲ 'ਜ਼ਾਇਕੇਦਾਰ' ਬਣਾ ਦਿਉ ਜ਼ਰਾ!''



ਜੀਭ ਦੇ ਸੁਆਦਾਂ ਦਾ ਗੁਲਾਮ ਬਾਬਾ, ਰਮਤਾ ਸਾਧੂ ਬਣਦਾ ਬਣਦਾ ਰਹਿ ਗਿਆ। ਅਲਬੱਤ, ਪਰ ਤੀਖਣ ਬੁੱਧੀ ਵਾਲੀ ਲੜਕੀ ਨੇ ਜੁਗਤ ਵਰਤਦਿਆਂ ਇੱਕ ਢੌਂਗੀ ਦਾ ਪੋਲ ਖੋਲ੍ਹ ਦਿੱਤਾ।

ਜੇ ਕਿਸੇ ਦੇ ਨਿਆਣੇ ਨੂੰ, ਗਵਾਂਢ ਮਹੱਲੇ ਦਾ ਕੋਈ ਅਮਲੀ ਜਾਂ ਬਦ-ਇਖਲਾਕ ਬੰਦਾ ਪੁੱਠੇ ਪਾਸੇ ਪਾਉਣ ਲਈ 'ਪੱਟਣ' ਦਾ ਯਤਨ ਕਰ ਰਿਹਾ ਹੋਵੇ ਤਾਂ ਆਖਿਆ ਜਾਂਦਾ ਹੈ ਕਿ ਫਲਾਂ ਫਲਾਂ ਮੁੰਡਾ ਤਾਂ ਫਲਾਣੇ ਬੰਦੇ ਨੇ 'ਚਾਟੇ' ਲਾਇਆ ਹੋਇਐ। ਅਸਲ ਵਿਚ ਇਸ 'ਚਾਟ' ਸ਼ਬਦ ਦਾ ਸਬੰਧ ਵੀ ਜੀਭ ਦੇ ਚਸਕਿਆਂ ਨਾਲ ਹੀ ਜੁੜਿਆ ਹੋਇਆ ਹੈ।

ਪਹਿਲੋਂ ਪਹਿਲ ਕਿਸੇ ਨੂੰ ਖਾਣ-ਪੀਣ ਦਾ ਸ਼ੌਕੀਨ ਬਣਾ ਕੇ ਆਪਣੇ ਮਗਰ ਲਾਉਣਾ 'ਚਾਟੇ ਲਾਉਣ' ਦੀ ਕੈਟਾਗਰੀ ਵਿਚ ਹੀ ਆਉਂਦਾ ਹੈ। ਸਾਧ-ਬਾਬਿਆਂ ਦੇ ਡੇਰਿਆਂ ਵਿਚ ਪੱਕੀਆਂ-ਪਕਾਈਆਂ ਅਤੇ ਲੂਣ-ਸਲੂਣੀਆਂ ਖਾਣ ਵਾਲੇ ਚਾਟੜਿਆਂ ਲਈ ਹੀ ਇਹ ਅਖਾਣ ਹੋਂਦ ਵਿਚ ਆਇਆ ਲਗਦਾ ਹੈ-

ਜਿਨ੍ਹਾਂ ਚੱਟੇ ਸਾਧਾਂ ਦੇ ਪਤੀਲੇ,<br>
ਉਹ ਮੁੜ ਨਾ ਰਲੇ ਕਬੀਲੇ!

ਵਿਆਹ ਸ਼ਾਦੀਆਂ ਜਾਂ ਹੋਰ ਖਾਣ-ਪੀਣ ਦੀਆਂ ਪਾਰਟੀਆਂ ਮੌਕੇ ਚਾਟ ਦੇ ਸਪੈਸ਼ਲ ਟੇਬਲ ਲੱਗੇ ਦੇਖ ਕੇ ਹੀ ਸ. ਬੈਂਸ ਨੇ ਇਹ ਸਤਰਾਂ ਲਿਖੀਆਂ ਹੋਣਗੀਆਂ-

ਮੱਖਣ, ਦੁੱਧ, ਮਲਾਈਆਂ ਗਿਰੀਆਂ,<br>
ਗੱਭਰੂ ਖਾਣੋਂ ਸਰਕ ਰਹੇ<br>
ਆ ਗਏ ਟਾਕੋ, ਪੀਜ਼ੇ ਬਰਗਰ,<br>
ਗੁੱਝਦੀ ਪੱਕਦੀ ਤੌਣ ਕਦੋਂ?

ਲੇਖ ਦੇ ਸ਼ੁਰੂ 'ਚ ਸੁਣਾਈ ਗਈ ਕਹਾਣੀ ਵਿਚਲੀ ਕੁੜੀ ਜੈਸੀ ਸੋਚ ਰੱਖਣ ਵਾਲੇ ਸੱਜਣ ਜਦੋਂ ਧਾਰਮਿਕ ਜੋੜ ਮੇਲਿਆਂ ਦੇ ਇਸ਼ਤਿਹਾਰਾਂ ਵਿਚ 'ਗਰਮਾਗਰਮ ਜਲੇਬੀਆਂ' ਜਾਂ 'ਸਮੋਸੇ ਪਕੌੜਿਆਂ' ਦਾ ਉਚੇਚਾ ਜ਼ਿਕਰ ਪੜ੍ਹਦੇ ਹੋਣਗੇ ਤਾਂ ਇਸ ਨਵੀਂ ਕਿਸਮ ਦੀ ਚਾਟ ਬਾਰੇ ਜ਼ਰੂਰ ਮਨਾਂ ਵਿਚ ਕੁੜ੍ਹਦੇ ਹੋਣਗੇ।

ਇਸ ਚਾਟ ਦੀ ਦੀਵਾਨਗੀ ਵਿਚ ਭੱਖ-ਅਭੱਖ ਛਕਣ ਵਾਲੀ ਨੌਜਵਾਨ ਪਨੀਰੀ ਫਿਰ 'ਚੈਟ' ਦਾ ਅਨੰਦ ਮਾਣਨ ਲੱਗ ਪੈਂਦੀ ਹੈ। ਚਾਟ ਨਾਲੋਂ ਕਿਤੇ ਵਧ ਖਤਰਨਾਕ ਇਸ ਚੰਦਰੀ ਚੈਟ ਦੀ ਕਾਲੀ ਬੋਲੀ ਹਨੇਰੀ ਨੇ ਸਾਡੇ ਵਿਰਸੇ ਵਿਚ ਇਕ ਤਰ੍ਹਾਂ ਭੁਚਾਲ ਹੀ ਮਚਾ ਦਿੱਤਾ ਹੋਇਆ ਹੈ। ਕੁੜੀਆਂ ਮੁੰਡਿਆਂ ਦੇ ਰਿਸ਼ਤੇ ਨਾਤੇ ਇਕ ਸਮੇਂ ਲਾਗੀ ਹੀ ਕਰਿਆ ਕਰਦੇ ਸਨ। ਫਿਰ ਵਿਚੋਲੇ ਆਏ। ਫਿਰ ਅਖ਼ਬਾਰਾਂ ਜ਼ਰੀਏ ਮਾਂ-ਬਾਪ ਆਪੋ ਵਿਚੀ ਸਿੱਧੇ ਟੱਕਰਨ ਲੱਗੇ। ਹੁਣ ਚੈਟ ਦੀ ਮਿਹਰਬਾਨੀ ਸਦਕਾ ਇਕ-ਇਕ ਦਿਹਾੜੀ ਵਿਚ ਹੀ 'ਤੂੰ ਨਹੀਂ ਕੋਈ ਔਰ ਸਹੀ, ਔਰ ਨਹੀਂ ਕੋਈ ਔਰ ਸਹੀ!' ਵਾਲਾ ਫਾਰਮੂਲ ਅਪਨਾਇਆ ਜਾ ਸਕਦਾ ਹੈ। ਇੱਕ ਸਮੇਂ ਟੈਲੀਫੋਨ ਦੀ 'ਸੁਵਿਧਾ' ਦਾ ਜ਼ਿਕਰ ਕਰਦਿਆਂ ਕਿਸੇ ਕਵੀ ਨੇ ਲਿਖਿਆ ਸੀ;

ਇਸ਼ਕ ਟੈਲੀਫੋਨ ਪਰ,<br>
ਵਿਉਪਾਰ ਟੈਲੀਫੋਨ ਪਰ<br>
ਕਿਆ ਨਹੀ ਹੋਤਾ<br>
ਮੇਰੀ ਸਰਕਾਰ ਟੈਲੀਫੋਨ ਪਰ?

ਲੇਕਿਨ ਹੁਣ ਇਕ ਦੂਜੇ ਨੂੰ 'ਨਿਸ਼ਾਨੀ' ਵਜੋਂ ਰੁਮਾਲ ਦੇਣ ਵਾਲਿਆਂ 'ਤੇ ਇੱਕ ਪੰਜਾਬੀ ਕਵੀ ਵਿਅੰਗ ਕਰਦਾ ਹੈ;

ਵੈਬਸਾਈਟ ਹੱਲ ਹੁਣ ਕਰੇ ਮਸਲੇ 'ਪ੍ਰੇਮ' ਦੇ<br>
ਬੈਠਾ ਅਜੇ ਵੀ ਫੁੱਲ ਤੂੰ ਸੁੰਘਦੈਂ ਰੁਮਾਲ ਦੇ?

ਚੈਟ ਦੀ ਬਿਮਾਰੀ 'ਚ ਗਲਤਾਨ ਹੋਏ ਮੁੰਡੇ-ਕੁੜੀਆਂ ਵਲੋਂ ਸ਼ਰਮ-ਹਯਾ ਦੇ ਛੱਕੇ ਛੁਡਾਏ ਜਾਂਦੇ ਤੱਕ ਕੇ ਕਵੀ ਦਰਸ਼ਨ 'ਬੇਦੀ' ਦਾ ਹਉਕਾ ਸੁਣੋ;

ਅੱਜ ਦੇ ਟੀ.ਵੀ.ਕਲਚਰ ਨੇ<br>
ਹੈ ਹਰ ਇਕ ਰਿਸ਼ਤਾ ਮਿੱਟੀ ਕੀਤਾ,<br>
ਧੀਆਂ ਪੁੱਤ ਹੁਣ ਸ਼ਰਮੋਂ ਸੱਖਣੇ,<br>
ਹੁਣ ਉਹ ਧਰਮੀ ਬਾਬਲ ਕਿੱਥੇ?

ਫਿਲਾਸਫਰ ਬਰਨਾਰਡ ਸ਼ਾਅ ਨੇ ਇਕ ਥਾਂ ਲਿਖਿਆ ਏ ਕਿ ਵਿਗਿਆਨ ਦੀਆਂ ਕਾਢਾਂ ਨੇ ਜਿੱਥੇ ਮਨੁੱਖਤਾ ਨੂੰ ਸੁਖੀ ਬਣਾਇਆ ਏ, ਉਥੇ ਇਨ੍ਹਾਂ ਨਵੀਆਂ ਕਾਢਾਂ ਦੇ ਦੁੱਖ ਵੀ ਐਸੇ ਹਨ, ਜਿਨ੍ਹਾਂ ਦਾ ਇਲਾਜ ਹੀ ਕੋਈ ਨਹੀਂ ਨਜ਼ਰ ਆਉਂਦਾ! ਕਵੀ ਸੁਖਿੰਦਰ ਨੇ ਇੰਟਰਨੈਟ ਨਾਲ ਚਿੰਬੜ ਕੇ ਚੈਟ ਵਿਚ ਮਦਹੋਸ਼ ਹੋਏ ਮੁੰਡੇ-ਕੁੜੀਆਂ ਦੇ ਮਾਪਿਆਂ ਨੂੰ ਸੰਬੋਧਨ ਹੁੰਦਿਆਂ ਇਕ ਲੰਬੀ ਕਵਿਤਾ ਵਿਚ ਦਿਮਾਗ ਨੂੰ ਸੁੰਨ ਕਰ ਦੇਣ ਵਾਲੀਆਂ ਸਤਰਾਂ ਲਿਖੀਆਂ ਹਨ;

ਘਰ ਦੀਆਂ ਛੱਤਾਂ ਉਦੋਂ ਡਿਗਦੀਆਂ ਹਨ<br>
ਜਦੋਂ ਤੁਹਾਡੇ ਆਪਣੇ ਹੀ ਘਰਾਂ ਵਿਚ,<br>
ਗੁੰਡੇ ਜੰਮ ਪੈਣ...<br>
ਜਿਨ੍ਹਾਂ ਨੂੰ ਮਾਂ, ਭੈਣ, ਧੀ ਦੀ<br>
ਕੋਈ ਸ਼ਰਮ ਨਾ ਹੋਵੇ।<br>
ਉਪਭੋਗਤਾਵਾਦ ਦੀ ਚੱਲ ਰਹੀ ਹਨ੍ਹੇਰੀ ਵਿਚ<br>
ਜਿਨ੍ਹਾਂ ਨੂੰ ਮਹਿਜ਼<br>
ਚਮਕਦਾਰ ਚੀਜ਼ਾਂ ਦਾ ਹੀ ਮੋਹ ਹੋਵੇ....<br>
ਕਾਮ-ਵਾਸਨਾ ਜਗਾਂਦੀਆਂ ਵੈਬਸਾਈਟਾਂ 'ਚ<br>
ਉਲਝਿਆਂ, ਜਿਨ੍ਹਾਂ ਦੀ ਹਰ ਸ਼ਾਮ ਬੀਤੇ<br>
ਭੰਗ, ਚਰਸ, ਕਰੈਕ, ਕੁਕੇਨ ਦੇ<br>
ਸੂਟੇ ਲਾਂਦਿਆਂ ਦਿਨ ਚੜ੍ਹੇ!<br>
ਆ ਰਿਹਾ ਹੈ 'ਗਲੋਬਲੀ ਸਭਿਆਚਾਰ'<br>
ਦਨ-ਦਨਾਂਦਾ ਹੋਇਆ, ਪੂਰੀ ਸਜ ਧਜ ਨਾਲ<br>
ਤੁਹਾਡੇ ਬੂਹਿਆਂ 'ਤੇ ਦਸਤਕ ਦੇਣ ਲਈ!...<br>
ਉਹ ਆਵੇਗਾ ਤੁਹਾਡੇ ਵਿਹੜਿਆਂ ਵਿਚ<br>
ਤੁਹਾਡੇ ਬੱਚਿਆਂ ਨੂੰ<br>
ਵਿਆਗਰਾ ਦੀਆਂ ਗੋਲੀਆਂ<br>
ਬਲਿਊ ਮੂਵੀਆਂ ਦੇ ਬਕਸੇ<br>
ਕੰਡੋਮ ਦੀਆਂ ਥੈਲੀਆਂ<br>
ਦੇਹ-ਨਾਦ ਦੇ ਮਹਾਂ-ਸੰਗੀਤ ਵਿਚ<br>
ਗੁੰਮ ਜਾਣ ਲਈ<br>
ਆਏਗੀ ਫਿਰ ਤੁਹਾਡੇ ਵਿਹੜਿਆਂ 'ਚ<br>
ਗਲੋਬਲ ਸਭਿਆਚਾਰਕ ਕ੍ਰਾਂਤੀ<br>
ਤਾਂਡਵ-ਨਾਚ ਕਰਦੀ...<br>
ਨਿਰਮਲ ਪਾਣੀਆਂ ਦੀ ਹਰ ਝੀਲ,<br>
ਹਰ ਝਰਨੇ,<br>
ਹਰ ਸਰੋਵਰ 'ਚ ਗੰਦਗੀ ਦੇ<br>
ਅੰਬਾਰ ਲਾਉਂਦੀ<br>
ਅਜਿਹੀ ਬਦਬੂ ਭਰੀ ਪੌਣ ਵਿਚ<br>
ਅਜਿਹੇ ਪ੍ਰਦੂਸ਼ਿਤ ਪਾਣੀਆਂ ਵਿਚ<br>
ਤਲਖੀਆਂ ਭਰੇ ਮਾਹੌਲ ਵਿਚ<br>
ਤੁਹਾਡੀ ਆਪਣੀ ਹੀ ਔਲਾਦ ਜਦ<br>
ਤੁਹਾਡੇ ਰਾਹਾਂ 'ਚ ਕੰਡੇ ਵਿਛਾਣ ਲੱਗ ਪਵੇ<br>
ਘਰਾਂ ਦੀਆਂ ਛੱਤਾਂ ਉਦੋਂ ਡਿਗਦੀਆਂ ਹਨ...!

ਚਾਟ ਦੇ ਰਸੀਲੇ ਅਤੇ ਚੈਟ ਦੇ ਭੜਕੀਲੇ ਸੰਯੋਗ ਸਦਕਾ, ਮਾਂ-ਬਾਪ ਤੇ ਧਰਮ-ਸਮਾਜ ਨੂੰ ਤਿਲਾਂਜਲੀ ਦੇ ਕੇ ਬਣਾਏ ਰਿਸ਼ਤਿਆਂ ਦਾ ਨਕਸ਼ਾ ਕਿਸੇ ਗੁਮਨਾਮ ਕਵੀ ਨੇ ਇੰਜ ਖਿੱਚਿਆ ਹੈ:

ਤੂੰ,<br>
ਮੈਂ,<br>
ਤੂੰ-ਮੈਂ,<br>
ਤੂੰ-ਤੂੰ-ਮੈਂ ਮੈਂ!

ਕਹਿਣ ਦਾ ਭਾਵ ਕਿ ਚਾਟ ਤੋਂ ਸ਼ੁਰੂ ਹੋਈ ਗੱਲ ਚੈਟ ਥਾਣੀ ਹੁੰਦੀ ਹੋਈ ਅੰਤ ਨੂੰ 'ਚੀਟ' ਉਪਰ ਆ ਢੁੱਕਦੀ ਹੈ। ਇਸ ਕੁਲਹਿਣੀ ਚੀਟ ਉਪਰ ਫਿਰ ਨਾਜਾਇਜ਼ ਰਿਸ਼ਤਿਆਂ ਦੀ ਉਸਾਰੀ ਹੁੰਦੀ ਹੈ। ਜਿਸ ਤੋਂ ਅੱਗੇ ਮਾਰ-ਧਾੜ ਖੂਨ-ਖਰਾਬੇ ਹੁੰਦੇ ਹਨ।

ਹਸਦੇ-ਵਸਦੇ ਘਰ ਦੇਖਦਿਆਂ ਦੇਖਦਿਆਂ ਤਬਾਹ ਹੁੰਦੇ ਹਨ। ਮਾਂ-ਬਾਪ ਅਤੇ ਹੋਰ ਅੰਗ-ਸਾਕ ਬੇ-ਵੱਸ ਹੋਏ ਝੁਰਦੇ ਰਹਿ ਜਾਂਦੇ ਹਨ। ਚਾਟ, ਚੈਟ ਅਤੇ ਚੀਟ ਦੀਆਂ ਮੰਜ਼ਿਲਾਂ ਦੇ ਪਾਂਧੀ ਫਿਰ ਐਸੀਆਂ ਬੀਮਾਰੀਆਂ ਦੇ ਗਲੇ ਲੱਗ ਜਾਂਦੇ ਹਨ, ਜਿਨ੍ਹਾਂ ਬਾਰੇ ਬਾਬੇ ਦੀ ਬਾਣੀ ਡੰਕੇ ਦੀ ਚੋਟ ਨਾਲ ਆਖਦੀ ਏ;

ਖਸਮ ਵਿਸਾਰ ਕੀਏ ਰਸਭੋਗ॥<br>
ਤਾ ਤਨ ਉਠਿ ਖਲੋਏ ਰੋਗ॥

ਕਹਾਵਤ ਹੈ ਕਿ ਅੱਗ ਲਾ ਕੇ ਡੱਬੂ ਨਿਆਈਆਂ ਨੂੰ ਭੱਜ ਜਾਂਦਾ ਹੈ ਪਰ ਚਾਟ, ਚੈਟ ਤੇ ਚੀਟ ਦੇ ਛੜੱਪੇ ਮਾਰਨ ਵਾਲਾ 'ਡੱਬੂ' ਅੱਗ ਬਾਲ ਕੇ ਕਿਤੇ ਨਹੀਂ ਭੱਜਦਾ। ਬਲਕਿ ਇਸ ਡੱਬੂ ਨੂੰ ਆਪਣੇ ਘਰੇ ਮਹਿਮਾਨ ਬਣਾਉਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਹੈ।

ਅੱਗੇ ਰੱਬ ਜਾਣੇ, ਪਰ ਹਾਲਾਤਾਂ ਤੋਂ ਇੰਜ ਲੱਗਦਾ ਹੈ ਕਿ ਭਵਿੱਖ ਵਿਚ ਚਾਟ, ਚੈਟ ਅਤੇ ਚੀਟ ਦੇ ਕਾਲ-ਚੱਕਰ 'ਚੋਂ ਕੋਈ ਹਰਿਆ ਬੂਟ ਹੀ ਬਚ ਸਕੇਗਾ!

---

# ਮੇਰੇ ਪਿੱਪਲਾਂ ਦੀ ਛਾਂ ਹੇਠ ਕੋਈ ਨਹੀਂ ਬੈਠੇਗਾ

ਹਰਪਾਲ ਸਿੰਘ ਪੰਨੂ

ਮੇਰੇ ਪਾਠਕਾਂ ਦੀ ਗਿਣਤੀ ਵਧੀਕ ਨਹੀਂ ਹੈ। ਮੈਂ ਹੈਰਾਨ ਹੁੰਦਾ ਰਹਿੰਨਾ ਕਿ ਭਾਈ ਵੀਰ ਸਿੰਘ, ਨਾਨਕ ਸਿੰਘ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਦੇ ਦੋ ਲੱਖ ਦੀ ਗਿਣਤੀ ਵਿਚ ਛਪੀਆਂ ਤੇ ਵਿਕੀਆਂ। ਜਿਵੇਂ ਫ਼ਿਲਮਾਂ ਦੇ ਬੈਨਰ ਫ਼ਿਲਮ ਲੱਗਣ ਤੋਂ ਪਹਿਲਾਂ ਚਿਪਕਾਏ ਜਾਂਦੇ ਸਨ, ਇਸ ਤਰ੍ਹਾਂ ਨਾਨਕ ਸਿੰਘ ਦੇ ਨਾਵਲਾਂ ਦੇ ਪੋਸਟਰ ਲਗਦੇ, ਲਿਖਿਆ ਹੁੰਦਾ, ''ਐਡਵਾਂਸ ਬੁਕਿੰਗ ਨਾ ਕਰਵਾਈ ਤਾਂ ਅਸੀਂ ਕਿਤਾਬ ਦੇਣ ਦੇ ਸਮਰੱਥ ਨਹੀਂ ਹੋਵਾਂਗੇ।'' ਲੋਕ ਅਗੇਤੀ ਬੁਕਿੰਗ ਕਰਵਾਉਂਦੇ।

ਪੰਜਾਬ ਵਿਚੋਂ ਪਹਿਲਾਂ ਫ਼ਿਲਮ ਕਲਚਰ ਬੰਦ ਹੋਇਆ, ਫੇਰ ਕਿਤਾਬ ਪੜ੍ਹਨੀ ਬੰਦ ਹੋਈ। ਮੈਂ ਪੰਜਾਬੀ ਪਾਠਕਾਂ ਨੂੰ ਦੋਸ਼ੀ ਨਹੀਂ ਮੰਨਦਾ। ਲੇਖਕ ਦੋਸ਼ੀ ਹਨ। ਸ਼ਾਇਰ ਸਤਨਾਮ ਸਿੰਘ ਖੁਮਾਰ ਦਾ ਕਥਨ ਹੈ, ''ਪੀਣ ਪਿਛੋਂ ਨਾ ਪਿਆਸ ਬੁਝੇ ਨਾ ਨਸ਼ਾ ਚੜ੍ਹੇ। ਏਸ ਦੌਰ ਦੀਆਂ ਬੋਤਲਾਂ ਵਿਚ ਇਹ ਸ਼ਰਾਬ ਹੈ ਕਿ ਪਾਣੀ?''

ਸਾਖੀ ਵਿਚ ਪ੍ਰਸੰਗ ਪੜ੍ਹਿਆ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਕਿਹਾ, 'ਪੁਰਖਾ ਜੀਉ, ਅਹਿ ਪਈ ਹੈ ਅਸਾਂ ਦੀ ਸਾਰੀ ਬਾਣੀ। ਇਸ ਵਿਚੋਂ ਕੁਝ ਹਿੱਸੇ ਜੋੜ ਕੇ ਇਕ ਬਾਣੀ ਏਸ ਤਰ੍ਹਾਂ ਦੀ ਤਿਆਰ ਕਰੋ, ਸੰਸਾਰ ਜਿਸ ਦਾ ਨਿੱਤ ਨੇਮ ਕਰਿਆ ਕਰੇ।' ਭਾਈ ਲਹਿਣਾ ਜੀ ਨੂੰ ਪਉੜੀਆਂ ਦਾ ਗਠਨ ਕਰਦਿਆਂ ਦੇਖ ਕੇ ਮਹਾਰਾਜ ਪ੍ਰਸੰਨ ਹੋ ਕੇ ਆਖਦੇ, 'ਤੁਸਾਂ ਨੂੰ ਆ ਗਿਆ ਹੈ ਭਾਈ ਕੰਮ। ਹੀਰਾ ਕਿਥੇ ਜੜਨਾ ਹੈ, ਮੋਤੀ ਕਿਥੇ, ਤੁਸੀਂ ਜਾਣ ਗਏ ਹੋ।' ਫੇਰ ਸ਼ਾਬਾਸ਼ ਦਿੰਦੇ।

ਭਾਈ ਲਹਿਣਾ ਜੀ ਨੂੰ ਗੁਰਿਆਈ ਮਿਲੀ ਤਾਂ ਭਾਈ ਬਾਲਾ ਜੀ ਉਨ੍ਹਾਂ ਦੇ ਦਰਸ਼ਨ ਕਰਨ ਗਏ। ਮੱਥਾ ਟੇਕਿਆ, ਪੁੱਛਿਆ-ਮਹਾਰਾਜ, ਸਾਨੂੰ ਵੀ ਪਤਾ ਲੱਗੇ ਤੁਹਾਡਾ ਕਿਹੜਾ ਗੁਣ ਦੇਖ ਕੇ ਸੱਚੇ ਪਾਤਸ਼ਾਹ ਨੇ ਤੁਸਾਂ ਅੱਗੇ ਮੱਥਾ ਟੇਕਿਆ ਤੇ ਆਪਣਾ ਉੱਤਰਾਧਿਕਾਰੀ ਥਾਪਿਆ?

ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ-ਕੋਈ ਗੁਣ ਨਹੀਂ। ਇਹੋ ਤਾਂ ਮਹਾਰਾਜ ਦੀਆਂ ਸਿਫਤਾਂ ਹਨ ਕਿ ਉਹ ਜਦੋਂ ਔਗਣਾਂ ਨਾਲ ਭਰੇ ਬੰਦੇ ਦੇ ਸਿਰ ਉਪਰ ਹੱਥ ਰੱਖਣ, ਉਹ ਗੁਣਵਾਨ ਹੋ ਜਾਂਦਾ ਹੈ। ਆਉਣ ਵਾਲੇ ਸਮੇਂ ਵਿਚ ਤੁਹਾਨੂੰ ਅਸਾਂ ਵਿਚ ਜੇ ਗੁਣ ਦਿਸੇ ਕੋਈ, ਤਾਂ ਗੁਰੂ ਨਾਨਕ ਦੇਵ ਜੀ ਦੀ ਸਿਫਤ ਕਰਨੀ। ਇਹ ਉਨ੍ਹਾਂ ਦੀਆਂ ਕਰਾਮਾਤਾਂ ਹਨ।

ਇਹੋ ਜਿਹਾ ਲਿਖਾਰੀ ਯੁੱਗਾਂ ਬਾਅਦ ਪੈਦਾ ਹੁੰਦਾ ਹੈ, ਜਿਹੜਾ ਖੁਦ ਐਲਾਨ ਕਰੇ ਕਿ ਉਸ ਦੇ ਅੱਖਰਾਂ ਦਾ ਨਿੱਤਨੇਮ ਹੋਇਆ ਕਰੇਗਾ। ਮੇਰਾ ਇਕ ਪਾਠਕ ਟੱਕਰਿਆ, ਕਹਿਣ ਲੱਗਾ-ਮੈਂ ਤੇਰੀ ਹਰੇਕ ਚੀਜ਼ ਪੜ੍ਹਦਾਂ। ਯਾਰ ਤਰੀ ਤਾਂ ਤੂੰ ਚੰਗੀ ਬਣਾ ਦਿੰਨੈਂ, ਕੋਈ ਡਲੀ, ਕੋਈ ਬੋਟੀ ਵੀ ਪਾ ਦਿਆ ਕਰ ਏਸ ਵਿਚ। ਇਕ ਪਾਠਕ ਦਾ ਫੋਨ ਆਇਆ, ''ਤੇਰੀ ਕਿਤਾਬ ਗੌਤਮ ਤੋਂ ਤਾਸ਼ਕੀ ਤੱਕ ਪੜ੍ਹੀ ਹੈ। ਤੂੰ ਬਾਬਾ ਬੰਦਾ ਸਿੰਘ ਅਤੇ ਮਹਾਰਾਜ ਰਣਜੀਤ ਸਿੰਘ ਦੀਆਂ ਸਿਫਤਾਂ ਈ ਲਿਖ ਮਾਰੀਆਂ। ਇਨ੍ਹਾਂ ਵਿਚ ਔਗੁਣ ਨੀਂ ਸੀ ਕੋਈ? ਮੈਂ ਕਿਹਾ-ਸਨ, ਬੜੇ ਔਗੁਣ ਸਨ। ਉਨ੍ਹਾਂ ਦੇ ਔਗੁਣਾਂ ਬਾਬਤ ਲਿਖਾਰੀ ਦੱਸ ਚੁੱਕੇ ਹਨ ਬਹੁਤ ਕੁਝ ਤੇ ਦੱਸੀ ਜਾ ਰਹੇ ਹਨ ਅਜੇ ਵੀ। ਮੇਰੇ ਤਾਂ ਉਹ ਹੀਰੋ ਨੇ। ਮੈਂ ਉਨ੍ਹਾਂ ਦੇ ਔਗੁਣ ਕਿਉਂ ਲਿਖਾਂ? ਉਸ ਨੇ ਨਾਰਾਜ਼ ਹੋ ਕੇ ਫੋਨ ਬੰਦ ਕਰ ਦਿੱਤਾ। ਮੈਂ ਆਪਣੀ ਭੈਣ ਨੂੰ ਪੁੱਛਿਆ-ਤੂੰ ਕਦੀ ਪੜ੍ਹਦੀ ਹੁੰਦੀ ਐਂ ਮੇਰੀ ਲਿਖਤ? ਕਿਵੇਂ ਲੱਗਦੈ ਤੈਨੂੰ? ਜਵਾਬ ਦਿੱਤਾ-ਪੜ੍ਹਨੀ ਹੁੰਨੀ ਆਂ, ਤੂੰ ਰੱਬ ਨੂੰ ਨੇਕ ਚਲਣੀ ਦੇ ਸਰਟੀਫਿਕੇਟ ਦਿੰਦਾ ਰਹਿਨੈਂ। ਮੈਂ ਸੋਚਨੀ ਹੁੰਨੀ ਆਂ ਬਈ ਰੱਬ ਅੱਜ ਕਲ੍ਹ ਬੇਰੁਜ਼ਗਾਰ ਹੋਣਾ। ਤੇਰੇ ਤੋਂ ਕਰੈਕਟਰ ਸਰਟੀਫਿਕੇਟ ਲੈ ਕੇ ਕਿਤੇ ਨੌਕਰੀ 'ਤੇ ਲੱਗ ਜਾਊਗਾ।

**ਮੈਂ ਆਪਣੀ ਭੈਣ ਨੂੰ ਪੁੱਛਿਆ-ਤੂੰ ਕਦੀ ਪੜ੍ਹਦੀ ਹੁੰਦੀ ਐਂ ਮੇਰੀ ਲਿਖਤ? ਕਿਵੇਂ ਲੱਗਦੈ ਤੈਨੂੰ? ਜਵਾਬ ਦਿੱਤਾ-ਪੜ੍ਹਨੀ ਹੁੰਨੀ ਆਂ, ਤੂੰ ਰੱਬ ਨੂੰ ਨੇਕ ਚਲਣੀ ਦੇ ਸਰਟੀਫਿਕੇਟ ਦਿੰਦਾ ਰਹਿਨੈਂ। ਮੈਂ ਸੋਚਨੀ ਹੁੰਨੀ ਆਂ ਬਈ ਰੱਬ ਅੱਜ ਕਲ੍ਹ ਬੇਰੁਜ਼ਗਾਰ ਹੋਣਾ। ਤੇਰੇ ਤੋਂ ਕਰੈਕਟਰ ਸਰਟੀਫਿਕੇਟ ਲੈ ਕੇ ਕਿਤੇ ਨੌਕਰੀ 'ਤੇ ਲੱਗ ਜਾਊਗਾ।**

ਇਕ ਪੁਲਿਸ ਅਫ਼ਸਰ ਨੇ ਫੋਨ 'ਤੇ ਕਿਹਾ, ''ਤੁਹਾਡਾ ਰਾਇ ਬੁਲਾਰ ਖਾਨ ਸਾਹਿਬ ਵਾਲਾ ਲੇਖ ਬਾਕੀ ਤਾਂ ਠੀਕ ਸੀ ਪਰ ਪਾਕਿਸਤਾਨੀ ਠੇਕੇਦਾਰ ਭੱਟੀ ਨੇ ਜਿਹੜੀ ਕਥਾ ਸੁਣਾਈ, ਉਹ ਪੂਰੀ ਗਲਤ ਲੱਗੀ।'' ਮੈਂ ਕਿਹਾ-ਜੀ ਹੋ ਸਕਦੈ ਪੂਰੀ ਗਲਤ ਹੋਵੇ ਪਰ ਸੱਚ ਇਹ ਹੈ ਕਿ ਪੰਦਰਾਂ ਸੌ ਮੁਰੱਬਾ ਜ਼ਮੀਨ ਦੇ ਮਾਲਕ ਰਾਇ ਬੁਲਾਰ ਖਾਨ ਸਾਹਿਬ ਨੇ ਸਾਢੇ ਸੱਤ ਸੌ ਮੁਰੱਬੇ ਦਾ ਇੰਤਕਾਲ ਮਹਾਰਾਜ ਦੇ ਨਾਮ ਕਰਵਾਇਆ ਸੀ ਜੋ ਅੱਜ ਤੱਕ ਹੈ। ਨਾਲੇ ਲੇਖ ਦਾ ਜਿਹੜਾ ਹਿੱਸਾ ਤੁਹਾਨੂੰ ਪੂਰਾ ਗਲਤ ਲੱਗਿਆ, ਉਹੋ ਹਿੱਸਾ ਤੁਹਾਡੇ ਫਲਾਣੇ ਐਸ. ਐਸ. ਪੀ. ਸਾਹਿਬ ਨੇ ਚੋਰੀ ਕਰਕੇ ਖੁਦ ਆਪਣੇ ਨਾਮ ਹੇਠ ਛਪਵਾ ਦਿੱਤਾ ਹੈ। ਇਸੇ ਲੇਖ ਦਾ ਇਹੋ ਹਿੱਸਾ ਭਾਈ ਪਿੰਦਰਪਾਲ ਸਿੰਘ ਆਪਣੀ ਕਥਾ ਵਿਚ ਸੁਣਾ-ਸੁਣਾ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ ਪਰ ਇਹ ਨਹੀਂ ਦੱਸਦੇ ਕਿ ਉਨ੍ਹਾਂ ਨੂੰ ਇਹ ਗੱਲ ਕਿਸ ਨੇ ਦੱਸੀ ਸੀ।

ਮੈਂ ਆਪਣੀ ਔਕਾਤ ਤੋਂ ਵਾਕਫ ਹਾਂ। ਮੈਨੂੰ ਇਹ ਗਲਤਫਹਿਮੀ ਕਦੀ ਨਹੀਂ ਹੋਈ ਕਿ ਮੇਰੀ ਲਿਖਤ ਦਮਦਾਰ ਹੈ। ਜਿਸ ਗੱਲ ਦਾ ਮੈਨੂੰ ਪੱਕਾ ਪਤਾ ਹੈ, ਉਹ ਇਹ ਕਿ ਜਿਨ੍ਹਾਂ ਵਡੇਰਿਆਂ ਬਾਬਤ ਮੈਂ ਲਿਖਿਆ, ਉਨ੍ਹਾਂ ਦੀਆਂ ਆਪਣੀਆਂ ਕਮਾਈਆਂ ਏਨੀਆਂ ਵੱਡੀਆਂ ਹਨ ਕਿ ਉਹ ਯਾਦ ਰੱਖੇ ਜਾਣਗੇ। ਇਹ ਤਾਂ ਉਨ੍ਹਾਂ ਦੀ ਸਿਫਤ ਹੋਈ। ਫੇਰ ਮੇਰਾ ਕੀ ਗੁਣ?

ਨਰਿੰਦਰ ਕਪੂਰ ਮਿਲੇ। ਕਹਿਣ ਲੱਗੇ-ਠੀਕ ਲਗਦੀ ਐ ਤੇਰੀ ਲਿਖਤ। ਮੈਂ ਧੰਨਵਾਦ ਕਰਕੇ ਕਿਹਾ-ਤੁਹਾਡੀ ਲਿਖਤ ਪੜ੍ਹ-ਪੜ੍ਹ ਸਿੱਖ ਜਾਵਾਂਗਾ ਕੁਝ ਨਾ ਕੁਝ। ਕਹਿਣ ਲੱਗੇ-ਨਾ, ਮੇਰੇ ਤੋਂ ਤੂੰ ਕੁਝ ਨੀ ਸਿੱਖਿਆ। ਤੇਰੇ ਹਥਿਆਰ ਆਪਣੇ ਨੇ, ਮੇਰੇ ਆਪਣੇ। ਜਦੋਂ ਤੂੰ ਧਰਮ ਬਾਰੇ, ਰੂਹਾਨੀਅਤ ਬਾਰੇ ਲਿਖਦੈਂ, ਉਦੋਂ ਤਾਂ ਠੀਕ ਹੁੰਨੈਂ। ਜਦੋਂ ਤੂੰ ਹੋਰਨਾਂ ਬਾਰੇ ਲਿਖਦੈਂ, ਜਿਵੇਂ ਤਾਸ਼ਕੀ ਬਾਰੇ, ਉਦੋਂ ਗਲਤ ਹੋ ਜਾਨੈਂ। ਮੈਂ ਪੁੱਛਿਆ-ਕੀ ਤਾਸ਼ਕੀ ਮਜ਼ਬੂਤ ਨਹੀਂ? ਉਹ ਬੋਲੇ-ਇਹ ਗੱਲ ਨੀਂ। ਕੰਧ ਵਿਚ ਉਗ ਕੇ ਪਿੱਪਲ ਮਜ਼ਬੂਤ ਹੋ ਜਾਂਦੇ ਬੜਾ। ਨਾ ਉਹਨੂੰ ਕੋਈ ਪਾਣੀ ਦਏ ਨਾ ਖਾਦ ਪਾਏ। ਮਜ਼ਬੂਤ ਹੋਣ ਦੇ ਬਾਵਜੂਦ ਉਹ ਬੇਢਬਾ ਹੁੰਦੈ, ਨੁਕਸਾਨਦਾਇਕ ਵੀ। ਕਪੂਰ ਦੀ ਗੱਲ ਠੀਕ ਹੈ। ਮੇਰੇ ਪਿੱਪਲਾਂ ਦੀ ਛਾਂ ਹੇਠ ਕੋਈ ਨਹੀਂ ਬੈਠੇਗਾ ਕਿਉਂਕਿ ਧਰਤੀ ਉਪਰ ਉਗਣ ਦੀ ਥਾਂ ਇਹ ਕੰਧਾਂ ਵਿਚ ਜੰਮ ਪਏ ਹਨ।

# ਲੋਕ ਸੁਰਾਂ ਦਾ ਧਨੀ ਗਾਇਕ ਭੁਪਿੰਦਰ ਬੱਬਲ

## ਮੁਲਾਕਾਤ

ਭੁਪਿੰਦਰ ਬੱਬਲ ਲੋਕ ਸੁਰਾਂ ਤੇ ਧੁਨਾਂ ਦਾ ਉਹ ਧਨੀ ਗਾਇਕ ਹੈ ਜਿਸ ਨੇ ਗਾਇਕੀ ਦਾ ਮੁਢਲਾ ਪਾਠ ਪਿੰਡ ਵਿਚ ਡੰਗਰ ਚਾਰਦਿਆਂ ਕੰਨ ਉਤੇ ਹੱਥ ਰੱਖ ਲੰਮੀਆਂ ਹੇਕਾਂ ਲਾ ਕੇ ਪੜ੍ਹਿਆ, ਸਕੂਲ ਦੀਆਂ ਕਲਾਸਾਂ ਅਤੇ ਕਾਲਜਾਂ ਯੂਨੀਵਰਸਿਟੀਆਂ ਦੇ ਯੂਥ ਫੈਸਟੀਵਲਾਂ ਵਿਚ ਅਭਿਆਸ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਟ ਤੇ ਸੰਗੀਤ ਵਿਭਾਗ ਵਿਚ ਪ੍ਰੋ. ਮਹਿੰਦਰਪਾਲ ਨਗੀਨਾ ਦੀ ਸੰਗਤ ਵਿਚ ਆਪਣੀ ਗਾਇਕੀ ਨੂੰ ਤਰਾਸ਼ਿਆ। ਬੱਬਲ ਬਹੁਤ ਉਚੀ ਹੇਕ ਵਿਚ ਸੁਰਜੀਤ ਬਿੰਦਰਖੀਏ, ਸੁਰਿੰਦਰ ਛਿੰਦੇ ਅਤੇ ਕੁਲਦੀਪ ਮਾਣਕ ਦੀ ਲੜੀ ਦਾ ਲੋਕ ਗਾਇਕ ਹੈ ਜਿਸ ਦੀਆਂ ਹੁਣ ਤੱਕ ਅੱਠ ਕੈਸਿਟਾਂ ਆ ਚੁੱਕੀਆਂ ਹਨ, ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ ਸਮੇਤ ਦਰਜਨਾਂ ਦੇਸ਼ਾਂ ਵਿਚ ਉਹ ਘੁੰਮ ਚੁੱਕਾ ਹੈ।

ਬੱਬਲ ਅਤੇ ਮਰਹੂਮ ਸੁਰਜੀਤ ਬਿੰਦਰਖੀਆ ਇਕੋ ਇਲਾਕੇ ਯਾਨਿ ਪੁਆਧ ਦੇ ਜੰਮਪਲ ਹਨ ਅਤੇ ਦੋਨਾਂ ਨੇ ਕਰੀਬ ਕਰੀਬ ਇਕੋ ਸਮੇਂ ਗਾਉਣਾ ਸ਼ੁਰੂ ਕੀਤਾ। ਕਮਰਸ਼ੀਅਲ ਗਾਇਕੀ ਵਿਚ ਪੈਰ ਦੋਹਾਂ ਨੇ ਹੀ ਗੀਤਕਾਰ ਤੇ ਪੱਤਰਕਾਰ ਸ਼ਮਸ਼ੇਰ ਸਿੰਘ ਸੰਧੂ ਦੀ ਸ਼ਾਗਿਰਦੀ ਵਿਚ ਧਰਿਆ। ਸੁਰਜੀਤ ਬਿੰਦਰਖੀਏ ਦੀ ਸ਼ਮਸ਼ੇਰ ਸੰਧੂ ਨਾਲ ਸੁਰ ਬੈਠ ਗਈ ਪਰ ਕਿਸੇ ਕਾਰਨ ਬੱਬਲ ਦੀ ਸੁਰ ਨਾ ਬੈਠ ਸਕੀ।

ਉਸ ਕਸਬੇ ਕੁਰਾਲੀ, ਜਿਸ ਦਾ ਨਾਂ ਕਦੇ ਤਵਿਆਂ ਵਾਲੇ ਜ਼ਮਾਨੇ ਵਿਚ 'ਤਾਂਗਾ ਚੱਲਿਆ ਈ ਸ਼ਹਿਰ ਕੁਰਾਲੀ...' ਗੀਤ ਨਾਲ ਮਸ਼ਹੂਰ ਹੋਇਆ ਸੀ, ਨਜ਼ਦੀਕ ਪਿੰਡ ਨਿਹੋਲਕਾ ਵਿਚ ਸੰਨ 1961 ਵਿਚ ਜਨਮੇ ਭੁਪਿੰਦਰ ਬੱਬਲ ਨੇ ਲੋਕ ਗਾਇਕੀ ਦੀ ਪਹਿਲੀ ਗੁੜ੍ਹਤੀ ਪਿੰਡ ਦੀਆਂ ਸੱਥਾਂ ਵਿਚ ਮਿਰਜ਼ੇ ਦੀਆਂ ਸੱਦਾਂ ਅਤੇ ਵਾਰਿਸ ਦੀ ਹੀਰ ਸੁਣ ਕੇ ਹਾਸਲ ਕੀਤੀ। ਸਕੂਲ 'ਚ ਪੜ੍ਹਦਿਆਂ ਜਦੋਂ ਸਕੂਲ ਟਾਈਮ ਤੋਂ ਬਾਹਰ 14-15 ਸਾਲ ਦੀ ਉਮਰੇ ਕਦੀ ਡੰਗਰ ਛੇੜਦਾ ਤਾਂ ਖੇਤਾਂ ਵਿਚ ਕੰਨ ਉਤੇ ਹੱਥ ਰੱਖ ਕੇ ਲੰਮੀ ਉਚੀ ਹੇਕ ਨਾਲ ਮਾਣਕ ਦੇ ਗੀਤ ਗਾਉਂਦਾ ਜਾਂ ਫਿਰ ਕਦੇ ਮਿਰਜ਼ਾ ਛੇੜ ਲੈਂਦਾ। ਖਾਲਸਾ ਕਾਲਜ ਕੁਰਾਲੀ ਵਿਚ ਪੜ੍ਹਦਿਆਂ ਕਈ ਵਾਰ ਉਸ ਨੂੰ ਕਲਾਸ ਵਿਚ ਮਾਸਟਰ ਵਿਹਲੇ ਸਮੇਂ ਗਾਉਣ ਲਈ ਕਹਿ ਦਿੰਦੇ ਪਰ ਜਦੋਂ ਉਹ ਕੰਨ ਉਤੇ ਹੱਥ ਰੱਖ ਬਾਂਹ ਖੜ੍ਹੀ ਕਰ ਹੇਕ ਲਾਉਂਦਾ ਤਾਂ ਝੱਟ ਸ਼ਿਕਾਇਤ ਪ੍ਰਿੰਸੀਪਲ ਤੱਕ ਪਹੁੰਚ ਜਾਂਦੀ। ਫਿਰ ਮਾਸਟਰ ਗਿਆਨੀ ਦਰਸ਼ਨ ਸਿੰਘ ਨੇ ਉਸ ਤੋਂ ਨੀਵੀਂ ਸੁਰ ਵਿਚ 'ਮੈਨੂੰ ਫੜ੍ਹ ਲਓ ਲੰਦਨ ਵਾਸੀਓ, ਮੈਂ ਖੜ੍ਹਾ ਪੁਕਾਰਾਂ' ਸ਼ਹੀਦ ਊਧਮ ਸਿੰਘ ਦੀ ਵਾਰ ਸੁਣਿਆ ਕਰਨੀ। ਕਦੀ ਉਸ ਨੂੰ ਕੋਈ ਕਵਿਤਾ ਜਾਂ ਕੋਈ ਗੀਤ ਸੁਣਾਉਣ ਦਾ ਹੁਕਮ ਹੋ ਜਾਣਾ।

ਗੌਰਮਿੰਟ ਕਾਲਜ ਰੋਪੜ ਵਿਚ ਪੜ੍ਹਦਿਆਂ ਭੁਪਿੰਦਰ ਬੱਬਲ ਨੇ ਯੂਥ ਫੈਸਟੀਵਲਾਂ ਵਿਚ ਗਾਇਕ ਦੇ ਤੌਰ 'ਤੇ ਜਾਣਾ ਸ਼ੁਰੂ ਕੀਤਾ ਅਤੇ ਜਿਥੇ ਵੀ ਉਹ ਜਾਂਦਾ-ਇੰਟਰ ਕਾਲਜ ਹੁੰਦਾ ਜਾਂ ਇੰਟਰ ਯੂਨੀਵਰਸਿਟੀ-ਉਹ ਇਨਾਮ ਲੈ ਕੇ ਹੀ ਮੁੜਦਾ। ਪੰਜਾਬ ਯੂਨੀਵਰਸਿਟੀ ਵਲੋਂ ਕਰਵਾਏ ਜਾਂਦੇ 'ਝੰਕਾਰ' ਫੈਸਟੀਵਲ ਵਿਚ ਉਸ ਮਿਰਜ਼ਾ ਗਾਇਆ ਅਤੇ ਪਹਿਲਾ ਇਨਾਮ ਵੀ ਜਿੱਤਿਆ। ਸਵਰਗੀ ਹਰਚਰਨ ਸਿੰਘ ਬਰਾੜ ਉਸ ਵੇਲੇ ਮੁੱਖ ਮਹਿਮਾਨ ਸਨ। ਉਨ੍ਹਾਂ ਉਚੇਚਾ ਬੱਬਲ ਨੂੰ ਬੁਲਾ ਕੇ ਸ਼ਾਬਾਸ਼ ਦਿੱਤੀ। ਇਸੇ ਹੀ ਸਾਲ ਇਕ ਹੋਰ ਯੂਥ ਫੈਸਟੀਬਲ ਵਿਚ 45 ਕਾਲਜਾਂ ਦੇ ਮੁਕਾਬਲੇ ਵਿਚ ਉਸ ਨੇ ਲੋਕ ਗਾਇਕੀ ਵਿਚ ਪਹਿਲਾ ਇਨਾਮ ਜਿੱਤਿਆ। ਫਿਰ ਜੋੜ ਮੇਲਿਆਂ, ਰਾਮ ਲੀਲਾ, ਵਿਆਹਾਂ ਅਤੇ ਖੇਡ ਟੂਰਨਾਮੈਂਟਾਂ ਵਿਚ ਉਸ ਦੇ ਗੀਤ ਸੁਣਨ ਲਈ ਫਰਮਾਇਸ਼ਾਂ ਆਉਣ ਲੱਗੀਆਂ। ਗੌਰਮਿੰਟ ਕਾਲਜ ਵਿਚ ਪ੍ਰੋ. ਮਿਹਰ ਸਿੰਘ ਅਤੇ ਭੂਸ਼ਣ ਧਿਆਨਪੁਰੀ ਨੇ ਉਸ ਦੀ ਗਾਇਕੀ ਨੂੰ ਤਰਾਸ਼ਿਆ।

1983 'ਚ ਭੁਪਿੰਦਰ ਐਮ.ਏ. ਪੋਲੀਟੀਕਲ ਸਾਇੰਸ ਕਰਨ ਪਿਛੋਂ ਪੰਜਾਬੀ ਯੂਨੀਵਰਸਿਟੀ, ਪਟਿਆਲੇ ਦੇ ਡਰਾਮਾ ਵਿਭਾਗ ਵਿਚ ਜਾ ਦਾਖਲ ਹੋਇਆ ਜਿਥੇ ਮਹਿੰਦਰਪਾਲ ਨਗੀਨਾ ਤੋਂ ਉਸ ਨੇ ਰਾਗ ਵਿਦਿਆ, ਸੁਰ ਲੈਅ ਤੇ ਪਕੜ ਅਤੇ ਰਿਆਜ਼ ਕਰਨ ਦੀ ਪ੍ਰੇਰਣਾ ਹਾਸਲ ਕੀਤੀ। 1984 ਵਿਚ ਅਪਰੇਸ਼ਨ ਬਲੂ ਸਟਾਰ ਤੋਂ ਪਿਛੋਂ ਮੁੰਡਿਆਂ ਦੀ ਫੜੋਫੜੀ ਸ਼ੁਰੂ ਹੋਈ ਤਾਂ ਘਰਦਿਆਂ ਉਸ ਨੂੰ ਮੁੜ ਯੂਨੀਵਰਸਿਟੀ ਨਾ ਜਾਣ ਦਿੱਤਾ।

1985-86 ਵਿਚ ਬੱਬਲ ਸੰਗੀਤਕਾਰ ਸੁਰਿੰਦਰ ਬੱਚਨ ਅਤੇ ਵਰਿੰਦਰ ਬੱਚਨ ਦੇ ਸੰਪਰਕ ਵਿਚ ਆਇਆ। ਉਨ੍ਹਾਂ ਦੇ ਸਹਿਯੋਗ ਨਾਲ ਗੀਤਾਂ ਦੀਆਂ ਤਰਜ਼ਾਂ ਤਿਆਰ ਕੀਤੀਆਂ। ਇਹੋ ਸਮਾਂ ਸੀ ਜਦੋਂ ਉਹ ਸ਼ਮਸ਼ੇਰ ਸੰਧੂ ਦੇ ਸੰਪਰਕ ਵਿਚ ਆਇਆ। ਇਨ੍ਹਾਂ ਵੇਲਿਆਂ 'ਚ ਅਕਸਰ ਮੇਲਿਆਂ 'ਤੇ ਬਿੰਦਰਖੀਆ ਤੇ ਭੁਪਿੰਦਰ ਇਕੱਠੇ ਗਾਉਂਦੇ। ਦੋਵਾਂ ਦੀ ਗਾਇਕੀ ਦਾ ਪਿੜ ਇਕੋ ਜਿਹਾ ਸੀ ਇਸੇ ਕਰਕੇ ਸ਼ਰੀਕੇਬਾਜ਼ੀ ਵੀ ਨਾਲੋ ਨਾਲ ਚੱਲਦੀ ਰਹੀ। ਇਸੇ ਹੀ ਸਮੇਂ ਉਹ ਪਹਿਲੀ ਵਾਰ ਇੰਗਲੈਂਡ ਦੇ ਦੌਰੇ 'ਤੇ ਨਿਕਲਿਆ ਜਿਥੇ ਉਸ ਨੂੰ ਦੋਗਾਣੇ ਵੀ ਗਾਉਣੇ ਪਏ।

ਸੰਨ 1984-85 ਦੀ ਗੱਲ ਹੈ ਕਿ ਚੰਡੀਗੜ੍ਹ ਟੈਗੋਰ ਥਿਏਟਰ ਵਿਚ ਕੋਈ ਪ੍ਰੋਗਰਾਮ ਸੀ ਜਿਥੇ ਭੁਪਿੰਦਰ ਬੱਬਲ ਨੂੰ ਵੀ ਗਾਉਣ ਦਾ ਮੌਕਾ ਮਿਲਿਆ। ਤੂਤਕ ਤੂਤਕ ਤੂਤੀਆਂ ਕਰਕੇ ਬਾਅਦ ਵਿਚ ਮਸ਼ਹੂਰ ਹੋਇਆ ਮਲਕੀਤ ਵੀ ਉਸੇ ਪ੍ਰੋਗਰਾਮ ਵਿਚ ਹਾਜ਼ਰ ਸੀ। ਬੱਬਲ ਨੂੰ ਸੁਣ ਕੇ ਉਹ ਵੀ ਪ੍ਰੋਗਰਾਮ ਤੋਂ ਬਾਅਦ ਲੱਭਦਾ ਫਿਰੇ ਇਹ ਮੁੰਡਾ ਕੌਣ ਹੈ? ਉਦੋਂ ਕੁ ਹੀ ਇਸ ਟੈਗੋਰ ਥਿਏਟਰ ਵਿਚ ਬੱਬਲ ਨਾਈਟ ਕਰਵਾਈ ਗਈ ਜਿਥੇ ਉਸ ਨੇ ਦੋ ਘੰਟੇ ਦਾ ਪ੍ਰੋਗਰਾਮ ਪੇਸ਼ ਕੀਤਾ।

1985-86 ਦੇ ਗੇੜ 'ਚ ਬੱਬਲ ਦੀ ਪਹਿਲੀ ਕੈਸਿਟ 'ਸੁਲਫੇ ਦੀ ਲਾਟ' ਅਲਾਪ ਮਿਊਜ਼ਿਕ ਵਾਲਿਆਂ ਨੇ ਕੱਢੀ ਜਿਸ ਦਾ ਇਕ ਗੀਤ 'ਰੱਬ ਕਰਕੇ ਤੈਨੂੰ ਪੈਣ ਇਸ਼ਕ ਦੀਆਂ ਮਾਰਾਂ' ਕਾਫੀ ਚੱਲਿਆ। ਬੱਬਲ ਦੀ ਦੂਜੀ ਕੈਸਿਟ ਕੈਟਰੈਕ ਕੰਪਨੀ ਨੇ 'ਤੇਰੇ ਲਈ ਕੱਢਿਆ ਰੁਮਾਲ' ਨਾਂ ਹੇਠ ਕੱਢੀ। ਇਸ ਕੈਸਿਟ ਦਾ ਇਕ ਗੀਤ 'ਟੁੱਟ ਪੈਣੇ ਨੇ ਜਲੇਬੀ ਮਾਰੀ' ਕਾਫੀ ਚੱਲ ਨਿਕਲਿਆ। ਇਸ ਦੇ ਨਾਲ ਹੀ ਭੁਪਿੰਦਰ ਬੱਬਲ ਦੀ ਕਮਰਸ਼ੀਅਲ ਲਾਂਚਿੰਗ ਵੀ ਹੋ ਗਈ। ਫਿਰ



ਉਸ ਨੂੰ ਪੰਜਾਬ ਸਰਕਾਰ ਦੇ ਸਭਿਆਚਾਰਕ ਵਟਾਂਦਰੇ ਪ੍ਰੋਗਰਾਮਾਂ ਹੇਠ ਜਰਮਨੀ, ਫਰਾਂਸ, ਲੀਬੀਆ ਵਗੈਰਾ ਦੇਸ਼ਾਂ ਦੇ ਟੂਰ ਲਾਉਣ ਦਾ ਮੌਕਾ ਮਿਲ ਗਿਆ। ਇਨ੍ਹਾਂ ਹੀ ਵੇਲਿਆਂ ਵਿਚ ਭੁਪਿੰਦਰ ਬੱਬਲ ਨੇ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਦੀ ਨੌਕਰੀ ਕਰ ਲਈ। ਡਾ. ਜਸਬੀਰ ਸਿੰਘ ਆਹਲੂਵਾਲੀਆ ਵਿਭਾਗ ਦੇ ਇੰਚਾਰਜ ਸਨ। ਇਧਰ ਸਰਕਾਰੀ ਨੌਕਰੀ ਅਤੇ ਉਧਰ ਬੱਬਲ ਨੂੰ ਗਾਇਕੀ ਦੀਆਂ ਸਾਈਆਂ ਮਿਲਣ ਲੱਗ ਪਈਆਂ। ਇਨ੍ਹਾਂ ਦੋਨਾਂ ਵਿਚ ਕਈ ਵਾਰ ਟਕਰਾਅ ਹੋਇਆ। ਅਜਿਹੇ ਟਕਰਾਵਾਂ ਦੀ ਗੱਲ ਕਰਦਿਆਂ ਬੱਬਲ ਨੇ ਇਕ ਦਿਲਚਸਪ ਗੱਲ ਇਹ ਸੁਣਾਈ ਕਿ 1989 ਵਿਚ ਬੰਬਈ ਵਿਚ 'ਆਪਣਾ ਉਤਸਵ' ਨਾਂ ਦਾ ਕੇਂਦਰ ਸਰਕਾਰ ਦਾ ਪ੍ਰੋਗਰਾਮ ਸੀ ਜਿਸ ਦੇ ਨਿਰਦੇਸ਼ਕ ਅਮੋਲ ਪਾਲੇਕਰ ਸਨ। ਉਹ ਇਸ ਪ੍ਰੋਗਰਾਮ 'ਚ ਜਾਣਾ ਜ਼ਰੂਰ ਚਾਹੁੰਦਾ ਸੀ ਪਰ ਡਾ. ਜਸਬੀਰ ਸਿੰਘ ਆਹਲੂਵਾਲੀਆ ਉਸ ਲਈ ਕੋਈ ਹੋਰ ਪ੍ਰੋਗਰਾਮ ਮਿਥੀ ਬੈਠੇ ਸਨ। ਖੈਰ, ਉਹ ਦਫਤਰੋਂ ਚੋਰੀ ਬਿਮਾਰੀ ਦੀ ਛੁੱਟੀ ਦੀ ਅਰਜੀ ਦੇ ਕੇ ਬੰਬਈ ਪਹੁੰਚ ਗਿਆ। ਉਥੇ ਸਰਕਾਰੀ ਅਫਸਰ ਗੀਤੀਕਾ ਕਲਹਾ ਇੰਚਾਰਜ ਸੀ। ਇਸ ਪ੍ਰੋਗਰਾਮ 'ਚ ਪੰਜਾਬ ਦੀ ਲੋਕ ਗਾਇਕੀ ਲਈ ਸੁਰਜੀਤ ਬਿੰਦਰਖੀਆ ਵੀ ਪਹੁੰਚਿਆ ਸੀ ਪਰ ਅਮੋਲ ਪਾਲੇਕਰ ਨੇ ਉਂਗਲ ਭੁਪਿੰਦਰ ਬੱਬਲ 'ਤੇ ਧਰੀ। ਬੱਬਲ ਨੇ ਜੁਗਨੀ ਗਾਉਣੀ ਸੀ ਪਰ ਹੋਇਆ ਇਹ ਕਿ ਉਥੇ ਗੁਰਮੀਤ ਬਾਵਾ ਵੀ ਪਹੁੰਚ ਗਈ। ਗੁਰਮੀਤ ਬਾਵਾ ਦੇ ਹੁੰਦਿਆਂ ਜੁਗਨੀ ਹੋਰ ਕੋਈ ਕਿਵੇਂ ਗਾ ਸਕਦਾ ਸੀ? ਗੀਤੀਕਾ ਕਲਹਾ ਬਿੰਦਰਖੀਏ ਦੇ ਹੱਕ ਵਿਚ ਸੀ। ਪਰ ਅਮੋਲ ਪਾਲੇਕਰ ਬੱਬਲ 'ਤੇ ਉਂਗਲ ਧਰੀ ਬੈਠਾ ਸੀ। ਜਦੋਂ ਜੁਗਨੀ ਬਾਵਾ ਦੇ ਪੇਟੇ ਚਲੀ ਗਈ ਤਾਂ ਪਾਲੇਕਰ ਨੇ ਬੱਬਲ ਨੂੰ ਪੁੱਛਿਆ ਕਿ ਤੂੰ ਹੋਰ ਕੀ ਗਾ ਸਕਦਾਂ। ਬੱਬਲ ਨੇ ਮਿਰਜ਼ਾ ਸੁਣਾਇਆ ਤਾਂ ਪਾਲੇਕਰ ਨੂੰ ਪਸੰਦ ਆ ਗਿਆ। ਗੀਤਿਕਾ ਕਲਹਾ ਨੇ ਗੁੱਸੇ ਵਿਚ ਬੱਬਲ ਨੂੰ ਕਢਵਾਉਣ ਲਈ ਕਈ ਟਰਿੱਕ ਖੇਡੇ ਜਿਨ੍ਹਾਂ ਵਿਚ ਬੱਬਲ ਦੀ ਥਾਂ ਹਿਮਾਚਲੀ ਲੋਕ ਗਾਇਕਾਂ ਨੂੰ ਲਿਆਉਣਾ ਵੀ ਸ਼ਾਮਿਲ ਸੀ। ਜਦੋਂ ਅਮੋਲ ਪਾਲੇਕਰ ਨੂੰ ਇਸ ਤਬਦੀਲੀ ਦਾ ਪਤਾ ਲੱਗਾ ਤਾਂ ਉਹ ਇੰਨਾ ਖਫ਼ਾ ਹੋ ਗਿਆ ਕਿ ਇਕ ਵੇਲੇ ਉਸ ਨੇ ਪ੍ਰੋਗਰਾਮ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਸੋ, ਬੱਬਲ ਦਾ ਨੰਬਰ ਲੱਗ ਹੀ ਗਿਆ। ਜਦੋਂ ਦੂਰਦਰਸ਼ਨ 'ਤੇ ਇਹ ਪ੍ਰੋਗਰਾਮ ਪੂਰੇ ਦੇਸ਼ ਵਿਚ ਪ੍ਰਸਾਰਿਤ ਹੋਇਆ ਤਾਂ ਜਸਬੀਰ ਸਿੰਘ ਆਹਲੂਵਾਲੀਆ ਵੀ ਟੀ.ਵੀ. 'ਤੇ ਦੇਖ ਰਿਹਾ ਸੀ ਕਿ ਬਿਮਾਰੀ ਦੀ ਛੁੱਟੀ ਦੀ ਅਰਜੀ ਦੇਈ ਬੈਠਾ ਬੱਬਲ ਕੀ ਕਰ ਰਿਹਾ ਹੈ? ਬੰਬਈ ਤੋਂ ਵਾਪਸ ਆ ਕੇ ਬੱਬਲ ਨੂੰ ਅਖੀਰ ਸਰਕਾਰੀ ਨੌਕਰੀ ਛੱਡਣੀ ਹੀ ਪਈ।

ਬਸ ਇਸ ਪਿਛੋਂ ਭੁਪਿੰਦਰ ਬੱਬਲ ਕਮਰਸ਼ੀਅਲ ਗਾਇਕੀ ਵਿਚ ਪੂਰੀ ਤਰ੍ਹਾਂ ਖੁੱਭ ਗਿਆ। ਭਾਵੇਂ ਉਸ ਨੇ ਲੁਧਿਆਣੇ ਜਾ ਕੇ ਕੋਈ ਦਫਤਰ ਨਹੀਂ ਬਣਾਇਆ ਪਰ ਵਿਆਹ ਸ਼ਾਦੀਆਂ ਅਤੇ ਪਾਰਟੀਆਂ 'ਚ ਉਸ ਦੀ ਵੀ ਪੂਰੀ ਵੁੱਕਤ ਰਹਿੰਦੀ ਹੈ। ਦੂਰਦਰਸ਼ਨ 'ਤੇ ਵੀ ਉਸ ਦਾ ਵਾਹਵਾ ਹੀ ਵਾਜਾ ਵੱਜਦਾ ਰਿਹਾ ਹੈ।

ਭੁਪਿੰਦਰ ਬੱਬਲ ਦੀਆਂ ਹੁਣ ਤੱਕ ਅੱਠ ਕੈਸਿਟਾਂ ਮਾਰਕਿਟ ਵਿਚ ਆ ਚੁੱਕੀਆਂ ਹਨ ਜਿਨ੍ਹਾਂ ਵਿਚ ਆ ਜਾ ਨੱਚ ਲੈ, ਵੱਜੇ ਢੋਲ ਤੇ ਪੈਂਦੇ ਭੰਗੜੇ, ਮਧਰੋ ਗੁੜ ਵਰਗੀ ਕਾਫੀ ਲੋਕਪ੍ਰਿਅ ਹੋਈਆਂ। ਦੇਵ ਥਰੀਕਿਆਂ ਵਾਲਾ ਉਸ ਦਾ ਮਨਭਾਉਂਦਾ ਗੀਤਕਾਰ ਹੈ। ਉਂਜ ਉਸ ਨੇ ਪ੍ਰੀਤ ਮਹਿੰਦਰ ਤਿਵਾੜੀ, ਭੱਟੀ ਭੜੀਵਾਲਾ ਅਤੇ ਸ਼ਮਸ਼ੇਰ ਸੰਧੂ ਦੇ ਵੀ ਗੀਤ ਗਾਏ ਹਨ।

ਪੰਜਾਬ ਟਾਈਮਜ਼ ਨਾਲ ਇਕ ਮੁਲਾਕਾਤ ਦੌਰਾਨ ਬੱਬਲ ਨੇ ਦੱਸਿਆ ਕਿ ਕੁਲਦੀਪ ਮਾਣਕ ਉਸ ਦਾ ਮਨਪਸੰਦ ਗਾਇਕ ਹੈ। ਬਾਬੂ ਰਜ਼ਬ ਅਲੀ ਦੀ ਕਵੀਸ਼ਰੀ ਗਾ ਕੇ ਉਸ ਨੂੰ ਖਾਸ ਹੀ ਅਨੰਦ ਆਉਂਦਾ ਹੈ। ਉਹ ਮੰਨਦਾ ਹੈ ਕਿ ਕਮਰਸ਼ੀਅਲ ਗਾਇਕੀ ਵਿਚ ਉਸ ਨੂੰ ਭਾਂਤ-ਸੁਭਾਂਤ ਦਾ ਗਾਉਣਾ ਪੈਂਦਾ ਹੈ ਜਿਹਦੇ ਵਿਚ ਨੱਚਣ-ਟੱਪਣ ਵਾਲੇ ਹਲਕੇ-ਫੁਲਕੇ ਗੀਤ ਵੀ ਸ਼ਾਮਲ ਹਨ, ਪਰ ਉਸ ਨੂੰ ਅਸਲ ਅਨੰਦ ਉਦੋਂ ਹੀ ਆਉਂਦਾ ਹੈ ਜਦੋਂ ਉਹ ਲੋਕ ਸੁਰਾਂ 'ਤੇ ਆਧਾਰਤ ਕੁਝ ਗਾਉਂਦਾ ਹੈ। ਝੂਮਰ ਦਾ ਇਹ ਟੱਪਾ ਉਸ ਦਾ ਮਨਪਸੰਦ ਹੈ:

ਭਾਵੇਂ ਜਾਣੇ ਤੇ ਭਾਵੇਂ ਨਾ ਜਾਣੇ
ਮੈਂਡਾ ਢੋਲ ਜਵਾਨੀਆਂ ਮਾਣੇ।
ਮੇਰੇ ਯਾਰ ਸਵਾਇਆ ਕੋਟ ਏ
ਮੈਨੂੰ ਤਾਅਨੇ ਮਰੇਂਦਾ ਲੋ ਕਏ।
ਲੱਦ ਗਈ ਸੱਜਣਾਂ ਦੀ ਝੋਕ ਏ
ਭਾਵੇਂ ਜਾਣੇ ਤੇ ਭਾਵੇਂ ਨਾ ਜਾਣੇ...

72 ਕਲਾ ਛੰਦ ਬੱਬਲ ਦੀ ਖਾਸੀਅਤ ਹੈ। ਇਸ ਛੰਦ ਨੂੰ ਛੇਤੀ ਕੀਤਿਆਂ ਕੋਈ ਗਾਇਕ ਹੱਥ ਨਹੀਂ ਪਾਉਂਦਾ। ਬਾਬੂ ਰਜ਼ਬ ਅਲੀ ਦੇ ਲਿਖੇ ਇਕ 72 ਕਲਾ ਛੰਦ ਦਾ ਨਮੂਨਾ:

ਮਾਂ ਦਿਓ ਮਖਣੀ ਖਾਣਿਓ ਵੇ
ਸੂਰਮੇ ਪੁੱਤਰੋ ਚੁਬਾਇਓਂ ਉਤਰੋ
ਫਰਕਦੇ ਬਾਜੂ, ਜਵਾਨੀ ਚੜ੍ਹ ਗਈ...

ਭੁਪਿੰਦਰ ਬੱਬਲ ਅੱਜ ਕੱਲ ਮੁਹਾਲੀ ਆਪਣੇ ਪਰਿਵਾਰ ਨਾਲ ਵੱਸਦਾ ਹੈ। ਉਸ ਦਾ ਮੁੰਡਾ ਜੋ ਹੁਣ ਹਾਈ ਸਕੂਲ 'ਚ ਹੈ, ਭੰਗੜੇ ਦਾ ਚੰਗਾ ਖਿਡਾਰੀ ਹੈ। ਉਸ ਦੀ ਕੁੜੀ ਸਕੂਲ ਵਿਚ ਪੜ੍ਹਦੀ ਹੈ। ਬੱਬਲ ਦਾ ਇਕ ਭਰਾ ਸੁਰਿੰਦਰ ਸੱਤੀ ਵੀ ਕਿਸੇ ਵੇਲੇ ਚੰਗਾ ਗਾਉਂਦਾ ਰਿਹਾ ਹੈ ਪਰ ਅੱਜ ਕੱਲ ਗਾਇਕੀ ਛੱਡ ਕੇ ਕੈਲੀਫੋਰਨੀਆ ਵਿਚ ਵੱਸਦਾ ਹੈ। ਭੁਪਿੰਦਰ ਅਮਰੀਕਾ ਪਹਿਲੀ ਵਾਰ 1996 ਵਿਚ ਆਇਆ ਸੀ ਅਤੇ ਉਸ ਤੋਂ ਬਾਅਦ ਅਨੇਕਾਂ ਵਾਰ ਆ ਚੁੱਕਾ ਹੈ। ਇਨ੍ਹੀਂ ਦਿਨੀਂ ਵੀ ਉਹ ਸ਼ਹਿਰ ਸ਼ਹਿਰ ਆਪਣੇ ਸਰੋਤਿਆਂ ਦੇ ਸਨਮੁਖ ਹੋ ਰਿਹਾ ਹੈ।

Attention Business Owners!!



Are You Worried About Your Business When You're Not There?

Are Worries Keeping You Awake?

Watch Your Business AnyTime Any Place.

NO PAYMENTS For 3 Months

Financing & Lease Options For 12, 24, 36 Months Available.

Promotion For July Free Cash Register Interface With Purchase Of Our DVR System

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਿਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

ਵਾਜਬ ਕੀਮਤ, ਸਹੀ ਕੰਮ

DVR UNLIMITED

Call:1-800-780-0032 www.dvrunlimited.com

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058

WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀ

ਖੁਸ਼ਖਬਰੀ!

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।



## 26 ਸਤੰਬਰ,

ਸਥਾਨ 25800 Carlos Bee Blvd, Hayward
CA-94542 (Cal State Hayward)

**ਕੈਲੀਫੋਰਨੀਆ ਵਿਚ ਪਹਿਲੀ ਵਾਰ**
**ਵਿਚ ਬਾਕੀ ਦੇ ਸੁਪਰ ਸਟ**

Sponsored by: Favourite Indian Restaurant

### ਹੋਰ ਜਾਣਕਾਰੀ ਲਈ ਕਾਲ ਕਰੋ:

ਚੇਅਰਮੈਨ: ਸ. ਅਮੋਲਕ ਸਿੰਘ ਗਾਖਲ
831-247-4637
ਪ੍ਰਧਾਨ:ਸ. ਬਲਬੀਰ ਸਿੰਘ ਭਾਟੀਆ
510-677-6248

ਜਨਰਲ ਸਕੱਤਰ:ਸ. ਗੁਰਦਾਵਰ ਸਿੰਘ ਮਹੇੜੂ
510-468-9381

ਕਬੱਡੀ ਕੋਚ ਯੂਨਾਈਟਿਡ ਕਲੱਬ ਸ. ਪਰਮਜੀਤ ਸਿੰਘ ਸੰਧੂ ਫੋਨ 510-491-4573



ਜਗੀਰ ਸਿੰਘ, ਨਿਊ ਯਾਰਕ

ਟੂਰਨਾਮੈਂਟ ਦੇ ਬੈਸਟ ਰੇਡਰ ਅਤੇ ਬੈਸਟ ਸਟਾਪਰ ਦਾ ਸਨਮਾਨ ਨਾਮੀ ਕਬੱਡੀ ਪ੍ਰੋਮੋਟਰ ਜਗੀਰ ਸਿੰਘ ਨਿਊ ਯਾਰਕ ਕਰਨਗੇ।

### ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼

ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ

**ਪਲਾਟੀਨਮ ਸਪਾਂਸਰ**

ਗਾਖਲ ਬ੍ਰਦਰਜ਼-ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ

ਰਾਜਾ ਸਵੀਟਸ-ਸ. ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ

**ਵਿਸ਼ੇਸ਼ ਸਨਮਾਨ**

*ਕਬੱਡੀ ਦੇ ਅੰਤਰ ਰਾਸ਼ਟਰੀ ਖਿਡਾਰੀ ਤੀਰਥ ਗਾਖਲ ਦਾ ਸਨਮਾਨ ਸ. ਅਮੋਲਕ ਸਿੰਘ ਗਾਖਲ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਕੀਤਾ ਜਾਏਗਾ।

*ਸ. ਜੌਹਨ ਸਿੰਘ ਗਿੱਲ ਵਲੋਂ ਕਬੱਡੀ ਦੇ ਤੇਜ-ਤਰਾਰ ਖਿਡਾਰੀ ਮੇਜਰ ਸਿੰਘ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।

*ਕਬੱਡੀ ਦੀ ਮਹਾਨ ਖਿਡਾਰਨ ਤੇ ਨੈਸ਼ਨਲ ਗੇਮਾਂ ਵਿਚ ਗੋਲਡ ਮੈਡਲਿਸਟ ਬੀਬੀ ਜਸਪ੍ਰੀਤ ਕੌਰ, ਜੋ ਰੀੜ੍ਹ ਦੀ ਹੱਡੀ ਵਿਚ ਸੱਟ ਲੱਗਣ ਕਾਰਨ ਅਪਾਹਜ ਹੋ ਕੇ ਬੜੇ ਸੰਘਰਸ਼ ਵਿਚੋਂ ਗੁਜ਼ਰ ਰਹੀ ਹੈ, ਦੀ ਵਿਸ਼ੇਸ਼ ਤੌਰ 'ਤੇ ਮਾਇਕ ਸਹਾਇਤਾ ਨਾਲ ਹੌਸਲਾ ਅਫਜ਼ਾਈ ਕੀਤੀ ਜਾਏਗੀ।

*ਖੇਡਾਂ ਵਿਚ ਪਾਏ ਯੋਗਦਾਨ ਬਦਲੇ ਸ. ਗੁਰਚਰਨ ਸਿੰਘ ਸਰਾਓ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

*ਕਬੱਡੀ ਖਿਡਾਰੀ ਤੀਰਥ ਗਾਖਲ ਦੇ ਪਿਤਾ ਸ. ਗੁਰਮੀਤ ਸਿੰਘ ਦਾ ਬੇ-ਏਰੀਆ ਸਪੋਰਟਸ ਕਲੱਬ ਵਲੋਂ ਗੋਲਡ ਮੈਡਲ ਨਾਲ ਸਨਮਾਨ

**ਪਹੁੰਚ ਰਹੇ ਮਹਿਮਾਨ**

ਸ. ਅਮੋਲਕ ਸਿੰਘ ਜੰਮੂ
(ਸੰਪਾਦਕ ਪੰਜਾਬ ਟਾਈਮਜ਼),
ਡਾ. ਹਰਜਿੰਦਰ ਸਿੰਘ ਖਹਿਰਾ,
ਨਿੱਕ ਗਾਖਲ (ਸ਼ਿਕਾਗੋ),
ਜਗੀਰ ਸਿੰਘ ਬੈਂਸ (ਨਿਊ ਯਾਰਕ),
ਜਗੀਰ ਸਿੰਘ ਕੰਦੋਲਾ-ਕੈਨੇਡਾ
ਜਗਦੀਸ਼ ਕਾਲੀਰਮਨ (ਭਾਰਤ ਕੇਸਰੀ)

**ਮੀਡੀਆ ਸਪਾਂਸਰ**

ਪੰਜਾਬ ਟਾਈਮਜ਼
ਰੇਡੀਓ ਹਮਸਫਰ
ਰੇਡੀਓ ਗੀਤ ਸੰਗੀਤ

# ...ੀਆ ਦੀ ਪੇਸ਼ਕਸ਼ 'ਕਬੱਡੀ ਕੱਪ-2009'

*ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।*

*ਖੁਸ਼ਖਬਰੀ!*

ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ ਪਹਿਲਾ ਇਨਾਮ 5100 ਡਾਲਰ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਦੂਜਾ ਇਨਾਮ ਗੁਰਦੇਵ ਸਿੰਘ ਸੋਹਲ (ਸਿਧਵਾਂ ਦੋਨਾ) ਵਲੋਂ 3100 ਡਾਲਰ



*ਕਸ਼ਮੀਰ ਸਿੰਘ ਸਹੋਤਾ*



*ਗੁਰਦੇਵ ਸਿੰਘ ਸੋਹਲ*

## 2009 (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

ਇਨਾਮਾਂ ਦੀ ਵੰਡ ਬਤੌਰ ਮੁੱਖ ਮਹਿਮਾਨ ਯੂਨੀਅਨ ਸਿਟੀ ਦੇ ਮੇਅਰ ਸ੍ਰੀ ਮਾਰਕ ਗਰੀਨ, ਇੰਦਰ ਦੁਸਾਂਝ, ਦਲਵਿੰਦਰ ਸਿੰਘ ਧੂਤ ਅਤੇ ਲਿੰਕ ਇੰਸ਼ੋਰੈਂਸ ਓਕਲੈਂਡ ਕਰਨਗੇ

...d,

**...ਾ ਟੋਰਾਂਟੋ ਪੁਲਿਸ ਦੀ ਟੀਮ ਲੀਗ ਦੇ ਸਾਰੇ ਮੈਚਾਂ ...ਾਰਾਂ ਨਾਲ ਆਹਮੋ ਸਾਹਮਣੇ ਭਿੜੇਗੀ।**

-Hayward and PC Micro, Milpitas (Kulwant Singh Nijjar)

ਕੁਮੈਂਟਰੀ:ਰਾਜਵਿੰਦਰ ਸਿੰਘ ਰੰਡਿਆਲਾ

*ਨੋਟ:ਮੇਲੇ ਵਿਚ ਸਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ*

**ਖਾਸ ਨੋਟ:ਮੇਲੇ ਦੀ ਨਿਰਪੱਖਤਾ ਲਈ ਸਾਰੇ ਅਧਿਕਾਰ ਯੂਨਾਈਟਿਡ ਕਲੱਬ ਕੋਲ ਰਾਖਵੇਂ ਹੋਣਗੇ।**

**ਵਿਸ਼ੇਸ਼ ਨੋਟ:ਕੋਈ ਵੀ ਲੋਕਲ ਕਲੱਬ 4 ਖਿਡਾਰੀ ਅਮਰੀਕਾ ਤੋਂ ਬਾਹਰੋਂ ਕਿਸੇ ਵੀ ਰੰਗ ਨਸਲ ਜਾਂ ਦੇਸ਼ ਤੋਂ ਪਾ ਸਕਦਾ ਹੈ।**

**ਗਰੈਂਡ ਸਪਾਂਸਰ:**ਦੀਦਾਰ ਸਿੰਘ ਬੈਂਸ, ਲੱਛਰ ਬ੍ਰਦਰਜ਼-ਲਾਸ ਬੇਨੋਸ, ਨਾਜਰ ਸਿੰਘ ਸਹੋਤਾ (ਫਰਿਜਨੋ), ਟੁੱਟ ਬ੍ਰਦਰਜ਼-ਵਾਟਸਨਵਿਲ, ਗੁਰਚਰਨ ਸਿੰਘ ਮਾਨ-ਦੋਆਬਾ ਇੰਸ਼ੋਰੈਂਸ, ਏ.ਆਈ.ਐਸ. ਇੰਸ਼ੋਰੈਂਸ (ਫਰੀਮਾਂਟ), ਗੁਲਭਿੰਦਰ ਸਿੰਘ (ਭਿੰਦਾ) ਗਾਖਲ, ਹਰਨੇਕ ਸਿੰਘ ਅਟਵਾਲ-ਪਿੰਕੀ ਅਟਵਾਲ, ਰਘਬੀਰ ਸਿੰਘ (ਕਾਲਾ) ਗਾਖਲ-ਨਿਊ ਇੰਡੀਆ ਪੈਲੇਸ, ਲਖਵੀਰ ਸਿੰਘ (ਕਾਲਾ ਟਰੇਸੀ ਵਾਲਾ), ਜੱਸੀ ਗਿੱਲ-ਗੋਲਡਨ ਸਟੇਟ ਰਿਐਲਟੀ, ਪਾਲ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਦੇਵ ਅਟਵਾਲ, ਰਾਣਾ ਅਟਵਾਲ, ਬਲਜੀਤ ਸਿੰਘ ਮਾਨ, ਮੰਗਲ ਸਿੰਘ ਭੰਡਾਲ, ਸੁਦਰਸ਼ਨ ਸ਼ਰਮਾ (ਮੋਗਾ ਟਾਇਰ, ਫਰਿਜ਼ਨੋ), ਜਸਵੀਰ ਸਿੰਘ ਰਾਜਾ-ਦਵਿੰਦਰ ਸਿੰਘ ਰਣੀਆ, ਸੁਰਿੰਦਰ ਸਿੰਘ ਅਟਵਾਲ, ਬਲਜੀਤ ਸਹੋਤਾ, ਅਮਰਜੀਤ ਸਿੰਘ ਸੰਘਾ, ਕੁਲਦੀਪ ਸਿੰਘ ਧਾਲੀਵਾਲ (ਜੇਨੀ ਟਰੈਵਲ ਸੈਂਟਰ), ਰਾਜ ਭਨੋਟ, ਜੋਗਾ ਸਿੰਘ ਸ਼ੇਰਗਿੱਲ/ਅਜੀਤਪਾਲ ਸਿੰਘ ਸ਼ੇਰਗਿੱਲ, ਮੰਗਲ ਸਿੰਘ ਜੌਹਲ (ਫਰਿਜ਼ਨੋ), ਅਵਤਾਰ ਸਿੰਘ ਤਾਰੀ, ਅਵਤਾਰ ਸਿੰਘ।

**ਮੁੱਖ ਸਪਾਂਸਰ:**ਬਲਬੀਰ ਸਿੰਘ ਢਿੱਲੋਂ, ਕਸ਼ਮੀਰ ਸਿੰਘ ਧੁੱਗਾ, ਲਖਵੀਰ ਸਿੰਘ ਪਟਵਾਰੀ, ਸੁਖਦੇਵ ਸਿੰਘ ਬੈਣੀਵਾਲ, ਮਾਨ ਟੈਕਸ ਸਰਵਿਸ, ਨੀਟੂ ਬਡਿਆਲ, ਗੁਰਚਰਨ ਸਿੰਘ ਰੱਕੜ, ਟਹਿਲ ਸਿੰਘ ਥਾਂਦੀ, ਕੁਲਵੰਤ ਸਿੰਘ ਖਹਿਰਾ (ਅਕਾਲੀ ਦਲ), ਕੇਸਰ ਸਿੰਘ ਗੋਸਲ, ਬਿੱਲਾ ਸੰਘੇੜਾ, ਤੀਰਥ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਾਣਾ ਕਾਹਲੋਂ (ਕਮਿਸ਼ਨਰ), ਮਹਿੰਗਾ ਸਿੰਘ ਸਰਪੰਚ, ਰਣਧੀਰ ਸਿੰਘ ਕੰਗ, ਹਰਵਿੰਦਰ ਸਿੰਘ ਧਾਲੀਵਾਲ, ਰਾਜਵਿੰਦਰ ਸਿੰਘ ਪਠਿਆਲ, ਕੁਲਵੰਤ ਸਿੰਘ ਖਹਿਰਾ (ਸਿੱਖ ਯੂਥ), ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਿਰਮਲ ਸਿੰਘ ਸੰਧੂ, ਗੁਰਜਿੰਦਰ ਪਾਲ ਰਾਏ, ਪ੍ਰੀਤਮ ਸਿੰਘ ਗਰੇਵਾਲ (ਜੋਧਾਂ ਮਨਸੂਰਾਂ), ਮਹਾਂ ਸਿੰਘ ਨਿੱਝਰ, ਹਰਭਜਨ ਸਿੰਘ ਬੱਲ-ਸੈਲਮਾ, ਪੀ. ਐਂਡ ਆਰ. ਟਰੱਕਿੰਗ, ਸੰਤ ਸਿੰਘ ਹੋਠੀ, ਸੰਤੋਖ ਸਿੰਘ ਝੱਜ-ਸੰਸਾਰ ਇੰਡੀਆ ਕੁਜ਼ੀਨ, ਗੁਰਬਚਨ ਸਿੰਘ ਰਾਣਾ, ਪ੍ਰੀਤਮ ਸਿੰਘ ਹਨੀ, ਤੀਰਥ ਸਿੰਘ ਸੱਲ, ਦਰਸ਼ਨ ਸਿੰਘ ਸੰਧੂ, ਦਵਿੰਦਰ ਸਿੰਘ (ਸਾਬਕਾ ਸਕੱਤਰ ਗੁਰਦੁਆਰਾ ਫਰੀਮਾਂਟ), ਅਵਤਾਰ ਸਿੰਘ ਬੈਂਸ, ਹੈਰੀ ਗਿੱਲ (ਗਿੱਲ ਇੰਸ਼ੋਰੈਂਸ), ਸਨੀ ਗੁਰਨਾ, ਸੁਜਾਨ ਭੱਟ, ਸੰਧੂ ਬ੍ਰਦਰਜ਼ (ਨੌਨਿਹਾਲ ਕਰੰਸੀ ਐਕਸਚੇਂਜ), ਜਸਵੰਤ ਸਿੰਘ ਸਰਾਂ, ਸੰਤੋਖ ਸਿੰਘ ਤੱਖਰ, ਅਮੈਰਿਕਨ ਰਿਐਲਟੀ ਫਰੀਮਾਂਟ, ਦਰਸ਼ਨ ਸਿੰਘ ਔਜਲਾ, ਗੁਰਿੰਦਰਪਾਲ ਲਾਡੀ, ਕਸ਼ਮੀਰ ਸਿੰਘ ਥਾਂਦੀ, ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਲਹਿੰਬਰ ਸਿੰਘ ਸਰਪੰਚ, ਪਾਲੀ ਮਹੇ (ਸੰਨੀ ਪੀਜ਼ਾ ਬਰੈਂਟਵੁੱਡ), ਰਾਜਾ ਨੂਰਪੁਰੀਆ, ਕਰਨੈਲ ਸਿੰਘ ਮਾਨ, ਸੀਨੀਅਰ ਸਿਟੀਜ਼ਨ-ਯੂਨੀਅਨ ਸਿਟੀ, ਸੁੱਚਾ ਰਾਮ ਭਾਰਟਾ, ਗੁਰਦੇਵ ਸਿੰਘ ਨਾਹਲ, ਹਰਭਜਨ ਸਿੰਘ ਗਾਖਲ, ਗੁਰਮੇਲ ਸਿੰਘ ਗਾਖਲ, ਬਖਤਾਵਰ ਸਿੰਘ ਗਾਖਲ, ਸੋਹਣ ਸਿੰਘ ਗਾਖਲ, ਮੇਜਰ ਸਿੰਘ ਗਾਖਲ, ਮਹਿੰਦਰ ਸਿੰਘ ਕਲੇਰ, ਜੱਗਾ ਸਿੰਘ ਗਾਖਲ, ਬਲਰਾਜ ਸਿੰਘ ਰੰਧਾਵਾ, ਤੀਰਥ ਸਿੰਘ ਸਹੋਤਾ, ਜਿੰਦਰ ਜੌਹਲ, ਕੁਲਦੀਪ ਸਿੰਘ (ਬੂਟਾ),ਪਰਮਜੀਤ ਸਿੰਘ ਖਹਿਰਾ, ਸੇਵਾ ਸਿੰਘ, ਸਰਵਣ ਸਿੰਘ ਸਾਬੀ, ਗੁਰਨਾਮ ਸਿੰਘ ਪੰਮਾ, ਸੁਰਿੰਦਰਪਾਲ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਨੇਕੀ ਸੰਘੇੜਾ, ਇਕਬਾਲ ਸਿੰਘ ਮਾਨ, ਕਾਬਲ ਸਿੰਘ ਧੁੱਤ, ਮਨਜੀਤ ਸਿੰਘ ਸੰਧੂ, ਮਨਜੀਤ ਵਿਰਕ, ਮੰਗਲ ਸਿੰਘ ਜੌਹਲ, ਬਲਜਿੰਦਰ ਸਿੰਘ ਕਲੇਰ, ਜਗਤਾਰ ਸਿੰਘ, ਜੱਸੀ ਸ਼ੇਰਗਿੱਲ, ਕੁਲਦੀਪ ਸਿੰਘ ਬਡਵਾਲ (ਆਪਣਾ ਪੰਜਾਬ ਰੈਸਟੋਰੈਂਟ, ਨਿਊਵਾਰਕ)

**ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।**


## ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

# ਬੇ-ਏਰੀਏ ਦੇ ਗਦਰੀ ਮੇਲੇ 'ਚ ਗਦਰੀ ਬਾਬਿਆਂ ਨੂੰ ਭਰਪੂਰ ਸ਼ਰਧਾਂਜਲੀਆਂ

**ਫਰੀਮਾਂਟ (ਚਰਨਜੀਤ ਸਿੰਘ ਪੰਨੂੰ):** ਸ਼ਹੀਦੋਂ ਕੀ ਚਿਤਾਓਂ ਪੇ ਲਗੇਗੇਂ ਹਰ ਬਰਸ ਮੇਲੇ, ਵਤਨ ਪਰ ਮਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ। ਸੱਚ ਮੁੱਚ ਹੀ ਵਤਨ 'ਤੇ ਮਰ ਮਿਟਣ ਵਾਲੇ ਗਦਰੀ ਬਾਬਿਆਂ ਦੀ ਯਾਦ ਵਿਚ ਹਰ ਸਾਲ ਦੇਸ਼ ਵਿਦੇਸ਼ ਵਿਚ ਵੱਖ ਵੱਖ ਸੰਸਥਾਵਾਂ ਵਲੋਂ ਮੇਲੇ ਲਾਏ ਜਾਂਦੇ ਹਨ। ਇਨ੍ਹਾਂ ਗਦਰੀ ਬਾਬਿਆਂ ਦੀ ਯਾਦ ਵਿਚ ਹੀ ਇੰਡੋ ਅਮੈਰਿਕਨ ਦੇਸ਼ ਭਗਤ ਫਾਉਂਡੇਸ਼ਨ ਵਲੋਂ ਆਪਣਾ ਸੱਤਵਾਂ ਸਭਿਆਚਾਰਕ ਸਮਾਗਮ ਲੰਘੀ 13 ਸਤੰਬਰ ਨੂੰ ਇਥੇ ਹਿੰਦੂ ਮੰਦਰ, ਸੰਨੀਵੇਲ ਦੇ ਵਿਸ਼ਾਲ ਹਾਲ ਵਿਚ ਕਰਵਾਇਆ ਗਿਆ। ਇਸ ਵਾਰ ਦਾ ਮੇਲਾ ਬਾਬਾ ਭਗਤ ਸਿੰਘ ਜੀ ਬਿਲਗਾ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਗਿਆ ਸੀ।

ਪ੍ਰੋਗਰਾਮ ਦੇ ਮੁੱਖ ਬੁਲਾਰਿਆਂ ਡਾ. ਵੇਦ ਪ੍ਰਕਾਸ਼ ਵੱਟੁਕ, ਗੁਰਦੀਪ ਸਿੰਘ ਅਣਖੀ ਅਤੇ ਸ੍ਰੀ ਪ੍ਰੇਮ ਕੁਮਾਰ ਨੇ ਗਦਰੀ ਬਾਬਿਆਂ ਦੀਆਂ ਲਾਸਾਨੀ ਕੁਰਬਾਨੀਆਂ ਚੇਤੇ ਕੀਤੀਆਂ ਕਿ ਕਿਵੇਂ ਉਨ੍ਹਾਂ ਕੈਲੀਫੋਰਨੀਆ ਦੀ ਧਰਤੀ ਤੋਂ ਵਾਪਸ ਹਿੰਦੂਸਤਾਨ ਜਾ ਕੇ ਦੇਸ਼ ਕੌਮ ਤੋਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਨ੍ਹਾਂ ਗਦਰੀ ਬਾਬਿਆਂ ਨੇ ਫਾਂਸੀ ਦੇ ਰੱਸੇ ਚੁੰਮੇ, ਕਾਲੇ ਪਾਣੀਆਂ ਦੀਆਂ ਕੁੰਭੀ ਕੈਦਾਂ ਕੱਟੀਆਂ ਪਰ ਹਿੰਦੂ, ਸਿੱਖ, ਮੁਸਲਮਾਨ ਦੇ ਧਰਮ ਜਾਂ ਜਾਤ ਦੇ ਵਖਰੇਵਿਆਂ ਤੋਂ ਉਪਰ ਉਠ ਕੇ ਹਮੇਸ਼ਾ ਕੌਮਪ੍ਰਸਤੀ ਦਾ ਸੁਨੇਹਾ ਦਿੱਤਾ। ਅੱਜ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਅਸੀਂ ਸਭ ਲੋਕ ਜਾਤਪ੍ਰਸਤੀ ਤੇ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ ਸਾਮਰਾਜ ਪੱਖੀ ਲੋਟੂ ਹਾਕਮਾਂ ਵਿਰੁਧ ਆਪਣਾ ਸੰਘਰਸ਼ ਜਾਰੀ ਰੱਖੀਏ ਤਾਂ ਜੋ ਆਮ ਆਦਮੀ ਨੂੰ ਹੱਕ-ਇਨਸਾਫ ਮਿਲ ਸਕੇ। ਬੁਲਾਰਿਆਂ ਨੇ ਕੂਕਾ ਲਹਿਰ ਦੇ ਮਹਾਨ ਯੋਧਿਆਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਵੀ ਚੇਤੇ ਕੀਤਾ ਕਿ ਕਿਵੇਂ ਉਨ੍ਹਾਂ ਤੋਪਾਂ ਅੱਗੇ ਇਕ ਦੂਜੇ ਤੋਂ ਅੱਗੇ ਵਧ ਕੇ ਸਿਰ ਡਾਹੇ। ਨਾਮਧਾਰੀ ਸਾਧ ਸੰਗਤ ਦੀ ਤਰਫੋਂ ਸੰਤ ਗੁਰਬਚਨ ਸਿੰਘ, ਗੁਰਦੀਪ ਸਿੰਘ ਅਤੇ ਦਵਿੰਦਰ ਸਿੰਘ ਨੇ ਕੂਕਾ ਲਹਿਰ ਦੇ ਇਤਿਹਾਸ ਬਾਰੇ ਚਾਨਣਾ ਪਾਇਆ।


















ਹਿੰਦੂ ਮੰਦਰ ਦੇ ਕਮਿਊਨਿਟੀ ਹਾਲ ਵਿਚ ਦੇਸ਼ ਭਗਤਾਂ ਦੀ ਇਕ ਫੋਟੋ ਪ੍ਰਦਰਸ਼ਨੀ ਲਾਈ ਗਈ ਸੀ ਅਤੇ ਜਗ੍ਹਾ ਜਗ੍ਹਾ ਦੇਸ਼ ਭਗਤੀ ਦੇ ਬੈਨਰ ਲਾਏ ਗਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਕਮੇਟੀ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮੂਹ ਦਰਸ਼ਕਾਂ ਸਮੇਤ ਗਦਰੀ ਬਾਬਿਆਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਕੇ ਕੀਤੀ।

ਲੰਗਰ ਕਮੇਟੀ ਦੇ ਪ੍ਰਬੰਧਕਾਂ ਹਰਬੰਸ ਸਿੰਘ ਬੋਲਾ, ਰਾਜਵੀਰ ਸਿੰਘ ਲੁਧਿਆਣਾ, ਕੁਲਦੀਪ ਸਿੰਘ, ਸੇਵਾ ਸਿੰਘ, ਗੁਰਿੰਦਰ ਸਿੰਘ ਗੈਰੀ ਅਤੇ ਹਿੰਦੂ ਟੈਂਪਲ ਦੇ ਸੇਵਾਦਾਰਾਂ ਵਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਡਾ. ਹਰਮਿੰਦਰ ਸਿੰਘ ਵਲੋਂ ਹੋਮਿਓਪੈਥੀ ਦਾ ਮੁਫਤ ਚੈਕਅਪ ਕੈਂਪ ਲਾਇਆ ਗਿਆ।

ਆਏ ਦਰਸ਼ਕਾਂ ਦਾ ਗਾਇਕ ਰਾਜ ਬਰਾੜ, ਗਿੱਲ ਹਰਦੀਪ, ਰਛਪਾਲ ਫਰਵਾਲਾ, ਸੁਖਦੇਵ ਸਾਹਿਲ ਅਤੇ ਜੇ.ਐਸ. ਕਾਫਰ ਨੇ ਗੀਤ ਸੰਗੀਤ ਨਾਲ ਭਰਪੂਰ ਮਨੋਰੰਜਨ ਕੀਤਾ। ਬਲਬੀਰ ਸਿੰਘ ਜੌਹਲ ਅਤੇ ਬੀਬੀ ਆਸ਼ਾ ਸ਼ਰਮਾ ਨੇ ਮੰਚ ਸੰਚਾਲਨ ਕੀਤਾ। ਅਜੇ ਭੰਗੜਾ ਅਕੈਡਮੀ ਦੀਆਂ ਗਿੱਧੇ ਤੇ ਭੰਗੜੇ ਦੀਆਂ ਟੀਮਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ।

ਸੈਂਕੜੇ ਸੂਝਵਾਨ ਸਰੋਤਿਆਂ ਵਿਚ ਪ੍ਰਸਿੱਧ ਕਹਾਣੀਕਾਰ ਕਰਮ ਸਿੰਘ ਮਾਨ, ਹਿੰਦੂ ਮੰਦਰ ਦੇ ਰਾਜ ਭਨੋਟ, ਸੁਖਵਿੰਦਰ ਸਿੰਘ ਬਿੱਲਾ, ਹਰਬੰਸ ਸਿੰਘ ਲੌਂਗੀਆ ਸਾਬਕਾ ਪ੍ਰਧਾਨ ਬਾਰ ਕੌਂਸਲ ਨਵਾਂ ਸ਼ਹਿਰ, ਤਰਸੇਮ ਸਿੰਘ ਅਟਵਾਲ, ਇੰਦਰਜੀਤ ਸਿੰਘ, ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਬਾਬ ਢਿੱਲੋਂ, ਦਵਿੰਦਰ ਸਿੰਘ, ਬਲਦੇਵ ਸਿੰਘ, ਬਿਜਨਸਮੈਨ ਅਮੋਲਕ ਸਿੰਘ ਗਾਖਲ ਅਤੇ ਸਾਥੀ, ਕਬੱਡੀ ਖਿਡਾਰੀ ਤੀਰਥ ਗਾਖਲ, ਚਰਨਜੀਤ ਸਿੰਘ, ਕਵੀ ਹਰਜਿੰਦਰ ਕੰਗ, ਪਰਮਜੀਤ ਸਿੰਘ, ਚੇਤਨ ਸਿੰਘ, ਕੇਵਲ ਸਿੰਘ ਅਤੇ ਉਜਲ ਸਿੰਘ ਸ਼ਾਮਲ ਸਨ।

ਇਸ ਮੇਲੇ ਨੂੰ ਨੇਪਰੇ ਚਾੜ੍ਹਨ ਵਿਚ ਸੰਸਥਾ ਦੇ ਪ੍ਰਧਾਨ ਦਿਲਬਾਗ ਸਿੰਘ ਸੰਧੂ, ਨਰਿੰਦਰ ਸਿੰਘ ਸੁੱਜੋਂ, ਬਲਜੀਤ ਸਿੰਘ ਸੰਧੂ, ਬਲਜੋਗ ਸਿੰਘ ਸੰਧੂ, ਬਲਬੀਰ ਸਿੰਘ ਜੌਹਲ, ਬਲਬੀਰ ਸਰਹਾਲ ਕਾਜ਼ੀਆਂ, ਇਕੱਤਰ ਸਿੰਘ ਸੋਢੀ, ਪੰਕਜ ਆਂਸਲ, ਸਰਬਜੀਤ ਸਿੰਘ ਸੰਧੂ, ਕੇਵਲ ਸਿੰਘ ਸੰਧੂ, ਗਣੇਸ਼ ਦੱਤ ਲਾਲਾ ਜੀ, ਜਗਦੀਸ਼ ਸਿੰਘ ਜੌਹਲ, ਅਮਰੀਕ ਖੁਡਾਲੀਆ, ਅਮਰਜੀਤ ਸਿੰਘ, ਲੈਹੰਬਰ ਸਿੰਘ ਸੰਧੂ, ਮੰਗਲ ਢਿੱਲੋਂ ਸੈਂਟਾ ਰੋਜ਼ਾ, ਪ੍ਰੇਮ ਕੁਮਾਰ, ਗੁਰਦੇਵ ਸਿੰਘ ਗਿੱਲ, ਮਨਜੀਤ ਜੌਹਲ, ਸੁਖਜੀਤ ਸਿੰਘ ਸਹੋਤਾ, ਚਰਨਜੀਤ ਪਰਾਗਪੁਰ, ਪ੍ਰੋ. ਮਲਕੀਤ ਸਿੰਘ ਬਰਾੜ, ਮਨਜੀਤ ਸਿੰਘ ਝਿੱਕਾ ਨੇ ਭਰਪੂਰ ਯੋਗਦਾਨ ਪਾਇਆ।

## ਸਮੂਹ ਸਿੱਖ ਜਥੇਬੰਦੀਆਂ ਨੂੰ ਵਾਸ਼ਿੰਗਟਨ ਡੀ.ਸੀ. ਕਾਨਫਰੰਸ 'ਚ ਸ਼ਾਮਲ ਹੋਣ ਦੀ ਅਪੀਲ

**ਵਾਸ਼ਿੰਗਟਨ, ਡੀ.ਸੀ. (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਮੁਹਿੰਮ ਚਲਾ ਰਹੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰਮੁਹੰਮਦ) ਵਲੋਂ ਵਾਸ਼ਿੰਗਟਨ, ਡੀ.ਸੀ. ਵਿਚ ਆਉਂਦੀ ਪਹਿਲੀ ਨਵੰਬਰ ਨੂੰ ਇਥੇ ਕਰਵਾਈ ਜਾਣ ਵਾਲੀ ਇਨਸਾਫ ਕਾਨਫਰੰਸ ਲਈ ਰਣਨੀਤੀ ਤਿਆਰ ਕਰਨ ਵਾਸਤੇ ਨਿਊ ਯਾਰਕ, ਵਰਜੀਨੀਆ, ਨਿਊ ਜਰਸੀ ਦੇ ਗੁਰੂ ਘਰਾਂ ਦੇ ਨੁਮਾਇੰਦਿਆਂ ਦੀ ਇਕ ਮੀਟਿੰਗ ਗੁਰਦੁਆਰਾ ਮੈਰੀਲੈਂਡ ਵਿਖੇ ਹੋਈ।




ਇਸ ਮੌਕੇ ਬੋਲਦਿਆਂ ਸਿੱਖਸ ਫਾਰ ਜਸਟਿਸ ਦੇ ਮੁੱਖ ਬੁਲਾਰੇ ਅਤੇ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊ ਯਾਰਕ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਪੰਨੂੰ ਨੇ ਵਿਸ਼ਵਾਸ ਦਿਵਾਇਆ ਕਿ 84 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਜ਼ਰੂਰ ਕਾਮਯਾਬੀ ਹਾਸਲ ਹੋਵੇਗੀ। ਉਨ੍ਹਾਂ ਟਰਾਈ ਸਟੇਟ ਦੀਆਂ ਸਮੂਹ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਕਿ ਇਸ ਸਬੰਧੀ ਪਹਿਲੀ ਨਵੰਬਰ ਨੂੰ ਕੀਤੀ ਜਾ ਰਹੀ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਆਪਣਾ ਹਿੱਸਾ ਪਾਉਣ। ਡਾ. ਅਮਰਜੀਤ ਸਿੰਘ ਨੇ ਭਾਰਤ ਦੀ ਨਿਆਂ ਪ੍ਰਣਾਲੀ ਦਾ ਜ਼ਿਕਰ ਕਰਦਿਆਂ ਆਖਿਆ ਕਿ ਉਥੇ ਹਮੇਸ਼ਾ ਘੱਟ ਗਿਣਤੀਆਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਮੌਕੇ ਬੋਲਦਿਆਂ ਡਾ. ਰਾਜਵੰਤ ਸਿੰਘ ਨੇ ਆਖਿਆ ਕਿ ਸਾਨੂੰ ਸਭਨਾਂ ਨੂੰ ਸਿਆਸੀ ਮਤਭੇਦਾਂ ਤੋਂ ਉਪਰ ਉਠ ਕੇ ਇਨਸਾਫ ਦੀ ਇਸ ਲਹਿਰ ਨੂੰ ਕਾਮਯਾਬ ਕਰਨਾ ਚਾਹੀਦਾ ਹੈ। ਵਰਜੀਨੀਆ ਗੁਰੂ ਘਰ ਦੇ ਸਕੱਤਰ ਪ੍ਰੋ. ਮਨਜੀਤ ਸਿੰਘ ਨੇ ਆਖਿਆ ਕਿ ਪਹਿਲੀ ਨਵੰਬਰ ਦਾ ਇਕੱਠ ਇਹ ਸਾਬਤ ਕਰ ਦੇਵੇਗਾ ਕਿ ਸਿੱਖ ਨਾ ਜ਼ੁਲਮ ਕਰਦੇ ਹਨ ਅਤੇ ਨਾ ਸਹਿਣ ਕਰਦੇ ਹਨ। ਭਾਈ ਪੂਰਨਜੀਤ ਸਿੰਘ, ਬੀਬੀ ਰਵਿੰਦਰ ਕੌਰ ਮੱਲ੍ਹੀ ਨੇ ਵੀ ਅਜਿਹੀਆਂ ਹੀ ਅਪੀਲਾਂ ਕੀਤੀਆਂ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਆਖਿਆ ਕਿ ਭਾਰਤ ਦੇ ਉਨ੍ਹਾਂ ਅਠਾਰਾਂ ਸੂਬਿਆਂ ਦੀਆਂ ਉਚ ਅਦਾਲਤਾਂ ਵਿਚ ਜਨ ਹਿੱਤ ਪਟੀਸ਼ਨਾਂ ਦਾਇਰ ਕਰਕੇ ਅਦਾਲਤੀ ਜਾਂਚ ਦੀ ਮੰਗ ਕੀਤੀ ਜਾਵੇ ਜਿਥੇ 1984 ਵਿਚ ਸਿੱਖਾਂ ਦਾ ਕਤਲੇਆਮ ਹੋਇਆ ਸੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਇਕ ਦਸਤਾਵੇਜ਼ੀ ਫਿਲਮ ਵੀ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ 1984 ਵਿਚ ਸਿੱਖਾਂ ਉਤੇ ਕੀਤੇ ਗਏ ਹਮਲਿਆਂ ਸਬੰਧੀ ਦੋ ਦਸਤਾਵੇਜ਼ੀ ਫਿਲਮਾਂ ਵੀ ਦਿਖਾਈਆਂ ਗਈਆਂ।

ਸ੍ਰੀ ਪੰਨੂੰ ਨੇ ਬੜੇ ਸੁਲਝੇ ਢੰਗ ਨਾਲ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਇਸ ਸੰਸਥਾ ਵਲੋਂ ਪਰਵਾਸੀਆਂ ਨੂੰ ਪਾਸਪੋਰਟ ਦਿਵਾਉਣ, ਕਾਲੀਆਂ ਸੂਚੀਆਂ ਨੂੰ ਖਤਮ ਕਰਨ ਅਤੇ ਜੇਲ੍ਹਾਂ ਵਿਚ ਸੜ ਰਹੇ ਵਿਅਕਤੀਆਂ ਨੂੰ ਰਿਹਾ ਕਰਵਾਉਣ ਦੇ ਮੁੱਦਿਆਂ ਤੇ ਪਹਿਰਾ ਦੇਣ ਦਾ ਜ਼ਿਕਰ ਕੀਤਾ।

ਹੋਰਨਾਂ ਤੋਂ ਇਲਾਵਾ ਭਾਈ ਪਰਵਿੰਦਰ ਸਿੰਘ, ਤਰਲੋਚਨ ਸਿੰਘ, ਦਲਬੀਰ ਸਿੰਘ ਪ੍ਰਧਾਨ ਬਾਲਟੀਮੋਰ ਗੁਰੂ ਘਰ, ਰਾਜਵੰਤ ਸਿੰਘ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਜਗਰੀਤ ਸਿੰਘ ਵਰਜੀਨੀਆ ਗੁਰੂ ਘਰ, ਭਾਈ ਸਵਿੰਦਰ ਸਿੰਘ, ਸੇਵਾ ਸਿੰਘ, ਸਿੰਘ ਸਭਾ ਗੁਰੂ ਘਰ, ਵਰਜੀਨੀਆਂ ਗੁਰੂ ਘਰ ਤੋਂ ਪੂਰਨਜੀਤ ਸਿੰਘ ਸਕੱਤਰ ਤੋਂ ਇਲਾਵਾ ਬਾਈ ਇਕੱਠ ਵਿਚ ਸ਼ਾਮਿਲ ਸਨ।

## ਪਰਵਾਸੀ ਲੁਟੇਰੇ ਲੀਡਰਾਂ ਦਾ ਸਵਾਗਤ ਨਾ ਕਰਨ:ਖੇੜਾ

**ਨਿਊ ਯਾਰਕ:** ਮਾਲਟਾ ਦੁਰਘਟਾਨਾ ਜਾਂਚ ਮਿਸ਼ਨ ਦੇ ਪ੍ਰਧਾਨ ਅਤੇ ਸੋਸ਼ਲਿਸਟ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਸ. ਬਲਵੰਤ ਸਿੰਘ ਖੇੜਾ ਨੇ ਪੰਜਾਬ ਦੀ ਵਰਤਮਾਨ ਬਰਬਾਦੀ ਲਈ ਕਾਂਗਰਸ ਅਤੇ ਅਕਾਲੀ ਦਲ (ਬਾਦਲ) ਦੋਹਾਂ ਨੂੰ ਬਰਾਬਰ ਦਾ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਆਖਿਆ ਕਿ ਆਜ਼ਾਦੀ ਤੋਂ 62 ਸਾਲ ਬਾਅਦ ਵੀ ਲੋਕਾਂ ਨੂੰ ਮੁਢਲੀਆਂ ਸਹੂਲਤਾਂ, ਬਿਜਲੀ, ਪਾਣੀ, ਸਿੱਖਿਆ ਅਤੇ ਸਿਹਤ ਸੇਵਾਵਾਂ ਨਾ ਦੇ ਸਕਣ ਵਾਲੇ ਆਗੂਆਂ ਵਿਰੁਧ ਲੋਕ ਅਦਾਲਤਾਂ ਵਿਚ ਮੁਕੱਦਮੇ ਚਲਾਉਣੇ ਚਾਹੀਦੇ ਹਨ। ਇਥੇ ਇਕ ਪ੍ਰੈਸ ਕਾਨਫਰੰਸ ਵਿਚ ਬੋਲਦਿਆਂ ਸ੍ਰੀ ਖੇੜਾ ਨੇ ਆਖਿਆ ਕਿ ਇਸ ਸਮੇਂ ਹਾਲਤ ਇਹ ਹੈ ਕਿ ਪੰਜਾਬ ਦਾ ਹਰ ਜੰਮਦਾ ਬੱਚਾ 27 ਹਜ਼ਾਰ ਰੁਪਏ ਦਾ ਕਰਜ਼ਈ ਹੈ ਅਤੇ ਸਾਡੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ, ਜਦੋਂਕਿ ਨੌਜਵਾਨ ਨਿਰਾਸ਼ਾ ਵਿਚ ਨਸ਼ਿਆਂ ਦੇ ਰਾਹ ਪਿਆ ਹੋਇਆ ਹੈ, ਦੂਜੇ ਪਾਸੇ ਰਾਜਸੀ ਆਗੂ ਕਰੋੜਪਤੀ ਬਣੇ ਹੋਏ ਹਨ। ਉਨ੍ਹਾਂ ਅਜਿਹੇ ਵਿਚ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਲੁਟੇਰੇ ਲੀਡਰਾਂ ਦਾ ਸਵਾਗਤ ਨਾ ਕਰਨ।

ਮਾਲਟਾ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਵਿੱਢੀ ਮੁਹਿੰਮ ਕਰਕੇ ਪ੍ਰਸਿਧ ਹੋਏ ਸ੍ਰੀ ਖੇੜਾ ਨੇ ਆਖਿਆ ਕਿ ਭਾਰਤ ਨੂੰ ਇਸ ਸਮੇਂ ਹਜ਼ਾਰਾ ਓਬਾਮਿਆਂ ਅਤੇ ਮਨਮੋਹਨ ਸਿੰਘਾਂ ਦੀ ਲੋੜ ਹੈ, ਤਦ ਜਾ ਕੇ ਭਾਰਤ ਦੀ ਕਿਸਮਤ ਪਲਟ ਸਕਦੀ ਹੈ। ਆਪਣੇ ਆਪ ਨੂੰ ਇਕ ਮੁਕੱਦਮੇਬਾਜ਼ ਕਰਾਰ ਦਿੰਦੇ ਹੋਏ ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਹੋਰ ਅਹੁਦੇਦਾਰਾਂ ਵਿਰੁਧ ਚੋਣ ਕਮਿਸ਼ਨ ਕੋਲ ਪਾਰਟੀ ਦੇ ਦੋਹਰੇ ਸੰਵਿਧਾਨ ਦਾਇਰ ਕਰਨ ਦੇ ਮਾਮਲੇ ਵਿਚ ਅਦਾਲਤ ਵਿਚ ਉਨ੍ਹਾਂ ਲੋਕ ਹਿੱਤ ਪਟਿਸ਼ਨ ਕੀਤੀ ਹੋਈ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਇਕ ਪਟਿਸ਼ਨ ਸਾਰੀਆਂ ਰਾਜਸੀ ਪਾਰਟੀਆਂ ਨੂੰ ਸੂਚਨਾ ਦੇ ਅਧਿਕਾਰ ਕਾਨੂੰਨ ਹੇਠ ਲਿਆਉਣ ਲਈ ਕੇਂਦਰੀ ਸੂਚਨਾ ਕਮਿਸ਼ਨ ਕੋਲ ਦਾਇਰ ਕੀਤੀ ਹੈ।

ਸ੍ਰੀ ਖੇੜਾ ਨੇ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਅਕਾਲੀ ਦਲ ਵਲੋਂ ਪਰਦੇਸਾਂ ਵਿਚ ਆਪਣੀਆਂ ਇਕਾਈਆਂ ਸਥਾਪਤ ਕੀਤੇ ਜਾਣ ਨੂੰ ਬੇਤੁਕਾ ਕਰਾਰ ਦਿੰਦਿਆਂ ਇਨ੍ਹਾਂ ਸਭ ਪਾਰਟੀਆਂ ਨੂੰ ਫੰਡਰੇਜ਼ਿੰਗ ਏਜੰਸੀਆਂ ਦੱਸਿਆ। ਅਕਾਲੀ ਦਲ ਦੇ ਐਨ.ਆਰ.ਆਈ. ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਨੂੰ ਬਾਦਲ ਪਰਿਵਾਰ ਦਾ ਪਿਆਦਾ ਕਰਾਰ ਦਿੰਦਿਆਂ ਸ. ਖੇੜਾ ਨੇ ਆਖਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦਾ ਕਾਕਾ ਆਪਣੇ ਕਾਰਿਆਂ ਕਰਕੇ ਅਮਰੀਕਾ, ਕੈਨੇਡਾ ਅਤੇ ਹੋਰਨਾਂ ਦੇਸ਼ਾਂ ਵਿਚ ਵੱਸਦੇ ਸਿੱਖਾਂ ਦਾ ਸਾਹਮਣਾ ਕਰਨ ਤੋਂ ਕਤਰਾਉਂਦੇ ਹਨ ਇਸ ਲਈ ਬਗੈਰ ਮੈਂਬਰਸ਼ਿਪ ਤੋਂ ਜਾਂ ਆਪਣੇ ਚਾਪਲੂਸਾਂ ਨੂੰ ਅਹੁਦੇਦਾਰੀਆਂ ਬਖ਼ਸ਼ ਰਹੇ ਹਨ ਅਤੇ ਜਾਂ ਫਿਰ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਉਨ੍ਹਾਂ ਇਹ ਵੀ ਮੰਨਿਆ ਕਿ ਇਸ ਦਾ ਹਾਂਪੱਖੀ ਪਹਿਲੂ ਇਹ ਹੈ ਕਿ ਇਸ ਬਹਾਨੇ ਪੰਜਾਬੀ ਅਖਬਾਰਾਂ ਨੂੰ ਇਸ਼ਤਿਹਾਰ ਮਿਲਣ ਲੱਗੇ ਹਨ।



*ਆਪਣੇ ਜ਼ਮਾਨੇ ਦੇ ਸੁਪਰ ਸਟਾਰ ਧਰਮਿੰਦਰ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਪਿਛਲੇ ਹਫਤੇ ਉਹ ਆਪਣੀ ਨਿਊ ਯਾਰਕ ਫੇਰੀ ਦੌਰਾਨ ਆਪਣੇ ਪੁਰਾਣੇ ਮਿੱਤਰ ਅਤੇ ਰਿਸ਼ਤੇਦਾਰ ਅਕਾਲੀ ਦਲ (ਬਾਦਲ) ਦੇ ਕਾਨੂੰਨੀ ਸਲਾਹਕਾਰ ਅਤੇ ਉਘੇ ਵਕੀਲ ਜਸਪ੍ਰੀਤ ਸਿੰਘ ਨੂੰ ਵੀ ਮਿਲੇ। ਦੋਹਾਂ ਨੇ ਕੁਝ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਧਰਮਿੰਦਰ ਨੇ ਸ੍ਰੀ ਜਸਪ੍ਰੀਤ ਸਿੰਘ ਵਲੋਂ ਫਿਲਮ 'ਗੁਰੂ ਮਾਨਿਓ ਗ੍ਰੰਥ' ਦੇ ਨਿਰਮਾਣ ਦੀ ਸ਼ਲਾਘਾ ਕੀਤੀ। ਬਾਅਦ ਵਿਚ ਸ੍ਰੀ ਧਰਮਿੰਦਰ ਨਰਗਿਸ ਦੱਤ ਫਾਊਂਡੇਸ਼ਨ ਦੇ ਸਮਾਗਮ ਵਿਚ ਪਹੁੰਚੇ। ਫਾਊਂਡੇਸ਼ਨ ਵਲੋਂ ਇਹ ਸਮਾਗਮ ਕੈਂਸਰ ਦੇ ਮਰੀਜ਼ਾਂ ਲਈ ਫੰਡ ਇਕੱਠਾ ਕਰਨ ਵਾਸਤੇ ਕੀਤਾ ਗਿਆ ਸੀ।*


ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਲੈਣ ਲਈ ਇਕੋ ਇਕ ਭਰੋਸੇਮੰਦ ਨਾਮ

ਹਮੇਸ਼ਾ ਯਾਦ ਰੱਖੋ

**ਮੇਜਰ ਸਿੰਘ ਚੌਹਾਨ**



*Major Singh Chauhan*
AGENT
CA Ins. Lic #0D36632
New York Life Insurance Company

☞ **Sacramento Office :**
120 Hoxsie Ct,
Folsom CA 95630

☞ **Fremont Office :**
39650 Liberty St. #200
Fremont CA 94538

☞ **Bakersfield Office** :
PO Box 40728
Bakersfield CA 93384

**Cell : 916-337-1683**
**Off : 916-983-4890**
**Off : 510-624-4190**
**Fax : 916-984-0110**

mc101048@gmail.com
THE COMPANY YOU KEEP



ਤੁਹਾਡੇ ਆਪਣੇ ਪੰਜਾਬੀ ਭਰਾਵਾਂ ਦੀ ਨੰਬਰ 1 ਕੰਪਨੀ

# Easy Pay

**CREDIT & DEBIT CARD PROCESSING CORP.**

EASY PAY AND MTS IS A REGISTERED ISO/MPS FOR HSBC BANK USA, NATIONAL ASSOCIATION BUFFALO, NY

ਆਪਣੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਉਪਰ ਕਰੈਡਿਟ ਕਾਰਡ ਅਤੇ ਏ.ਟੀ.ਐਮ. ਮਸ਼ੀਨਾਂ ਲਾਉਣ ਲਈ ਸਾਨੂੰ ਇਕ ਵਾਰ ਕਾਲ ਜ਼ਰੂਰ ਕਰੋ । ਜੇਕਰ ਤੁਹਾਡੇ ਕੋਲ ਇਸ ਵੇਲੇ ਕਰੈਡਿਟ ਕਾਰਡ ਅਤੇ ਏ.ਟੀ.ਐਮ. ਮਸ਼ੀਨ ਚੱਲ ਰਹੀ ਹੈ ਤਾਂ ਵੀ ਸਾਨੂੰ ਸਾਡੇ ਸਪੈਸ਼ਲ ਰੇਟਾਂ ਬਾਰੇ ਜ਼ਰੂਰ ਪੁੱਛੋ । ਅਸੀਂ ਤੁਹਾਨੂੰ ਹਰ ਤਰ੍ਹਾਂ ਦੀਆਂ ਕਰੈਡਿਟ ਕਾਰਡ ਅਤੇ ਏ.ਟੀ.ਐਮ. ਮਸ਼ੀਨਾਂ ਬਿਲਕੁਲ ਮੁਫਤ ਵਿੱਚ ਦੇਵਾਂਗੇ ।

☞ ਕੋਈ ਲੁਕਵਾਂ ਚਾਰਜ਼ ਨਹੀਂ
☞ ਕੋਈ ਲੀਜ਼ ਨਹੀਂ

ਸਾਨੂੰ ਆਪਣੀ ਕੰਪਨੀ ਵਿੱਚ ਕੰਮ ਕਰਨ ਲਈ ਏਜੰਟਾਂ ਦੀ ਲੋੜ ਹੈ।

**24 ਘੰਟੇ ਵਧੀਆ ਅਤੇ ਭਰੋਸੇਯੋਗ ਸਰਵਿਸ**

*We Surely Beat Any Rates*




Special Rates for
**Pay At The Pump**

**MANDEEP SINGH MANN**
4401 Belle Terrace
Bakersfield CA 93309
Cell: 661-889-1927
Off : 661-397-7741
Fax : 661-397-7741
E-mail : gurmann@hotmail.com

Designed by : Quik Signs - 661-703-8795 or 661-900-7357



# Real Estate and Loans Under One Roof

**Call: Sam Chahal Tel: 916-612-5773**
**Multi-Million Dollars Producer-2007-08**

**Reo-Bankowned Properties**
Serving from Bay Area to Sacramento

*For Buying and Selling Residential, Commercial property and for Loans in Sacramento area*



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com

We Help You Buy/Sell
Business & Homes

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

## Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**

# ਸਿਤਾਰਵਾਦਕ ਅਨੂਸ਼ਕਾ ਨੇ ਵਪਾਰੀ ਖਿਲਾਫ ਕੀਤੀ ਬਲੈਕਮੇਲਿੰਗ ਦੀ ਸ਼ਿਕਾਇਤ



**ਨਵੀਂ ਦਿੱਲੀ :** ਮੰਨੇ ਪ੍ਰਮੰਨੇ ਸੰਗੀਤਕਾਰ ਪੰਡਿਤ ਰਵੀ ਸ਼ੰਕਰ ਦੀ ਬੇਟੀ ਅਤੇ ਸਿਤਾਰਵਾਦਕ ਅਨੁਸ਼ਕਾ ਸ਼ੰਕਰ ਨੂੰ ਕਥਿਤ ਤੌਰ 'ਤੇ ਇਕ ਵਪਾਰੀ ਨੇ ਬਲੈਕਮੇਲ ਕੀਤਾ ਜਿਸਨੂੰ ਮੁੰਬਈ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਪੁਲਸ ਨੇ ਦੱਸਿਆ ਕਿ 29 ਸਾਲਾ ਜੁਨੈਦ ਨਾਮੀ ਉਕਤ ਵਪਾਰੀ ਕਥਿਤ ਤੌਰ 'ਤੇ ਅਨੁਸ਼ਕਾ ਨੂੰ ਬਲੈਕਮੇਲ ਕਰਨ ਲਈ ਉਸ ਦੀਆਂ ਤਸਵੀਰਾਂ ਦੀ ਵਰਤੋਂ ਕਰ ਰਿਹਾ ਜੋ ਅਨੁਸ਼ਕਾ ਦੀ ਈ-ਮੇਲ ਨੂੰ ਹੈਕ ਕਰਕੇ ਕੱਢੀਆਂ ਗਈਆਂ ਸਨ। ਪੰਡਿਤ ਰਵੀ ਸ਼ੰਕਰ ਨੇ ਪਿਛਲੇ ਮਹੀਨੇ ਦਿੱਲੀ ਪੁਲਸ ਫੋਰਸ ਕੋਲ ਸ਼ਿਕਾਇਤ ਕੀਤੀ ਸੀ ਕਿ ਕੋਈ ਉਨ੍ਹਾਂ ਦੀ ਬੇਟੀ ਨੂੰ ਬਲੈਕਮੇਲ ਕਰ ਰਿਹਾ ਹੈ। ਜਾਂਚ ਪੜਤਾਲ ਪਿੱਛੋਂ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਚੋਟੀ ਦੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਪੁਲਸ ਦੀ ਵਿਸ਼ੇਸ਼ ਸ਼ਾਖਾ ਨੇ ਮਾਮਲੇ ਵਿਚ ਕਥਿਤ ਤੌਰ 'ਤੇ ਜੁਨੈਦ ਨੂੰ ਸ਼ਾਮਲ ਪਾਏ ਜਾਣ ਤੋਂ ਬਾਅਦ ਗ੍ਰਿਫਤਾਰ ਕੀਤਾ। ਉਸਨੂੰ ਨਵੀਂ ਦਿੱਲੀ ਦੀ ਇਕ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਛੋਂ ਉਸ ਨੂੰ 14 ਦਿਨ ਲਈ ਜੇਲ ਭੇਜਿਆ ਗਿਆ।

ਸਰਕਾਰੀ ਸੂਤਰਾਂ ਮੁਤਾਬਕ ਅਜਿਹਾ ਪ੍ਰਤੀਕ ਹੁੰਦਾ ਹੈ ਕਿ ਵਪਾਰੀ ਜੁਨੈਦ ਅਨੁਸ਼ਕਾ ਨੂੰ ਜਾਣਦਾ ਸੀ ਅਤੇ ਦੋਵਾਂ ਦੀ ਦੋਸਤੀ ਖਤਮ ਹੋਣ ਤੋਂ ਬਾਅਦ ਉਹ ਅਨੁਸ਼ਕਾ ਪ੍ਰਤੀ ਮਾੜੀ ਭਾਵਨਾ ਰੱਖ ਰਿਹਾ ਸੀ। ਅਧਿਕਾਰੀ ਮੁਤਾਬਕ ਜੁਨੈਦ ਨੇ ਕਥਿਤ ਤੌਰ 'ਤੇ ਅਨੁਸ਼ਕਾ ਦੇ ਈ-ਮੇਲ ਦੇ ਇਨ ਬਾਕਸ ਨੂੰ ਹੈਕ ਕੀਤਾ ਅਤੇ ਉਸ ਦੀਆਂ ਤਸਵੀਰਾਂ ਕੱਢ ਲਈਆਂ। ਉਸਨੇ ਕਥਿਤ ਤੌਰ 'ਤੇ ਅਨੁਸ਼ਕਾ ਨੂੰ ਘੱਟੋ-ਘੱਟ 6 ਈ-ਮੇਲ ਕੀਤੇ ਅਤੇ ਤਸਵੀਰਾਂ ਜਨਤਕ ਨਾ ਕਰਨ ਦੀ ਸ਼ਰਤ 'ਤੇ ਚੋਖਾ ਪੈਸਾ ਮੰਗਿਆ। ਉਸਨੇ ਇਕ ਈ-ਮੇਲ ਵਿਚ ਤਾਂ ਇਕ ਲੱਖ ਅਮਰੀਕੀ ਡਾਲਰ ਤਕ ਮੰਗ ਲਏ। ਅਨੁਸ਼ਕਾ ਦੇ ਇਕ ਬੁਲਾਰੇ ਨੇ ਕਿਹਾ ਕਿ ਇਸ ਸਮੇਂ ਮਾਮਲੇ ਦੀ ਜਾਂਚ ਚਲ ਰਹੀ ਹੈ। ਸਮਝਿਆ ਜਾਂਦਾ ਹੈ ਕਿ ਅਮਰੀਕਾ ਵਿਚ ਰਹਿ ਰਹੇ ਰਵੀਸ਼ੰਕਰ ਨੇ ਆਪਣੀ ਸ਼ਿਕਾਇਤ ਵਿਚ ਪੁਲਸ ਨੂੰ ਦੱਸਿਆ ਕਿ ਅਨੁਸ਼ਕਾ ਨੇ ਇਸ ਸਾਲ ਫਰਵਰੀ ਵਿਚ ਦੱਖਣੀ ਦਿੱਲੀ ਦੇ ਇਕ ਸਰਵਿਸ ਸੈਂਟਰ ਵਿਚ ਆਪਣਾ ਲੈਪਟਾਪ ਠੀਕ ਹੋਣ ਲਈ ਦਿੱਤਾ ਸੀ।

ਸ਼ੁਰੂ ਵਿਚ ਪੁਲਸ ਨੂੰ ਲੱਗਾ ਕਿ ਤਸਵੀਰਾਂ ਉਸ ਸਮੇਂ ਕਾਪੀ ਕੀਤੀਆਂ ਗਈਆਂ ਹੋਣ। ਇਸ ਸੰਬੰਧੀ ਸਰਵਿਸ ਸੈਂਟਰ ਦੇ ਲੋਕਾਂ ਕੋਲੋਂ ਪੁੱਛਗਿੱਛ ਕੀਤੀ ਗਈ। ਬਾਅਦ ਵਿਚ ਪੁਲਿਸ ਨੇ ਧਿਆਨ ਮੁੰਬਈ ਦੇ ਇਕ ਵਪਾਰੀ ਵਲ ਲਾਇਆ ਅਤੇ ਪੂਰੀ ਜਾਂਚ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ।

# ਸੰਸਦ ਮੈਂਬਰਾਂ ਦੇ ਘਰਾਂ ਦੇ ਨਵੀਨੀਕਰਨ 'ਤੇ ਖਰਚੇ ਕਰੋੜਾਂ ਰੁਪਏ

**ਨਵੀਂ ਦਿੱਲੀ:** ਅੱਜਕਲ ਸਾਰੇ ਪਾਸੇ ਕਫਾਇਤ ਦਾ ਦੌਰ ਚੱਲ ਰਿਹਾ ਹੈ ਪਰ ਸਰਕਾਰ ਨੇ ਪਿਛਲੇ 5 ਸਾਲ ਦੌਰਾਨ ਆਪਣੇ ਸੰਸਦ ਮੈਂਬਰਾਂ ਦੇ ਨਿਵਾਸ ਸਥਾਨਾਂ ਦੇ ਨਵੀਨੀਕਰਨ 'ਤੇ ਲਗਭਗ 100 ਕਰੋੜ ਰੁਪਏ ਖਰਚ ਕੀਤੇ ਹਨ।

ਸੂਚਨਾ ਦੇ ਅਧਿਕਾਰ ਕਾਨੂੰਨ ਅਧੀਨ ਮੁੰਬਈ ਦੇ ਇਕ ਵਾਸੀ ਚੇਤਨ ਵਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਲੰਘੀ 20 ਸਤੰਬਰ ਨੂੰ ਸਰਕਾਰ ਨੇ ਉਕਤ ਪ੍ਰਗਟਾਵਾ ਕੀਤਾ ਹੈ। ਇਸ ਜਵਾਬ ਵਿਚ ਦੱਸਿਆ ਗਿਆ ਹੈ ਕਿ ਬੀਤੇ ਪੰਜ ਸਾਲ ਦੌਰਾਨ ਸੰਸਦ ਮੈਂਬਰਾਂ ਅਤੇ ਮੰਤਰੀਆਂ ਨੂੰ ਅਲਾਟ ਕੀਤੇ ਗਏ ਬੰਗਲਿਆਂ ਦੇ ਨਵੀਨੀਕਰਨ 'ਤੇ 93.53 ਕਰੋੜ ਰੁਪਏ ਖਰਚ ਕੀਤੇ ਗਏ। ਜਵਾਬ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਸੰਸਦ ਮੈਂਬਰਾਂ ਦੇ ਬੰਗਲਿਆਂ ਵਿਚ ਲੱਕੜ ਦਾ ਫਰਸ਼, ਦਰਵਾਜ਼ਿਆਂ ਲਈ ਸ਼ੀਸ਼ਿਆਂ ਵਾਲੇ ਸ਼ਟਰ ਅਤੇ ਕੰਧਾਂ 'ਤੇ ਟਾਈਲਾਂ ਲਗਾਉਣ 'ਤੇ ਖਰਚ ਕੀਤੇ ਗਏ।

ਮੁੱਖ ਰੂਪ ਵਿਚ ਇਹੀ ਸਾਮਾਨ ਮਹਿੰਗਾ ਹੁੰਦਾ ਹੈ, ਜਿਨ੍ਹਾਂ ਸੰਸਦ ਮੈਂਬਰਾਂ ਦੇ ਬੰਗਲਿਆਂ ਦਾ ਨਵੀਨੀਕਰਨ ਕੀਤਾ ਗਿਆ, ਉਨ੍ਹਾਂ ਵਿਚ ਸ਼ਰਦ ਪਵਾਰ, ਪ੍ਰਣਬ ਮੁਖਰਜੀ, ਏ.ਕੇ.ਐਂਟੋਨੀ, ਪੀ.ਚਿਦੰਬਰਮ ਅਤੇ ਮਮਤਾ ਬੈਨਰਜੀ ਸ਼ਾਮਲ ਹਨ। ਕੁਲ ਮਿਲਾ ਕੇ 77 ਸੰਸਦ ਮੈਂਬਰਾਂ ਦੇ ਨਿਵਾਸ ਸਥਾਨਾਂ 'ਤੇ ਇਹ ਪੈਸਾ ਖਰਚ ਹੋਇਆ। ਕੀ ਇਹ ਵੀ ਬੱਚਤ ਮੁਹਿੰਮ ਦਾ ਹਿੱਸਾ ਹੈ?

## ਅਮਰੀਕਾ ਦੀ ਕਾਲੀ ਸੂਚੀ ਵਿਚ ਪਾਕਿਸਤਾਨ ਦਾ ਨਾਂ

**ਵਾਸ਼ਿੰਗਟਨ:** ਪਾਕਿਸਤਾਨ ਦਾ ਨਾਂ ਅਜੇ ਵੀ ਅਮਰੀਕਾ ਦੀ ਨਾਜਾਇਜ਼ ਤੌਰ 'ਤੇ ਨਸ਼ੀਲੀਆਂ ਵਸਤਾਂ ਦੇ ਉਤਪਾਦਨ ਅਤੇ ਆਵਾਜਾਈ ਪ੍ਰਦਾਨ ਕਰਨ ਵਾਲੇ ਦੇਸ਼ਾਂ ਦੀ ਕਾਲੀ ਸੂਚੀ ਵਿਚ ਸ਼ਾਮਲ ਹੈ। ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ ਕਿ ਇਹ ਲਿਸਟ ਅਮਰੀਕੀ ਕਾਂਗਰਸ ਸਾਹਮਣੇ ਹਰ ਸਾਲ ਰੱਖਣੀ ਪੈਂਦੀ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਵਲੋਂ ਇਹ ਲਿਸਟ ਬੀਤੇ ਦਿਨੀਂ ਜਾਰੀ ਕੀਤੀ ਗਈ ਸੀ। ਇਸ ਵਿਚ ਅਫਗਾਨਿਸਤਾਨ, ਬਹਾਮਾਸ, ਬੋਲੀਵੀਆ, ਬ੍ਰਾਜ਼ੀਲ, ਕੋਲੰਬੀਆ, ਡੋਮੀਨੇਰ ਗਣਰਾਜ, ਇਕਵਾਡੋਰ, ਗੁਆਟੇਮਾਲਾ, ਹੇਤੀ, ਭਾਰਤ, ਜਮਾਇਕਾ, ਲਾਓਸ, ਮੈਕਸੀਕੋ, ਮਯਾਂਮਾਰ, ਨਾਈਜੀਰੀਆ, ਪਾਕਿਸਤਾਨ, ਪੱਛਮੀ ਪੈਰਾਗੁਏ, ਪੇਰੂ ਅਤੇ ਵੈਨਜ਼ੂਏਲਾ ਸ਼ਾਮਲ ਹਨ।


## ਡਾ. ਦਿਲਗੀਰ ਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਅੱਧੇ ਮੁੱਲ 'ਤੇ

ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ ਸਿੱਖ ਤਵਾਰੀਖ਼ (ਪੰਜ ਜਿਲਦਾਂ ਵਿਚ),
ਸ. ਜਸਬਿੰਦਰ ਸਿੰਘ ਦੁਬਈ ਦੀ ਦਸਮ ਗ੍ਰੰਥ ਦਾ ਲਿਖਾਰੀ ਕੌਣ? (ਦੋਵੇਂ ਹਿੱਸੇ), ਡਾ. ਦਿਲਗੀਰ ਦੀਆਂ ਹੋਰ ਬਹੁਤ ਸਾਰੀਆਂ ਕਿਤਾਬਾਂ ਤੇ ਆਡੀਓ ਸੀ.ਡੀ, ਗੁਰਮਤਿ ਟਕਸਾਲ ਦੀਆਂ ਪ੍ਰਕਾਸ਼ਨਾਵਾਂ ਅਤੇ ਹੋਰ ਕਈ ਪੰਥਕ ਲੇਖਕਾਂ ਦੀਆਂ ਕਿਤਾਬਾਂ

ਤਕਰੀਬਨ ਅੱਧੇ ਮੁੱਲ 'ਤੇ ਹਾਸਿਲ ਕਰਨ ਵਾਸਤੇ

**ਸੰਪਰਕ ਕਰੋ: 98725 44016**


# ਪੰਜਾਬੀ ਔਰਤ ਦੀ ਜ਼ਿੰਦਗੀ ਹੋਰ ਵਿਗਾੜੀ ਪਰਵਾਸ ਨੇ

**-ਰਮਿੰਦਰ ਸਿੰਘ**

ਪੰਜਾਬੀ ਔਰਤ ਦਾ ਪਹਿਲਾ ਪਰਵਾਸ ਤਾਂ ਹੁਣ ਇਤਿਹਾਸ ਦਾ ਹਿੱਸਾ ਹੈ। ਗਜ਼ਨੀ ਦਿਆਂ ਬਜ਼ਾਰਾਂ ਤੋਂ ਲੈ ਕੇ ਅਰਬ ਦੀਆਂ ਹੱਦਾਂ ਤੱਕ ਪੁਰਾਣੀ ਪੰਜਾਬੀ ਔਰਤ ਕਦੀ ਵਿਕ ਕੇ, ਕਦੀ ਗੁਲਾਮ ਬਣ ਕੇ, ਕਦੀ ਲੌਂਡੀ-ਬਾਂਦੀ ਜਾਂ ਦਾਸੀ ਬਣਕੇ ਪਰਵਾਸ ਕਰਦੀ ਰਹੀ ਹੈ। ਹਰ ਹਾਲਤ ਵਿਚ ਪੰਜਾਬੀ ਔਰਤ ਤੇ ਵਕਤ ਦੀ ਗਾਜ ਡਿਗਦੀ ਰਹੀ ਹੈ।

ਆਧੁਨਿਕ ਯੁੱਗ ਵਿਚ ਪੰਜਾਬੀ ਔਰਤ ਦਾ ਸਭ ਤੋਂ ਪਹਿਲਾ ਪਰਵਾਸ ਅੱਜ ਤੋਂ ਇਕ ਸਦੀ ਪਹਿਲਾਂ ਕੈਨੇਡਾ ਵਿਚ ਹੋਇਆ। ਇਸਤੋਂ ਮਗਰੋਂ ਪੰਜਾਬੀ ਔਰਤ ਦਾ ਦੂਸਰਾ ਪਰਵਾਸ ਅਫਰੀਕਨ ਮੁਲਕਾਂ ਵਿਚ ਹੋਇਆ, ਜਦੋਂ ਰਾਮਗੜ੍ਹੀਆਂ ਬਰਾਦਰੀ ਦੇ ਮਿਸਤਰੀ, ਪੰਜਾਬ ਤੋਂ ਪੈਸੇ ਕਮਾਉਣ ਅਫਰੀਕਾ ਮੁਲਕਾਂ ਤੇ ਜੰਜੀਬਾਰ ਦਿਆਂ ਟਾਪੂਆਂ ਤੇ ਜਾਣਾ ਸ਼ੁਰੂ ਹੋਏ ਸਨ। ਉਹ ਆਪਣੀਆਂ ਵਹੁਟੀਆਂ ਤੇ ਬੱਚੇ ਵੀ ਨਾਲ ਲੈ ਗਏ, ਤਾਂ ਜੋ ਨਵੀਂ ਧਰਤੀ ਉਪਰ ਉਹਨਾਂ ਦਾ ਦਿਲ ਲਗ ਸਕੇ। ਉਸਤੋਂ ਮਗਰੋਂ ਤਾਂ ਫੇਰ ਪੰਜਾਬੀ ਯੂਰਪ ਪਰਵਾਸ ਕਰਨ ਲਗ ਪਏ ਤੇ 1950 ਤੋਂ 1970 ਤੱਕ ਲੱਖਾਂ ਪਰਵਾਸੀ ਔਰਤਾਂ ਆਪਣੇ ਪਰਿਵਾਰਾਂ ਨਾਲ ਯੂਰਪ ਵਸ ਗਈਆਂ। ਅੱਜ ਯੂਰਪ ਦਿਆਂ ਚੰਦ ਮੁਲਕਾਂ ਜਿਵੇਂ-ਇੰਗਲੈਂਡ, ਫਰਾਂਸ, ਜਰਮਨ, ਡੈਨਮਾਰਕ, ਨਾਰਵੇ-ਸਵੀਡਨ ਵਿਚ ਪਰਵਾਸੀ ਪੰਜਾਬਣਾਂ ਦੀ ਵੱਡੀ ਗਿਣਤੀ ਹੈ। ਇਹ ਪਰਵਾਸੀ ਪੰਜਾਬਣਾਂ ਤੁਹਾਨੂੰ ਜਨਰਲ ਸਟੋਰਾਂ ਵਿਚ, ਪਰਚੂਨ ਤੇ ਗਰੋਸਰੀ ਦੀਆਂ ਦੁਕਾਨਾਂ ਵਿਚ, ਏਅਰ-ਪੋਰਟਾਂ, ਰੇਲਵੇ-ਸਟੇਸ਼ਨਾਂ 'ਤੇ, ਤੇ ਆਪਣੇ-ਆਪਣੇ ਘਰਾਂ ਵਿਚ ਮਰਦਾਂ ਨਾਲ ਮੋਢਾ ਜੋੜਕੇ ਕੰਮ ਕਰਦੀਆਂ ਮਿਲਣਗੀਆਂ। ਲੱਖਾਂ ਦੀ ਗਿਣਤੀ ਹੈ ਇਹਨਾਂ ਦੀ। ਪੰਜਾਬੀ ਪਰਵਾਸੀ ਪਰਿਵਾਰਾਂ ਵਿਚ ਵਧੀ ਹੋਈ ਖੁਸ਼ਹਾਲੀ ਦਾ ਵਡਾ ਸਰੋਤ ਇਹ ਐਨ.ਆਰ.ਆਈ. ਔਰਤਾਂ ਦੀ ਮਿਹਨਤ ਹੈ।

ਹੁਣ ਸਵਾਲ ਇਹ ਹੈ ਕਿ ਇਸ ਲਗਭਗ ਇਕ ਸਦੀ ਦੀ ਮੁਸ਼ੱਕਤ ਮਗਰੋਂ ਪੰਜਾਬੀ ਪਰਵਾਸੀ ਔਰਤ ਨੂੰ ਕੀ ਮਿਲਿਆ? ਕੀ ਉਸਨੂੰ ਮਨਭਾਉਂਦਾ ਜੀਵਨ, ਮਨਭਾਉਂਦੀ ਆਜ਼ਾਦੀ ਤੇ ਮਨਭਾਉਂਦਾ ਜੀਵਨ-ਸਾਥ ਮਿਲਣਾ ਸ਼ੁਰੂ ਹੋ ਗਿਆ ਹੈ? ਕੀ ਉਸਨੂੰ ਯੂਰਪ ਵਿਚ ਰਹਿੰਦੇ ਹੋਏ ਉਹੀ ਯੂਰਪੀ ਆਜ਼ਾਦੀ, ਉਹ ਯੂਰਪੀ ਸਹੂਲਤਾਂ ਤੇ ਯੂਰਪੀ ਜੀਵਨ-ਸ਼ੈਲੀ ਮਿਲ ਗਈ ਹੈ? ਕੀ ਉਸਦੀ ਪੰਜਾਬੀ ਬੰਦੇ ਤੋਂ ਟੇਕ ਮੁੱਕ ਗਈ ਹੈ? ਕੀ ਉਹ ਰਾਖਸ਼-ਬੁੱਧੀ ਵਾਲੇ ਪੰਜਾਬੀ ਬੰਦੇ ਦੇ ਚੁੰਗਲ ਵਿਚੋਂ ਮੁਕਤ ਹੋ ਗਈ ਹੈ? ਕੀ ਉਹ ਪੰਜਾਬੀ ਰਹਿਤਲ ਦੀ ਜਗੀਰਦਾਰੀ ਪਕੜ ਤੋਂ ਮੁਕਤ ਹੋਈ ਹੈ?

ਸੱਚ ਇਹ ਹੈ ਕਿ ਉਪਰੋਕਤ ਸਵਾਲਾਂ ਦਾ ਹਰ ਜਵਾਬ ਨਾਂਹ ਵਿਚ ਹੈ।

ਫਿਰ ਪੰਜਾਬੀ ਔਰਤ ਨੇ ਕੀ ਖੱਟਿਆ?

ਜ਼ਾਹਰ ਹੈ ਕਿ ਕੁਝ ਵੀ ਨਹੀਂ। ਉਹ ਅੱਜ ਵੀ ਯੂਰਪ ਵਿਚ ਘਰ ਵਿਚ ਤਾੜੀ ਹੋਈ ਬੀਵੀ ਹੈ, ਭੈਣ ਹੈ, ਬੇਟੀ ਹੈ। ਉਹ ਜੇ ਕੰਮ ਵੀ ਕਰਦੀ ਹੈ ਤਾਂ ਹਰ ਹਫਤੇ ਪੇ-ਪੈਕਟ ਘਰਦਿਆਂ ਦੀ ਤਲੀ ਤੇ ਟਿਕਾਂਦੀ ਹੈ ਤੇ ਫੇਰ ਦੁਬਾਰਾ ਖਰਚੇ ਦੀ ਮੰਗ ਹਰ ਰੋਜ਼ ਕਰਦੀ ਹੈ। ਹੁਣ ਘਰਦਿਆਂ ਦੀ ਮਰਜ਼ੀ ਹੈ ਕਿ ਉਹ ਜਿੰਨੇ ਮਨ ਹੋਵੇ, ਦੇਣ! ਕੋਈ ਸੁਣਵਾਈ ਨਹੀਂ। ਉਹਨੂੰ ਪੰਜਾਬੀ ਘਰਵਾਲਾ ਚੁਣਨ ਲਈ ਪੰਜਾਬ ਜਾਣ ਤੇ ਮਜਬੂਰ ਕੀਤਾ ਜਾਂਦਾ ਹੈ। ਸਕੇ ਜਾਂ ਚਾਚੇ ਤਾਏ ਦੇ ਮੁੰਡਿਆਂ ਨੂੰ, ਭਰਾ ਦੀ ਥਾਂ ਮੰਗੇਤਰ ਕਹਿਕੇ ਬਾਹਰ ਮੰਗਵਾਣਾ ਪੈਂਦਾ ਹੈ। ਉਹ ਕਿਸੇ ਗੋਰੀ ਸਹੇਲੀ ਨੂੰ ਘਰ ਘੱਟ ਹੀ ਲਿਆ ਸਕਦੀ ਹੈ।

ਬੁਆਏ ਫਰੈਂਡ ਰੱਖਣਾ ਤੇ ਉਸ ਲਈ ਅਸੰਭਵ ਹੈ। ਕਾਰਨ ਇਹ ਕਿ ਪੰਜਾਬੀ ਮਾਨਸਿਕ ਤੌਰ ਤੇ ਗੋਰੇ ਜਾਂ ਕਾਲੇ ਨੂੰ ਵਫ਼ਾਦਾਰ ਮੰਨਣ ਲਈ ਤਿਆਰ ਨਹੀਂ ਹਨ। ਉਹਨਾਂ ਲਈ ਭੂਰਾ ਪੰਜਾਬੀ ਬੰਦਾ ਹੀ ਸੱਚਾ-ਸੁੱਚਾ ਹੈ। ਬਾਹਰ ਜਿੰਨੇ ਵੀ ਨਖਿੱਧ ਸਮਝੇ ਜਾਂਦੇ ਕੰਮ ਹਨ, ਪੰਜਾਬੀ ਬੰਦਾ ਆਪ ਨਾ ਵੀ ਕਰੇ, ਫੱਟ ਆਪਣੀ ਵਹੁਟੀ ਜਾਂ ਬੁੱਢੀ ਹੋ ਰਹੀ ਮਾਂ ਨੂੰ ਲਵਾ ਆਉਂਦਾ ਹੈ। ਚਾਹੇ ਯੂਰਪ ਵਿਚ ਕਿਸੇ ਕੰਮ ਨੂੰ ਨਫਰਤ ਨਹੀਂ ਕੀਤੀ ਜਾਂਦੀ, ਪਰ ਸੌ ਸਾਲ ਉਥੇ ਰਹਿ ਕੇ ਵੀ ਪੰਜਾਬੀ ਬੰਦਾ ਕਈ ਕੰਮਾਂ ਨੂੰ ਨਖਿਧ ਗਿਣਦਾ ਹੈ ਤੇ ਔਰਤਾਂ ਨੂੰ ਉਹੀ ਕੰਮ ਹੱਸ ਕੇ ਲਵਾ ਆਉਂਦਾ ਹੈ।ਪੰਜਾਬੀ ਔਰਤ ਚੋਰੀ ਆਪਣੇ ਪੈਸੇ ਬਚਾਕੇ ਪੇਕੇ ਭੇਜਦੀ ਹੈ। ਉਹ ਪੰਜਾਬੀ ਬੰਦੇ ਵਾਂਗ ਸ਼ਾਹਦੀ ਆਪਣੇ ਘਰ ਪੈਸੇ ਨਹੀਂ ਭੇਜ ਸਕਦੀ। ਜ਼ਮੀਨ ਨਹੀਂ ਖਰੀਦ ਸਕਦੀ।

ਅੱਜ ਅਤਿ ਤਕਨੀਕੀ ਯੁੱਗ ਹੈ। ਯੂਰਪੀ ਔਰਤ ਅਰਬਾਂ ਦੀ ਮਾਲਕ ਹੈ। ਕਈ ਕੰਪਨੀਆਂ ਦੀ ਮੁਖੀ ਹੈ। ਪਰ ਕਦੀ ਵੀ ਤੁਹਾਨੂੰ ਕੋਈ ਪੰਜਾਬੀ ਔਰਤ ਆਪਣੀ ਆਜ਼ਾਦ ਤੌਰ ਤੇ ਕੰਪਨੀ ਚਲਾਂਦੀ, ਇੰਡਸਟਰੀ ਚਲਾਂਦੀ ਘੱਟ ਹੀ ਮਿਲੇਗੀ। ਸੱਚ ਇਹ ਹੈ ਕਿ ਮਿਲੇਗੀ ਹੀ ਨਹੀਂ। ਉਹ ਅੱਜ ਵੀ ਪੰਜਾਬੀ ਬੰਦੇ ਵਲ ਤੱਕਦੀ ਤੇ ਆਸਰਾ ਲੱਭਦੀ ਹੈ।ਪੰਜਾਬੀ ਬੰਦੇ ਨੇ ਉਸਨੂੰ ਕਮਾਈ ਦਾ, ਮਾਲਕੀ ਦਾ ਸਾਧਨ ਤੇ ਬਣਾ ਲਿਆ ਹੈ। ਉਹਦੇ ਪੈਰ ਅਗਲੀ ਸਦੀ ਵਿਚ ਪਾ ਦਿੱਤੇ ਹਨ, ਪਰ ਉਹਦਾ ਸਿਰ ਆਪਣੇ ਅਧੀਨ ਕਰ ਲਿਆ ਹੈ। ਵਿਸ਼ੇਸ਼ਕਰ ਉੱਚੀਆਂ, ਸਵਰਨ ਜਾਤਾਂ ਦੀ ਔਰਤ ਤੇ ਐਨ.ਆਰ.ਆਈ. ਬਣ ਕੇ ਤੰਗ ਹੀ ਹੋਈ ਹੈ।

ਸੂਦਰ ਔਰਤ ਐਨ.ਆਰ.ਆਈ. ਬਣਕੇ ਗੋਹੇ-ਕੂੜੇ ਤੋਂ ਤਾਂ ਮੁਕਤ ਹੋਈ ਹੈ, ਪਰ ਵਿਚਾਰਾਂ ਪੱਖੋਂ ਉਹ ਵੀ ਬਾਕੀ ਔਰਤਾਂ ਵਾਂਗ ਹੀ ਹੈ। ਜਿਸ ਦਿਨ ਪੰਜਾਬੀ ਐਨ.ਆਰ.ਆਈ. ਔਰਤ ਵਿਚਾਰਾਂ ਪੱਖੋਂ ਹੀ ਨਹੀਂ, ਅਮਲ ਪੱਖੋਂ ਅਜ਼ਾਦ ਹੋਏਗੀ, ਉਸ ਦਿਨ ਉਹ ਪੂਰਨ ਸੁਤੰਤਰ ਹੋਏਗੀ।ਪੰਜਾਬੀ ਔਰਤਾਂ ਲਈ ਸੰਸਾਰ ਦੀ ਨਵੀਂ ਹਾਲਤ ਨੂੰ ਜਾਨਣਾ ਬਹੁਤ ਜ਼ਰੂਰੀ ਹੈ ਜਿੱਥੇ ਆਪਣੇ ਆਪ ਨੂੰ ਪ੍ਰਗਟ ਕਰਨ ਦੇ ਅਨੰਤ ਮੌਕੇ ਹਨ।

## ਅਮਰੀਕਾ ਨੇ ਮੁਸ਼ੱਰਫ ਨੂੰ ਦਿੱਤਾ ਸੁਰਖਿਅਤ ਰਸਤਾ

ਇਸਲਾਮਾਬਾਦ: ਅਮਰੀਕਾ ਨੇ ਪਹਿਲੀ ਵਾਰ ਇਹ ਸਵੀਕਾਰ ਕੀਤਾ ਹੈ ਕਿ ਉਹ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ ਮੁਸ਼ੱਰਫ ਦੇ ਲਈ ਸੁਰਖਿਅਤ ਨਿਕਲਣ ਦਾ ਰਸਤਾ ਚਾਹੁੰਦਾ ਸੀ ਅਤੇ ਇਸਦੇ ਲਈ ਉਸਨੇ ਉਸਦੀ ਮਦਦ ਵੀ ਕੀਤੀ।

ਪਾਕਿਸਤਾਨ ਵਿਚ ਅਮਰੀਕੀ ਰਾਜਦੂਤ ਏਨ ਪੈਟਰਸਨ ਨੇ ਇਕ ਇੰਟਰਵਿਊ ਵਿਚ ਇਹ ਖੁਲਾਸਾ ਕੀਤਾ। ਉਨ੍ਹਾਂ ਨੇ ਕਿਹਾ ਕਿ ਰਾਸ਼ਟਰਪਤੀ ਪਦ ਛੱਡਣ ਦੇ ਬਾਅਦ ਅਮਰੀਕਾ ਮੁਸ਼ੱਰਫ ਦੇ ਲਈ ਸਨਮਾਨਜਨਕ ਵਿਦਾਈ ਚਾਹੁੰਦਾ ਸੀ। ਉਨ੍ਹਾਂ ਨੇ ਕਿਹਾ ਕਿ ਉਸ ਵਕਤ ਅਮਰੀਕਾ ਪਾਕਿਸਤਾਨ ਵਿਚ ਸ਼ਾਂਤੀਪੂਰਵਕ ਲੋਕਤੰਤਰ ਦੀ ਵਾਪਸੀ ਵੀ ਚਾਹੁੰਦਾ ਸੀ। ਇਸ ਵਕਤ ਪਾਕਿਸਤਾਨ ਵਿਚ ਮੁਸ਼ੱਰਫ ਦੇ ਖਿਲਾਫ ਦੇਸ਼ਦ੍ਰੋਹ ਦੇ ਮੁਕੱਦਮੇ ਦੀ ਮੰਗ ਦੇ ਬਾਰੇ ਵਿਚ ਪੈਟਰਸਨ ਨੇ ਕਿਹਾ ਕਿ ਇਹ ਪਾਕਿਸਤਾਨ ਦਾ ਅੰਦਰੂਨੀ ਮਾਮਲਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਮੁਸ਼ੱਰਫ ਅਤੀਤ ਦੀ ਗੱਲ ਬਣ ਚੁੱਕੇ ਹਨ ਅਤੇ ਅਸੀਂ ਉਨ੍ਹਾਂ ਬਾਰੇ ਕੁਝ ਕਹਿਣਾ ਨਹੀਂ ਚਾਹੁੰਦੇ।


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

DHMS, Hons, BAMS, MDEH, 30 Years experience

Working as per ACT.SB-577 State of CA.

CALL: TOLL FREE: 877-OK-HOMEO

(877-654-6636)OFFICE: 408-729-6691

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



**G.M. Lawrence Insurance Brokerage** License# 0D79587

ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ

LIABILITY
GENERAL
LIABILITY
PHYSICAL
DAMAGE
CARGO
BONDS

ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?

*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ

New Ventures Are Welcome

ਦਲਜੀਤ ਸਿੰਘ ਖਹਿਰਾ

Ph: 209-474-2771

Fax: 209-474-0215

7746 Lorraine Ave.#214

Stockton CA-95210

SPECIALIZES IN BOTH LOCAL & LONG HAUL

- Flexible down payments
- Excellent customer service
- Committed to each individual client's needs
- Experienced, knowledgeable & professional staff



ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ

# ਭਾਰਤੀ ਰਾਜਨੀਤੀ 'ਚ ਤਾਂ ਭਾਈ-ਭਤੀਜਿਆਂ ਦਾ ਈ ਸਿੱਕਾ ਚਲਦਾ

**ਜਤਿੰਦਰ ਪੰਨੂੰ**

ਅਸੀਂ ਬੱਚੇ ਸੱਕੇ ਬਾਰੇ ਚਿਰਾਂ ਤੋਂ ਸੁਣਦੇ ਆਏ ਹਾਂ। ਉਹ ਇਤਿਹਾਸ ਦਾ ਸਭ ਤੋਂ ਅਲੋਕਾਰ ਪਾਤਰ ਹੋਇਆ ਹੈ। ਇਕ ਰਾਜੇ ਦੀ ਜਾਨ ਉਸਨੇ ਬਚਾਈ ਸੀ ਤੇ ਰਾਜੇ ਨੇ ਉਸ ਨੂੰ ਇਸ ਅਹਿਸਾਨ ਦੇ ਬਦਲੇ ਵਿਚ ਤਿੰਨ ਦਿਨ ਹਿੰਦੁਸਤਾਨ ਦਾ ਰਾਜ ਸੌਂਪ ਦਿੱਤਾ ਸੀ। ਰਾਜ ਕਰਨ ਦਾ ਮੌਕਾ ਮਿਲਿਆ ਤਾਂ ਬੱਚੇ ਸੱਕੇ ਨੇ ਤਿੰਨਾਂ ਦਿਨਾਂ ਵਿਚ ਚੰਮ ਦਾ ਸਿੱਕਾ ਚਲਾ ਦਿੱਤਾ ਸੀ। ਉਹ ਸਿੱਕਾ ਓਨੀ ਦੇਰ ਹੀ ਰਿਹਾ, ਜਿੰਨੀ ਦੇਰ ਸੱਕਾ ਤਖ਼ਤ ਦਾ ਹੱਕਦਾਰ ਰਿਹਾ। ਉਸ ਪਿੱਛੋਂ ਉਹ ਸਿੱਕਾ ਵੀ ਬੰਦ ਹੋ ਗਿਆ, ਪਰ ਇਤਿਹਾਸ ਵਿਚ ਬੱਚੇ ਸੱਕੇ ਦਾ ਨਾਂਅ ਮਸ਼ਹੂਰ ਹੋ ਗਿਆ। ਹੁਣ 'ਚੰਮ ਦਾ ਸਿੱਕਾ' ਕਹਿਣ ਦੀ ਥਾਂ ਆਪ-ਹੁਦਰੀਆਂ ਕਰਨ ਵਾਲੇ ਆਗੂਆਂ ਤੇ ਅਫ਼ਸਰਾਂ ਬਾਰੇ ਇਹ ਕਿਹਾ ਜਾਂਦੈ ਕਿ ਉਹ 'ਚੰਮ ਦੀਆਂ ਚਲਾਉਂਦੇ ਨੇ।' ਇਹੋ ਜਿਹੇ ਲੋਕਾਂ ਦੀ ਗਿਣਤੀ ਥੋੜ੍ਹੀ ਨਹੀਂ। 'ਚੰਮ ਦੀਆਂ' ਚਲਾਉਣਾ ਹੀ ਜ਼ਰੂਰੀ ਨਹੀਂ ਹੁੰਦਾ, ਚੱਲਦੇ ਕੰਮਾਂ ਨੂੰ ਬਿਨਾਂ ਵਜ੍ਹਾ ਬਰੇਕਾਂ ਲਾਈ ਰੱਖਣਾ ਵੀ ਏਸੇ ਖਾਨੇ ਵਿਚ ਰੱਖਿਆ ਜਾ ਸਕਦੈ।


ਪਿਛਲੇ ਦਿਨੀਂ ਮੱਧ ਭਾਰਤ ਦੇ ਇੱਕ ਪਛੜੇ ਹੋਏ ਇਲਾਕੇ ਤੋਂ ਇਹ ਖ਼ਬਰ ਆਈ ਕਿ ਇਕ ਨੌਜਵਾਨ ਕੁੜੀ ਪਹਿਲਾਂ ਘਰੋਂ ਗਾਇਬ ਹੋਈ ਤੇ ਤੀਜੇ ਦਿਨ 'ਦੇਵੀ' ਬਣ ਕੇ ਆ ਗਈ। ਉਸਨੂੰ ਪੁੱਛਿਆ ਗਿਆ ਕਿ ਉਸ ਦੇ 'ਦੇਵੀ' ਬਣਨ ਦੀ ਕਹਾਣੀ ਕਿਵੇਂ ਵਾਪਰੀ? 'ਦੇਵੀ' ਨੇ ਇਕ 'ਮਹਾਰਾਜ' ਦਾ ਨਾਂਅ ਲੈ ਦਿੱਤਾ ਕਿ ਉਹ ਖੇਤ ਤੋਂ ਮੁੜਦੀ ਹੋਈ ਨੂੰ ਫੜ ਕੇ ਲੈ ਗਿਆ ਸੀ, ਇਕ ਹਫ਼ਤੇ ਪਿੱਛੋਂ 'ਚਮਤਕਾਰ' ਨਾਲ ਦੇਵੀ ਬਣਾ ਕੇ ਪਿੰਡ ਛੱਡ ਗਿਆ ਹੈ। ਪੰਚਾਇਤ ਨੇ ਥਾਣੇ ਦਰਖ਼ਾਸਤ ਦੇ ਦਿੱਤੀ ਤੇ ਪੁਲਸ 'ਮਹਾਰਾਜ' ਕੋਲ ਜਾ ਪੁੱਜੀ। ਉਸ ਨੇ ਕਿਹਾ, ''ਇਹ ਇੱਕੋ ਨਹੀਂ, ਮੈਂ ਤਾਂ ਕਈ ਹੋਰ ਕੁੜੀਆਂ ਨੂੰ ਵੀ ਦੇਵੀ ਬਣਾਇਆ ਹੈ।'' ਲੋਕਾਂ ਦੇ ਦਬਾਅ ਹੇਠ ਪੁਲਸ ਨੂੰ ਅਗਲੀ ਜਾਂਚ ਕਰਨੀ ਪਈ ਤਾਂ ਪਤਾ ਲੱਗਾ ਕਿ ਆਪਣੇ ਪਿੰਡੋਂ ਕਿਸੇ ਔਰਤ ਨੂੰ ਅਗਵਾ ਕਰਨ ਦੇ ਕੇਸ ਵਿਚ ਇਕ ਵਾਰੀ ਫਸਣ ਮਗਰੋਂ ਉਹ ਇਹੋ ਕੰਮ ਹੀ ਕਰਦਾ ਹੈ। ਇਸ ਦੇ ਬਾਵਜੂਦ ਥਾਣੇ 'ਚ ਲੋਕ ਉਸਨੂੰ ਮੱਥੇ ਟੇਕਦੇ ਰਹੇ, ਉਹ ਅਸ਼ੀਰਵਾਦ ਦੇਂਦਾ ਰਿਹਾ ਤੇ ਫਿਰ ਉਸਦੇ ਰਾਜਸੀ ਸਰਪ੍ਰਸਤ ਆ ਕੇ ਉਸਨੂੰ ਛੁਡਾ ਕੇ ਲੈ ਗਏ।

ਧਰਮ ਦੇ ਖੇਤਰ ਵਿਚ ਇਹੋ ਜਿਹੇ 'ਮਹਾਰਾਜ' ਹੀ ਨਹੀਂ, 'ਸ਼ੰਕਰਾਚਾਰੀਆ' ਅਤੇ 'ਮਹਾਂਪੁਰਸ਼' ਵੀ ਬਹੁਤ ਫਿਰਦੇ ਹਨ, ਪਰ ਧਾਰਮ ਅਸਥਾਨਾਂ ਦੇ ਪ੍ਰਬੰਧਕ ਵੀ ਘੱਟ ਨਹੀਂ। ਜਲੰਧਰ ਦੇ ਗੀਤਾ ਮੰਦਰ ਤੋਂ ਲੈ ਕੇ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ ਤੱਕ ਗੋਲਕ ਦਾ ਝਗੜਾ ਪਿਆ ਫਿਰਦਾ ਹੈ। ਸਿੱਖਾਂ ਦੇ ਗੁਰਦੁਆਰਿਆਂ ਵਿਚ ਗੋਲਕ 'ਤੇ ਕਬਜ਼ੇ ਲਈ ਗੱਤਕਾ ਖੇਡਣ ਤੱਕ ਦੀ ਨੌਬਤ ਕਈ ਵਾਰੀ ਆ ਚੁੱਕੀ ਹੈ। ਪ੍ਰਬੰਧ ਤਾਂ ਚੁਣੀਆਂ ਕਮੇਟੀਆਂ ਕੋਲ ਹੈ, ਪਰ ਕਮੇਟੀਆਂ ਉਹ ਹੀ ਚੁਣੀਆਂ ਜਾਂਦੀਆਂ ਹਨ, ਜਿਨ੍ਹਾਂ ਕੋਲ ਲੱਠ-ਮਾਰਾਂ ਦੀ ਫ਼ੌਜ ਤਕੜੀ ਹੋਵੇ।

ਦੂਜਾ ਪਾਸਾ ਸਰਕਾਰੀ ਮਸ਼ੀਨਰੀ ਦਾ ਹੈ। ਓਥੇ ਚਾਂਦੀ ਦੇ ਪਹੀਏ ਲਾ ਦਿੱਤੇ ਜਾਣ ਤਾਂ ਗੱਡੀ ਪੰਜਵੇਂ ਗੇਅਰ ਵਿਚ ਚੱਲਦੀ ਹੈ, ਵਰਨਾ ਇੱਕੋ ਸਟੇਸ਼ਨ ਉੱਤੇ ਖੜੀ ਰਹਿੰਦੀ ਹੈ। ਲੋਕਾਂ ਨੂੰ ਭਰਮ ਹੈ ਕਿ ਘੱਟੋ-ਘੱਟ ਫ਼ੌਜ ਵਿਚ ਤਾਂ ਏਦਾਂ ਨਹੀਂ ਹੁੰਦਾ ਹੋਣਾ। ਓਥੋਂ ਦਾ ਭਰਮ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਜਾਰੀ ਹੋਏ ਦੋ ਨੋਟਿਸਾਂ ਨਾਲ ਟੁੱਟ ਜਾਂਦਾ ਹੈ। ਇਕ ਮਾਮਲਾ ਕਿਸੇ ਰਿਟਾਇਰਡ ਲੈਫ਼ਟੀਨੈਂਟ ਕਰਨਲ ਦੀ ਪੈਨਸ਼ਨ ਦਾ ਸੀ, ਜਿਸਦੇ ਹੱਕ ਵਿਚ ਹੋਏ ਅਦਾਲਤੀ ਹੁਕਮ ਦੀ ਲਾਗੂ ਨਹੀਂ ਕੀਤੇ ਗਏ। ਹੁਣ ਹਾਈ ਕੋਰਟ ਨੇ ਭਾਰਤ ਸਰਕਾਰ ਦੇ ਡਿਫੈਂਸ ਮਹਿਕਮੇ ਦੇ ਸੈਕਟਰੀ ਨੂੰ ਸੰਮਣ ਜਾਰੀ ਕੀਤੇ ਹਨ। ਦੂਜਾ ਮਾਮਲਾ ਇਕ ਹੋਰ ਫ਼ੌਜੀ ਪੈਨਸ਼ਨਰ ਦੀ ਪੈਨਸ਼ਨ ਦਾ ਹੈ, ਜਿਸ ਦੀ ਉਮਰ ਪੌਣੀ ਸਦੀ ਨੂੰ ਟੱਪ ਰਹੀ ਹੈ। ਡਿਫੈਂਸ ਅਕਾਊਂਟਸ ਦੇ ਕੰਟਰੋਲਰ ਨੂੰ ਕਈ ਵਾਰੀ ਹਾਈ ਕੋਰਟ ਨੇ ਸੱਦਿਆ, ਪਰ ਉਹ ਰੁੱਝਾ ਹੋਣ ਦਾ ਬਹਾਨਾ ਕਰ ਕੇ ਹਾਈ ਕੋਰਟ ਵਿਚ ਪੇਸ਼ ਹੋਣ ਤੋਂ ਨਾਂਹ ਕਰ ਜਾਂਦਾ ਰਿਹਾ। ਹੁਣ ਹਾਈ ਕੋਰਟ ਨੇ ਮੇਰਠ ਦੀ ਜ਼ਿਲ੍ਹਾ ਪੁਲਸ ਦੇ ਮੁਖੀ ਨੂੰ ਕਿਹਾ ਹੈ ਕਿ ਇਸ ਕੰਟਰੋਲਰ ਨੂੰ ਗ੍ਰਿਫ਼ਤਾਰ ਕਰ ਕੇ ਪੇਸ਼ ਕਰੇ ਤੇ ਜੇ ਨਾ ਕਰ ਸਕੇ ਤਾਂ ਖ਼ੁਦ ਪੇਸ਼ ਹੋ ਕੇ ਜਵਾਬ ਦੇਵੇ। ਇਹ ਹਾਲਤ ਉਸ ਫ਼ੌਜ ਦੇ ਮਹਿਕਮੇ ਦੇ ਅਫ਼ਸਰਾਂ ਦੀ ਹੈ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਡਸਿਪਲਿਨ ਦੇ ਬੜੇ ਪੱਕੇ ਹੁੰਦੇ ਹਨ ਤੇ ਆਪਣੀ ਮਰ-ਮਨਰਜ਼ੀ ਨਹੀਂ ਕਰ ਸਕਦੇ।

ਤੀਜਾ ਮਾਮਲਾ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬੀਬੀ ਮਾਇਆਵਤੀ ਦਾ ਹੈ। ਉਸ ਨੇ ਦੋ ਹਜ਼ਾਰ ਕਰੋੜ ਰੁਪਏ ਤੋਂ ਵਧ ਫੂਕ ਕੇ ਡਾਕਟਰ ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਅਤੇ ਖ਼ੁਦ ਆਪਣੇ ਬੁੱਤ ਵੀ ਬਣਵਾਏ ਤੇ ਆਪਣੇ ਚੋਣ ਨਿਸ਼ਾਨ ਹਾਥੀ ਦੇ ਵੀ ਬਣਾ ਲਏ। ਉੱਤਰ ਪ੍ਰਦੇਸ਼ ਵਿਚ ਜਿਉਂਦੇ ਹਾਥੀਆਂ ਦੀ ਸੰਭਾਲ ਲਈ ਇਕ ਕਰੋੜ ਵੀ ਨਹੀਂ, ਸਿਰਫ਼ ਸੱਠ ਲੱਖ ਖ਼ਰਚੇ ਗਏ ਹਨ ਤੇ ਹਾਥੀ ਦੇ ਸੰਗਮਰਮਰ ਦੇ ਬੁੱਤਾਂ ਉੱਤੇ ਡੇਢ ਸੌ ਕਰੋੜ ਰੁਪਏ ਖ਼ਰਚ ਦਿੱਤੇ ਹਨ। ਭਾਰਤ ਦੀ ਸੁਪਰੀਮ ਕੋਰਟ ਵਿਚ ਕੇਸ ਕੀਤਾ ਜਾਣ 'ਤੇ ਕੰਮ ਰੋਕਣ ਦੇ ਹੁਕਮ ਹੋਣ ਪਿੱਛੋਂ ਵੀ ਜਦੋਂ ਕੰਮ ਚੱਲਦਾ ਰਿਹਾ ਤਾਂ ਅੱਕ ਕੇ ਸੁਪਰੀਮ ਕੋਰਟ ਨੂੰ ਛੇ ਘੰਟਿਆਂ ਅੰਦਰ ਕੰਮ ਰੋਕ ਕੇ ਰਿਪੋਰਟ ਕਰਨ ਦਾ ਨਵਾਂ ਹੁਕਮ ਦੇਣਾ ਪਿਆ। ਇਕ ਵਾਰੀ ਰੋਕ ਕੇ ਬੀਬੀ ਨੇ ਫੇਰ ਉਹੋ ਕੰਮ ਚਾਲੂ ਕਰ ਲਿਆ ਤੇ ਨਾਲ ਇਹ ਵੀ ਕਹਿ ਦਿੱਤਾ ਕਿ ਜੇ ਇਹ ਬੁੱਤ ਤੋੜੇ ਗਏ ਤਾਂ ਯੂ ਪੀ ਵਿਚ ਅਮਨ-ਕਾਨੂੰਨ ਭੰਗ ਹੋ ਜਾਵੇਗਾ। ਜਿਉਂਦੇ ਜੀਅ ਆਪਣਾ ਬੁੱਤ ਹਰ ਚੌਰਾਹੇ ਵਿਚ ਲੱਗਾ ਵੇਖਣ ਦੀ ਸ਼ੌਕੀਨ ਮਾਇਆਵਤੀ ਬੀਬੀ ਅਮਨ-ਕਾਨੂੰਨ ਭੰਗ ਕਰਨ ਦੀ ਗੱਲ ਕਹਿ ਕੇ ਹੁਣ ਪੂਰੇ ਦੇਸ਼ ਨੂੰ ਬਲੈਕਮੇਲ ਕਰੀ ਜਾ ਰਹੀ ਹੈ।

ਚੌਥਾ ਮਾਮਲਾ ਸਾਡੇ ਦੇਸ਼ ਦੀ ਉਲੰਪਿਕ ਕਮੇਟੀ ਦਾ ਹੈ। ਅਗਲੇ ਸਾਲ ਦਿੱਲੀ ਵਿਚ ਕਾਮਨਵੈਲਥ ਖੇਡਾਂ ਹੋਣੀਆਂ ਹਨ। ਟੀ ਵੀ ਚੈਨਲ ਇਹ ਗੱਲ ਵਾਰ-ਵਾਰ ਦੱਸ ਰਹੇ ਹਨ ਕਿ ਉਲੰਪਿਕ ਕਮੇਟੀ ਦੇ ਮੁਖੀ ਦੇ ਰਿਸ਼ਤੇਦਾਰ ਕਈ ਕਿਸਮਾਂ ਦੀਆਂ ਕਮੇਟੀਆਂ ਵਿਚ ਸ਼ਾਮਲ ਕੀਤੇ ਜਾ ਰਹੇ ਹਨ। ਇੰਜ ਕਰਨ ਤੋਂ ਕੋਈ ਰੋਕ ਨਹੀਂ ਸਕਦਾ, ਕਿਉਂਕਿ ਉਥੇ ਹੀ ਨਹੀਂ, ਰਾਜਾਂ ਦੀਆਂ ਖੇਡ ਸੰਸਥਾਵਾਂ ਵਿਚ ਵੀ ਰਾਜ-ਕਰਤਿਆਂ ਦੇ ਘਰਾਂ ਦੇ ਜੀਆਂ ਦੀ ਚੌਧਰ ਹੈ। ਹਰ ਥਾਂ 'ਬੱਚੇ ਸੱਕੇ' ਦਾ ਹੀ ਤਾਂ ਰਾਜ ਹੈ। ਪੰਜਾਬ ਵਿਚ ਅੱਜ ਕੱਲ੍ਹ ਪੁਲਸ ਅਧਿਕਾਰੀਆਂ ਦੀ ਸੀਨੀਆਰਟੀ ਦਾ ਵਿਵਾਦ ਬੜਾ ਮਘਿਆ ਹੋਇਆ ਹੈ। ਕਈ ਖਿਡਾਰੀ ਮੁੰਡੇ ਸਿਪਾਹੀ ਭਰਤੀ ਕੀਤੇ ਗਏ ਤੇ ਫਿਰ ਉਨ੍ਹਾਂ ਨੂੰ ਤਰੱਕੀਆਂ ਮਿਲਦੀਆਂ ਗਈਆਂ। ਸੰਸਾਰ ਪੱਧਰ ਦਾ ਮੁਕਾਬਲਾ ਜਿੱਤਣਾ ਜ਼ਰੂਰੀ ਨਹੀਂ, ਦੇਸ਼ ਪੱਧਰ ਦਾ ਮੁਕਾਬਲਾ ਜਿੱਤਣ ਬਦਲੇ ਵੀ ਤਰੱਕੀਆਂ ਲੈ ਕੇ ਉਹ ਪੌੜੀਆਂ ਚੜ੍ਹਦੇ ਗਏ। ਉਨ੍ਹਾਂ ਵਿਚ ਕੁਝ



ਤਾਂ ਸੱਚਮੁੱਚ ਹੱਕਦਾਰ ਜਾਪਦੇ ਸਨ, ਜਿਨ੍ਹਾਂ ਨੂੰ ਤਰੱਕੀ ਦੇਣੀ ਜਾਇਜ਼ ਠਹਿਰਾਈ ਜਾ ਸਕਦੀ ਸੀ, ਪਰ ਕਈ ਇਹੋ ਜਿਹੇ ਵੀ ਮੌਜਾਂ ਉਤੇ ਤਾਰੇ ਲਿਸ਼ਕਾਉਂਦੇ ਫਿਰਦੇ ਹਨ, ਜਿਨ੍ਹਾਂ ਨੇ ਕਦੇ ਕੋਈ ਮੁਕਾਬਲਾ ਹੀ ਨਹੀਂ ਜਿੱਤਿਆ। ਕਮਾਲ ਦੀ ਗੱਲ ਇਹ ਕਿ ਪੰਜਾਬ ਪੁਲਸ ਵਿਚ ਖਿਡਾਰੀਆਂ ਦਾ ਕੋਟਾ ਵਰਤ ਕੇ ਉਹ ਮੁੰਡੇ ਤੇ ਕੁੜੀਆਂ ਵੀ ਸਿਪਾਹੀ ਬਣ ਕੇ ਥਾਣੇਦਾਰੀ ਤੱਕ ਪਹੁੰਚ ਗਏ, ਜਿਹੜੇ ਕਦੇ ਕੋਈ ਖੇਡ ਖੇਡੇ ਹੀ ਨਹੀਂ। ਇੱਕ ਚਰਚਿਤ ਕੇਸ ਤਾਂ ਇਹੋ ਜਿਹਾ ਵੀ ਹੈ, ਜਿੱਥੇ ਇੱਕ ਮੁੰਡਾ ਕਈ ਸਾਲ ਪਹਿਲਾਂ ਸਤੰਬਰ ਵਿਚ ਸਿਪਾਹੀ ਭਰਤੀ ਕਰ ਕੇ ਉਸ ਨੂੰ ਓਸੇ ਸਾਲ ਜਨਵਰੀ ਤੋਂ 'ਬੈਕ ਡੇਟ' ਤਰੱਕੀ ਦੇ ਕੇ ਹਵਾਲਦਾਰ ਬਣਾ ਦਿੱਤਾ ਗਿਆ। ਸ਼ਿਕਾਇਤ ਹੋਈ ਤਾਂ ਪੁਲਸ ਦੇ ਅਫਸਰਾਂ ਨੇ ਇਹ ਪੱਖ ਪੇਸ਼ ਕੀਤਾ ਕਿ ਕਿਸੇ ਨੂੰ 'ਬੈਕ ਡੇਟ' ਤਰੱਕੀ ਦੇ ਸਕਣਾ ਆਈ ਜੀ ਰੈਂਕ ਦੇ ਅਫ਼ਸਰ ਦੇ ਅਧਿਕਾਰ ਵਿਚ ਆਉਂਦਾ ਹੈ। ਚੁਣੌਤੀ ਦੇਣ ਵਾਲਿਆਂ ਨੇ ਅੱਗੋਂ ਇਹ ਪੁੱਛ ਲਿਆ ਕਿ 'ਬੈਕ ਡੇਟ' ਤਰੱਕੀ ਦੇ ਅਧਿਕਾਰ ਵਰਤ ਕੇ ਕਿਸੇ ਨੂੰ ਸਿਪਾਹੀ ਉਸ ਵੇਲੇ ਦੀ ਤਰੀਕ ਤੋਂ ਤਰੱਕੀ ਕਿਵੇਂ ਦਿੱਤੀ ਜਾ ਸਕਦੀ ਹੈ, ਜਦੋਂ ਉਹ ਹਾਲੇ ਭਰਤੀ ਵੀ ਨਹੀਂ ਸੀ ਹੋਇਆ? ਭਰਤੀ ਉਹ ਸਤੰਬਰ ਵਿਚ ਹੋਇਆ ਤੇ ਤਰੱਕੀ ਉਸ ਤੋਂ ਵੀ ਅੱਠ ਮਹੀਨੇ ਪਹਿਲਾਂ ਤੋਂ ਲਾਗੂ ਕਰ ਦਿੱਤੀ ਗਈ, ਏਡੀ ਦਿਲ -ਵਧੀ ਵਾਲੇ ਹੁਕਮ ਤਾਂ ਕੋਈ 'ਬੱਚਾ ਸੱਕਾ' ਹੀ ਕਰ ਸਕਦਾ ਹੈ। ਅੱਜ ਕੱਲ੍ਹ ਭਖਦੇ ਵਿਵਾਦਾਂ ਵਿਚ ਇਕ ਮੁੱਦਾ ਸੜਕਾਂ ਚੌੜੀਆਂ ਕਰਨ ਦਾ ਵੀ ਹੈ। ਮੈਂ ਇਸ ਵਿਵਾਦ ਨੂੰ ਪਿਛਲੇ ਪੈਂਤੀ ਸਾਲਾਂ ਦੌਰਾਨ ਹੁੰਦੇ ਵੇਖੇ ਉਸ ਤਮਾਸ਼ੇ ਨਾਲ ਜੋੜ ਕੇ ਵੇਖਦਾ ਹਾਂ, ਜਿਹੜਾ ਨਵੇਂ ਜ਼ਿਲ੍ਹੇ ਬਣਨ ਸੰਬੰਧੀ ਕਈ ਵਾਰ ਹੋਇਆ ਸੀ। ਕੁਝ ਚੁਸਤ ਲੋਕ ਇਕ ਸ਼ਹਿਰ ਵਿਚ ਜ਼ਮੀਨਾਂ ਖਰੀਦ ਕੇ ਫਿਰ ਚੰਡੀਗੜ੍ਹ ਤੋਂ ਕਿਸੇ ਅਧਿਕਾਰੀ ਜਾਂ ਮੰਤਰੀ ਤੋਂ ਐਲਾਨ ਕਰਵਾਉਂਦੇ ਸਨ ਕਿ ਇਹ ਸ਼ਹਿਰ ਛੇਤੀ ਹੀ ਜ਼ਿਲ੍ਹਾ ਬਣੇਗਾ। ਕਈ ਦਿਨ ਅਫ਼ਸਰਾਂ ਦੇ ਗੇੜੇ ਲੱਗਣ ਨਾਲ ਜ਼ਮੀਨ ਦਾ ਭਾਅ ਤਿੰਨ-ਚਾਰ ਗੁਣਾਂ ਚੜ੍ਹ ਜਾਣ ਪਿੱਛੋਂ ਉਹ ਜ਼ਮੀਨਾਂ ਵੇਚ ਕੇ ਨਾਲ ਦੇ ਸ਼ਹਿਰ ਦੀਆਂ ਸਸਤੀਆਂ ਜ਼ਮੀਨਾਂ ਖਰੀਦਦੇ ਤੇ ਨਵਾਂ ਐਲਾਨ ਕਰਵਾ ਦੇਂਦੇ ਸਨ ਕਿ ਜ਼ਿਲ੍ਹਾ ਹੁਣ ਉਹ ਸ਼ਹਿਰ ਨਹੀਂ, ਇਹ ਦੂਜਾ ਸ਼ਹਿਰ ਬਣੇਗਾ। ਅੱਜਕੱਲ੍ਹ ਸੜਕਾਂ ਚੌੜੀਆਂ ਕਰਨ ਦੇ ਨਾਂਅ 'ਤੇ ਇਹੋ ਕੁਝ ਹੋ ਰਿਹਾ ਸੁਣੀਦਾ ਹੈ। ਕੁਝ ਮਾਫ਼ੀਆ ਗਰੋਹ ਪਹਿਲਾਂ ਇਹ ਐਲਾਨ ਕਰਵਾਉਂਦੇ ਹਨ ਕਿ ਫਲਾਣੇ ਤੋਂ ਫਲਾਣੇ ਸ਼ਹਿਰ ਦੀ ਸੜਕ ਚੌੜੀ ਹੋਵੇਗੀ। ਉਸ ਸੜਕ 'ਤੇ ਪੈਂਦੇ ਖੇਤਾਂ ਅਤੇ ਕਸਬਿਆਂ ਦੀਆਂ ਦੁਕਾਨਾਂ ਦੇ ਭਾਅ ਡਿੱਗਣ ਮਗਰੋਂ ਉਹ ਖਰੀਦ ਕਰਦੇ ਹਨ ਤੇ ਫਿਰ ਚੰਡੀਗੜ੍ਹ ਤੋਂ ਐਲਾਨ ਕਰਵਾ ਦੇਂਦੇ ਹਨ ਕਿ ਏਧਰ ਵਾਲੀ ਸੜਕ ਨੂੰ ਚੌੜੀ ਕਰਨ, ਦੀ ਤਾਂ ਕੋਈ ਸਕੀਮ ਹੀ ਨਹੀਂ। ਡਿੱਗ ਪਏ ਭਾਅ ਫਿਰ ਚੜ੍ਹਦੇ ਹਨ ਤਾਂ ਉਹ ਆਪਣੀ ਸਸਤੀ ਖਰੀਦੀ ਜ਼ਮੀਨ ਨਵੇਂ ਚੜ੍ਹੇ ਹੋਏ ਭਾਅ ਨਾਲ ਵੇਚ ਕੇ ਇਹੋ ਜਿਹੀ ਕਿਸੇ ਹੋਰ ਸੜਕ ਦੇ ਗੇੜੇ ਕੱਢਣ ਲੱਗ ਪੈਂਦੇ ਹਨ।

ਇਹ ਗੱਲ ਸੋਚਣ ਦੀ ਲੋੜ ਨਹੀਂ ਕਿ ਰਾਜ ਅਕਾਲੀ-ਭਾਜਪਾ ਦਾ ਹੈ ਜਾਂ ਫਿਰ ਕਾਂਗਰਸ ਪਾਰਟੀ ਦਾ, ਸਗੋਂ ਇਹ ਵੇਖਣਾ ਚਾਹੀਦਾ ਹੈ ਕਿ ਰਾਜ ਚੱਲਦਾ ਕਿਵੇਂ ਹੈ? ਜਲੰਧਰ ਬੱਸ ਅੱਡੇ ਤੋਂ ਅਰਬਨ ਐਸਟੇਟ ਨੂੰ ਜਾਂਦੀ ਸੜਕ ਉਤੇ ਇੱਕ ਗੰਨਾ ਖੋਜ ਫਾਰਮ ਹੁੰਦਾ ਸੀ। ਮੁੱਖ ਮੰਤਰੀ ਬੇਅੰਤ ਸਿੰਘ ਦੇ ਵਕਤ ਉਸ ਖੋਜ ਫ਼ਾਰਮ ਨੂੰ ਬੰਦ ਕਰ ਕੇ ਉਸ ਦੀ ਥਾਂ ਇੱਕ ਮੈਡੀਕਲ ਕਾਲਜ ਬਣਾਉਣ ਦੀ ਤਜਵੀਜ਼ ਆ ਗਈ। ਫ਼ੈਸਲਾ ਇਹ ਹੋਇਆ ਕਿ ਗੰਨਾ ਫ਼ਾਰਮ ਦੀ ਜ਼ਮੀਨ ਵੇਚ ਕੇ ਇੱਕ ਕਾਲੋਨੀ ਬਣਾਈ ਜਾਵੇ ਤੇ ਉਸ ਦੇ ਪਲਾਟਾਂ ਦੀ ਵਿਕਰੀ ਦੀ ਆਮਦਨ ਨਾਲ ਮੈਡੀਕਲ ਕਾਲਜ ਉਸਾਰਿਆ ਤੇ ਚਲਾਇਆ ਜਾਵੇ। ਬੇਅੰਤ ਸਿੰਘ ਦਾ 1995 ਵਿਚ ਕਤਲ ਹੋ ਗਿਆ, ਉਸ ਤੋਂ ਪਿੱਛੋਂ ਦੇ ਚੌਦਾਂ ਸਾਲ ਲੰਘਾ ਕੇ ਵੀ ਉਹ ਕਾਲਜ ਚਾਲੂ ਨਹੀਂ ਹੋ ਸਕਿਆ। ਕਾਲੋਨੀ ਕੱਟੀ ਗਈ ਤੇ ਪਲਾਟ ਵੇਚੇ ਗਏ। ਮੈਡੀਕਲ ਕਾਲਜ ਦੀ ਬਿਲਡਿੰਗ ਵੀ ਬਣ ਗਈ, ਪਰ ਇੱਥੇ ਆ ਕੇ ਗੱਲ ਅੜ ਗਈ ਕਿ ਇਸਨੂੰ ਚਲਾਵੇਗਾ ਕੌਣ? ਹਾਲੇ ਤੱਕ ਇਹ ਕਾਲਜ ਚੱਲਿਆ ਨਹੀਂ, ਪਰ ਇਸ ਦੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਸਤਾਰਾਂ ਜਣੇ ਇਸ ਮੈਡੀਕਲ ਕਾਲਜ ਦੇ 'ਪ੍ਰਿੰਸੀਪਲ' ਬਣਨ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ। ਬੱਚਾ ਕਦੇ ਕੋਈ ਦਾਖ਼ਲ ਨਹੀਂ ਕੀਤਾ ਗਿਆ, ਪੜ੍ਹਾਉਣ ਵਾਲੇ ਪ੍ਰੋਫੈਸਰ ਵੀ ਨਹੀਂ ਰੱਖੇ ਗਏ, ਮੈਡੀਕਲ ਕਾਲਜ ਨਾਲ ਜੁੜੇ ਹਸਪਤਾਲ ਵਿਚ ਕਦੇ ਕੋਈ ਮਰੀਜ਼ ਵੀ ਹਾਲੇ ਤੱਕ ਨਹੀਂ ਆਇਆ, ਪਰ ਸਤਾਰਾਂ ਜਣੇ 'ਪ੍ਰਿੰਸੀਪਲ' ਵਜੋਂ ਇੱਕ ਦੂਜੇ ਦੀ ਥਾਂ ਆਉਂਦੇ-ਜਾਂਦੇ ਰਹੇ। ਇਸ ਨੂੰ ਕਿਸ ਖਾਤੇ ਵਿਚ ਰੱਖਣਾ ਹੈ, ਪਾਠਕ ਖ਼ੁਦ ਸੋਚ ਸਕਦੇ ਹਨ। ਤੇ ਇਹ ਸਿਰਫ਼ ਏਥੇ ਹੀ ਨਹੀਂ ਹੁੰਦਾ, ਦਿੱਲੀ ਤੋਂ ਦੱਖਣ ਤੱਕ ਸਭ ਤਾਂ ਇਹੋ ਹਨੇਰ-ਖਾਤਾ ਹੈ। ਪਿਛਲੇ ਹਫ਼ਤੇ ਦੇ ਇੱਕ ਦਿਨ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵਿਚ ਕੇਰਲਾ ਦੇ ਅਧਿਆਪਕਾਂ ਦੇ ਬਕਾਏ ਦਾ ਮਾਮਲਾ ਪੇਸ਼ ਹੋਇਆ ਸੀ। ਪੂਰੇ ਸਤਾਰਾਂ ਸਾਲ ਹੋ ਗਏ, ਅਧਿਆਪਕਾਂ ਨੂੰ ਬਕਾਏ ਹੀ ਨਹੀਂ ਦਿੱਤੇ ਗਏ। ਇਸ ਦੌਰਾਨ ਦੇ ਸਰਕਾਰਾਂ ਕਾਂਗਰਸ ਦੀਆਂ ਵੀ ਰਹੀਆਂ ਤੇ ਦੋ ਕਾਮਰੇਡਾਂ ਦੀਆਂ ਵੀ। ਸੁਪਰੀਮ ਕੋਰਟ ਨੇ ਗੁੱਸੇ ਨਾਲ ਕਿਹਾ ਕਿ ਅਗਲੀ ਪੇਸ਼ੀ ਤੋਂ ਪਹਿਲਾਂ ਇਹ ਬਕਾਏ ਦੇਣ ਬਾਰੇ ਫ਼ੈਸਲਾ ਕਰੋ, ਵਰਨਾ ਸਾਨੂੰ ਇਹ ਪੁੱਛਣਾ ਪਵੇਗਾ ਕਿ ਤੁਹਾਡੇ ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖ਼ਾਹਾਂ ਤੇ ਭੱਤਿਆ ਲਈ ਪੈਸਾ ਕਿੰਨਾ-ਕਿੰਨਾ ਖ਼ਰਚ ਹੁੰਦਾ ਹੈ, ਉਹ ਕਿੱਥੋਂ ਆਉਂਦਾ ਹੈ ਤੇ ਜਿੱਥੋਂ ਉਹ ਪੈਸਾ ਆਉਂਦਾ ਹੈ, ਓਥੋਂ ਇਹਨਾਂ ਅਧਿਆਪਕਾਂ ਦੇ ਬਕਾਏ ਦੇਣ ਲਈ ਕਿਉਂ ਨਹੀਂ ਆ ਸਕਦਾ? ਹੁਣ ਕੇਰਲਾ ਦੀ ਸਰਕਾਰ ਥੋੜ੍ਹੀ ਜਿਹੀ ਸਰੱਕਣ ਲੱਗੀ ਜਾਪਦੀ ਹੈ।


...ਪਰ ਸਰਕਾਰਾਂ ਤਾਂ ਸਰਕਾਰਾਂ ਹਨ, ਇਹਨਾਂ ਦੇ ਕੰਮਾਂ ਨੂੰ ਜਾਂ ਕੰਮ ਢੰਗ ਨੂੰ ਕੌਣ ਸਮਝ ਸਕਦਾ ਹੈ? 'ਬੱਚਾ ਸੱਕਾ' ਰਾਜਾ ਨਹੀਂ ਸੀ, ਰਾਜੇ ਦੇ ਤਖ਼ਤ ਉੱਤੇ ਬਹਿਣ ਦਾ ਸਬੱਬ ਮਿਲਣ ਕਰ ਕੇ ਥੋੜ੍ਹ-ਚਿਰਾ ਰਾਜਾ ਬਣ ਗਿਆ ਸੀ। ਆਂਧਰਾ ਪ੍ਰਦੇਸ਼ ਦਾ ਮੁੱਖ ਮੰਤਰੀ ਰਾਜਸ਼ੇਖਰ ਰੈਡੀ ਪਿਛਲੇ ਮਹੀਨੇ ਹੈਲੀਕਾਪਟਰ ਹਾਦਸੇ ਵਿਚ ਮਾਰਿਆ ਗਿਆ ਸੀ। ਉਸ ਦੀ ਥਾਂ ਦੂਜੇ ਨੰਬਰ ਦਾ ਵਜ਼ੀਰ ਮਿਸਟਰ ਰਸੋਈਆ ਕਾਰਜਕਾਰੀ ਮੁੱਖ ਮੰਤਰੀ ਬਣਾ ਦਿੱਤਾ ਗਿਆ। ਕਾਰਜਕਾਰੀ ਮੁੱਖ ਮੰਤਰੀ ਬੱਚੇ ਸੱਕੇ ਵਾਂਗ ਚਾਰ ਦਿਨਾਂ ਦਾ ਬਾਦਸ਼ਾਹ ਹੁੰਦਾ ਹੈ, ਪਿੱਛੋਂ ਉਹ ਪੱਕਾ ਮੁੱਖ ਮੰਤਰੀ ਵੀ ਬਣ ਸਕਦਾ ਹੈ ਤੇ ਕਿਸੇ ਹੋਰ ਨੂੰ ਮੁੱਖ ਮੰਤਰੀ ਬਣਾਉਣ ਲਈ ਪਾਸੇ ਵੀ ਕੀਤਾ ਜਾ ਸਕਦਾ ਹੈ। ਫਿਰ ਵੀ ਉਸਨੇ ਆਪਣੀ 'ਯੋਗਤਾ' ਦੀ ਧੁੰਮ ਪਾ ਦਿੱਤੀ ਹੈ। ਵੀਰਵਾਰ ਸਤਾਰਾਂ ਸਤੰਬਰ ਦੇ ਦਿਨ ਉਹ ਆਪਣੇ ਦਫ਼ਤਰ ਲਗਾਤਾਰ ਤਿੰਨ ਘੰਟੇ ਬੈਠਾ। ਤਿੰਨ ਘੰਟੇ ਬੈਠਣਾ ਕਮਾਲ ਦੀ ਗੱਲ ਨਹੀਂ, ਕਮਾਲ ਦੀ ਗੱਲ ਇਹ ਹੈ ਕਿ ਉਸ ਨੇ ਤਿੰਨ ਘੰਟਿਆਂ ਦੇ ਸਮੇਂ ਅੰਦਰ ਚਾਰ ਸੌ ਪੰਦਰਾਂ ਫ਼ਾਈਲਾਂ ਨਿਪਟਾ ਦਿੱਤੀਆਂ।

ਇਸ ਵਿਚ ਕਮਾਲ ਇਸ ਪੱਖੋਂ ਹੈ ਕਿ ਤਿੰਨ ਘੰਟਿਆਂ ਵਿਚ ਕੁਲ ਇਕ ਸੌ ਅੱਸੀ ਮਿੰਟ ਬਣਦੇ ਹਨ, ਫ਼ਾਈਲਾਂ ਨਿਪਟਾ ਦਿੱਤੀਆਂ ਚਾਰ ਸੌ ਪੰਦਰਾਂ, ਭਾਵ ਕਿ ਇਕ ਫ਼ਾਈਲ ਉਤੇ ਅੱਧਾ ਮਿੰਟ ਵੀ ਨਹੀਂ ਸੋਚਿਆ, ਸਿਰਫ਼ ਛੱਬੀ ਸੈਕਿੰਡ ਲਾਉਂਦਾ ਰਿਹਾ। ਜ਼ਿੰਮੇਵਾਰੀ ਹੋਏ ਭਾਰਤ ਦੇ ਤੀਜੇ ਸਭ ਤੋਂ ਵੱਡੇ ਰਾਜ ਦੇ ਮੁੱਖ ਮੰਤਰੀ ਦੀ, ਫ਼ਾਈਲ ਉੱਤੇ ਧਿਆਨ ਮਾਰਿਆ ਜਾਵੇ ਸਿਰਫ਼ ਛੱਬੀ ਸੈਕਿੰਡ ਤੇ ਪਾਸ ਕਰ ਕੇ ਪਾਸੇ ਰੱਖੀ ਜਾਵੇ, ਇਹ ਸਿਰਫ਼ 'ਬੱਚਾ ਸੱਕਾ' ਹੀ ਕਰ ਸਕਦਾ ਹੈ, ਕੋਈ ਸੰਤੁਲਤ ਸੋਚ ਵਾਲਾ ਸੁਲਝਿਆ ਹੋਇਆ ਰਾਜਸੀ ਆਗੂ ਇਸਤਰ੍ਹਾਂ ਨਹੀਂ ਕਰ ਸਕਦਾ।

ਤੇ ਕਮਾਲ ਦੀ ਗੱਲ ਇਹ ਵੀ ਹੈ ਕਿ ਇਹੋ ਜਿਹੇ ਬੱਚੇ ਸੱਕਿਆਂ ਨੂੰ ਹੁਣ ਕੋਈ ਕਿਸਮਤ ਸਾਡੇ ਉੱਤੇ ਨਹੀਂ ਥੋਪਦੀ, ਸਾਡੇ ਲੋਕ ਖ਼ੁਦ ਹੀ ਚੁਣਦੇ ਹਨ, ਤੇ ਫਿਰ ਇਹ ਕਹਿ ਕੇ ਡੁਸਕਦੇ ਹਨ, 'ਫਲਾਣਾ ਤਾਂ ਚੰਮ ਦੀਆਂ ਚਲਾਉਂਦਾ ਹੈ, ਨੇਮਾਂ-ਕਾਨੂੰਨਾਂ ਦੀ ਵੀ ਪਰਵਾਹ ਨਹੀਂ ਕਰਦਾ।'

# ਸਾਡੇ ਬੁੱਤ ਤੋੜੇ ਗਏ ਤਾਂ ਫਿਰ ਅਮਨ ਕਾਨੂੰਨ ਦੀ ਗੱਲ 'ਤੇ ਕਾਟਾ ਮਾਰ ਦੇਣਾ

**ਲਖਨਊ:** ਉਤਰ ਪ੍ਰਦੇਸ਼ ਵਿਚ ਅੰਬੇਦਕਰ ਪਾਰਕਾਂ ਦਾ ਮੁੱਦਾ ਫਿਰ ਚਰਚਾ ਵਿਚ ਹੈ। ਇਕ ਪਾਸੇ ਸਮਾਜਵਾਦੀ ਪਾਰਟੀ ਨੇ ਇਨ੍ਹਾਂ ਪਾਰਕਾਂ ਨੂੰ ਢਾਹੁਣ ਦੀ ਗੱਲ ਕੀਤੀ ਹੈ ਦੂਜੇ ਪਾਸੇ ਮਾਇਆਵਤੀ ਸਮਾਜਵਾਦੀ ਪਾਰਟੀ ਵਲੋਂ ਦਲਿਤ ਆਗੂਆਂ ਦੇ ਬੁੱਤ ਢਾਹੁਣ ਦੀ ਧਮਕੀ ਦੇ ਜਵਾਬ ਵਿਚ, ਮੁੱਖ ਮੰਤਰੀ ਮਾਇਆਵਤੀ ਨੇ ਕਿਹਾ ਗਿਆ ਕਿ ਜੇ ਇਨ੍ਹਾਂ ਪਾਰਕਾਂ ਵਿਚ ਸਥਾਪਤ ਬੁੱਤ ਤੋੜੇ ਗਏ ਤਾਂ ਇਸ ਦਾ ਕੌਮੀ ਪੱਧਰ ਤੇ ਤਕੜਾ ਪ੍ਰਤੀਕਰਮ ਹੋਵੇਗਾ ਅਤੇ ਦੇਸ਼ ਭਰ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਪਵੇਗਾ।ਇਸ ਦੌਰਾਨ ਸੁਪਰੀਮ ਕੋਰਟ ਨੇ ਪਾਰਕਾਂ ਦੀ ਉਸਾਰੀ 'ਤੇ ਲਈ ਰੋਕ ਜਾਰੀ ਰੱਖਣ ਦਾ ਹੁਕਮ ਦਿੱਤਾ ਹੈ ਅਤੇ ਮਾਇਆਵਤੀ ਦੇ ਬਿਆਨ ਦੀ ਨਖੇਧੀ ਕੀਤੀ ਹੈ।



ਮਾਇਆਵਤੀ

ਯਾਦ ਰਹੇ ਮਾਇਆਵਤੀ ਨੇ ਲੰਘੀ 17 ਸਤੰਬਰ ਨੂੰ ਆਪਣੇ ਇਕ ਬਿਆਨ ਵਿਚ ਕਿਹਾ ਕਿ ਜੇ ਅਜਿਹਾ ਕੀਤਾ ਗਿਆ ਤਾਂ ਇਸ ਨਾਲ ਦੇਸ਼ ਭਰ ਵਿਚ ਅਮਨ ਕਾਨੂੰਨ ਦੀ ਹਾਲਤ ਨੂੰ ਗੰਭੀਰ ਖ਼ਤਰਾ ਖੜਾ ਹੋ ਜਾਵੇਗਾ ਤੇ ਪੂਰੇ ਦੇਸ਼ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਪਵੇਗਾ। ਇਥੇ ਕਾਂਸ਼ੀ ਰਾਮ ਈਕੋ ਗਰੀਨ ਪਾਰਕ ਦਾ ਉਦਘਾਟਨ ਕਰਦੇ ਹੋਏ ਮਾਇਆਵਤੀ ਨੇ ਕਿਹਾ ਕਿ ਜੇ ਸਮਾਜਵਾਦੀ ਪਾਰਟੀ ਨੇ ਅਜਿਹਾ ਕੋਈ ਕਦਮ ਚੁਕਿਆ ਤਾਂ ਇਸ ਨਾਲ ਦੇਸ਼ ਭਰ ਵਿਚ ਰੋਸ ਪ੍ਰਦਰਸ਼ਨ ਹੋਣਗੇ ਤੇ ਦੇਸ਼ ਨੂੰ ਰਾਸ਼ਟਰਪਤੀ ਸ਼ਾਸਨ ਤਹਿਤ ਲਿਆਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹੇਗਾ। ਉਨ੍ਹਾਂ ਵਿਰੋਧੀ ਪਾਰਟੀਆਂ 'ਤੇ ਦੋਸ਼ ਲਾਇਆ ਕਿ ਉਹ ਬਸਪਾ ਦੀ ਬੁੱਤ ਲਗਾਊ ਮੁਹਿੰਮ ਦਾ ਵਿਰੋਧ ਜਾਤੀਵਾਦੀ ਮਾਨਸਿਕਤਾ ਕਾਰਨ ਕਰ ਰਹੀਆਂ ਹਨ। ਮਾਇਆਵਤੀ ਨੇ ਕਿਹਾ ਕਿ ਜਦੋਂ ਪਾਰਟੀ ਉਤਰ ਪ੍ਰਦੇਸ਼ ਵਿਚ ਦੁਬਾਰਾ ਸੱਤਾ ਵਿਚ ਆਵੇਗੀ ਤਾਂ ਡਾ. ਅੰਬੇਦਕਾਰ ਦੀ ਯਾਦਗਾਰ ਦੀ ਉਸਾਰੀ ਕਰਵਾਈ ਜਾਵੇਗੀ। ਮਾਇਆਵਤੀ ਨੇ ਸਵਾਲ ਕੀਤਾ ਕਿ ਕਾਂਗਰਸ ਜਿਸ ਨੇ 50 ਸਾਲ ਦੇਸ਼ 'ਤੇ ਅਤੇ 40 ਸਾਲ ਉਤਰ ਪ੍ਰਦੇਸ਼ ਵਿਚ ਰਾਜ ਕੀਤਾ, ਨੇ ਕਿਸੇ ਦਲਿਤ ਜਾਂ ਪਛੜੇ ਆਗੂ ਦਾ ਬੁੱਤ ਸਥਾਪਤ ਨਹੀਂ ਕੀਤਾ ਕਿਉਂਕਿ ਉਸ ਨੂੰ ਨਹਿਰੂ ਤੇ ਗਾਂਧੀ ਦੇ ਕੋੜਮੇ ਤੋਂ ਬਿਨਾਂ ਹੋਰ ਕੋਈ ਵਿਖਾਈ ਨਹੀਂ ਦਿੰਦਾ। ਮਾਇਆਵਤੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਕਾਂਗਰਸ ਨੇ ਨਹਿਰੂ ਤੇ ਗਾਂਧੀ ਪਰਵਾਰਾਂ ਦੇ ਬੁੱਤ ਰਾਜਘਾਟ ਤੇ ਹੋਰ ਥਾਵਾਂ 'ਤੇ ਸਥਾਪਤ ਕੀਤੇ ਉਦੋਂ ਕਿਸੇ ਨੇ ਇਹ ਰੌਲਾ ਨਹੀਂ ਪਾਇਆ ਕਿ ਸਰਕਾਰੀ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਕਾਂਗਰਸ ਵਲੋਂ ਖ਼ਰਚੇ ਪੈਸੇ ਦੇ ਮੁਕਾਬਲੇ ਬਸਪਾ ਵਲੋਂ ਖ਼ਰਚਿਆ ਪੈਸਾ ਕਿਵੇਂ ਦੁਰਵਰਤੋਂ ਮੰਨ ਲਿਆ ਗਿਆ? ਉਨ੍ਹਾਂ ਕਿਹਾ ਕਿ ਇਥੋਂ ਤਕ ਕਿ ਕਾਂਗਰਸ ਨੇ ਅਪਣੇ ਆਗੂਆਂ ਰਜਿੰਦਰ ਪ੍ਰਸ਼ਾਦ, ਸੁਭਾਸ਼ ਚੰਦਰ ਬੋਸ ਤੇ ਗੋਪਾਲ ਕ੍ਰਿਸ਼ਨ ਗੋਖਲੇ ਨੂੰ ਅਣਦੇਖਿਆ ਕਰ ਦਿਤਾ। ਮਾਇਆਵਤੀ ਨੇ ਕਿਹਾ ਕਿ ਮੁਲਾਇਮ ਸਿੰਘ ਯਾਦਵ ਕਾਂਗਰਸ ਦੇ ਕਦਮਾਂ 'ਤੇ ਚਲ ਰਹੇ ਹਨ।

ਨੋਇਡਾ ਪਾਰਕ ਵਿਖੇ ਦਲਿਤ ਆਗੂਆਂ ਦੇ ਬਣਾਏ ਬੁੱਤਾਂ ਬਾਰੇ ਮਾਇਆਵਤੀ ਨੇ ਕਿਹਾ ਕਿ ਉਨ੍ਹਾਂ ਦੀ ਉਸਾਰੀ ਦਾ ਕੰਮ ਦਿੱਲੀ ਦੇ ਦਲਿਤਾਂ ਦੀ ਬੇਨਤੀ 'ਤੇ ਸ਼ੁਰੂ ਕੀਤਾ ਗਿਆ ਸੀ, ਜਿਹੜੇ ਕਾਂਗਰਸ ਵਲੋਂ ਅਪਣੇ ਆਗੂਆਂ ਦੀ ਅਣਦੇਖੀ ਕੀਤੇ ਜਾਣ ਤੋਂ ਔਖੇ ਹਨ। ਮਾਇਆਵਤੀ ਨੇ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿਚ ਲੈ ਜਾਣ ਲਈ ਕੇਂਦਰ 'ਤੇ ਵੀ ਜਾਤੀਵਾਦੀ ਮਾਨਸਿਕਤਾ ਦਾ ਸ਼ਿਕਾਰ ਹੋਣ ਦਾ ਦੋਸ਼ ਲਾਇਆ। ਮਾਇਆਵਤੀ ਨੇ ਮੀਡੀਆ ਦੇ ਇਕ ਹਿੱਸੇ ਨੂੰ ਵੀ ਚੇਤਾਵਨੀ ਦਿਤੀ ਕਿ ਉਹ ਇਸ ਸਬੰਧ ਵਿਚ ਗਲਤ ਤੱਥ ਛਾਪਣ ਤੋਂ ਗੁਰੇਜ਼ ਕਰੇ। ਮੀਡੀਆ ਤੱਥਾਂ ਦੀ ਜਾਂਚ ਕਰਨ ਦੀ ਥਾਂ ਵਿਰੋਧੀ ਪਾਰਟੀਆਂ ਦੇ ਹੱਕ ਵਿਚ ਭੁਗਤ ਰਿਹੈ। ਮਾਇਆਵਤੀ ਨੇ ਕਿਹਾ ਕਿ ਮੇਰੀ ਸਰਕਾਰ ਨੇ ਅਦਾਲਤ ਦੇ ਹੁਕਮਾਂ ਨੂੰ ਲਾਗੂ ਕੀਤਾ ਹੈ।

ਮਾਇਆਵਤੀ ਨੇ ਕਿਹਾ ਕਿ ਗੋਮਤੀ ਨਗਰ ਲਖਨਊ ਵਿਖੇ ਬਣ ਰਹੀ ਡਾ. ਅੰਬੇਦਕਾਰ ਦੀ ਯਾਦਗਾਰ ਸਬੰਧੀ ਕਿਸੇ ਵੀ ਅਦਾਲਤ ਵਿਚ ਕੋਈ ਪਟੀਸ਼ਨ ਬਕਾਇਆ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੂੰ ਸਹੀ ਤੱਥਾਂ ਤੋਂ ਜਾਣੂ ਕਰਵਾਉਣ ਲਈ ਉਨ੍ਹਾਂ ਦੀ ਸਰਕਾਰ ਨੇ ਇਕ ਐਫ਼ੀਡੇਵਿਟ ਦਾਇਰ ਕੀਤਾ ਹੈ। ਉਧਰ ਸੁਪਰੀਮ ਕੋਰਟ ਨੇ ਆਖ ਦਿੱਤਾ ਹੈ ਕਿ ਉੱਤਰ ਪ੍ਰਦੇਸ ਰਕਕਾਰ ਦਾ ਹਲਫਨਾਮਾ ਤਸੱਲੀ ਬਖਸ਼ ਨਹੀਂ ਹੈ ਅਤੇ ਅਜਿਹੀਆਂ ਕਾਰਵਾਈਆਂ 'ਤੇ ਪਾਬੰਦੀ ਜਾਰੀ ਰਹੇਗੀ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ਸੰਬੰਧੀ ਫੈਸਲਾ ਦੇਣਾ ਅਤੇ ਇਹ ਦੇਖਣਾ ਕਿ ਫੈਸਲੇ ਤੋਂ ਬਾਅਦ ਕੀ ਘਟਨਾਵਾਂ ਵਾਪਰਦੀਆਂ ਹਨ,ਅਦਾਲਤ ਦਾ ਕੰਮ ਹੈ।ਅਦਾਲਤ ਨੇ 29 ਸਤੰਬਰ ਤਕ ਸਾਰੀਆਂ ਧਿਰਾਂ ਨੂੰ ਹਲਫਨਾਮੇ ਦਾਖਲ ਕਰਨ ਲਈ ਕਿਹਾ ਹੈ।

**ਮਨਹੇੜਾ ਨੂੰ ਹਟਾਉਣ ਤੋਂ ਇਨਕਾਰ:** ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਪਾਰਟੀ ਦੀ ਹਰਿਆਣਾ ਇਕਾਈ ਦੇ ਕੋਆਰਡੀਨੇਟਰ ਮਾਨ ਸਿੰਘ ਮਨਹੇੜਾ ਨੂੰ ਇਹ ਕਹਿੰਦਿਆਂ ਹਟਾਉਣ ਤੋਂ ਇਨਕਾਰ ਕਰ ਦਿਤਾ ਕਿ ਉਹ ਇਸ ਅਹੁਦੇ ਦੇ ਕਾਬਲ ਹਨ। ਹਰਿਆਣਾ ਦੇ ਕੁੱਝ ਅਹੁਦੇਦਾਰਾਂ ਨੇ ਮਨਹੇੜਾ ਨੂੰ ਹਟਾਏ ਜਾਣ ਦੀ ਜ਼ੋਰਦਾਰ ਮੰਗ ਉਠਾਈ ਸੀ। ਮਨਹੇੜਾ ਪਾਰਟੀ ਦੇ ਜਨਰਲ ਸਕੱਤਰ ਵੀ ਹਨ।

# ਚੀਨ ਨਾਲ ਸਰਹੱਦੀ ਤਣਾਅ ਭਾਰਤ ਵਲੋਂ ਨਜ਼ਰਅੰਦਾਜ਼

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਪਿਛਲੇ ਸਾਲ ਲੱਦਾਖ਼ ਖੇਤਰ ਵਿਚ ਦੌਲਤ ਬੇਗ਼ ਓਲਦੀ ਅਤੇ ਫ਼ਕ ਸ਼ੀ ਹਵਾਈ ਅੱਡਿਆਂ ਨੂੰ ਸਫ਼ਲਤਾ ਨਾਲ ਮੁੜ ਵਰਤੋਂ ਵਿਚ ਲਿਆਉਣ ਤੋਂ ਬਾਅਦ ਭਾਰਤੀ ਹਵਾਈ ਫ਼ੌਜ ਨੇ ਹੁਣ ਚੀਨ ਨਾਲ ਲਗਦੀ ਅਸਲ ਕੰਟਰੋਲ ਰੇਖਾ ਦੇ ਬਿਲਕੁਲ ਨੇੜੇ ਸਥਿਤ ਨਯੋਮਾ ਐਡਵਾਂਸਡ ਲੈਂਡਿੰਗ ਗਰਾਊਂਡ (ਛੋਟੇ ਹਵਾਈ ਜਹਾਜ਼ਾਂ ਜਾਂ ਹੈਲੀਕਾਪਟਰਾਂ ਦੇ ਉਤਰਨ ਲਈ ਆਰਜ਼ੀ ਹਵਾਈ ਅੱਡਾ) ਨੂੰ ਮੁੜ ਸੰਚਾਲਿਤ ਕਰਨਾ ਸ਼ੁਰੂ ਕਰ ਦਿਤਾ ਹੈ। ਪਰ ਨਾਲ ਹੀ ਭਾਰਤ ਦੀ ਸਿਆਸੀ ਤੇ ਫੌਜੀ ਮੁਖੀਆਂ ਨੇ ਕਿਹਾ ਹੈ ਕਿ ਚੀਨ ਵਲੋਂ ਹੋ ਰਹੀ ਘੁਸਪੈਠ ਚਿੰਤਾਜਨਕ ਨਹੀਂ ਹੈ।

ਯਾਦ ਰਹੇ ਹਵਾਈ ਪੱਟੀ ਦੀ ਉਸਾਰੀ ਤੋਂ ਬਾਅਦ ਇਕ ਏ.ਐਨ. 32 ਹਵਾਈ ਜਹਾਜ਼ ਨਯੋਮਾ ਵਿਖੇ ਬੀਤੀ 19 ਸਤੰਬਰ ਨੂੰ ਉਤਰਿਆ। ਗਰੁੱਪ ਕੈਪਟਨ ਐਸ.ਸੀ. ਚਾਫ਼ੇਕਰ, ਏਅਰ ਮਾਰਸ਼ਲ ਐਨ.ਏ.ਕੇ. ਬਰਾਊਨੀ, ਲੈਫ਼. ਜਨਰਲ ਪੀ.ਸੀ. ਭਾਰਦਵਾਜ ਸਣੇ ਜਵਾਨਾਂ ਨੂੰ ਲੈ ਕੇ 13,300 ਫੁਟ ਦੀ ਉਚਾਈ 'ਤੇ ਸਥਿਤ ਇਸ ਹਵਾਈ ਅੱਡੇ ਉਪਰ ਇਹ ਜਹਾਜ਼ ਉਤਰਿਆ।


ਭਾਰਤੀ ਹਵਾਈ ਫ਼ੌਜ ਕਈ ਰਣਨੀਤੀਆਂ 'ਤੇ ਕੰਮ ਕਰਨ ਤੋਂ ਬਾਅਦ ਇਸ ਨਤੀਜੇ 'ਤੇ ਪੁਜੀ ਕਿ ਨਯੋਮਾ ਦੇ ਇਸ ਹਵਾਈ ਅੱਡੇ ਨੂੰ ਹੀ ਉਡਾਣਾਂ ਲਈ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਉਧਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਮੀਡੀਆ ਚੀਨੀ ਫ਼ੌਜਾਂ ਵਲੋਂ ਘੁਸਪੈਠ ਬਾਰੇ ਰੀਪੋਰਟਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹੈ। ਖ਼ੁਦ ਵਲੋਂ ਦਿਤੀ ਇਫ਼ਤਾਰ ਪਾਰਟੀ ਦੌਰਾਨ ਉਨ੍ਹਾਂ ਕਿਹਾ ਕਿ ਮੀਡੀਆ ਇਸ ਮੁੱਦੇ ਨਾਲ ਖੇਡਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਚੀਨ ਦੀ ਭਾਰਤ ਵਿਚ ਸਫ਼ੀਰ ਜ਼ਾਂਗ ਯੈਨ ਨੇ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਰਾਇਣਨ ਨਾਲ ਮੁਲਾਕਾਤ ਕੀਤੀ ਸੀ ਅਤੇ ਇਸ ਮਾਮਲੇ ਬਾਰੇ ਵਿਸਤ੍ਰਤ ਵਿਚਾਰ ਵਟਾਂਦਰਾ ਹੋਇਆ।

ਉਧਰ ਚੀਨੀ ਫ਼ੌਜ ਵਲੋਂ ਅਸਲ ਕੰਟਰੋਲ ਰੇਖਾ ਰਾਹੀਂ ਕੀਤੀ ਜਾ ਰਹੀ ਘੁਸਪੈਠ ਨੂੰ ਜ਼ਿਆਦਾ ਅਹਿਮੀਅਤ ਨਾ ਦੇਣ 'ਤੇ ਜ਼ੋਰ ਦਿੰਦਿਆਂ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਰਾਇਣਨ ਨੇ ਚੇਤਾਵਨੀ ਦਿਤੀ ਕਿ ਮੀਡੀਆ ਵਲੋਂ ਇਸ ਮੁੱਦੇ ਨੂੰ ਜ਼ਿਆਦਾ ਉਛਾਲੇ ਜਾਣ ਨਾਲ ਅਣਕਿਆਸੀ ਘਟਨਾ ਵਾਪਰ ਸਕਦੀ ਹੈ ਜੋ ਕਿ ਗੁਆਂਢੀ ਮੁਲਕ ਨਾਲ ਮੁਸ਼ਕਲਾਂ ਖੜੀਆਂ ਕਰ ਦੇਵੇਗੀ। ਉਨ੍ਹਾਂ ਇਹ ਮੰਨਿਆ ਕਿ ਚੀਨ ਵਾਲੇ ਪਾਸਿਉਂ ਘੁਸਪੈਠ ਹੋ ਰਹੀ ਹੈ ਪਰ ਨਾਲ ਹੀ ਕਿਹਾ ਕਿ ਇਸ ਵਿਚ ਕੋਈ ਵਾਧਾ ਨਹੀਂ ਹੋਇਆ ਅਤੇ ਹਾਲਾਤ ਚਿੰਤਾਜਨਕ ਨਹੀਂ ਹਨ। ਕੌਮੀ ਸੁਰੱਖਿਆ ਸਲਾਹਕਾਰ ਨੇ ਇਸ ਗੱਲ ਨਾਲ ਵੀ ਅਸਹਿਮਤੀ ਜ਼ਾਹਰ ਕੀਤੀ ਕਿ ਚੀਨ, ਭਾਰਤ 'ਤੇ ਇਹ ਕਹਿੰਦਿਆਂ ਦਬਾਅ ਪਾ ਰਿਹਾ ਹੈ ਕਿ 2009 ਦਾ ਭਾਰਤ 1962 ਦੇ ਭਾਰਤ ਵਰਗਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਸਰਹੱਦ 'ਤੇ ਸ਼ਾਂਤੀ ਬਣਾਈ ਰਖਣੀ ਚਾਹੁੰਦੇ ਹਨ। ਇਕ ਟੀ.ਵੀ. ਚੈਨਲ ਨਾਲ ਇੰਟਰਵਿਊ ਦੌਰਾਨ ਨਰਾਇਣਨ ਨੇ ਆਖਿਆ, "ਜੇ ਘੁਸਪੈਠ ਦੀਆਂ ਘਟਨਾਵਾਂ ਦੀ ਗਿਣਤੀ ਦੀ ਗੱਲ ਕਰੀਏ ਤਾਂ ਇਨ੍ਹਾਂ 'ਚ ਕੋਈ ਵਾਧਾ ਨਹੀਂ ਹੋਇਆ। ਮੈਂ ਨਹੀਂ ਸਮਝਦਾ ਕਿ ਇਸ ਨਾਲ ਹੰਗਾਮੀ ਹਾਲਾਤ ਪੈਦਾ ਹੁੰਦੇ ਹਨ। ਸਾਨੂੰ ਇਸ ਮੁੱਦੇ ਬਾਰੇ ਪੂਰੀ ਜਾਣਕਾਰੀ ਹੈ। ਮੈਂ ਇਹ ਸਮਝਣ ਦੇ ਅਸਮਰਥ ਹਾਂ ਕਿ ਮੀਡੀਆ ਵਲੋਂ ਇਸ ਮੁੱਦੇ ਨੂੰ ਏਨਾ ਕਿਉਂ ਉਛਾਲਿਆ ਜਾ ਰਿਹਾ ਹੈ।" ਇਹ ਪੁੱਛੇ ਜਾਣ 'ਤੇ ਕਿ ਕੀ ਮੀਡੀਆ ਵਲੋਂ ਦਿਤੀ ਜਾ ਰਹੀ ਪ੍ਰਤੀਕਿਰਿਆ ਨਾਲ ਸਮੱਸਿਆਵਾਂ ਖੜੀਆਂ ਹੋ ਜਾਣਗੀਆਂ। ਨਰਾਇਣਨ ਨੇ ਕਿਹਾ, "ਬਿਲਕੁਲ, ਅਸੀਂ 1962 ਦੀ ਜੰਗ ਵੇਖ ਚੁਕੇ ਹਾਂ। ਅਸੀਂ ਜਾਣਦੇ ਹਾਂ ਕਿ ਉਸ ਵੇਲੇ ਕੀ ਸਮੱਸਿਆ ਸੀ। ਸਾਨੂੰ ਚੌਕਸ ਹੋਣ ਦੀ ਲੋੜ ਹੈ ਨਹੀਂ ਤਾਂ ਕੋਈ ਅਣਕਿਆਸੀ ਘਟਨਾ ਆ ਕੇ ਸਾਨੂੰ ਘੇਰ ਲਵੇਗੀ।" ਇਸੇ ਦੌਰਾਨ ਭਾਰਤੀ ਖੇਤਰ ਵਿਚ ਚੀਨੀ ਫ਼ੌਜਾਂ ਦੀ ਘੁਸਪੈਠ ਦੀਆਂ ਖ਼ਬਰਾਂ ਨੂੰ ਜ਼ਿਆਦਾ ਗੰਭੀਰ ਨਾ ਦਸਦੇ ਹੋਏ ਭਾਰਤੀ ਫ਼ੌਜ ਦੇ ਮੁਖੀ ਜਨਰਲ ਦੀਪਕ ਕਪੂਰ ਨੇ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਅਜਿਹੀਆਂ ਘਟਨਾਵਾਂ 'ਚ ਕੋਈ ਵਾਧਾ ਨਹੀਂ ਹੋਇਆ। ਜਨਰਲ ਕਪੂਰ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਘੁਸਪੈਠ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਬਿਆਨ ਦਾ ਜ਼ਿਕਰ ਕਰਦਿਆਂ ਕਿਹਾ, "ਚਿੰਤਾ ਦੀ ਕੋਈ ਗੱਲ ਨਹੀਂ।" ਉਨ੍ਹਾਂ ਮੀਡੀਆ ਨੂੰ ਵੀ ਇਸ ਮਾਮਲੇ ਨੂੰ ਜ਼ਿਆਦਾ ਨਾ ਉਛਾਲਣ ਦੀ ਅਪੀਲ ਕਰਦਿਆਂ ਕਿਹਾ, "ਪ੍ਰਧਾਨ ਮੰਤਰੀ ਨੇ ਬੀਤੇ ਦਿਨੀਂ ਅਪਣੇ ਬਿਆਨ 'ਚ ਕਿਹਾ ਸੀ ਕਿ ਘੁਸਪੈਠ ਅਤੇ ਨਾਜਾਇਜ਼ ਕਬਜ਼ੇ ਦੀਆਂ ਘਟਨਾਵਾਂ 'ਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਵਾਧਾ ਨਹੀਂ ਹੋਇਆ। ਅਜਿਹੀਆਂ ਘਟਨਾਵਾਂ ਦੀ ਗਿਣਤੀ ਲਗਭਗ ਬਰਾਬਰ ਹੀ ਹੈ।" ਡਾ. ਮਨਮੋਹਨ ਸਿੰਘ ਨੇ ਚੀਨੀ ਘੁਸਪੈਠ ਬਾਰੇ ਰੀਪੋਰਟਾਂ ਨੂੰ ਜ਼ਿਆਦਾ ਅਹਿਮੀਅਤ ਨਾ ਦੇਣ ਵਲ ਸੰਕੇਤ ਕਰਦਿਆਂ ਕਿਹਾ ਸੀ ਕਿ ਭਾਰਤ ਸਰਕਾਰ ਚੀਨੀ ਆਗੂਆਂ ਦੇ ਸੰਪਰਕ ਵਿਚ ਹੈ। ਜਨਰਲ ਕਪੂਰ ਨੇ ਨਾਲ ਹੀ ਕਿਹਾ ਕਿ ਭਾਰਤੀ ਫ਼ੌਜ ਪਾਕਿਸਤਾਨ ਵਲੋਂ ਗੋਲੀਬੰਦੀ ਦੀ ਉਲੰਘਣਾ ਦਾ ਢੁਕਵਾਂ ਜਵਾਬ ਦੇ ਰਹੀ ਹੈ।

## ਪੱਤਰਕਾਰਾਂ ਤੋਂ ਫਿਰ ਦੁਖੀ ਹੋਇਆ ਅਮਿਤਾਭ

ਨਵੀਂ ਦਿੱਲੀ : ਬਾਲੀਵੁੱਡ ਦਾ ਮਹਾਨਾਇਕ



ਅਮਿਤਾਭ ਬੱਚਨ ਮੀਡੀਆ ਤੋਂ ਇਕ ਵਾਰ ਫਿਰ ਖ਼ਫ਼ਾ ਹੋ ਗਿਆ ਹੈ। ਇਕ ਅਖ਼ਬਾਰ 'ਚ ਅਭਿਸ਼ੇਕ-ਐਸ਼ਵਰਿਆ ਬਾਰੇ ਛਪੀ ਖ਼ਬਰ ਤੋਂ ਨਾਰਾਜ਼ ਅਮਿਤਾਭ ਨੇ ਅਪਣੇ ਬਲਾਗ 'ਚ ਮੀਡੀਆ ਨਾਲ ਅਪਣੀ ਨਾਰਾਜ਼ਗੀ ਨੂੰ ਖੁਲੇ ਤੌਰ 'ਤੇ ਜ਼ਾਹਰ ਕੀਤਾ ਹੈ। ਮੁੰਬਈ ਦੇ ਇਕ ਅਖ਼ਬਾਰ 'ਚ ਅਭਿਸ਼ੇਕ ਅਤੇ ਐਸ਼ਵਰਿਆ ਨੂੰ ਫ਼ਿਲਮ ਰਾਵਣ ਦੀ ਸ਼ੂਟਿੰਗ ਦੌਰਾਨ ਆ ਰਹੀਆਂ ਪ੍ਰੇਸ਼ਾਨੀਆਂ ਤੋਂ ਬਚਣ ਲਈ ਮਾਲਸ਼ੇਜ ਨੇੜੇ ਇਕ ਗਣੇਸ਼ ਮੰਦਰ 'ਚੋਂ ਪੂਜਾ ਕਰਦੇ ਨਿਕਲਦੇ ਦਿਖਾਇਆ ਗਿਆ ਹੈ। ਅਮਿਤਾਭ ਨੇ ਅਪਣੇ ਬਲਾਗ 'ਚ ਲਿਖਿਆ ਹੈ ਕਿ ਮੈਨੂੰ ਉਸ ਲੇਖ ਦੇ ਤਰੀਕੇ ਅਤੇ ਉਸ ਨੂੰ ਪੇਸ਼ ਕਰਨ ਦੇ ਉਦੇਸ਼ ਬਾਰੇ ਹੈਰਾਨੀ ਹੋਈ। ਮੈਂ ਦੱਸਣਾ ਚਾਹਾਂਗਾ ਕਿ ਲੇਖ ਨਾਲ ਜਿਸ ਫ਼ੋਟੋ ਦੀ ਵਰਤੋਂ ਕੀਤੀ ਗਈ ਹੈ, ਉਹ ਗ਼ਲਤ ਹੈ। ਇਸ ਨੂੰ ਦੋਵਾਂ ਦੇ ਮਾਲਸ਼ੇਜ਼ ਨੇੜੇ ਗਣੇਸ਼ ਮੰਦਰ 'ਚੋਂ ਨਿਕਲਦੇ ਹੋਏ ਦਿਖਾਇਆ ਗਿਆ ਹੈ ਜਦਕਿ ਇਹ ਮੁੰਬਈ ਦੇ ਸਿਧੀਵਿਨਾਇਕ ਮੰਦਰ 'ਚੋਂ ਬਾਹਰ ਨਿਕਲਣ ਦੀ ਫ਼ੋਟੋ ਹੈ। ਉਸ ਨੇ ਲਿਖਿਆ ਹੈ ਕਿ 'ਰਾਵਣ' 'ਚ ਅਭਿਸ਼ੇਕ ਅਤੇ ਐਸ਼ਵਰਿਆ ਦਾ ਰੂਪ ਬਿਲਕੁਲ ਬਦਲਿਆ ਹੋਇਆ ਹੈ ਜਦਕਿ ਇਸ 'ਚ ਦੋਵਾਂ ਨੂੰ ਵੱਖਰੇ ਤੌਰ 'ਤੇ ਦਿਖਾਇਆ ਗਿਆ ਹੈ। ਇਸ ਲਈ ਸਪੱਸ਼ਟ ਹੈ ਕਿ ਫ਼ੋਟੋ ਜਨਤਾ ਨਾਲ ਬੋਲਿਆ ਗਿਆ ਝੂਠ ਹੈ।

## ਪਾਕਿਸਤਾਨ ਪੁਲਿਸ ਵਲੋਂ ਸਈਅਦ ਵਿਰੁਧ ਮਾਮਲੇ ਦਰਜ

ਲਾਹੌਰ : ਅੰਤਰਰਾਸ਼ਟਰੀ ਦਬਾਅ ਅੱਗੇ



ਝੁਕਦੇ ਹੋਏ ਪਾਕਿਸਤਾਨ ਪੁਲਿਸ ਨੇ ਮੁੰਬਈ ਹਮਲਿਆਂ ਦੇ ਮਾਸਟਰ ਮਾਇੰਡ ਜੇ ਯੂ ਡੀ ਮੁਖੀ ਹਾਫ਼ਿਜ਼ ਮੁਹੰਮਦ ਸਈਅਦ ਵਿਰੁਧ ਅਤਿਵਾਦ ਰੋਕੂ ਨਿਯਮ ਤਹਿਤ ਦੋ ਮਾਮਲੇ ਦਰਜ ਕੀਤੇ ਹਨ। ਇਸ ਤੋਂ ਇਲਾਵਾ ਸਈਅਦ ਦੇ ਸਹਿਯੋਗੀ ਅਬੂ ਜੰਦਲ ਵਿਰੁਧ ਇਕ ਮਾਮਲਾ ਦਰਜ ਕੀਤਾ ਗਿਆ ਹੈ। ਇਕ ਪੁਲਿਸ ਅਧਿਕਾਰੀ ਨੇ ਪ੍ਰੈਸ ਨੂੰ ਦਸਿਆ ਕਿ ਸਈਅਦ ਵਿਰੁਧ ਦੋ ਅਤੇ ਅਬੂ ਵਿਰੁਧ ਫ਼ੈਸਲਾਬਾਦ ਦੇ ਪੁਲਿਸ ਥਾਣੇ 'ਚ ਇਕ ਮਾਮਲਾ ਦਰਜ ਕੀਤਾ ਗਿਆ ਹੈ। ਦੋਵਾਂ 'ਤੇ 'ਜੇਹਾਦ' ਫੈਲਾਉਣ ਦਾ ਦੋਸ਼ ਹੈ। ਅਧਿਕਾਰੀ ਨੇ ਦਸਿਆ ਕਿ ਸਈਅਦ ਨੇ 27 ਅਤੇ 28 ਅਗਸਤ ਨੂੰ ਪਾਬੰਦੀਸ਼ੁਦਾ ਸੰਗਠਨ ਜਮਾਤ-ਉਦ-ਦਾਵਾ ਜੇ.ਯੂ.ਡੀ. ਦੇ ਕਾਰਕੁਨ ਨਾਲ ਇਫ਼ਤਾਰ 'ਚ ਹਿੱਸਾ ਲਿਆ ਅਤੇ ਉਨ੍ਹਾਂ ਨੂੰ ਜੇਹਾਦ ਲਈ ਪ੍ਰੇਰਿਤ ਕੀਤਾ।

## ਮਲਿਕ ਦੇ ਬੇਟੇ 'ਤੇ ਅਦਾਲਤ ਨੂੰ ਗੁਮਰਾਹ ਕਰਨ ਦਾ ਦੋਸ਼

**ਟੋਰਾਂਟੋ :** ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਬਰੀ ਕੀਤੇ ਗਏ ਰਿਪੁਦਮਨ ਸਿੰਘ ਮਲਿਕ ਦੇ ਵਕੀਲ ਬੇਟੇ ਨੂੰ ਬ੍ਰਿਟਿਸ਼ ਕੋਲੰਬੀਆ ਦੀ ਲਾਅ ਸੁਸਾਇਟੀ ਨੇ ਪੇਸ਼ੇਵਰ ਦੁਰਵਿਹਾਰ ਕਰਨ ਦਾ ਦੋਸ਼ੀ ਠਹਿਰਾਇਆ ਹੈ। ਸੁਸਾਇਟੀ ਨੇ ਦਸਿਆ ਕਿ ਜਸਪ੍ਰੀਤ ਸਿੰਘ ਮਲਿਕ ਨੇ ਜਨਵਰੀ 2006 ਵਿਚ ਅਪਣੇ ਪਿਤਾ ਦੀ ਉਸ ਅਰਜ਼ੀ ਦਾ ਜ਼ਿਕਰ ਕੀਤਾ ਸੀ, ਜਿਸ ਵਿਚ ਉਨ੍ਹਾਂ ਨੇ ਕਨਿਸ਼ਕ ਮਾਮਲੇ ਦੀ ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲਾਂ ਦੀ ਟੀਮ ਦਾ ਸਾਰਾ ਖ਼ਰਚਾ ਸਰਕਾਰ ਵਲੋਂ ਦਿਤੇ ਜਾਣ ਦੀ ਅਪੀਲ ਕੀਤੀ ਸੀ।

ਜਸਪ੍ਰੀਤ ਸਿੰਘ ਨੇ ਅਪਣੇ ਪਿਤਾ ਦੀ ਅਰਜ਼ੀ ਸਬੰਧੀ ਕਾਨੂੰਨੀ ਆਰਥਕ ਸਹਾਇਤਾ ਲਈ ਇਕ ਹਲਫ਼ਨਾਮਾ ਦਾਖ਼ਲ ਕੀਤਾ ਜਿਸ ਨੂੰ ਬਾਅਦ ਵਿਚ ਜੱਜ ਨੇ ਖ਼ਾਰਜ ਕਰ ਦਿਤਾ।

ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਸਨੀ ਸਟ੍ਰਾਮਬਰਗ ਸਟੇਨ ਨੇ ਵੇਖਿਆ ਕਿ ਮਲਿਕ ਪਰਵਾਰ ਦੀ ਗਵਾਹੀ ਬਿਲਕੁਲ ਵਿਸ਼ਵਾਸ ਕਰਨ ਯੋਗ ਨਹੀਂ ਅਤੇ ਪਰਵਾਰ ਨੇ ਅਪਣੀ ਜਾਇਦਾਦ ਬਾਰੇ ਅਦਾਲਤ ਨੂੰ ਗੁਮਰਾਹ ਕਰਨ ਲਈ ਗੰਢਤੁਪ ਕੀਤੀ। ਅਪਣੇ ਫ਼ੈਸਲੇ ਵਿਚ ਲਾਅ



ਰਿਪੁਦਮਨ ਸਿੰਘ ਮਲਿਕ

ਸੁਸਾਇਟੀ ਪੈਨਲ ਨੇ ਮਲਿਕ ਵਿਰੁਧ ਮਾਮਲੇ ਨੂੰ ਖ਼ਾਰਜ ਕਰ ਦਿਤਾ ਪਰ ਇਹ ਪਾਇਆ ਕਿ ਉਸ ਨੇ ਅਪਣੇ ਹਲਫ਼ਨਾਮੇ ਵਿਚ ਅਦਾਲਤ ਨੂੰ ਗੁਮਰਾਹ ਕੀਤਾ ਹੈ। ਪੈਨਲ ਨੇ ਕਿਹਾ, "ਬਚਾਅ ਪੱਖ ਇਕ ਵਕੀਲ ਹੈ ਅਤੇ ਅਦਾਲਤ ਦਾ ਅਫ਼ਸਰ ਹੈ ਤੇ ਇਸ ਮਾਮਲੇ ਦਾ ਗਵਾਹ ਵੀ ਸੀ। ਅਜਿਹੀ ਸਥਿਤੀ ਵਿਚ ਇਹ ਯਕੀਨੀ ਬਨਾਉਣਾ ਉਸ ਦੀ ਜ਼ੁੰਮੇਵਾਰੀ ਹੈ ਕਿ ਉਸ ਨੇ ਬਤੌਰ ਵਕੀਲ ਜਾਂ ਬਤੌਰ ਗਵਾਹ ਜੋ ਕੁਝ ਕਿਹਾ, ਉਹ ਅਦਾਲਤ ਨੂੰ ਗੁਮਰਾਹ ਕਰਨ ਵਾਲਾ ਨਾ ਹੋਵੇ।" ਅਪਣੇ ਹਲਫ਼ਨਾਮੇ ਵਿਚ ਮਲਿਕ ਨੇ ਕਿਹਾ ਕਿ ਉਸ ਨੇ ਅਤੇ ਉਸ ਦੇ ਪਰਵਾਰ ਨੇ ਵਕੀਲਾਂ ਦੀ ਫ਼ੀਸ ਦੇਣ ਦਾ ਵਾਅਦਾ ਕੀਤਾ ਸੀ ਪਰ ਉਹ ਇਸ ਨੂੰ ਅਦਾ ਕਰਨ ਦੇ ਕਾਬਲ ਨਹੀਂ ਹਨ। ਜਸਪ੍ਰੀਤ ਸਿੰਘ ਮਲਿਕ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਬ੍ਰਿਟਿਸ਼ ਕੋਲੰਬੀਆ ਦੇ ਹੈਰੀਸਨ ਹਾਟ ਸਪ੍ਰਿੰਗਜ਼ ਵਿਖੇ ਸਥਿਤ ਪਰਵਾਰਕ ਹੋਟਲ ਦੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਲਈ ਹਜ਼ਾਰਾਂ ਡਾਲਰ ਦਾ ਕਰਜ਼ਾ ਲਿਆ। ਪੈਨਲ ਨੇ ਕਿਹਾ ਕਿ ਜੇ ਹਲਫ਼ਨਾਮੇ ਵਿਚ ਦੱਸੇ ਤੱਥ ਪੂਰੀ ਤਰ੍ਹਾਂ ਝੂਠ ਨਹੀਂ ਵੀ ਹਨ ਤਾਂ ਘਟੋ-ਘੱਟ ਗੁਮਰਾਹ ਕਰਨ ਵਾਲੇ ਜ਼ਰੂਰ ਹਨ।

ਲਾਅ ਸੁਸਾਇਟੀ ਦੇ ਡਾਇਰੈਕਟਰ ਸਟੂ ਕੈਮਰੌਨ ਨੇ ਕਿਹਾ ਕਿ ਆਉਣ ਵਾਲੇ ਕੁੱਝ ਮਹੀਨਿਆਂ ਵਿਚ ਜਸਪ੍ਰੀਤ ਸਿੰਘ ਮਲਿਕ ਵਿਰੁਧ ਜੁਰਮਾਨਾ ਲਗਾਉਣ ਲਈ ਸੁਣਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕਾਫ਼ੀ ਗੁੰਝਲਦਾਰ ਮਾਮਲਾ ਹੈ ਅਤੇ ਇਸ ਵਿਚ ਕਾਫ਼ੀ ਸਮਾਂ ਲੱਗ ਸਕਦਾ ਹੈ। ਦੱਸਣਯੋਗ ਹੈ ਕਿ ਰਿਪੁਦਮਨ ਸਿੰਘ ਮਲਿਕ ਅਤੇ ਅਜਾਇਬ ਸਿੰਘ ਬਾਗੜੀ ਨੂੰ 2005 ਵਿਚ ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚੋਂ ਬਰੀ ਕਰ ਦਿਤਾ ਗਿਆ ਸੀ।

## ਭਾਰਤ ਦਾ ਬਦੇਸ਼ੀ ਮੁਦਰਾ ਭੰਡਾਰ ਵਧਿਆ

**ਮੁੰਬਈ :** ਭਾਰਤ ਦਾ ਬਦੇਸ਼ੀ ਮੁਦਰਾ ਭੰਡਾਰ 11 ਸਤੰਬਰ ਨੂੰ ਖਤਮ ਹੋਏ ਹਫਤੇ ਵਿਚ 3.329 ਅਰਬ ਅਮਰੀਕੀ ਡਾਲਰ ਤੋਂ ਵਧ ਕੇ 280.978 ਅਰਬ ਡਾਲਰ ਹੋ ਗਿਆ ਹੈ। ਇਸ ਤੋਂ ਪਹਿਲੇ ਹਫਤੇ ਵਿਚ ਬਦੇਸ਼ੀ ਮੁਦਰਾ ਭੰਡਾਰ ਹਫਤਾਵਾਰੀ ਰਿਪੋਰਟ ਵਿਚ ਕਿਹਾ ਹੈ ਇਕ ਇਸ ਸਮੇਂ ਦੌਰਾਨ ਬਦੇਸ਼ੀ ਮੁਦਰਾ 2905 ਅਰਬ ਡਾਲਰ ਤੋਂ ਵਧ ਕੇ 264.562 ਅਰਬ ਡਾਲਰ ਦੇ ਪੱਧਰ ਤੱਕ ਪਹੁੰਚ ਗਈ ਹੈ। ਹਫਤੇ ਦੌਰਾਨ ਸੋਨੇ ਦੇ ਭੰਡਾਰ ਵਿਚ ਕੋਈ ਤਬਦੀਲੀ ਨਹੀਂ ਹੋਈ ਅਤੇ ਇਹ ਪਹਿਲੇ ਹਫਤੇ ਦੇ ਪੱਧਰ 9.828 ਅਰਬ ਡਾਲਰ 'ਤੇ ਬਰਕਰਾਰ ਹੈ।



# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖ਼ੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਗਾਖਲਾਂ ਵਿਚੋਂ ਗਾਖਲ ਸੁਣੀਂਦਾ-ਅਮੋਲਕ ਸਿੰਘ ਗਾਖਲ

**ਕਬੱਡੀ ਕੱਪ 2009 'ਤੇ**

**ਐਸ. ਅਸ਼ੋਕ ਭੌਰਾ**

ਪੰਜਾਬੀ ਦੀ ਇਕ ਲੋਕ ਬੋਲੀ ਹੈ 'ਤਕੀਏ ਪੈਂਦੀ ਬਾਜ਼ੀ ਤੂੰ ਬਾਜ਼ੀ ਕਿਉਂ ਨੀਂ ਵੇਖਦਾ...।' ਖੈਰ, ਇਹ ਤਕੀਏ ਤੇ ਬਾਜ਼ੀਆਂ ਤਾਂ ਪੰਜਾਬ 'ਚ ਰਹਿ ਗਈਆਂ ਨੇ ਪਰ 26 ਸਤੰਬਰ ਨੂੰ ਹੇਵਰਡ, ਕੈਲੀਫੋਰਨੀਆ 'ਚ ਹੋ ਰਹੇ ਕਬੱਡੀ ਕੱਪ ਬਾਰੇ ਕਿਹਾ ਜਾ ਸਕਦਾ ਹੈ, 'ਅਮਰੀਕਾ ਪਵੇ ਕਬੱਡੀ ਤੂੰ ਭਲਿਆ ਕਿਉਂ ਨੀਂ ਵੇਖਦਾ।' ਚਲੋ, ਇਸ ਕਬੱਡੀ ਕੱਪ ਅਤੇ ਇਸ ਦੇ ਪ੍ਰਮੁੱਖ ਆਯੋਜਕ ਅਮੋਲਕ ਸਿੰਘ ਗਾਖਲ ਦੀ ਗੱਲ ਕਰਨ ਤੋਂ ਪਹਿਲਾਂ ਪੰਜਾਬੀਆਂ ਵਲੋਂ ਖੇਡਾਂ ਵਿਚ ਰਚੇ ਗਏ ਇਤਿਹਾਸ 'ਤੇ ਇਕ ਨਿੱਕੀ ਜਿਹੀ ਪੰਛੀ ਝਾਤ ਮਾਰਦੇ ਹਾਂ।



ਅਮੋਲਕ ਸਿੰਘ ਗਾਖਲ ਨਾਮੀ ਜਾਫੀ ਤੇ ਆਪਣੇ ਪਿੰਡ ਦੇ ਦੋਹਤੇ ਤੀਰਥ ਗਾਖਲ ਨਾਲ

ਬਹੁਤ ਸਾਰੇ ਲੋਕ ਜਦੋਂ ਖੇਡਾਂ ਵੇਖ ਕੇ ਵਾਪਿਸ ਪਰਤਦੇ ਹਨ ਤਾਂ ਦੋ ਗੱਲਾਂ ਹੀ ਚੇਤੇ ਰੱਖਦੇ ਹਨ 'ਔਹ ਜਿੱਤ ਗਿਆ, ਫਲਾਣਾ ਹਾਰ ਗਿਆ।' ਪਰ ਯਾਦ ਦੀ ਸੂਈ ਜ਼ਰਾ ਪੂਰੀ ਘੁਮਾਓ ਇਕ ਸਮਾਂ ਅਜਿਹਾ ਸੀ ਜਦੋਂ ਪੰਜਾਬ ਦੇ ਕੱਟ ਕਟਾ ਕੇ ਛੋਟਾ ਹੋ ਜਾਣ ਬਾਰੇ ਕਿਹਾ ਜਾਣ ਲੱਗਾ ਸੀ ਕਿ ਉਡਨੇ ਸਿੱਖ ਮਿਲਖਾ ਸਿੰਘ ਵਰਗਾ ਦੌੜਾਕ ਜੇ ਸਵੇਰੇ ਇਕ ਸਿਰੇ ਤੋਂ ਨੱਠਣਾ ਸ਼ੁਰੂ ਕਰੇ ਤਾਂ ਸ਼ਾਮੀ ਦੂਜੇ ਸਿਰ ਜਾ ਲੱਗੇ। ਇਕ ਵਾਰ ਧਿਆਨ ਚੰਦ ਦੀ ਹਾਕੀ ਨੂੰ ਚਲਦੇ ਮੈਚ ਵਿਚ ਚਾਰ ਵਾਰ ਇਸ ਕਰਕੇ ਬਦਲਿਆ ਗਿਆ ਸੀ ਕਿ ਸ਼ਾਇਦ ਇਹਦੇ ਵਿਚ ਜਾਦੂ ਦਾ ਚੁੰਬਕ ਹੈ ਕਿ ਬਾਲ ਨਾਲੋਂ ਨਹੀਂ ਲੱਥਦੀ।

ਜਦੋਂ ਫੁੱਟਬਾਲ ਵਿਚ ਫਗਵਾੜੀਆ ਇੰਦਰ ਸਿੰਘ ਤੇ ਪਨਮੀਆ ਜਰਨੈਲ ਜਾਦੂਗਰ ਬਣੇ ਤਾਂ ਇੰਦਰ ਸਿੰਘ ਨੂੰ ਜਲੰਧਰ ਦੇ ਲੀਡਰ ਕਲੱਬ ਵਾਲਾ ਦਵਾਰਕਾ ਦਾਸ ਸਹਿਗਲ ਲੈ ਗਿਆ ਤੇ ਜਰਨੈਲ ਨੂੰ ਮੋਹਨ ਬਗਾਨ। ਇਕ ਵਾਰ ਬਲਵੀਰ ਸਿੰਘ ਤੇ ਅਜੀਤਪਾਲ ਹੋਰਾਂ ਦਰਸਾ ਦਿੱਤਾ ਸੀ ਕਿ ਹਾਕੀ ਦੀ ਇੰਡੀਆ ਦੀ ਟੀਮ ਨਾ ਕਹੋ, ਸੰਸਾਰਪੁਰ ਦੀ ਆਖੋ। ਸੁਰਿੰਦਰ ਸਿੰਘ ਸੋਢੀ ਦਾ ਕੱਦ ਇਸ ਕਰਕੇ ਉੱਚਾ ਹੈ ਕਿ ਉਹਦੀ ਅਗਵਾਈ 'ਚ 1980 'ਚ ਭਾਰਤੀ ਹਾਕੀ ਟੀਮ ਨੇ ਮਾਸਕੋ ਉਲੰਪਿਕ ਚਿਰਾਂ ਪਿਛੋਂ ਜਿੱਤੀ ਸੀ ਤੇ 1982 ਦੀਆਂ ਏਸ਼ਿਆਈ ਖੇਡਾਂ ਵਿਚ ਜਦੋਂ ਫਾਈਨਲ ਵਿਚ ਭਾਰਤੀ ਟੀਮ ਪਾਕਿਸਤਾਨ ਹੱਥੋਂ 9-2 ਦੇ ਫਰਕ ਨਾਲ ਹਾਰੀ ਤਾਂ ਦਿੱਲੀ 'ਚ ਮੇਰੇ ਨਾਲ ਬੈਠੇ ਲੋਕ ਉਲਰ ਉਲਰ ਕੇ ਕਪਤਾਨ ਜ਼ਫਰ ਇਕਬਾਲ ਤੇ ਗੋਲਕੀਪਰ ਨੇਗੀ ਨੂੰ ਧਤੀ ਧਤੀ ਦੀਆਂ ਗਾਲ੍ਹਾਂ ਕੱਢ ਰਹੇ ਸਨ ''ਹੈਂ ਤੇਰੀ...ਨੂੰ ਜਫਰਾ..., ਆਂਡੇ ਨਾ ਮਾਰੇ ਪੈਰੋਂ ਲਾਹ ਕੇ ਜੁੱਤੀ ਸੁੱਟੇ ਨੇਗੀ 'ਤੇ। ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵੇਲੇ ਆਲੇ-ਦੁਆਲੇ ਦੇ ਪਿੰਡਾਂ ਵਿਚ ਔਸਤ ਹਰ ਘਰ ਵਿਚ ਚਾਰ-ਪੰਜ ਪ੍ਰਾਹੁਣੇ ਆਏ ਹੁੰਦੇ ਸਨ, ਇਥੇ ਕਈ ਵਾਰ ਲੋਕਾਂ ਨੇ ਰਾਤ ਨੂੰ ਮਾਣਕ, ਸਦੀਕ ਤੇ ਦੀਦਾਰ ਸੰਧੂ ਦੇ ਅਖਾੜਿਆਂ ਦਾ ਬੜਾ ਲੁਤਫ ਲਿਆ। ਫਿਰ ਮੰਨਣਹਾਣੇ ਦਾ ਕੁਸ਼ਤੀ ਦੰਗਲ ਚਮਕਿਆ ਤੇ ਫਿਰ ਹਕੀਮਪੁਰੀਏ ਪੁਰੇਵਾਲ ਭਰਾਵਾਂ ਨੇ ਖੇਡਾਂ ਦਾ ਇਤਿਹਾਸ ਰਚ ਦਿੱਤਾ।

ਕਹਿਣ ਨੂੰ ਜੋ ਮਰਜੀ ਕਹੀ ਜਾਵੇ ਪਰ ਪੰਜਾਬੀ ਫੁੱਟਬਾਲ ਵੇਖੀ ਜਾਣ, ਕ੍ਰਿਕਟ ਵੇਖੀ ਜਾਣ ਪਰ ਜੋ ਆਨੰਦ ਕਬੱਡੀ 'ਚੋਂ ਮਿਲਦੈ 'ਕਿਆ ਬਾਤਾਂ'। ਇਕ ਵਾਰ ਹਕੀਮਪੁਰ ਦੇ ਖੇਡ ਮੇਲੇ 'ਤੇ ਸਟੇਡੀਅਮ ਦੀਆਂ ਸਿਖਰਲੀਆਂ ਪੌੜੀਆਂ 'ਤੇ ਬੈਠਾ ਸੱਤਰ ਕੁ ਸਾਲਾਂ ਦਾ ਬਜ਼ੁਰਗ ਆਪੇ 'ਚ ਏਨਾ ਗੁਆਚ ਗਿਆ ਕਿ ਕਬੱਡੀ ਵੇਖ ਕੇ ਕਚੀਚੀਆਂ ਵੱਟੇ, ਲੱਤਾਂ ਬਾਹਾਂ ਆਪਣੀਆਂ ਮਰੋੜੀ ਜਾਵੇ ਤੇ ਉਦੋਂ ਪਤਾ ਲੱਗਾ ਜਦੋਂ ਭੁੜਕ ਕੇ ਅਹੁ ਜਾ ਪਿਆ ਤਾਂ ਕੁਮੈਂਟੇਟਰ ਨੇ ਕਿਹਾ 'ਫੜੋ ਓਏ ਮੁੰਡਿਓ ਬੁੜਾ ਖਿਲਰ ਗਿਆ ਸਾਰਾ।'

ਇਵੇਂ ਪਹਿਲੀ ਪੇਸ਼ੇਵਰ ਕਬੱਡੀ 1972 'ਚ ਸਰਬਣ ਸਿੰਘ ਬੱਲ ਨੇ ਖਿਡਾਈ, ਫਿਰ ਹੌਲੀ ਹੌਲੀ ਇੰਗਲੈਂਡ, ਅਮਰੀਕਾ ਤੇ ਕੈਨੇਡਾ ਕਬੱਡੀ ਦੇ ਵੱਡੇ ਖੇਡ ਮੇਲੇ ਲੱਗਣ ਲੱਗੇ। ਅਮਰੀਕਾ 'ਚ ਲੱਛਰ ਭਰਾਵਾਂ ਦੀ ਕਬੱਡੀ ਨੂੰ ਦੇਣ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਜੌਹਨ ਸਿੰਘ ਗਿੱਲ ਦੀ ਕਬੱਡੀ ਨੂੰ ਇਤਿਹਾਸਕ ਦੇਣ ਹੈ। ਬਹਿਰਾਮੀਏ ਸ਼ਿੰਦੇ ਅਟਵਾਲ ਦੀ ਗੱਲ ਵੀ ਚਲਦੀ ਰਹੇਗੀ, ਰਘਬੀਰ ਸਿੰਘ ਦੀ ਵੀ, ਦੀਦਾਰ ਬੈਂਸ ਦੀ ਅਸਿੱਧੀ ਹੱਲਾਸ਼ੇਰੀ ਦੀ ਵੀ, ਪਾਲੀ ਤੋਂ ਮੰਨੇ ਲੱਛਰ ਤੇ ਤੀਰਥ ਗਾਖਲ ਤੱਕ ਕਬੱਡੀ ਖਿਡਾਰੀਆਂ ਦੀਆਂ ਬਾਤਾਂ ਆਉਣ ਵਾਲਾ ਇਤਿਹਾਸ ਪਾਏਗਾ। ਕਬੱਡੀ ਨੂੰ ਪੂਰੀ ਤਰ੍ਹਾਂ ਸਮਰਪਿਤ ਰੁੜਕੇ ਵਾਲੇ ਬਲਜੀਤ ਸੰਧੂ ਹੋਰਾਂ ਦੀ ਗੱਲ ਕਰਦਿਆਂ ਸਲਾਮ ਕਰਨੀ ਹੀ ਬਣਦੀ ਹੈ।



ਨਹੀਂ ਰੀਸਾਂ ਬਈ ਜਵਾਨਾਂ ਦੇ ਕਮਾਏ ਹੋਏ ਜੁੱਸਿਆਂ ਦੀਆਂ

ਤੇ ਹੁਣ ਅਮੋਲਕ ਸਿੰਘ ਗਾਖਲ ਤੇ ਉਹਦਾ ਯੂਨਾਈਟਿਡ ਸਪੋਰਟਸ ਵਾਲਾ ਟੱਬਰ ਸੰਨ 2005 ਦੇ ਕਬੱਡੀ ਕੱਪ ਤੋਂ ਬਾਅਦ 26 ਸਤੰਬਰ ਨੂੰ ਜਿਹੜੀ ਧਮਾਲ ਪਾਉਣ ਲੱਗੈ ਉਹਦੇ ਨਾਲ ਸੱਚੀਂ 'ਤਕੀਏ ਪੈਂਦੀ ਬਾਜ਼ੀ' ਵਾਲੀ ਗੱਲ ਪੁਰਾਣੀ ਲੱਗੇਗੀ। ਇਸੇ ਲਈ ਕਬੱਡੀ ਕੱਪ ਤੇ ਗਾਖਲ ਨੂੰ ਅਲੱਗ-ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ ਇਉਂ ਜਿਵੇਂ ਕਈ ਵਾਰ ਇਹ ਨਹੀਂ ਪਤਾ ਲਗਦਾ ਕਿ ਪੈਰ ਤਬਲੇ ਦੀ ਤਾਲ ਨੂੰ ਉੱਠ ਰਹੇ ਨੇ ਜਾਂ ਤਬਲਾ ਪੈਰਾਂ ਦੀ ਤਾਲ ਨਾਲ ਵੱਜ ਰਿਹਾ ਹੈ।

ਇਕ ਬੰਦਾ ਕਹਿਣ ਲੱਗਾ 'ਕੁਦਰਤ ਨੂੰ ਬੇਅੰਤ ਕਿਉਂ ਕਹਿੰਦੇ ਨੇ।' ਜੁਆਬ ਸੀ 'ਬੀਜ ਨੂੰ ਜ਼ਮੀਨ 'ਚ ਪੁੱਠਾ ਦੱਬ ਕੇ ਵੇਖੀਂ ਜਦੋਂ ਉੱਗਰੇਗਾ ਤਾਂ ਸਿੱਧਾ ਹੋਵੇਗਾ।' ਇਵੇਂ ਅਮੋਲਕ ਦੇ ਸ਼ੌਕ ਵੀ ਬੜੇ ਬੇਅੰਤ ਨੇ। ਉਹ ਕਹੇਗਾ 'ਸ਼ੈਂਪੀਅਨ' ਦੀ ਬੋਤਲ ਪੀ ਕੇ ਵੇਖਿਓ ਪੈੱਗ ਜਿੰਨਾ ਨਸ਼ਾ ਨੀ ਹੁੰਦਾ ਪਰ ਫਰਾਂਸ ਦੇ ਲੋਕਾਂ ਨੇ ਇਸਨੂੰ ਜਿੱਤਦੇ ਜਸ਼ਨ ਵਜੋਂ ਲਿਆ ਹੈ। ਇਸੇ ਲਈ ਇਹ ਮਹਿੰਗੀ ਤੇ ਮੁਲਵਾਨ ਹੈ। ਅਮਰੀਕਾ ਆ ਕੇ ਪਿਛਲੇ ਤਿੰਨ ਦਹਾਕਿਆਂ ਤੋਂ ਕਮਾਈ ਬੜੀ ਕੀਤੀ ਹੈ, ਬਿੰਦਰੇ ਤੇ ਭੱਜੀ ਨੂੰ ਪੈਸੇ ਬੜੇ ਦਿੱਤੇ ਨੇ ਖੇਡਾਂ ਕਰਕੇ ਤੇ ਉਹਦੇ ਅਵੱਲੇ ਸ਼ੌਕ 'ਚੋਂ ਹੀ ਦੂਜੀ ਵਾਰ ਕਬਡੀ ਕੱਪ ਹੋਣ ਲੱਗੈ।'

ਜੇ ਕੰਮ ਦੀ ਪ੍ਰਸ਼ੰਸਾ ਨਹੀਂ, ਵਿਰੋਧ ਨਹੀਂ, ਲੋਕ ਨੋਟਿਸ ਨਹੀਂ ਲੈਂਦੇ ਤਾਂ ਕੰਮ ਕਰਨ ਦਾ ਕੀ ਲਾਭ ਹੈ ਫਿਰ ਨੀਂਦ ਦੀਆਂ ਗੋਲੀਆਂ ਖਾ ਕੇ ਖੇਸੀ ਹੀ ਲੈ ਲੈਣੀ ਚਾਹੀਦੀ ਹੈ। ਉਂਜ ਦੁਨੀਆਂ ਦੀ ਇਸ ਆਦਤ 'ਤੇ ਤਾਂ ਕਦੇ ਕਾਬੂ ਨਹੀਂ ਪਿਆ ਕਿ ਕਿਸੇ ਦੀ ਛਿੱਲ ਲਾਹੁਣੀ ਐ, ਵਿਰੋਧਤਾ ਕਰਨੀ ਐ, ਜੜ੍ਹਾਂ ਵੱਢਣੀਆਂ ਨੇ ਤਾਂ ਜੀਭ ਦੰਦਾਂ ਤੋਂ ਬਾਹਰ ਹੀ ਰਹਿੰਦੀ ਹੈ ਤੇ ਜੇ ਕੰਮ ਕਰਨਾ ਵਾਲਾ ਫਿਰ ਅਗਾਂਹ ਨਿਕਲ ਜਾਵੇ ਤਾਂ ਇਹੋ ਜੀਭ ਫਿਰ ਤਾਲੂਏ ਨੂੰ ਜਾ ਲਗਦੀ ਐ। ਬਹੁਤੇ ਮਿੱਤਰ-ਦੋਸਤ ਸਾਕ-ਸਬੰਧੀ ਵਿਆਹ ਵਾਲੇ ਦਿਨ ਹੀ ਆਉਂਦੇ ਨੇ, ਉਹ ਨ੍ਹੀਂ ਜਾਣਦੇ ਕਿ ਗੋਗਲੇ ਪੱਕਣ, ਲੱਡੂ ਵੱਟਣ ਤੇ ਦਾਜ-ਵਰੀ ਵਿਚ ਪੂਰਾ ਪਰਿਵਾਰ ਦੋ ਮਹੀਨੇ ਪਹਿਲਾਂ ਹੀ ਸੌ ਮੀਲ ਦੀ ਦੌੜ ਵਾਂਗ ਭੱਜਿਆ ਫਿਰ ਰਿਹਾ ਹੁੰਦੈ। ਇਵੇਂ ਅਮੋਲਕ ਤੇ ਉਹਦੀ ਟੀਮ ਦੋ ਢਾਈ ਮਹੀਨਿਆਂ ਤੋਂ ਲਾਗੀਆਂ ਰਾਹੀਂ ਭਾਜੀ ਵੰਡਣ ਲੱਗੀ ਹੋਈ ਹੈ ਤੇ ਲਗਦਾ ਨਹੀਂ ਕਿ 26 ਨੂੰ ਉਹੀ ਨ੍ਹੀਂ ਆਉਣਗੇ ਜਿਹੜੇ ਢਿੱਲੇ-ਮੱਠੇ ਜਾਂ ਬਿਮਾਰ ਹੋਣਗੇ?

ਗਾਖਲਾਂ ਦਾ ਸਾਰਾ ਟੱਬਰ, ਰਿਸ਼ਤੇਦਾਰ ਕਬੱਡੀ ਪਿੱਛੇ ਦੌੜੇ ਹੋਣੇ ਨੇ। ਕੀ ਤੀਰਥ ਗਾਖਲ, ਕੀ ਅਮੋਲਕ ਦੇ ਪੁੱਤਰ ਗੁਰਵਿੰਦਰ ਤੇ ਪਰਮਵੀਰ ਗਾਖਲ, 1994-95 ਦਾ ਬੈਸਟ ਰੇਡਰ ਮੇਜਰ ਗਾਖਲ, ਦੁੱਲਾ ਸੁਰਖਪੁਰੀਆ। ਇਕ ਬੰਦਾ ਕਹਿੰਦਾ ਕਿ 'ਗਾਖਲ ਗੋਤ ਐ ਕਿ ਪਿੰਡ।' ਮੈਂ ਕਿਹਾ 'ਗੋਤ ਬਾਰੇ ਤਾਂ ਮੈਨੂੰ ਵੀ ਪਤਾ ਨੀ ਪਰ ਗਾਖਲਾਂ ਜਲੰਧਰ ਦੀ ਹੱਦ ਨਾਲ ਬਸਤੀ ਦਾਨਿਸ਼ਮੰਦਾਂ ਤੋਂ ਅਗਲਾ ਪਿੰਡ ਹੈ। ਪਹਿਲਾਂ ਹੰਸ ਦੇ ਪਿੰਡ ਬਾਰੇ ਕਹਿੰਦੇ ਸੀ ਕਿ ਗਾਖਲਾਂ ਦੇ ਨਾਲ ਹੀ ਹੈ ਉਹਦਾ ਪਿੰਡ ਸਫੀਪੁਰ। ਜਦੋਂ ਹੰਸ ਦੀ ਚੜ੍ਹਾਈ ਹੋਈ ਤਾਂ ਇਹ ਵੀ ਕਿਹਾ ਜਾਂਦਾ ਰਿਹਾ, ਸਫੀਪੁਰ ਦੇ ਨਾਲ ਹੀ ਹੈ ਗਾਖਲਾਂ। ਇਥੋਂ ਦੇ ਜ਼ੋਰਾਵਰ ਗਾਖਲ ਨੇ ਵੀ ਇੰਗਲੈਂਡ 'ਚ ਦੋ ਰੇਡੀਓ ਸਟੇਸ਼ਨ ਕੱਠੇ ਚਲਾ ਕੇ ਚੰਗਾ ਨਾ ਕਮਾਇਆ ਹੈ ਤੇ ਅਮੋਲਕ ਨੇ ਤਾਂ ਪਿਛਲੇ ਕਈ ਸਾਲਾਂ ਤੋਂ ਰੁਮਾਲੀ ਤੇ ਪਟਕਾ ਥੱਲੇ ਲੱਗਣ ਈ ਨ੍ਹੀਂ ਦਿੱਤਾ।

ਦੋ ਤਰ੍ਹਾਂ ਦੀਆਂ ਗੱਲਾਂ ਨੇ ਕਿ ਦਾਨ ਦਿਲ ਨਾਲ ਦਿੱਤਾ ਜਾਂਦਾ ਹੈ, ਹੱਥਾਂ ਨਾਲ ਨਹੀਂ। ਚੰਗੇ ਕੰਮ ਯਤਨਾਂ ਤੇ ਹੌਂਸਲੇ ਨਾਲ ਕੀਤੇ ਜਾਂਦੇ ਨੇ ਤੇ ਚੰਗੇ ਕੰਮਾਂ ਦੀ ਵਡਿਆਈ ਵਿਚ ਜਿਹੜਾ ਸਿਰ ਨਹੀਂ ਹਲਾਉਂਦਾ ਸਮਝੋ ਉਹ ਤੰਦਰੁਸਤ ਨਹੀਂ। ਇਹ ਕਬੱਡੀ ਕੱਪ ਅਮਰੀਕਾ ਵਿਚ ਇਸ ਖੇਡ ਨੂੰ ਹੋਰ ਆਕਸੀਜਨ ਤੇ ਹੁਲਾਰਾ ਦੇਣ ਦਾ ਅਮੋਲਕ ਗਾਖਲ ਦਾ ਯਤਨ ਸਿੱਧ ਹੋਵੇਗਾ। ਉਵੇਂ ਜਿਵੇਂ ਹੁਸਨ, ਇਸ਼ਕ ਵਿਚ ਡੁੱਬ ਕੇ ਤਾਜ ਮਹਿਲ ਬਣ ਗਿਆ ਸੀ। ਖੇਡ ਕਲੱਬਾਂ, ਖਿਡਾਰੀਆਂ ਤੇ ਖੇਡ ਪ੍ਰਬੰਧਕਾਂ ਨੂੰ ਵੀ ਉਹ ਸਿਰ ਨਿਵਾ ਕੇ ਇਹੋ ਆਖਦਾ ਹੈ 'ਸਰਕਾਰੀ ਹੁਕਮਾਂ ਨਾਲ ਦਰਖ਼ਤ ਫਲ ਨਹੀਂ ਦੇਂਦੇ, ਫਲ ਦੇਣਾ ਕੁਦਰਤ ਦਾ ਨਿਯਮ ਹੈ, ਪਰ ਦਰਖਤ ਲਗਾਉਣਾ ਮਨੁੱਖ ਦਾ ਫਰਜ਼ ਤੇ ਯਤਨ ਹੈ। ਕੋਈ ਲੱਖ ਕਹੇ ਅਸੀਂ ਦਰਖਤ ਲਗਾਉਣ ਦੀ ਸੋਚ ਨਾਲ ਕੰਮ ਕਰ ਰਹੇ ਹਾਂ।



ਭਿੜਨਗੇ ਕਬੱਡੀ ਦੇ ਧੁਰੰਤਰ ਖਿਡਾਰੀ ਹੇਵਰਡ ਦੇ ਸਟੇਡੀਅਮ 'ਚ

ਸਾਰਾ ਦਿਨ ਕਬੱਡੀ ਕਬੱਡੀ ਹੋਵੇਗੀ, ਮਹਿਮਾਨ ਆਉਣਗੇ, ਖੇਡ ਪ੍ਰੇਮੀ ਭੱਜ ਭੱਜ ਮੂਹਰੇ ਹੋਣਗੇ, ਫੜ ਲਓ ਤੇ ਰੁਕੋ ਨਾ 'ਤੇ ਇਨਾਮ ਰੱਖੇ ਜਾਣਗੇ, ਮਾਣ-ਸਨਮਾਨ ਹੋਣਗੇ, ਸ਼ੌਕੀਨ ਘੁੱਟ ਵੀ ਲਾਉਣਗੇ, ਕਿਉਂਕਿ ਫਿਰ ਕਬੱਡੀ ਵੇਖਣ ਦਾ ਸੁਆਦ ਹੋਰ ਹੋਵੇਗਾ।

ਬੰਦਾ 'ਕੱਲਾ ਨਹੀਂ, ਟੱਬਰ 'ਚ ਬੈਠ ਕੇ ਹੀ ਸੁਹਣਾ ਲਗਦਾ ਹੈ। ਗਾਖਲ ਨੇ ਗਰੈਂਡ ਸਪਾਂਸਰਾਂ, ਮੁੱਖ ਸਪਾਂਸਰਾਂ ਦਾ ਬਹੁਤ ਵੱਡਾ ਪਰਿਵਾਰ ਬਣਾ ਲਿਆ ਹੈ। ਮੰਨੋਗੇ ਕਿ ਸੱਤ ਕਿਲੋ ਦੀ ਢਾਈ ਫੁੱਟੇ ਵੰਝੇ ਵਿਚ ਬਣਾਉਣ ਵਾਲੇ ਲੁਹਾਰ ਨੂੰ ਕੋਈ ਕਹੇ ਕਿ ਆਹ ਨੌਂ ਮਾਸਿਆਂ ਦੀ ਮੁੰਦਰੀ ਤਿੰਨ ਰੱਤੀਆਂ ਮੋਤੀ 'ਚ ਬਣਾ ਦੇ ਤਾਂ ਲਗਦਾ ਨ੍ਹੀਂ ਗਾਹਕ ਚੁਟਕਲਾ ਸੁਣਾ ਰਿਹਾ ਹੈ ਪਰ ਯਕੀਨ ਕਰੋ ਕਿ ਬਲਵੀਰ ਭਾਟੀਏ ਨੇ ਕਦੇ ਕਬੱਡੀ ਨਹੀਂ ਖੇਡੀ ਪਰ ਉਹਨੂੰ ਇਕ ਜ਼ਿੰਮੇਵਾਰ ਕਲੱਬ ਦਾ ਪ੍ਰਧਾਨ ਬਣਾਉਣਾ ਗਾਖਲ ਦੀ ਜੁਗਤ ਤੇ ਜੁਗਾੜ ਹੈ। ਪੰਜ ਫੁੱਟੇ ਬੰਦੇ ਤੋਂ ਸਵਾ ਛੇ ਫੁੱਟੀ ਛਾਲ ਮਰਾਉਣੀ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ।

ਗਾਖਲਾਂ ਵਾਲਿਆਂ ਵਲੋਂ ਤੀਰਥ ਗਾਖਲ ਦਾ, ਜੌਹਨ ਗਿੱਲ ਵਲੋਂ ਮੇਜਰ ਗਾਖਲ ਦਾ ਸਨਮਾਨ ਕਰਨਾ, ਦੁਖੀ ਖਿਡਾਰਨ ਜਸਪ੍ਰੀਤ ਕੌਰ ਨੂੰ ਮਾਇਕ ਸਹਾਇਤਾ ਦੇਣੀ ਵੀ ਇਸ ਕੱਪ ਦੀਆਂ ਵਿਸ਼ੇਸ਼ ਪ੍ਰਾਪਤੀਆਂ ਹੋਣਗੀਆਂ।

ਦੋ ਹੱਥਾਂ 'ਚ ਮਾਇਕ ਉਲਰ-ਉਲਰ ਕੇ ਜਾਵੇਗਾ, ਕਦੇ ਗੁਰਦਾਵਰ ਦੇ ਹੱਥ, ਕਦੇ ਰੰਡਿਆਲੇ ਦੇ ਹੱਥ। ਕਬੱਡੀ ਕੁਮੈਂਟੇਟਰਾਂ 'ਚੋਂ ਰੰਡਿਆਲਾ ਕਾਫੀ ਉਭਰ ਕੇ ਸਾਹਮਣੇ ਆਇਆ ਹੈ। ਸਾਡੇ ਪਿੰਡਾਂ 'ਚ ਅੱਗੇ ਇਕ ਸ਼ਰਤ ਹੁੰਦੀ ਸੀ ਟੂਰਨਾਮੈਂਟ ਕਰਵਾਉਣ ਵੇਲੇ ਤੇ ਖਿਡਾਰੀ ਇਕ ਪਿੰਡ ਦੇ ਹੋਣੇ ਚਾਹੀਦੇ ਹਨ ਪਰ ਕਬੱਡੀ ਦੇ ਓਪਨ ਮੈਚਾਂ ਵਿਚ ਕਬੱਡੀ ਦੇ ਸ਼ੌਕੀਨਾਂ ਦੀ ਦਿਲਚਸਪੀ ਤਾਂ ਵੱਧ ਜਾਂਦੀ ਸੀ ਕਿ ਭਾਰ, ਉਮਰ ਤੇ ਪਿੰਡਾਂ ਦੀ ਹੱਦ ਮੁੱਕ ਗਈ ਹੁੰਦੀ ਸੀ ਤੇ ਜ਼ੋਰ ਦਾ ਪ੍ਰਦਰਸ਼ਨ ਹੁੰਦਾ ਸੀ। ਇਸ ਕਬੱਡੀ ਕੱਪ 'ਚ ਵੀ ਚਾਰ ਖਿਡਾਰੀ ਬਾਹਰੋਂ ਤੇ ਕਿਸੇ ਵੀ ਰੰਗ ਨਸਲ ਦੇ ਪਾਉਣ ਦੀ ਛੋਟ ਦੇਣੀ ਕਬੱਡੀ ਦੇ ਆਲ੍ਹਾ ਪ੍ਰਦਰਸ਼ਨ ਵਿਚ ਖਾਸ ਵੰਨਗੀ ਹੋਵੇਗੀ।

ਮੰਨੋਗੇ ਕਿ ਛੜਿਆਂ ਨੂੰ ਕਈ ਵਾਰ ਇਸਤਰੀਆਂ ਬਾਰੇ ਵਿਆਹਿਆਂ ਨਾਲੋਂ ਵੀ ਵੱਧ ਗਿਆਨ ਹੁੰਦਾ ਹੈ। ਇਵੇਂ ਕਈ ਦਰਸ਼ਕਾਂ ਨੇ ਕਦੇ ਕਬੱਡੀ ਨਾ ਵੀ ਖੇਡੀ ਹੋਵੇ ਫਿਰ ਵੀ ਕਹੀ ਜਾਣਗੇ 'ਅਹੁ ਬਾਈ ਬਹੁਤ ਚੱਲਿਆ, ਓਨੇ ਤਾਂ ਲਿੰਦ ਈ ਕਰਤੀ, ਫਲਾਣਾ ਵਿਚ ਬਟਨਾਂ ਵਾਂਗ ਚਮਕਦਾ ਸੀ, ਐਵੇਂ ਨਸ਼ਿਆਂ ਪੱਤਿਆਂ ਦੀ ਖੱਪ ਪਾਈ ਜਾਂਦੇ ਆ, ਕਬੱਡੀ ਵੇਖ ਕੇ ਤਾਂ ਐਂ ਲਗਦੈ ਕਦੇ ਪੰਜਾਬੀਆਂ ਨੇ ਸੁੰਘ ਕੇ ਨਹੀਂ ਵੇਖੇ ਹੋਣੇ।

ਕਸ਼ਮੀਰ ਸਹੋਤਾ ਦੀ ਯਾਦ 'ਚ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਇਕਵੰਜਾ ਸੌ ਤੇ 'ਕੱਤੀ ਸੌ ਦਾ ਪਹਿਲਾ, ਦੂਜਾ ਇਨਾਮ ਦੇਣਾ ਕਬੱਡੀ ਕੱਪ ਨੂੰ ਹੋਰ ਹੱਲਾਸ਼ੇਰੀ ਦੇਣ ਵਾਲੀ ਗੱਲ ਹੋਵੇਗੀ।

ਭਾਵੇਂ ਸਾਡੇ ਪਿੰਡਾਂ 'ਚ ਇੱਜ਼ਤ ਅਕਲ ਦੀ ਨਹੀਂ ਜ਼ਮੀਨ ਦੀ ਹੁੰਦੀ ਰਹੀ ਹੈ ਇਵੇਂ ਇਹ ਕਹਿਣ 'ਚ ਵੀ ਹਰਜ ਨਹੀਂ ਕਿ ਖੇਡਾਂ ਦਾ ਮੁੱਲ ਤੇ ਖਿਡਾਰੀਆਂ ਦੀ ਕਦਰ ਖੇਡ ਪ੍ਰਬੰਧਕਾਂ ਨੇ ਵਧ ਪਾਈ ਹੈ। ਸਿਰ ਦੁਖਦਾ ਹੋਇਆ ਤਾਂ ਗੋਲੀ ਇਕ ਦਿਨ ਪਹਿਲਾਂ ਖਾ ਲਿਓ, ਗਲਾਸੀ ਵੱਧ ਘੱਟ ਲੱਗ ਗਈ ਤਾਂ ਸਵੇਰੇ ਉੱਠ ਕੇ ਨਿੰਬੂ ਪਾਣੀ ਪੀ ਲਿਓ ਪਰ ਹੇਵਰਡ ਦਾ ਕਬੱਡੀ ਕੱਪ ਵੇਖਣਾ ਨਾ ਛੱਡਿਓ। ਤੇ ਅਮੋਲਕ ਗਾਖਲ ਵਰਗਾ ਲੱਠਾ ਬੰਦਾ ਕਬੱਡੀ ਦਾ ਜਿਹੜਾ ਠੁਮਕਾ ਲਾਉਣ ਲੱਗੈ, ਉਹਦੇ ਨਾਲ ਲੱਕ ਹਿਲਾ ਹੀ ਲੈਣਾ ਚਾਹੀਦੈ।

ਇੱਕ ਲੋਕ ਬੋਲੀ ਸੀ ਕਿ ਨੱਚਾਂ ਮੈਂ ਲੁਧਿਆਣੇ, ਮੇਰੀ ਧਮਕ ਜਲੰਧਰ ਪੈਂਦੀ। ਜਲੰਧਰ 'ਤੇ ਲੁਧਿਆਣੇ ਦਾ ਫਾਸਲਾ 76 ਕਿਲੋਮੀਟਰ ਹੈ ਇਹ ਧਮਕ ਤਾਂ ਪੈਂਦੀ ਹੋਵੇਗੀ ਕਿ ਨਹੀਂ ਪਰ ਗਾਖਲ ਰਹਿੰਦੈ ਅਮਰੀਕਾ ਪਰ ਗੋਲਡ ਜਿੰਮ ਜਲੰਧਰ ਚਲਦੈ ਤੇ ਅਮਰੀਕਾ ਤੋਂ ਜਲੰਧਰ ਤੱਕ ਧਮਕ ਇਉਂ ਪੈਂਦੀ ਲਗਦੀ ਹੈ ਜਿਵੇਂ ਉਹ ਦਲੀਪ ਸਿੰਘ ਉਰਫ ਖਲੀ ਵਾਂਗ ਅੱਡੀ ਘੁਮਾ ਕੇ ਮਾਰਦਾ ਹੋਵੇ।

## ਸਰਕਾਰੀ ਬੰਗਲੇ 'ਤੇ ਕਾਬਜ਼ ਐਮ.ਪੀ. ਦਾ ਸਾਮਾਨ ਬਾਹਰ ਸੁਟਵਾਇਆ

**ਨਵੀਂ ਦਿੱਲੀ:** ਰਾਜਧਾਨੀ ਦਿੱਲੀ ਵਿਚ ਇਕ ਭਾਜਪਾ ਐਮ.ਪੀ. ਦਾ ਸਾਮਾਨ ਸੜਕ 'ਤੇ ਸੁੱਟ ਦਿੱਤਾ ਗਿਆ। ਛੱਤੀਸਗੜ੍ਹ ਦੇ ਭਾਜਪਾ ਐਮ.ਪੀ. ਨੰਦ ਕੁਮਾਰ ਨੂੰ ਲੋਕ ਸਭਾ ਕੋਟੇ ਤੋਂ ਅਲਾਟ ਮਕਾਨ ਖਾਲੀ ਕਰਨ ਦਾ ਕਈ ਵਾਰੀ ਨੋਟਿਸ ਦਿਤਾ ਗਿਆ ਸੀ। ਆਮ ਚੋਣਾਂ ਵਿਚ ਲੋਕ ਸਭਾ ਦੀ ਟਿਕਟ ਨਾ ਮਿਲਣ ਤੋਂ ਬਾਅਦ ਨੰਦ ਕੁਮਾਰ ਰਾਜ ਸਭਾ ਦੇ ਮੈਂਬਰ ਬਣ ਗਏ ਸਨ।

ਇਸ ਲਈ ਉਨ੍ਹਾਂ ਨੂੰ ਲੋਕ ਸਭਾਦੇ ਪੂਲ ਵਿਚੋਂ ਅਲਾਟ ਸਾਊਥ ਐਵੇਨਿਊ ਦਾ 176 ਨੰਬਰ ਮਕਾਨ ਸ਼ਹਿਰੀ ਵਿਕਾਸ ਮੰਤਰਾਲਾ ਨੇ ਖਾਲੀ ਕਰਨ ਲਈ ਕਿਹਾ ਪਰ ਜਦੋਂ ਉਨ੍ਹਾਂ ਮਕਾਨ ਖਾਲੀ ਨਾ ਕੀਤਾ ਤਾਂ ਪੀ.ਡਬਲਯੂ. ਵਿਭਾਗ ਨੇ ਪੁਲਸ ਦੀ ਮਦਦ ਨਾਲ ਐਮ.ਪੀ. ਦਾ ਸਾਮਾਨ ਮਕਾਨ ਤੋਂ ਬਾਹਰ ਕੱਢ ਦਿੱਤਾ।

# ਅਖੇ ! ਬਿੱਲੀਆਂ ਤਾਂ ਬਿੱਲੀਆਂ ਨੇ, ਬਿੱਲੀਆਂ ਦਾ ਕੀ ਏ?

*ਜਿਹੜੇ ਸਿਰਫ ਦੂਜਿਆਂ ਨੂੰ ਹਰਾਉਣ ਲਈ ਖੇਡਦੇ ਹਨ ਉਹ ਅਸਲ ਵਿਚ ਘਰੋਂ ਹੀ ਹਾਰ ਕੇ ਤੁਰੇ ਹੁੰਦੇ ਹਨ। ਯੂਨਾਨ ਵਿਚ ਹੋਮਰ ਦੇ ਨਾਂ 'ਤੇ ਸੱਤ ਸ਼ਹਿਰ ਵਸੇ ਹੋਏ ਨੇ ਤੇ ਸ਼ੱਕ ਹੈ ਕਿ ਇਸ ਤੋਂ ਵੱਡਾ ਸਤਿਕਾਰ ਕਿਸੇ ਨੂੰ ਮਿਲ ਸਕਦਾ ਹੈ ਜਾਂ ਦਿੱਤਾ ਜਾ ਸਕਦਾ ਹੈ? ਜਾਨਵਰਾਂ ਨੇ ਮਨੁੱਖ ਦਾ ਬਚਿਆ ਖਾਣ ਵਿਚ ਨਾ ਕਦੇ ਜੂਠ ਦਾ ਉਲਾਂਭਾ ਦਿੱਤਾ ਹੈ ਨਾ ਕਦੇ ਸ਼ਰਮ ਮੰਨੀ ਹੈ। ਹੱਡਾ ਰੋੜੀ ਦੇ ਬਾਹਰ ਉਦਾਸ ਬੈਠੇ ਇਕ ਕੁੱਤੇ ਨੂੰ ਵੇਖਕੇ ਦੂਜੇ ਕੁੱਤੇ ਨੇ ਸਵਾਲ ਕੀਤਾ 'ਭਰਾਵਾ ਖੁਰਾਕ ਦੇ ਕਾਰਖਾਨੇ ਦੇ ਬਾਹਰ ਵੀ ਉਦਰਿਆ ਕਿਉਂ ਬੈਠਾ ਏਂ?' ਉਹਨੇ ਲਟਕਦੇ ਮੂੰਹ ਨਾਲ ਜੁਆਬ ਦਿੱਤਾ 'ਇਸ ਖੁਰਾਕ ਲਈ ਇਥੇ ਹੁਣ ਮਨੁੱਖ ਵੀ ਗੇੜੇ ਮਾਰਨ ਲੱਗ ਪਿਆ ਹੈ।' ਤੇ ਦੂਜੇ ਦਾ ਮੂੰਹ ਵੀ ਲਟਕ ਗਿਆ। ਜਿਥੇ ਫੁੱਲ ਨਹੀਂ ਉਗਦੇ ਉਥੇ ਬਸੰਤ ਦੀ ਉਡੀਕ ਕੋਈ ਕਰਦਾ ਹੀ ਨਹੀਂ। ਆਪਣੇ ਮੁਲਕ ਵਿਚ ਕੁੱਤਾ ਤਾਂ ਦੁਨੀਆਂ ਵਾਂਗ ਘਰ 'ਚ ਵਫਾਦਾਰੀ ਦਾ ਬੂਟਾ ਲਾਉਣ ਤੇ ਰਖਵਾਲੀ ਕਰਨ ਲਈ ਪਾਲਿਆ ਸੀ ਪਰ ਬਿੱਲੀਆਂ ਰੱਖਣ ਦੀ ਗੱਲ ਚੂਹੇ ਭਜਾਉਣ ਦੀ ਸੋਚ ਨਾਲ ਤੁਰੀ ਸੀ। ਪਰ ਹੁਣ ਬਿੱਲੀ ਦੁਨੀਆਂ ਦੇ ਬਹੁਤੇ ਘਰਾਂ ਵਿਚ ਪਰਿਵਾਰਕ ਮੈਂਬਰ ਬਣ ਗਈ ਹੈ। ਪਰਜਾ ਉਥੇ ਬਗਾਵਤ ਕਰਦੀ ਹੈ ਜਿਥੇ ਹਾਕਮ ਜਾਲਮ ਹੋਣ, ਜਾਨਵਰ ਉਨ੍ਹਾਂ ਘਰਾਂ ਵਿਚ ਰਹਿਣਾ ਪਸੰਦ ਕਰਦੇ ਹਨ ਜਿਥੇ ਵਫਾਦਾਰੀ ਤੇ ਇਮਾਨਦਾਰੀ ਗੱਲਵਕੜੀਆਂ ਹੋ ਰਹੀਆਂ ਹੋਣ। ਕਈ ਲੜਨ ਵੇਲੇ ਧਮਕੀਆਂ ਦੇ ਰਹੇ ਹੁੰਦੇ ਨੇ 'ਬਿੱਲੀ ਦੀ ਪੂਛ ਵਰਗੀ ਧਾਰ ਪਊ ਸਿਰ ਚੋਂ।' ਬਿੱਲੀ ਭਿੱਜਣ ਤੋਂ ਡਰਦੀ ਹੈ। ਇਹਦੇ ਨਾਲੋਂ ਉਹ ਮੌਤ ਨੂੰ ਪਸੰਦ ਕਰਦੀ ਹੈ। ਕਈ ਬੰਦੇ ਕੁੜ-ਕੁਪੱਤ ਕਰਾ ਕੇ, ਝਾੜ ਝੰਬ ਹੋ ਕੇ ਨਮੋਸ਼ੀ 'ਚ ਭਿੱਜੀ ਬਿੱਲੀ ਵਰਗੇ ਹੀ ਹੁੰਦੇ ਹਨ। ਇਸੇ ਕਰਕੇ ਕਹਿ ਦੇਂਦੇ ਨੇ 'ਸਾਲਾ ਭਿੱਜੀ ਬਿੱਲੀ ਵਰਗਾ ਬਣਿਆ ਬੈਠੈ।' ਕਾਰੀਗਰੀ ਉਹ ਹੁੰਦੀ ਹੈ ਕਿ ਗਾਹਕ ਖਾਲੀ ਹੱਥ ਨਾ ਪਰਤੇ। ਅਜੇ ਤੀਕਰ ਕਿਸੇ ਸੋਹਣੀ ਔਰਤ ਨੂੰ ਲੰਬੀ ਕਤਾਰ ਵਿਚ ਖੜ੍ਹਨਾ ਨਹੀਂ ਪਿਆ, ਭਰਮ ਪ੍ਰੇਮੀ ਨੂੰ ਰਿਹਾ ਹੈ ਕਿ ਚੰਨ ਵੇਖ ਰਹੀ ਪ੍ਰੇਮਿਕਾ ਫਿਰ ਮੂੰਹ ਉਹਦੇ ਵਲ ਘੁਮਾਏਗੀ ਤੇ ਮਨੁੱਖ ਸਮਝਦਾ ਹੈ ਕਿ ਜਾਨਵਰਾਂ ਨਾਲ ਮੋਹ ਕਰਕੇ ਉਹ ਉਨ੍ਹਾਂ 'ਤੇ ਅਹਿਸਾਨ ਕਰ ਰਿਹਾ ਹੈ, ਸੱਚ ਇਹ ਹੈ ਕਿ ਉਹ ਆਪਣੀਆਂ ਗਲਤੀਆਂ ਤੋਂ ਸਬਕ ਸਿਖਣ ਦੇ ਯਤਨ 'ਚ ਹੈ। ਹੀਰ ਮਿਰਜੇ ਨੂੰ ਪਿਆਰ ਕਰਦੀ ਤਾਂ ਸਿੱਟੇ ਹੋਰ ਹੋਣੇ ਸਨ ਤੇ ਕੁੜੀਆਂ ਚਿੜੀਆਂ ਵਾਂਗ ਬਿੱਲੀਆਂ ਹੈ ਤਾਂ ਬਿੱਲੀਆਂ ਨੇ ਪਰ...*

**ਗੱਲੀਂ-ਬਾਤੀਂ**



ਐਸ. ਅਸ਼ੋਕ ਭੌਰਾ
ਫੋਨ: 925-752-8025

ਪੈਰਿਸ ਨੇ ਪੱਤੀਆਂ ਵਰਗੇ ਬੁੱਲ੍ਹਾਂ ਨੂੰ ਸ਼ਿੰਗਾਰਨ ਲਈ ਲਿਪਸਟਿਕ ਦਾ ਤੋਹਫਾ ਔਰਤਾਂ ਨੂੰ ਦਿੱਤਾ ਹੈ, ਜਿੱਤ ਦੇ ਜਸ਼ਨ ਲਈ 'ਸ਼ੈਂਪੇਨ' ਦਿੱਤੀ ਹੈ, ਔਰਤਾਂ ਲਈ ਵਧੀਆ ਅਤਰ-ਫੁਲੇਲ ਬਣਾਏ ਹਨ, ਉੱਚੀ ਅੱਡੀ ਦੇ ਸੈਂਡਲ ਬਣਾਉਣ ਵਿਚ ਪੈਰਿਸ ਹਾਲੇ ਤੀਕਰ ਮੁਹਰੀ ਹੈ, ਇਸੇ ਕਰਕੇ ਪੈਰਿਸ ਨੂੰ ਜਨਾਨਾ ਸ਼ਹਿਰ ਕਹਿੰਦੇ ਹਨ ਤੇ ਬਹੁਤੇ ਬੰਦੇ ਜਨਾਨੀਆਂ ਨੂੰ ਖੁਸ਼ ਕਰਨ ਲਈ ਪੈਰਿਸ ਲੈ ਕੇ ਆਉਂਦੇ ਨੇ। ਇਸਤਰੀ ਲਿੰਗ ਪੈਰਿਸ ਨਾਲ ਜੁੜੇ ਹੀ ਬਹੁਤਾਤ ਵਿਚ ਹਨ ਤੇ ਬਿੱਲੀਆਂ ਪਾਲਣ ਤੇ ਰੱਖਣ ਦਾ ਪਹਿਲਾ ਸ਼ੌਕ ਵੀ ਪੈਰਿਸ ਦੇ ਲੋਕਾਂ ਨੇ ਸ਼ੁਰੂ ਕੀਤਾ ਸੀ।

ਲੰਡਨ ਦੇ 'ਏਸ਼ੀਅਨ ਗੋਲਡ' ਰੇਡੀਓ ਸਟੇਸ਼ਨ 'ਤੇ ਇਕ ਵਾਰ ਮੈਂ ਰਾਤ ਨੂੰ ਪੰਜਾਬੀ ਫ਼ਿਲਮ ਗੀਤਾਂ 'ਤੇ ਆਧਾਰਿਤ ਪ੍ਰੋਗਰਾਮ ਪੇਸ਼ ਕਰ ਰਿਹਾ ਸਾਂ ਤੇ ਇਕ ਸੱਜਣ ਦਾ ਫੋਨ ਆਇਆ ਉਹਦਾ ਸਵਾਲ ਸੀ 'ਤੁਸੀਂ ਇੰਦਰਾ ਬਿੱਲੀ ਨੂੰ ਜਾਣਦੇ ਹੋ?'

ਮੈਂ ਕਿਹਾ, 'ਫ਼ਿਲਮਾਂ ਵਾਲੀ ਇੰਦਰਾ ਬਿੱਲੀ ਨੂੰ ਤਾਂ ਜੱਗ ਜਾਣਦੈ।'

'ਫਿਰ ਲੰਡਨ ਵਾਲੀ ਬਿੱਲੀ ਨੂੰ ਵੀ ਜਾਣਦੇ ਹੋ?'

'ਇਥੇ ਤਾਂ ਸਾਰੀਆਂ ਮੇਮਾਂ ਹੀ ਬਿੱਲੀਆਂ ਲਗਦੀਆਂ ਨੇ ਤੁਸੀਂ ਕਿਹੜੀ ਬਿੱਲੀ ਦੀ ਗੱਲ ਕਰਦੇ ਹੋ?'

''ਮੈਂ ਜਾਨਵਰ ਬਿੱਲੀ ਦੀ ਗੱਲ ਕਰਦੈਂ ਮੇਮਾਂ ਦੀ ਨਹੀਂ। ਇਹ ਬਿੱਲੀ ਤੁਹਾਡੇ ਤੋਂ ਦਸ ਮੀਲ ਦੂਰ ਰਹਿੰਦੀ ਹੈ। ਅਰਬਪਤੀ ਬਿੱਲੀ।'

ਮੈਂ ਕੰਨ ਖੜ੍ਹੇ ਕਰ ਲਏ ਕਿ ਖਰਬਪਤੀ ਲਕਸ਼ਮੀ ਮਿੱਤਲ ਨੂੰ ਤਾਂ ਜਾਣਦਾ ਹਾਂ, ਅਰਬ ਪਤੀ ਬਿੱਲੀ ਕਿਹੜੀ ਹੈ। ਇਹਦੇ ਬਾਰੇ ਕੋਈ ਇਲਮ ਨਹੀਂ ਸੀ। ਖੈਰ! ਲੰਡਨ ਦੀ ਇਹ ਕੋਕਿਲਾ ਬਿੱਲੀ ਹਾਲੇ ਤੱਕ ਵੀ ਅਰਬਪਤੀ ਹੈ। ਇਸ ਬਿੱਲੀ ਬਾਰੇ ਤਾਂ ਬਾਅਦ ਵਿਚ ਗੱਲ ਕਰਦੇ ਹਾਂ, ਪਹਿਲਾਂ ਬਿੱਲੀਆਂ ਦੀ ਜਿੰਦਗੀ 'ਤੇ ਚਰਚਾ ਕਰਦੇ ਹਾਂ।

ਦੁਨੀਆਂ ਵਿਚ ਗਾਵਾਂ, ਮੱਝਾਂ, ਘੋੜਿਆਂ ਤੇ ਕੁੱਤਿਆਂ ਤੋਂ ਬਾਅਦ ਬਿੱਲੀ ਗਿਣਤੀ ਵਿਚ ਪੰਜਵੇਂ ਸਥਾਨ ਤੇ ਹੈ ਤੇ ਕਰੀਬ ਸਤਾਈ ਕ੍ਰੋੜ ਅੰਦਾਜ਼ਨ ਬਿੱਲੀਆਂ ਇਸ ਧਰਤੀ 'ਤੇ ਸਾਹ ਲੈ ਰਹੀਆਂ ਹਨ। ਜਿਨ੍ਹਾਂ ਵਿਚ ਘਰਾਂ 'ਚ ਰਹਿਣ ਵਾਲੀਆਂ ਬਿੱਲੀਆਂ ਵੀ ਤੇ ਜੰਗਲਾਂ 'ਚ ਰਹਿਣ ਵਾਲੀਆਂ ਬਿੱਲੀਆਂ ਵੀ ਸ਼ਾਮਲ ਹਨ। ਅਮਰੀਕਾ ਬਿੱਲੀਆਂ ਪਾਲਣ ਦੇ ਸ਼ੌਕੀਨ ਲੋਕਾਂ ਦਾ ਦੂਜਾ ਵੱਡਾ ਦੇਸ਼ ਹੈ ਤੇ ਇਨ੍ਹਾਂ ਦੀ ਖੁਰਾਕ ਦੇ ਉਤਪਾਦਨ ਤੇ ਸਿਹਤ ਸੰਭਾਲ ਲਈ ਲੱਖਾਂ ਲੋਕਾਂ ਨੂੰ ਰੁਜ਼ਗਾਰ ਵੀ ਮਿਲਿਆ ਹੋਇਆ ਹੈ।

ਜੀਵ-ਵਿਗਿਆਨ ਅਨੁਸਾਰ ਬਿੱਲੀ, ਚੀਤਾ, ਸ਼ੇਰ ਤੇ ਤੇਂਦੂਆਂ ਇਕੋ ਪਰਿਵਾਰ ਦੇ ਮੈਂਬਰ ਗਿਣੇ ਜਾਂਦੇ ਹਨ। ਇਨ੍ਹਾਂ ਦੀ ਸ਼ਕਲ, ਅਖਾਂ, ਨੱਕ, ਮੁੱਛਾਂ ਤੇ ਪੂਛ ਦੀ ਬਣਤਰ ਸਮਾਂਤਰ ਹੈ। ਬਿੱਲੀ ਭਾਵੇਂ ਕੁੱਤੇ ਦਾ ਸ਼ਿਕਾਰ ਹੈ, ਪਰ ਉਹ ਉਕਤ ਪਰਿਵਾਰ 'ਚੋਂ ਹੋਣ ਕਰਕੇ ਪੂਛ ਅਣਖ ਵਿਚ ਉਤਾਂਹ ਚੁੱਕ ਕੇ ਰੱਖਦੀ ਹੈ। ਜਾਨਵਰਾਂ ਦੇ ਇਸਤਰੀ ਲਿੰਗ ਪਾਤਰਾਂ 'ਚੋਂ ਇਕ ਬਿੱਲੀ ਜਾਨਵਰ ਹੈ, ਜਿਸ ਦੇ ਮੁੱਛਾਂ ਹਨ ਤੇ ਉਹ ਵੀ ਨੱਬੇ ਡਿਗਰੀ 'ਤੇ ਖੜੀਆਂ ਰਹਿੰਦੀਆਂ ਹਨ। ਬਿੱਲੀ ਹਨੇਰੇ 'ਚ ਨਾ ਵੀ ਦਿਸੇ ਪਰ ਉਸ ਦੀਆਂ ਚਮਕਦੀਆਂ ਅੱਖਾਂ ਬੜੀ ਦੂਰੋਂ ਦਿਸ ਪੈਂਦੀਆਂ ਹਨ। ਇਸੇ ਕਰਕੇ ਕਿ ਬਿੱਲੀ ਉਕਤ ਤਾਕਤਵਰ ਜਾਨਵਰਾਂ ਦੇ ਟੱਬਰ 'ਚੋਂ ਹੈ ਤੇ ਉਸਨੂੰ ਸਤਿਕਾਰ ਵਿਚ ਮਾਸੀ ਕਿਹਾ ਜਾਂਦਾ ਹੈ। ਚੂਹੇ ਸਿਰਫ ਡਰ ਦੇ ਮਾਰੇ ਹੀ ਉਸਨੂੰ ਚਾਪਲੂਸੀ ਵਿਚ ਮਾਸੀ ਆਖਦੇ ਹਨ। ਬਿੱਲੀ ਨੂੰ ਮਾਸੀ ਆਖਣ ਬਾਰੇ ਜਿਹੜੀ ਦੰਦ ਕਥਾ ਹੈ, ਉਹ ਕੁਝ ਹੋਰ ਹੈ।

ਹੋਇਆ ਇੰਝ ਕਿ ਇਕ ਵਾਰ ਸ਼ੇਰਨੀ ਬੱਚੇ ਨੂੰ ਜਨਮ ਦੇ ਕੇ ਅੱਖਾਂ ਮੀਟ ਗਈ। ਸ਼ੇਰ ਨੂੰ ਬੜੀ ਚਿੰਤਾ ਲੱਗੀ ਕਿ ਇਸ ਬੱਚੇ ਦੀ ਪਰਵਰਿਸ਼ ਕਿਵੇਂ ਹੋਵੇਗੀ? ਆਖਿਰ ਉਹਨੇ ਸੋਚਿਆ ਕਿ ਇਹ ਕੰਮ ਬਿੱਲੀ ਨੂੰ ਸੌਂਪਦੇ ਹਾਂ। ਤੇ ਸ਼ੇਰ ਨੇ ਜੰਗਲ ਵਿਚ ਇਕ ਤਾਜ਼ੀ ਸੂਈ ਬਿੱਲੀ ਨੂੰ ਬੁਲਾ ਕੇ ਕਿਹਾ 'ਤੂੰ ਮੇਰੇ ਬੱਚੇ ਨੂੰ ਪਾਲਣ-ਪੋਸਣ ਦਾ ਕੰਮ ਕਰਨਾ ਹੈ।' ਉਹ ਵਿਚਾਰੀ ਸੱਤ ਬਚਨ ਕਹਿ ਕੇ ਨਾਲ ਲੈ ਗਈ।

ਵੱਡੇ ਹੋਏ ਸ਼ੇਰ ਦੇ ਬੱਚੇ ਨੂੰ ਜਦੋਂ ਬਿੱਲੀ ਬੇਟਾ ਕਹਿ ਕੇ ਬੁਲਾਵੇ ਤਾਂ ਉਹ ਗੁੱਸਾ ਕਰਿਆ ਕਰੇ। ਇਕ ਦਿਨ ਉਹ ਆਪਣੇ ਬੁੱਢੇ ਸ਼ੇਰ ਬਾਪ ਕੋਲ ਆ ਕੇ ਪੁੱਛਣ ਲੱਗਾ 'ਮਹਾਰਾਜ ਇਹ ਬਿੱਲੀ ਮੈਨੂੰ ਬੇਟਾ ਕਿਉਂ ਆਖਦੀ ਹੈ?'

'ਪੁੱਤ ਇਹਨੇ ਤੇਰਾ ਪਾਲਣ-ਪੋਸ਼ਣ ਕੀਤਾ ਹੈ। ਤੇਰੀ ਮਾਂ ਤਾਂ ਤੇਰੇ ਜੰਮਦੇ ਸਾਰ ਮਰ ਗਈ ਸੀ। ਇਹ ਮੇਰੀ ਛੋਟੀ ਸਾਲੀ ਐ।' ਸ਼ੇਰ ਨੇ ਵਿਅੰਗ 'ਚ ਕਿਹਾ।

'ਇਹ ਬਿੱਲੀ ਹੈ, ਇਹ ਮੇਰੀ ਮਾਂ ਦੀ ਭੈਣ ਕਿਵੇਂ ਹੋ ਸਕਦੀ ਹੈ?'

'ਇਕ ਸ਼ੇਰਨੀ ਦਾ ਬਿੱਲੇ ਨਾਲ ਇਸ਼ਕ ਹੋ ਗਿਆ ਸੀ। ਉਸੇ ਦੀ ਔਲਾਦ ਹੈ, ਵਿਚਾਰੀ ਜਮਾਂਦਰੂ ਬੌਣੀ ਰਹਿ ਗਈ। ਇਸੇ ਲਈ ਇਹ ਤੇਰੀ ਮਾਸੀ ਹੈ। 'ਤੇ ਕਹਿੰਦੇ ਨੇ ਉਦੋਂ ਤੋਂ ਬਿੱਲੀ ਨਾਲ ਮਾਸੀ ਸ਼ਬਦ ਜੁੜਿਆ ਲੱਥਿਆ ਨਹੀਂ।

ਪੰਜਾਬੀ ਦੀ ਇਕ ਕਹਾਵਤ ਹੈ ਕਿ ਘੋੜੀ ਸਾਉਣ ਸੂਈ, ਮੱਝ ਮਾਘ ਨੂੰ ਮਾੜੀ, ਕੱਤੇ ਵਿਚ ਮੁਟਿਆਰ। ਪਰ ਬਿੱਲੀਆਂ ਅਕਸਰ ਕੱਤੇ ਵਿਚ ਵੱਧ ਸੂਆ ਦੇਂਦੀਆਂ ਹਨ। ਗਰਮੀਆਂ ਮੁਕਦਿਆਂ ਹੀ ਇਨ੍ਹਾਂ ਦੀਆਂ ਅੱਖਾਂ ਤੇ ਸਰੀਰ ਰੁਮਾਂਸ ਲਈ ਵਿਲਕਣ ਲੱਗ ਪੈਂਦਾ ਹੈ ਤੇ ਇਹ ਸੁਨੱਖੇ ਬਿੱਲੇ ਦੀ ਭਾਲ ਵਿਚ ਵਿਲਕਣ ਲੱਗਦੀਆਂ ਹਨ। ਕੁੱਤੀ ਵਾਂਗ ਬਿੱਲੀ ਵੀ ਢਾਈ ਪੌਣੇ ਤਿੰਨ ਮਹੀਨੇ ਪਿੱਛੋਂ ਜਣੇਪਾ ਕਰਦੀ ਹੈ। ਜਾਣੀ ਕਿ ਦੇਸੀ ਮਹੀਨੇ ਕੱਤਕ ਤੇ ਅੰਗਰੇਜ਼ੀ ਨਵੰਬਰ ਵਿਚ ਇਕ ਬਿੱਲੀ ਤਿੰਨ ਤੋਂ ਪੰਜ ਬੱਚਿਆਂ ਨੂੰ ਜਨਮ ਦੇ ਕੇ ਕੁੱਛੜ ਚੁੱਕੀ 'ਮਿਆਊਂ-ਮਿਆਊਂ' ਕਰਵਾਉਣ ਲੱਗ ਪੈਂਦੀ ਹੈ।

ਭਾਵੇਂ ਜਾਨਵਰਾਂ ਦੇ ਇਤਿਹਾਸ ਜਾਂ ਜੀਵ-ਵਿਗਿਆਨ ਵਿਚ ਇਹ ਗੱਲ ਕਿਤੋਂ ਵੀ ਹਵਾਲੇ ਵਿਚ ਨਹੀਂ ਲੱਭਦੀ ਕਿ ਬਿੱਲੀ ਆਪਣੇ ਬੱਚਿਆਂ ਨੂੰ ਲੈ ਕੇ ਸੱਤਾਂ ਘਰਾਂ 'ਚ ਕਿਉਂ ਘੁੰਮਦੀ ਹੈ ਤੇ ਜਾਂ ਫਿਰ ਜਣੇਪਾ ਪ੍ਰਕ੍ਰਿਆ ਪੂਰੀ ਹੁੰਦਿਆਂ ਆਪਣੀ ਜੇਰ ਕਿਉਂ ਖਾ ਲੈਂਦੀ ਹੈ? ਪਰ ਡਾਕਟਰਾਂ ਦੀ ਰਾਏ ਮੁਤਾਬਿਕ ਬਿੱਲੀ ਅਸਲੋਂ ਡਰਾਕਲ ਜਾਨਵਰ ਹੈ। ਭਾਂਵੇਂ ਉਹ ਇਸ ਗੱਲੋਂ ਵੀ ਡਰਦੀ ਹੈ ਕਿ ਕੋਈ ਬੇਗੁਰਾ ਕੁੱਤਾ ਨਾ ਉਹਦੇ ਮਲੂਕ ਬੱਚਿਆਂ ਨੂੰ ਨਿਗਲ ਲਏ, ਤੇ ਉਹ ਘਰ-ਘਰ ਉਨ੍ਹਾਂ ਨੂੰ ਲੁਕਾਉਂਦੀ ਫਿਰਦੀ ਹੈ ਪਰ ਸਭ ਤੋਂ ਵਧ ਖਤਰਾ ਉਸ ਬਿੱਲੇ ਤੋਂ ਮਹਿਸੂਸ ਕਰਦੀ ਹੈ, ਜਿਹਦੇ ਨਾਲ ਸੰਗ ਕਰਕੇ ਉਸਨੇ ਬੱਚਿਆਂ ਨੂੰ ਜਨਮ ਦਿੱਤਾ ਹੁੰਦਾ। ਕਿਉਂਕਿ ਇਹ ਬਿੱਲਾ ਉਹਦੇ ਨਾਲ ਤੇ ਬੱਚਿਆਂ ਨਾਲ ਖਾਰ ਜਾਂ ਵੈਰ-ਵਿਰੋਧ ਪਾਲਣ ਲਗਦਾ ਹੈ। ਕਿਉਂਕਿ ਬਿੱਲੀ ਦਾ ਉਹ ਫਿਰ ਸੰਗ ਮਾਣਨਾ ਚਾਹੁੰਦਾ ਹੈ ਪਰ ਉਹ 'ਕਾਮਵਾਸਨਾ' ਦੇ ਇਕ ਨਿਰਧਾਰਤ ਸਮੇਂ ਤੋਂ ਪਿੱਛੋਂ ਫਿਰ ਸਿਆਣੀ ਬਣ ਜਾਂਦੀ ਹੈ ਤੇ ਬਿੱਲੇ ਤੋਂ ਕਿਨਾਰਾ ਚਾਹੁੰਦੀ ਹੈ। ਇਸੇ ਲਈ ਉਹ ਜਦੋਂ ਤੱਕ ਬੱਚੇ ਟੱਪਣ-ਕੁੱਦਣ ਜੋਗੇ ਨਹੀਂ ਹੁੰਦੇ, ਉਨ੍ਹਾਂ ਨੂੰ ਇਕ ਥਾਂ ਟਿਕਾ ਕੇ ਨਹੀਂ ਬੈਠਦੀ। ਜਿਹੜਾ ਜ਼ੇਰ ਦਾ ਮਸਲਾ ਹੈ। ਇਹ ਹੋਰ ਵੀ ਕਈ ਜਾਨਵਰ ਖਾ ਲੈਂਦੇ ਹਨ। ਪਰ ਬਿੱਲੀ ਦੀ ਜਣੇਪਾ ਪੀੜਾ ਇਕ ਹਫ਼ਤਾ ਪਹਿਲਾਂ ਮੱਠੀ ਮੱਠੀ ਸ਼ੁਰੂ ਹੋ ਜਾਂਦੀ ਹੈ ਤੇ ਪਹਿਲੇ ਦੋ ਦਿਨ ਬਹੁਤ ਜਿਆਦਾ। ਉਹ ਇਕ ਹਫਤਾ ਪਹਿਲਾਂ ਤੋਂ ਹੀ ਭੁੱਖੀ ਰਹਿ ਰਹੀ ਹੁੰਦੀ ਹੈ ਤੇ ਜਦੋਂ ਉਹ ਜੱਗ ਦੀਆਂ ਨਜ਼ਰਾਂ ਤੋਂ ਚੋਰੀ ਬੱਚਿਆਂ ਨੂੰ ਜਨਮ ਦੇ ਕੇ ਹਟਦੀ ਹੈ ਤਾਂ ਉਹਦਾ ਖਾਲੀ ਪੇਟ ਭੁੱਖ ਨਾਲ ਹੋਰ ਤੜਫਦਾ ਹੈ ਤੇ ਉਹ ਜੇਰ ਖਾਣ ਨੂੰ ਪਹਿਲ ਦੇਂਦੀ ਹੈ। ਕੁਝ ਡਾਕਟਰ ਇਹ ਵੀ ਕਹਿੰਦੇ ਹਨ ਕਿ ਜੇਰ ਖਾਣ ਨਾਲ ਥਣਾਂ ਵਿਚ ਦੁੱਧ ਛੇਤੀ ਉਤਰ ਆਉਂਦਾ ਹੈ। ਉਹਦੇ ਬੱਚੇ ਕਰੀਬ ਤਿੰਨ ਮਹੀਨਿਆਂ ਵਿਚ ਆਪਣਾ ਖਾਣਾ ਲੱਭਣ, ਜਿਉਣ ਤੇ ਲੁਕਣ ਮੀਚੀ ਖੇਡਣ ਦੇ ਸਮਰੱਥ ਹੋ ਜਾਂਦੇ ਹਨ।

ਜਾਨਵਰਾਂ 'ਚੋਂ ਬਿੱਲੀ ਦੇ ਮਲ-ਮੂਤਰ 'ਚੋਂ ਸਭ ਤੋਂ ਵੱਧ ਬਦਬੂ ਆਉਂਦੀ ਹੈ। ਕਿਉਂ? ਕਾਰਣ ਇਹ ਹੈ ਕਿ ਬਿੱਲੀ ਘੱਟ ਖਾਂਦੀ ਹੈ ਪਰ ਵੱਧ ਸਮੇਂ ਲਈ ਇਸਨੂੰ ਮੇਹਦੇ 'ਚ ਰੱਖਦੀ ਹੈ। ਉਹਦੇ ਮਲਮੂਤਰ ਅੱਗੇ ਨੱਕ ਨਹੀਂ ਦਿੱਤਾ ਜਾਂਦਾ। ਇਕ ਤਾਂ ਚੂਹੇ ਤੋਂ ਹੋਰ ਗੰਦੀ ਮੰਦੀ ਖੁਰਾਕ ਅੰਦਰ ਹੁੰਦੀ ਹੈ, ਪਰ ਇਹ ਆਵਾਗੋਣ ਬਿੱਲੀਆਂ 'ਚ ਵੱਧ ਹੈ, ਪਾਲਤੂ ਬਿੱਲੀਆਂ ਨੂੰ ਦੁੱਧ ਤੇ ਸੰਤੁਲਿਤ ਖੁਰਾਕ ਮਿਲਦਾ ਹੈ ਇਸ ਲਈ ਉਨ੍ਹਾਂ ਦੇ ਮਲਮੂਤਰ 'ਚੋਂ ਘੱਟ ਬਦਬੂ ਆਉਂਦੀ ਹੈ।

ਉਂਜ ਚੂਹਿਆਂ ਨਾਲੋਂ ਦੁੱਧ ਬਿੱਲੀਆਂ ਦੀ ਖੁਰਾਕ ਵਧ ਰਿਹਾ ਹੈ। ਇਸੇ ਲਈ ਆਪਣੇ ਪਿੰਡਾਂ 'ਚ ਦੁੱਧ ਦੀ ਕਾੜ੍ਹਨੀ ਬਚਾਉਣ ਲਈ ਉਪਰ ਬਾਣ ਦੀ ਜਾਲੀ ਪਾਈ ਜਾਂਦੀ ਰਹੀ ਹੈ। ਜਿਵੇਂ ਗੁੜ ਨੂੰ ਮੱਖੀਆਂ ਪੈਂਦੀਆਂ ਹਨ ਇਵੇਂ ਬਿੱਲੀ ਉੱਚੇ ਥਾਵਾਂ 'ਤੇ ਰੱਖੇ ਦੁੱਧ 'ਤੇ ਵੀ ਮਾਰ ਕਰਨ ਜਾਂਦੀ ਹੈ।

ਹਾਥੀ ਦੇ ਦੰਦ ਤੇ ਸ਼ੇਰ ਦੀ ਖੱਲ ਵਾਂਗ, ਬਿੱਲੀ ਦੀ ਖੱਲ ਵੀ ਉਹਦੀ ਮੌਤ ਦਾ ਕਾਰਣ ਬਣੀ ਹੋਈ ਹੈ। ਉਹਦੀ ਖੱਲ ਦੀਆਂ ਜੁੱਤੀਆਂ ਬੜੀਆਂ ਮਹਿੰਗੀਆਂ ਵਿਕਦੀਆਂ ਨੇ ਤੇ ਦੂਜਾ ਪਾਖੰਡੀ ਲੋਕਾਂ ਨੇ ਆਪਣੇ ਥੱਲੇ ਬਿੱਲੀ ਦੀ ਖੱਲ ਰੱਖ ਕੇ ਦੁਖੀ ਲੋਕਾਂ ਨੂੰ ਹੋਰ ਦੁਖੀ ਕਰਨ, ਲੁੱਟਣ ਤੇ ਪੁੱਛਾਂ ਦੇਣ ਭਰਮਾਇਆ ਹੁੰਦਾ ਹੈ। ਪਰ ਸਭ ਤੋਂ ਵੱਡੀ ਸਿਤਮ ਦੀ ਗੱਲ ਇਹ ਹੈ ਕਿ ਬਿੱਲੀ ਨੂੰ ਖੱਲ ਲੁਹਾਉਣ ਵੇਲੇ ਜੁਲਮ ਬੜਾ ਸਹਿਣਾ ਪੈਂਦਾ ਹੈ। ਕਹਿੰਦੇ ਨੇ ਕੇ ਬਿੱਲੀ ਦੇ ਛੁਰੀ ਜਾਂ ਕੋਈ ਹੋਰ ਤੇਜ ਹਥਿਆਰ ਲਗਾ ਦਿੱਤਾ ਜਾਂਦਾ ਹੈ ਤਾਂ ਖੱਲ ਮਾਸ ਤੋਂ ਅਲੱਗ ਨਹੀਂ ਹੁੰਦੀ, ਖੁਰਚ ਕੇ ਹੀ ਉਤਾਰਨੀ ਪੈਂਦੀ ਹੈ। ਫਿਰ ਇਹ ਖੱਲ੍ਹ ਉਤਾਰੀ ਕਿਵੇਂ ਜਾਂਦੀ ਹੈ? ਜਿਉਂਦੀ ਬਿੱਲੀ ਨੂੰ ਇਕ ਜਾਲੀਦਾਰ ਸ਼ਿਕੰਜੇ ਵਿਚ ਬੰਦ ਕਰਕੇ ਉਬਲਦੇ ਪਾਣੀ ਵਿਚ ਕੁਝ ਮਿੰਟਾਂ ਲਈ ਡਬੋਇਆ ਜਾਂਦਾ ਹੈ। ਤੜਫਦੀ ਬਿੱਲੀ ਦੀ ਖੱਲ੍ਹ ਫੁਲਕੇ ਵਾਂਗ ਫੁੱਲ ਕੇ ਉਭਰ ਆਉਂਦੀ ਹੈ ਤੇ ਫਿਰ ਇਸਨੂੰ ਉਹਦੇ ਜੁਬਾੜੇ ਤੋਂ ਫੜ ਕੇ ਪੂਛ ਤੱਕ ਆਸਾਨੀ ਨਾਲ ਓਤਾਰ ਲਿਆ ਜਾਂਦਾ ਹੈ। ਪੰਜ ਸੌ ਡਾਲਰ ਤੱਕ ਇਸ ਬਿੱਲੀ ਦੀ ਖੱਲ ਮਾਰਕਿਟ ਵਿਚ ਆਸਾਨੀ ਨਾਲ ਵਿਕ ਜਾਂਦੀ ਹੈ।

ਬੈਂਕਾਕ, ਸਿੰਘਾਪੁਰ ਟੌਂਗਾ ਤੇ ਕੁਝ ਹੋਰ ਅਫਰੀਕੀ ਦੇਸ਼ਾਂ ਵਿਚ ਕੁੱਤੇ ਤੇ ਬਿੱਲੀ ਦੇ ਮਾਸ ਨੂੰ ਬੜੀ ਰੀਝ ਨਾਲ ਬਣਾਇਆ ਜਾਂਦਾ ਹੈ। ਕਈ ਥਾਂ ਤੇ ਇਸ ਨੂੰ ਸ਼ਗਨਾਂ-ਵਿਹਾਰਾਂ ਜਾਂ ਖੁਸ਼ੀ ਦੇ ਦਿਹਾੜਿਆਂ 'ਤੇ ਪਤੀਲੇ ਭਰ ਕੇ ਬਣਾਇਆ ਜਾਂਦਾ ਹੈ। ਸੱਚ ਇਹ ਵੀ ਹੈ ਕਿ ਜੰਗਲੀ ਬਿੱਲੇ ਵਾਂਗ ਅਤਿ ਗਰਮ ਤਸੀਰ ਵਾਲਾ ਬਿੱਲੀ ਦਾ ਮਾਸ ਖਾਣਾ ਮਾੜੇ ਮਿਹਦੇ ਵਾਲੇ ਬੰਦੇ ਦੇ ਵਸ ਦੀ ਗੱਲ ਨਹੀਂ। ਜੇ ਖਾ ਲਏ ਤਾਂ ਬਹੁਤਾ ਸਮਾਂ ਪਖਾਨੇ ਜਾਂ ਗੁਸਲਖਾਨੇ 'ਚ ਹੀ ਗੁਜਾਰਨਾ ਪੈਂਦਾ ਹੈ। ਤਕੜਾ ਬੰਦਾ ਖਾ ਲਵੇ ਤਾਂ ਪੋਹ-ਮਾਘ ਦੀਆਂ ਰਾਤਾਂ ਵਿਚ ਵੀ ਰਜਾਈ ਉਪਰੋਂ ਲਾਹ ਕੇ ਹੇਠਾਂ ਵਿਛਾ ਲੈਂਦਾ ਹੈ। ਖਾਣ ਵਾਲੇ ਦੱਸਦੇ ਹਨ ਕਿ ਬਿੱਲੀ ਦਾ ਮਾਸ ਕੁਸੈਲਾ ਹੁੰਦਾ ਹੈ ਪਰ ਨਰਮ ਬੜਾ ਤੇ ਬਿੱਲੀਆਂ ਨੂੰ ਥਾਈਲੈਂਡ ਵਿਚ ਮੀਟ ਦੀਆਂ ਦੁਕਾਨਾਂ 'ਤੇ ਕੁੱਤੇ ਦੇ ਨਾਲ ਹੀ ਸੀਖਾਂ ਨਾਲ ਲਟਕਦਿਆਂ ਵੇਖਿਆ ਜਾ ਸਕਦਾ ਹੈ। ਸਾਡੇ ਮੁਲਕ ਵਿਚ ਚੱਕਵੀਂ ਧੋਤੀ ਵਾਲਿਆਂ ਨੇ ਭਰਮ ਪੈਦਾ ਕਰ ਦਿੱਤਾ ਹੈ ਕਿ ਬਿੱਲੀ ਨੂੰ ਮਾਰੋਗੇ ਤਾਂ ਸੋਨੇ ਦੀ ਬਿੱਲੀ ਬਣਾ ਕੇ ਧਾਰਮਿਕ ਅਸਥਾਨ 'ਤੇ ਚੜਾਉਣੀ ਪਵੇਗੀ। ਪਰ ਯਕੀਨ ਕਰਿਓ ਜਿੰਨੀਆਂ-ਬਿੱਲੀਆਂ ਆਪਣੇ ਮੁਲਕ ਤੋਂ ਬਾਹਰ ਖੱਲ ਤੇ ਜੀਭ ਦੇ ਸੁਆਦ ਲਈ ਮਾਰੀਆਂ ਜਾ ਰਹੀਆਂ ਹਨ ਜੇ ਇੱਥੇ ਇਹ ਭਰਮ ਲਾਗੂ ਹੋ ਜਾਵੇ ਤਾਂ ਦੁਨੀਆਂ ਦਾ ਤਿੰਨ ਹਿੱਸੇ ਸੋਨਾ ਬਿੱਲੀਆਂ ਬਣਾਉਣ 'ਤੇ ਖਪਤ ਹੋ ਜਾਵੇ।

ਬਿੱਲੀਆਂ ਦੀ ਦੁਨੀਆਂ ਦੀ ਸਭ ਤੋਂ ਵੱਡੀ ਪਨਾਹਗਾਹ ਰੋਮ (ਇਟਲੀ) ਵਿਚ ਹੈ ਤੇ ਰੱਬ ਕਰੇ ਜੇ ਕਿਤੇ ਮੌਕਾ ਮਿਲਿਆ ਇਟਲੀ ਜਾਣ ਦਾ ਤਾਂ ਇਸ ਨੂੰ ਦੇਖ ਕੇ ਜ਼ਰੂਰ ਆਇਓ। ਫਿਰ ਪਤਾ ਲੱਗੇਗਾ ਕਿ ਦੁਨੀਆਂ ਵਿਚ ਬਿੱਲੀਆਂ ਦੀਆਂ ਕਿਸਮਾਂ ਪੰਦਰਾਂ ਹਜ਼ਾਰ ਤੋਂ ਵੱਧ ਹਨ ਤੇ ਇਸ ਪਨਾਹਗਾਹ ਵਿਚ ਇਨ੍ਹਾਂ 'ਚੋਂ ਬਹੁਤੀਆਂ ਬਿੱਲੀਆਂ ਸ਼ਿੰਗਾਰ ਬਣ ਚੁੱਕੀਆਂ ਹਨ। ਕਈ ਲੋਕ ਸਾਰਾ ਦਿਨ ਇਨ੍ਹਾਂ ਬਿੱਲੀਆਂ ਨਾਲ ਗੁਜਾਰਨ, ਖੁਰਾਕ ਪਾਉਣ ਨੂੰ ਪੁੰਨ ਦਾ ਕੰਮ ਸਮਝਦਿਆਂ ਬਤਾਉਣਾ ਆਪਣਾ ਧੰਨਭਾਗ ਸਮਝਦੇ ਹਨ।

ਬਿੱਲੀ ਵੀ ਕੁੱਤੇ ਵਾਂਗ ਆਗਿਆਕਾਰ ਜਾਨਵਰ ਹੈ। ਘਰਾਂ 'ਚ ਇਨਾਂ ਦਾ ਪਾਲਣ ਪੋਸ਼ਣ ਕਰਨ ਵਾਲਿਆਂ ਨੂੰ ਪੁੱਛ ਕੇ ਵੇਖਿਓ ਇਹ ਮਾਲਕ ਦੇ ਹੁਕਮ ਦੀ ਅਵੱਗਿਆ ਨਹੀਂ ਕਰਦੀਆਂ ਤੇ ਵਫਾਦਾਰੀ ਦਾ ਪਾਠ ਵੀ ਪੜ ਰਹੀਆਂ ਹੁੰਦੀਆਂ ਹਨ। ਇਨ੍ਹਾਂ ਨਾਲ ਪਿਆਰ ਕਰਨ ਵਾਲਾ ਇਨ੍ਹਾਂ ਤੋਂ ਕੁਰਬਾਨ ਹੋਣ ਨੂੰ ਫਿਰਦਾ ਹੈ। ਤੇ ਇਸੇ ਕੁਰਬਾਨੀ ਨਾਲ ਲੰਡਨ ਦੀ ਕੋਕਿਲਾ ਅਰਬਪਤੀ ਬਣੀ ਹੈ।

ਲੰਦਨ 'ਚ ਸਾਊਥਾਲ ਦੇ ਨੇੜੇ ਇਕ ਟਾਊਨ ਹੈ ਹੈਰੋ। ਇਥੇ ਇਹ ਇਕ ਆਲੀਸ਼ਾਨ ਘਰ ਵਿਚ ਰਹਿੰਦੀ ਹੈ ਅਰਬਪਤੀ ਬਿੱਲੀ। ਹੋਇਆ ਇਉਂ ਕਿ ਇਕ ਗੋਰੀ ਕੈਫੀਨਾ ਇਕੱਲੀ ਰਹਿੰਦੀ ਸੀ ਤੇ ਉਸ ਨੇ ਛੇ-ਸੱਤ ਸਾਲ ਪਹਿਲਾਂ ਇਕ ਨਿੱਕੀ ਜਿਹੀ ਬਿੱਲੀ ਨੂੰ ਘਰ ਲਿਆ ਕੇ ਬੱਚਿਆਂ ਵਾਂਗ ਪਾਲਿਆ ਤੇ ਦੋਹਾਂ ਦਾ ਆਪਸ ਵਿਚ ਏਨਾ ਮੋਹ ਹੋ ਗਿਆ ਕਿ ਦੋਵੇਂ ਜਣੀਆਂ ਇਕ ਹੀ ਬਿਸਤਰੇ 'ਤੇ ਸੌਣ, ਉਹ ਵੀ ਲਿਪਟ ਕੇ ਵਾਲੇ ਪਿਆਰ ਵਿਚ ਬੰਨੀਆਂ ਗਈਆਂ। ਇਸ ਬਜੁਰਗ ਔਰਤ ਦਾ ਕੋਈ ਵਾਲੀਵਾਰਸ ਨਹੀਂ ਸੀ ਤੇ ਉਸਨੇ ਆਪਣੀ ਸਾਰੀ ਜਾਇਦਾਦ ਨੂੰ ਸੁਰਖਿਅਤ ਰੱਖਣ ਦੀ ਨਵੀਂ ਵਿਉਂਤ ਬਣਾ ਲਈ।

ਮਰਨ ਤੋਂ ਕੁਝ ਮਹੀਨੇ ਪਹਿਲਾਂ ਉਸਨੇ ਇਕ ਸੀਲ ਬੰਦ ਲਿਫਾਫਾ ਆਪਣੇ ਗੁਆਂਢੀ ਨੂੰ ਸੰਭਾਲਦਿਆਂ ਕਿਹਾ ਕਿ ਇਸਨੂੰ ਮੇਰੇ ਮਰਨ ਉਪਰੰਤ ਹੀ ਖੋਲ੍ਹਣਾ। ਕੈਫੀਨਾ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਸੀ। ਪਰ ਉਹਦੇ ਘਰ ਵਿਚ ਆਪਣੇ ਖਾਣ ਦੀਆਂ ਵਸਤਾਂ ਨਾਲੋਂ ਕਈ ਗੁਣਾਂ ਵੱਧ ਬਿੱਲੀ ਵਾਸਤੇ ਜਮ੍ਹਾਂ ਕੀਤੀਆਂ ਹੋਈਆਂ ਸਨ। ਕੈਫੀਨਾ ਦੀਆਂ ਮੌਤ ਦੀਆਂ ਰਸਮਾਂ ਪੂਰੀਆਂ ਹੋਣ ਪਿਛੋਂ ਜਦੋਂ ਕੈਫੀਨਾ ਦੇ ਗੁਆਂਢੀ ਮਾਈਕ ਨੇ ਉਹ ਸੀਲ ਬੰਦ ਲਿਫਾਫਾ ਖੋਲ੍ਹਿਆ ਤਾਂ ਕਿਸੇ ਦੀ ਵੀ ਹੈਰਾਨੀ ਦੀ ਹੱਦ ਨਾ ਰਹੀ। ਉਸਦੇ ਤਿੰਨ ਲੱਖ ਪੌਂਡ ਖਾਤੇ ਵਾਲੇ ਅਕਾਊਂਟ ਤੇ ਪੰਜ ਲੱਖ ਪੌਂਡ ਵਾਲੇ ਕੀਮਤੀ ਘਰ ਦੀ ਮਾਲਕ ਅਲੀਸਾ ਬਿੱਲੀ ਸੀ। ਉਹਨੇ ਆਪਣੀ ਵਸੀਅਤ ਵਿਚ ਲਿਖਿਆ ਸੀ ਕਿ ਮੇਰੇ ਬੈਂਕ ਖਾਤੇ 'ਚੋਂ ਪੈਸੇ ਕਢਵਾ ਕੇ ਬਿੱਲੀ ਤੇ ਘਰ ਦੀ ਦੇਖਭਾਲ ਮੇਰਾ ਗਵਾਂਢੀ ਕਰੇਗਾ ਤੇ ਜਦੋਂ ਇਹ ਬਿੱਲੀ ਵੀ ਅੱਖਾਂ ਮੀਚ ਜਾਵੇ ਤਾਂ ਬਾਕੀ ਬਚਦੇ ਪੈਸੇ ਤੇ ਘਰ ਵੀ ਕਿਸੇ ਚੈਰਿਟੀ ਨੂੰ ਦੇ ਦਿੱਤਾ ਜਾਵੇ।

ਪਰ ਹਾਲ ਦੀ ਘੜੀ ਇਹ ਬਿੱਲੀ ਜਿਉਂਦੀ-ਜਾਗਦੀ ਤੇ ਰਿਸ਼ਟ-ਪੁਸ਼ਟ ਹੈ। ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਤੁਸੀਂ ਹੈਰੋ ਵਿਚ ਬਿੱਲੀ ਨੂੰ ਮਿਲਣ ਜਾਵੋ ਤੇ ਘਰ ਦੀ ਬੈਲ ਵਜਾਵੋਗੇ ਤਾਂ ਇਹ ਬਿੱਲੀ ਆਪ ਅੰਦਰੋਂ ਦਰਵਾਜ਼ਾ ਖੋਲ੍ਹਦੀ, ਹੱਥ ਜੋੜ ਕੇ ਫਤਿਹ ਬੁਲਾਵੇਗੀ ਤੇ ਤੁਹਾਨੂੰ ਸੋਫੇ ਤੇ ਬੈਠਣ ਦਾ ਇਸ਼ਾਰਾ ਕਰਦਿਆਂ ਫਰਿਜ਼ ਵਲ ਹੱਥ ਕਰਦਿਆਂ ਆਪਣੇ-ਆਪ ਕੁਝ ਖਾ ਲੈਣ ਦਾ ਸੰਕੇਤ ਵੀ ਦੇਵੇਗੀ। ਉਹ ਆਪਣੀ ਮਾਲਕਣ ਦੀ ਟੇਬਲ ਤੇ ਪਈ ਫੋਟੋ ਵੱਲ ਵੇਖੇਗੀ ਤੇ ਅੱਥਰੂ ਸੁੱਟਣ ਲੱਗ ਪਵੇਗੀ। ਕਿਉਂਕਿ ਸ਼ਾਇਦ ਜਦੋਂ ਉਸਨੇ ਦਫਨਾਏ ਜਾਣ ਵੇਲੇ ਬਟਨ ਦੱਬਿਆ ਸੀ ਤਾਂ ਉਦੋਂ ਉਹਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਉਹਦੀ ਮਾਲਕਣ ਕਦੇ ਨਹੀਂ ਘਰ ਵਾਪਿਸ ਆਵੇਗੀ। ਗੁਆਂਢੀ ਮਾਇਕ ਉਹਦੀ ਖੁਰਾਕ ਤੇ ਸਰੀਰਕ ਸੰਭਾਲ ਦਾ ਪੂਰਾ ਧਿਆਨ ਰੱਖਦਿਆਂ ਵਸੀਅਤ ਦੀ ਵਾਰਤਾ ਆਏ ਗਏ ਨੂੰ ਪੜ੍ਹ ਕੇ ਸੁਣਾਏਗਾ। ਇੰਜ ਜਾਨਵਰਾਂ ਨਾਲ ਮਨੁੱਖ ਦੇ ਬੇਥਾਹ ਪਰਿਵਾਰ ਦਾ ਰਿਕਾਰਡ ਹੋਣ ਵਾਲਾ ਇਹ ਸ਼ਾਇਦ ਦੁਨੀਆਂ ਵਿਚ ਪਹਿਲਾ ਇਤਿਹਾਸ ਹੈ।

ਬਿੱਲੀਆਂ ਹੈ ਤਾਂ ਬਿੱਲੀਆਂ ਹੀ ਨੇ ਪਰ ਮਨੁੱਖ ਨੇ ਇਸ ਜਾਨਵਰ ਨੂੰ ਘਰਾਂ ਵਿਚ ਪਾਲ ਕੇ ਇਨ੍ਹਾਂ ਨੂੰ ਗੱਬਤ ਹੀ ਨਹੀਂ, ਵੰਡੀ ਸਗੋਂ ਵਧੀਆ ਜ਼ਿੰਦਗੀ ਜਿਉਣ ਦੇ ਕਾਬਲ ਵੀ ਬਣਾਇਆ ਹੈ।

ਢਿੱਡ ਭਰਕੇ ਖਾਣਾ ਖਾਣ ਪਿਛੋਂ ਰੱਬ ਦੇ ਸ਼ੁਕਰਾਨੇ ਲਈ ਜੀਭ-ਜੁਬਾਨ ਨਾਲ ਦੋਸਤੀ ਕਰ ਰਹੀ ਹੁੰਦੀ ਹੈ। ਤਬਾਹੀ ਤੇ ਲਾਭ ਜਿੰਨ੍ਹਾਂ ਦੀ ਜਿੰਦਗੀ ਵਿਚ ਨਹੀਂ ਆਏ, ਉਨ੍ਹਾਂ ਜ਼ਿੰਦਗੀ ਦਾ ਰਾਗ ਤਾਂ ਗਾਇਆ ਹੈ ਪਰ ਸਾਜ਼ ਨਹੀਂ ਵੱਜੇ, ਤੇ ਜਿਨ੍ਹਾਂ ਨੇ ਮੋਹ ਤਾਂ ਕੀਤਾ ਹੈ ਪਰ ਜਾਨਵਰਾਂ ਨਾਲ ਨਹੀਂ, ਉਹ ਸਿਰਫ ਸੁਤੇ ਪਏ ਹੀ ਸਿਆਣੇ ਹੋ ਸਕਦੇ ਹਨ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਸਿੱਖ ਧਰਮ ਨਾਲ ਰਿਸ਼ਤਾ

## ਵਿਚਾਰ ਚਰਚਾ

***ਪ੍ਰਸਿਧ ਪੰਜਾਬੀ ਸਾਹਿਤਕਾਰ ਕਰਤਾਰ ਸਿੰਘ ਦੁੱਗਲ ਹੋਰਾਂ ਵਲੋਂ ਇਹ ਲੇਖ ਪੰਜਾਬ ਵਿਚ ਸਿੱਖ ਖਾੜਕੂਵਾਦ ਦੇ ਦੌਰ ਵਿਚ ਕਿਧਰੇ ਲਿਖਿਆ ਗਿਆ ਸੀ ਅਤੇ ਅੱਜ ਵੀ ਉਨਾ ਹੀ ਪ੍ਰਸੰਗਕ ਹੈ ਤੇ ਜ਼ੋਰਦਾਰ ਵਿਚਾਰ ਚਰਚਾ ਦੀ ਮੰਗ ਕਰਦਾ ਹੈ। ਅਸੀਂ ਇਥੇ ਇਹ ਲੇਖ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਛਾਪ ਰਹੇ ਹਾਂ। -ਸੰਪਾਦਕ***

**ਕਰਤਾਰ ਸਿੰਘ ਦੁੱਗਲ**

ਬਟਵਾਰੇ ਤੋਂ ਪਹਿਲਾਂ ਵਾਲੇ ਪੰਜਾਬ ਦੀ ਬਹੁ-ਗਿਣਤੀ ਮੁਸਲਮਾਨ ਸਨ। ਹੋਰ ਵੀ ਸਨ, ਪਰ ਅਕਸਰੀਅਤ ਉਨ੍ਹਾਂ ਦੀ ਹੋਣ ਕਰਕੇ ਮੈਂ ਮੁਸਲਮਾਨ ਭਰਾਵਾਂ ਦਾ ਨਾਂ ਲਿਆ ਹੈ। ਬਹੁ-ਗਿਣਤੀ ਦੀ ਬੜੀ ਭਾਰੀ ਜ਼ਿੰਮੇਵਾਰੀ ਹੁੰਦੀ ਹੈ। ਫਰੰਗੀ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਵਰਗਲਾਏ ਉਨ੍ਹਾਂ ਨੇ ਉਰਦੂ ਦਾ ਲੜ ਫੜ ਲਿਆ। ਅਕਸਰੀਅਤ ਦੀ ਦੇਖਾ-ਦੇਖੀ ਹਿੰਦੂ ਤੇ ਕਿਸੇ ਹੱਦ ਤਕ ਸਿੱਖ ਵੀ ਉਨ੍ਹਾਂ ਦੇ ਮਗਰ ਲੱਗ ਗਏ। ਮੇਰੀ ਸਾਰੀ ਪੜ੍ਹਾਈ ਉਰਦੂ, ਫਾਰਸੀ ਤੇ ਅੰਗਰੇਜ਼ੀ ਵਿਚ ਹੋਈ ਹੈ ਸਿਵਾਏ ਵਰ੍ਹੇ, ਡੇਢ-ਵਰ੍ਹੇ ਦੇ। ਜਿਨ੍ਹਾਂ ਸਕੂਲਾਂ ਵਿਚ ਮੈਂ ਪੜ੍ਹਿਆ, ਉਨ੍ਹਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਕੋਈ ਵਸੀਲਾ ਨਹੀਂ ਸੀ ਪਰ ਮਾਂ-ਬੋਲੀ ਦਾ ਜਾਦੂ ਸਿਰ ਤੇ ਚੜ੍ਹ ਕੇ ਬੋਲਦਾ ਹੈ। ਸਾਹਿਤਕਾਰ, ਕਰਤਾਰ ਸਿੰਘ ਦੁੱਗਲ ਵਿਚ ਪਰਤਖ ਇਸਨੂੰ ਵੇਖਿਆ ਜਾ ਸਕਦਾ ਹੈ।

ਇਹ ਗੱਲ 1942 ਦੀ ਹੈ। ਦੂਜੀ ਵਿਸ਼ਵ ਜੰਗ ਆਪਣੇ ਸਿਖ਼ਰ 'ਤੇ ਸੀ। ਉਰਦੂ ਦੇ ਉਘੇ ਸ਼ਾਇਰ ਤੇ ਪੱਤਰਕਾਰ ਮੌਲਾਨਾ ਅਬਦੁਲ ਮਜੀਦ 'ਸਾਲਿਕ' ਲਾਹੌਰ ਰੇਡੀਓ ਸਟੇਸ਼ਨ ਤੋਂ 'ਢੋਲ ਕਾ ਪੋਲ' ਨਾਮਿਕ ਵਾਰਤਾ ਬ੍ਰਾਡਕਾਸਟ ਕਰਨ ਆਏ। ਇਹ ਜਾਣ ਕੇ ਕਿ ਉਸ ਸ਼ਾਮ ਮੈਂ ਡਿਊਟੀ ਅਫਸਰ ਸਾਂ, ਮੇਰੇ ਕੋਲ ਆ ਕੇ ਬਹਿ ਗਏ। ਮੈਂ ਚਾਹ ਮੰਗਵਾਈ। ਸਿਆਲ ਦੇ ਦਿਨ ਸਨ। ਮੌਲਾਨਾ ਪੁੱਛਣ ਲਗੇ-ਦੁੱਗਲ, ਇਹ ਦੱਸ, ਤੂੰ ਪੰਜਾਬੀ ਵਿਚ ਕਿਵੇਂ ਲਿਖ ਲੈਂਦਾ ਏਂ? ਮੈਂ ਤਾਂ ਜਦੋਂ ਪੰਜਾਬੀ ਵਿਚ ਲਿਖਣ ਬਾਰੇ ਸੋਚਦਾ ਹਾਂ, ਜਾਂ ਤਾਂ ਮੈਨੂੰ ਗਾਲ੍ਹਾਂ ਸੁਝਦੀਆਂ ਨੇ, ਜਾਂ ਇਸ਼ਕ। ਪੰਜਾਬੀ ਵਿਚ ਤਾਂ ਬਸ ਹੀਰ ਹੀ ਲਿਖੀ ਜਾ ਸਕਦੀ ਹੈ, ਜਾਂ ਫੋਫੜ ਤੋਲੇ ਜਾ ਸਕਦੇ ਨੇ।

ਮੈਂ ਸੁਣ ਕੇ ਹੱਸ ਛਡਿਆ। ਮੌਲਾਨਾ ਬਜ਼ੁਰਗ ਸ਼ਾਇਰ ਸਨ, ਉਘੇ ਅਖ਼ਬਾਰ ਨਵੀਸ ਸਨ। ਅਸੀਂ ਲੋਕ ਉਨ੍ਹਾਂ ਦਾ ਬੜਾ ਆਦਰ ਕਰਦੇ ਹਾਂ।

ਕਈ ਵਰ੍ਹੇ ਬੀਤ ਗਏ। ਦੇਸ ਦੀ ਵੰਡ ਹੋ ਗਈ। ਇਹ ਗੱਲ 1952 ਦੀ ਹੈ। ਮੈਂ ਉਨ੍ਹਾਂ ਦਿਨਾਂ ਵਿਚ ਦਿੱਲੀ ਬਰਾਡਕਾਸਟਿੰਗ ਹਾਊਸ ਵਿਚ ਤਾਇਨਾਤ ਸਾਂ। ਦਿਨ ਦੇ ਲੌਢੇ ਵੇਲੇ ਮੈਂ ਕੀ ਵੇਖਦਾ ਹਾਂ, ਮੌਲਾਨਾ 'ਸਾਲਿਕ' ਆਪਣੀ ਖੂੰਡੀ ਲਈ ਸਾਹਮਣੇ ਬਰਾਂਡੇ ਵਿਚ ਪੁਛਦੇ-ਪਛਾਂਦੇ ਮੇਰੇ ਕਮਰੇ ਵਲ ਆ ਰਹੇ ਸਨ। ਮੈਂ ਤਾਵਲਾ ਤਾਵਲਾ ਉਠ ਕੇ ਬਾਹਰ ਗਿਆ ਤੇ ਮੌਲਾਨਾ ਨੂੰ ਪੂਰੇ ਸਤਿਕਾਰ ਨਾਲ ਆਪਣੇ ਕਮਰੇ ਵਿਚ ਲਿਆਂਦਾ। ਬੈਠਦਿਆਂ ਸਾਰ, ਮੌਲਾਨਾ ਫਰਮਾਣ ਲਗੇ, ''ਇਸ ਵਾਰ ਡੀ.ਸੀ.ਐਮ. ਦਾ ਮੁਸ਼ਹਿਰਾ ਬਹਾਨਾ ਬਣਾ ਕੇ ਮੈਂ ਸਿਰਫ ਤੈਨੂੰ ਮਿਲਣ ਆਇਆ ਹਾਂ।''

ਮੈਂ ਹੈਰਾਨ ਉਨ੍ਹਾਂ ਦੇ ਮੂੰਹ ਵਲ ਵੇਖ ਰਿਹਾ ਸਾਂ, ''ਤੈਨੂੰ ਮਿਲ ਕੇ ਇਹ ਦੱਸਣ ਕਿ ਮੈਂ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿਤਾ ਹੈ।'' ਮੌਲਾਨਾ ਆਪਣਾ ਕਲਾਮ ਜਾਰੀ ਰੱਖੇ ਹੋਏ ਸਨ ''ਇਹੀ ਨਹੀਂ, ਮੈਂ ਉਰਦੂ ਵਿਚ ਲਿਖਣਾ ਬੰਦ ਕਰ ਦਿਤਾ ਹੈ।''

''ਪਰ ਕ੍ਰਿਸ਼ਮਾ ਹੋਇਆ ਕਿਵੇਂ?'' ਮੈਨੂੰ ਆਪਣੇ ਕੰਨਾਂ 'ਤੇ ਇਤਬਾਰ ਨਹੀਂ ਆ ਰਿਹਾ ਸੀ।

''ਲੈ, ਇਹ ਵੀ ਕਿੱਸਾ ਤੈਨੂੰ ਸੁਣਾਂਦਾ ਹਾਂ। ਤੈਨੂੰ ਪਤਾ ਹੈ, ਮੈਂ ਮੁਸਲਿਮ ਟਾਊਨ ਵਿਚ ਘਰ ਬਣਾਇਆ ਹੋਇਆ ਹੈ। ਹਰ ਰੋਜ਼ ਸਵੇਰੇ ਮੈਂ ਬਸ ਵਿਚ ਅਖ਼ਬਾਰ ਦੇ ਦਫਤਰ ਸ਼ਹਿਰ ਆਂਦਾ ਹਾਂ ਤੇ ਸ਼ਾਮੀ ਬਸ ਵਿਚ ਪਰਤਦਾ ਹਾਂ। ਇਕ ਦਿਨ ਮੈਂ ਬਸ ਵਿਚ ਬੈਠਾ ਸਾਂ ਕਿ ਬਸ ਦਾ ਕੰਡਕਟਰ, ਇਧਰ ਯੂ.ਪੀ. ਦਾ ਕੋਈ ਮਹਾਜ਼ਰ, ਮੇਰੀ ਸੀਟ ਕੋਲੋਂ ਗੁਜ਼ਰ ਗਿਆ। ਮੈਂ ਉਸਨੂੰ ਆਵਾਜ਼ ਦੇ ਕੇ ਕਿਹਾ, ''ਭਈ, ਤੁਮ ਮੁਝੇ ਟਿਕਟ ਦੇਨੀ ਭੂਲ ਗਏ ਹੋ।'' ਕੰਡਕਟਰ ਨੇ ਸੁਣਿਆ ਤੇ ਮੂੰਹ ਵੱਟ ਕੇ ਕਿਹਾ, ''ਮੌਲਾਨਾ ਟਿਕਟ ਦੇਨੀ' ਨਹੀਂ ਹੋਤੀ 'ਟਿਕਟ ਦੇਨਾ' ਹੋਤਾ ਹੈ।'' ਮੈਂ ਸੁਣਿਆ ਤੇ ਪਾਣੀ ਪਾਣੀ ਹੋ ਗਿਆ। ਧਰਤੀ ਵਿਹਲ ਨਹੀਂ ਦਿੰਦੀ ਸੀ। ਦੁੱਗਲ ਤੈਨੂੰ ਪਤਾ ਹੀ ਹੈ, ਮੁਸਲਿਮ ਟਾਊਨ ਦੀ ਬਸ ਵਿਚ ਸਾਰੇ ਮੇਰੇ ਜਾਣਨ ਵਾਲੇ, ਮੇਰੇ ਸ਼ਾਗਿਰਦ ਬੈਠੇ ਹੁੰਦੇ ਨੇ। ਮੈਂ ਓਸੇ ਘੜੀ ਫੈਸਲਾ ਕੀਤਾ ਕਿ ਮੈਂ ਹੁਣ ਆਪਣੀ ਪੰਜਾਬੀ ਵਿਚ ਲਿਖਿਆ ਕਰਾਂਗਾ। ਪੰਜਾਬੀ ਵਿਚ ਗੱਲ ਕੱਥ ਕਰਿਆ ਕਰਾਂਗਾ। ਜੇ ਮੈਂ ਮਾਂ ਬੋਲੀ ਵਿਚ ਉਸ ਨਾਲ ਗੱਲ ਕੀਤੀ ਹੁੰਦੀ ਤਾਂ ਕਿਸੇ ਦੀ ਮਾਂ ਨਹੀਂ ਸੀ ਸੂਈ ਕਿ ਮੇਰੀ ਗ਼ਲਤੀ ਕੱਢ ਜਾਂਦਾ!''

ਮੌਲਾਨਾ ਨੇ ਮੈਨੂੰ ਦਸਿਆ, ਉਨ੍ਹਾਂ 'ਪੰਜ ਦਰਿਆ' ਨਾਂ ਦਾ ਪੰਜਾਬੀ ਵਿਚ ਰਸਾਲਾ ਜਾਰੀ ਕਰ ਦਿਤਾ ਸੀ। ਹੁਣ ਦੈਨਿਕ ਅਖ਼ਬਾਰ ਲਈ ਰਕਮ ਜੁਟਾ ਰਹੇ ਸਨ, ਤੇ ਉਨ੍ਹਾਂ ਦਾ ਮਨਸ਼ਾ ਪੰਜਾਬੀ ਰੋਜ਼ਨਾਮਚੇ ਨੂੰ ਸੰਪਾਦਿਤ ਕਰਨ ਦਾ ਸੀ ਪਰ ਜ਼ਿੰਦਗੀ ਨੇ ਮੌਲਾਨਾ ਦਾ ਸਾਥ ਨਹੀਂ ਦਿੱਤਾ। ਉਨ੍ਹਾਂ ਦੀ ਸੱਧਰ ਪੂਰੀ ਨਾ ਹੋ ਸਕੀ। ਕੁਝ ਚਿਰ ਮਗਰੋਂ ਉਹ ਅੱਲਾ ਨੂੰ ਪਿਆਰੇ ਹੋ ਗਏ।

ਡਾਕਟਰ ਇਕਬਾਲ ਦੇ ਘਰ ਸ਼ਾਮ ਦੀ ਮਹਿਫਲ ਵਿਚ ਪੰਜਾਬੀ ਬੋਲੀ ਪ੍ਰਧਾਨ ਹੁੰਦੀ ਸੀ। ਇਹ ਗੱਲ ਜਾਵੇਦ, ਉਨ੍ਹਾਂ ਦੇ ਬੇਟੇ ਨੇ ਮੈਨੂੰ ਦਸੀ ਸੀ। ਕਿਹਾ ਜਾਂਦਾ ਹੈ, ਗੁਜ਼ਰਨ ਤੋਂ ਕੁਝ ਝੱਟ ਪਹਿਲੇ ਅਲਾਮਾ ਨੇ ਸਾਈ ਬੁਲ੍ਹੇਸ਼ਾਹ ਦੀ ਕਾਫ਼ੀ ਸੁਣਨ ਲਈ ਫਰਮਾਇਸ਼ ਕੀਤੀ ਸੀ। ਜਦੋਂ ਉਨ੍ਹਾਂ ਤੋਂ ਪੁਛਿਆ ਗਿਆ, ਉਨ੍ਹਾਂ ਪੰਜਾਬੀ ਵਿਚ ਕਿਉਂ ਨਹੀਂ ਲਿਖਿਆ? ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਪਹੁੰਚ ਲਈ ਤਾਂ ਉਰਦੂ ਵੀ ਕਾਫੀ ਨਹੀਂ ਸੀ, ਇਸੇ ਲਈ ਤਾਂ ਉਨ੍ਹਾਂ ਫ਼ਾਰਸੀ ਵਿਚ ਕਲਾਮ ਕਹਿਣਾ ਸ਼ੁਰੂ ਕੀਤਾ ਸੀ। ਇਕਬਾਲ ਆਪਣਾ ਸੁਨੇਹਾ ਵਧ ਤੋਂ ਵਧ ਲੋਕਾਂ ਨੂੰ ਪਹੁੰਚਾਣਾ ਚਾਹੁੰਦੇ ਸਨ। ਉਹ ਸੋਚਦੇ ਸਨ, ਪੰਜਾਬੀ ਖ਼ਬਰੇ ਇੰਜ ਨਹੀਂ ਕਰ ਸਕੇਗੀ। ਉਨ੍ਹਾਂ ਦੇ ਉਲਟ ਉਨ੍ਹਾਂ ਦੇ ਸਮਕਾਲੀ ਟੈਗੋਰ ਨੇ ਆਪਣੀ ਮਾਂ ਬੋਲੀ ਬੰਗਾਲੀ ਵਿਚ ਲਿਖਿਆ ਤੇ ਨੋਬਲ ਇਨਾਮ ਪਾਇਆ।

'ਫੈਜ਼' ਨੇ ਮੈਨੂੰ ਇਕ ਤੋਂ ਵਧੀਕ ਵਾਰ ਦਸਿਆ ਕਿ ਜਿਸ ਮੁਸ਼ਾਇਰੇ ਵਿਚ ਪੰਜਾਬੀ ਕਵੀ ਆ ਵੜਨ, ਉਰਦੂ ਵਾਲਿਆਂ ਲਈ ਜੰਮ ਸਕਣਾ ਮੁਸ਼ਕਲ ਹੋ ਜਾਂਦਾ ਹੈ। ਖ਼ਾਸ ਤੌਰ ਤੇ ਇਕ ਕਵੀ ਦਰਬਾਰ ਦਾ ਫ਼ੈਜ਼ ਨੇ ਕਈ ਵਾਰ ਮੇਰੇ ਨਾਲ ਜ਼ਿਕਰ ਕੀਤਾ ਜਿਸ ਵਿਚ ਉਸਤਾਦ 'ਦਾਮਨ' ਨੇ ਜ਼ੁਲਫਿੱਕਾਰ ਅਲੀ ਭੁੱਟੋ ਬਾਰੇ ਇਹ ਕਵਿਤਾ ਸੁਣਾਈ ਸੀ:

> ਕੀ ਕਰੀ ਜਾਨੈਂ, ਕੀ ਕਰੀ ਜਾਨੈਂ,
> ਖਿੱਚੀ ਖੇਸ ਜਾਨੈਂ? ਲਈ ਦਰੀ ਜਾਨੈ!
> ਕਦੀ ਸ਼ਿਮਲੇ ਜਾਨੈਂ, ਕਦੀ ਮੱਰੀ ਜਾਨੈਂ।
> ਕੀ ਕਰੀ ਜਾਨੈਂ, ਕੀ ਕਰੀ ਜਾਨੈਂ?

'ਫੈਜ਼' ਦਾ ਕਹਿਣਾ ਸੀ ਕਿ 'ਦਾਮਨ' ਦੀ ਇਸ ਕਵਿਤਾ ਤੋਂ ਬਾਅਦ 'ਫੈਜ਼' ਨੂੰ ਲੋਕ ਸੁਣਨ ਲਈ ਤਿਆਰ ਨਹੀਂ ਸਨ।

ਇਹ ਗੱਲ ਬਟਵਾਰੇ ਤੋਂ ਬਾਅਦ ਦੀ ਹੈ ਜਦੋਂ ਵਾਹਘੇ ਤੋਂ ਪਾਰ ਦੇ ਪੰਜਾਬੀ ਭਰਾਵਾਂ ਵਿਚ ਮਾਂ-ਬੋਲੀ ਦਾ ਪਿਆਰ ਜਾਗਿਆ। ਮੇਰਾ ਇਹ ਅਕੀਦਾ ਹੈ ਕਿ ਜੇ ਕਦੀ ਮਾਂ ਬੋਲੀ ਪੰਜਾਬੀ ਨੂੰ ਪਹਿਲੇ ਇੰਜ ਅਪਨਾਇਆ ਗਿਆ ਹੁੰਦਾ, ਪੰਜਾਬ ਦੀ ਵੰਡ ਹਰਗਿਜ਼ ਨਾ ਹੁੰਦੀ।

ਬੋਲੀ ਦਾ ਪਿਆਰ, ਧਰਮ ਦੇ ਪਿਆਰ ਤੇ ਭਾਰੂ ਹੁੰਦਾ ਹੈ। ਇਸ ਦਾ ਸਬੂਤ ਬੰਗਲਾ ਦੇਸ਼ ਨੇ ਪਾਕਿਸਤਾਨ ਤੋਂ ਵੱਖ ਹੋ ਕੇ ਦੇ ਦਿਤਾ ਹੈ। ਬੰਗਲਾਦੇਸ਼ ਦੇ ਬਣਨ ਤੋਂ ਤੁਰੰਤ ਬਾਅਦ ਉਨ੍ਹਾਂ ਦੇ ਆਜ਼ਾਦੀ ਦੇ ਜਸ਼ਨਾਂ ਵਿਚ ਮੈਨੂੰ ਸ਼ਾਮਲ ਹੋਣ ਲਈ ਆਮੰਤ੍ਰਿਤ ਕੀਤਾ ਗਿਆ ਸੀ। ਮੈਂ ਤਾਂ ਵੇਖ ਵੇਖ ਕੇ ਹੈਰਾਨ ਹੁੰਦਾ ਰਿਹਾ, ਬੰਗਾਲੀ ਆਪਣੀ ਮਾਂ ਬੋਲੀ ਨੂੰ ਕਿੰਨਾ ਪਿਆਰ ਕਰਦੇ ਨੇ।

ਮਾਂ ਬੋਲੀ ਪੰਜਾਬੀ ਦੀ ਤ੍ਰਾਸਦੀ ਦੀ ਕਹਾਣੀ ਲੰਮੀ ਹੈ। ਅਜੇ ਮੁੱਕੀ ਨਹੀਂ। ਬਟਵਾਰੇ ਤੋਂ ਬਾਅਦ ਇਧਰ ਪੂਰਬੀ ਪੰਜਾਬ ਵਿਚ ਵੰਡ ਦੇ ਜ਼ਖਮ ਮਸਾਂ ਮੌਲੇ ਸਨ ਕਿ ਸਾਡੇ ਪੈਰਾਂ ਹੇਠੋਂ, ਇਹ ਸੁਣ ਕੇ ਜ਼ਮੀਨ ਨਿਕਲ ਗਈ, ਹਿੰਦੂ ਗੁਆਂਢੀ ਕਹਿਣ ਲਗੇ-ਸਾਡੀ ਜ਼ਬਾਨ ਤੇ ਹਿੰਦੀ ਹੈ। ਅਸੀਂ ਉਨ੍ਹਾਂ ਦੇ ਮੂੰਹ ਵਲ ਵੇਖਣ ਲਗੇ। ਇਹ ਉਪਦ੍ਰਵ 1951 ਦੀ ਜਨਗਣਨਾ ਦੇ ਕਾਰਨ ਸੀ। ਵਿਚਾਰੇ ਸਿੱਖ! ਹੱਕੇ-ਬੱਕੇ, ਨਾ ਉਹ ਅਗੇ ਜੋਗੇ ਸਨ ਨਾ ਪਿੱਛੇ ਜੋਗੇ ਸਨ। ਹਿੰਦੂ ਵੀਰ ਘਰ ਵਿਚ ਪੰਜਾਬੀ ਬੋਲਦੇ ਸਨ, ਬਾਜ਼ਾਰ ਵਿਚ ਪੰਜਾਬੀ ਬੋਲਦੇ ਸਨ, ਪਰ ਜਦੋਂ ਉਨ੍ਹਾਂ ਤੋਂ ਕੋਈ ਉਨ੍ਹਾਂ ਦੀ ਬੋਲੀ ਬਾਰੇ ਪੁਛਦਾ ਤਾਂ ਉਹ ਹਿੰਦੀ ਦੱਸ ਕੇ ਆਪਣੇ-ਆਪ ਨੂੰ ਧੋਖਾ ਦਿੰਦੇ। ਕਿਉਂ?

ਕਸੂਰ ਸਾਰਾ ਉਨ੍ਹਾਂ ਦਾ ਨਹੀਂ ਸੀ। ਹਿੰਦੂ ਸੋਚਦੇ ਜੇ ਉਰਦੂ ਨੂੰ ਛੱਡਕੇ ਉਨ੍ਹਾਂ ਪੰਜਾਬੀ ਸਿੱਖਣੀ ਹੈ ਤਾਂ ਉਹ ਹਿੰਦੀ ਹੀ ਕਿਉਂ ਨਾ ਅਪਨਾਉਣ ਜਿਸ ਨਾਲ ਉਹ ਸਾਰੇ ਉੱਤਰੀ ਭਾਰਤ ਨਾਲ ਨਾਤਾ ਗੰਢ ਸਕਣਗੇ। ਵੰਡ ਤੋਂ ਪਹਿਲੇ ਵੀ ਜੇ ਹਿੰਦੂ ਉਰਦੂ ਨਾਲ ਜੁੜੇ ਹੋਏ ਸਨ ਤਾਂ ਇਸ ਲਈ ਕਿ ਇੰਜ ਨੌਕਰੀਆਂ ਦੇ ਵਧੇਰੇ ਵਸੀਲੇ ਉਨ੍ਹਾਂ ਨੂੰ ਮੁਯੱਸਰ ਹੋ ਜਾਂਦੇ ਸਨ। ਹੁਣ ਇਹ ਲਾਭ ਉਹ ਹਿੰਦੀ ਦੁਆਰਾ ਹਾਸਲ ਕਰ ਸਕਦੇ ਸਨ।

ਨਾਲੇ ਸਿੱਖ ਗੁਆਂਢੀ ਪੰਜਾਬੀ ਵਾਸਤੇ ਗੁਰਮੁਖੀ ਲਿੱਪੀ ਲਈ ਬਜ਼ਿੱਦ ਸਨ। ਖ਼ਬਰੇ ਇਸ ਲਈ ਕਿ ਗੁਰਮੁਖੀ ਉਨ੍ਹਾਂ ਨੂੰ ਗੁਰੂ ਅੰਗਦ ਜੀ ਦੀ ਵਿਉਂਤੀ ਦੱਸੀ ਗਈ ਸੀ। ਠੀਕ ਇਹੀ ਕਾਰਨ ਗ਼ੈਰ-ਸਿੱਖਾਂ ਨੂੰ ਗੁਰਮੁਖੀ ਤੋਂ ਬੇਮੁਖ ਕੀਤਾ ਹੋਇਆ ਸੀ। ਉਹ ਸੋਚਦੇ, ਗੁਰਮੁਖੀ ਸਿੱਖ ਧਰਮ ਨਾਲ ਸੰਬੰਧਤ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਵਿਚ ਲਿਖਿਆ ਗਿਆ। ਸੱਚੀ ਗੱਲ ਇਹ ਹੈ ਕਿ ਸਿੱਖਾਂ ਦਾ ਗੁਰਮੁਖੀ ਲਿੱਪੀ ਲਈ ਮੋਹ ਇਸ ਲਈ ਹੈ ਕਿ ਇਹਦਾ ਨਾਂ 'ਗੁਰਮੁਖੀ' ਹੈ। ਉਤਨਾ ਹੀ ਨਿਰਾਧਾਰ ਸੀ ਜਿੰਨਾ ਗ਼ੈਰ ਸਿੱਖਾਂ ਦਾ ਇਹਦੇ ਕਰਕੇ ਇਸ ਤੋਂ ਕੰਨੀ ਕਤਰਾਣਾ। ਅਜੋਕੀ ਖੋਜ ਨੇ ਇਹ ਸਿੱਧ ਕਰ ਦਿਤਾ ਹੈ ਕਿ ਗੁਰਮੁਖੀ ਲਿੱਪੀ ਗੁਰੂ ਬਾਬਾ ਨਾਨਕ ਤੋਂ ਪਹਿਲੇ ਪ੍ਰਚਲਤ ਸੀ।ਇਹ ਇਤਨੀ ਚਾਲੂ ਸੀ ਬਾਬਾ ਨਾਨਕ ਵਰਗੇ ਮਹਾਨ ਕਵੀ ਨੇ ਇਸ ਲਿੱਪੀ ਦੇ ਆਧਾਰ ਤੇ ਪੱਟੀ ਲਿਖੀ।

> ਸੈਸੇ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾਂ
> ਸਾਹਿਬੁ ਏਕੁ ਭਇਆ,
> ਸਿਫ਼ਤ ਰਹੇ ਚਿਤੁ ਜਿਨੁ ਕਾ ਲਾਗਾ
> ਆਇਆ ਤਿਨੁ ਕਾ ਸਫਲ ਭਇਆ।
> ਙਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ
> ਧਿਆਵਹੁ ਕਿ ਅਮਰੁ ਹੋਆ
> ਤਿਸਹਿ ਧਿਆਵਹੁ ਸਚ ਸਮਾਵਹੁ ਓਸੁ
> ਵਿਟਹੁ ਕੁਰਬਾਣੁ ਕੀਆ
> (ਰਾਗ ਆਸ ਮਹੱਲਾ 1 ਪਟੀ ਲਿਖੀ)

ਸਿੱਖ ਗੁਰੂ ਸਾਹਿਬਾਨ ਨੇ ਗੁਰਮੁਖੀ ਲਿੱਪੀ ਨੂੰ ਪੰਜਾਬੀ ਬੋਲੀ ਲਈ ਉਪਯੁਕਤ ਪਾਕੇ ਇਸਨੂੰ ਅਪਣਾਇਆ, ਇਸਦਾ ਪਰਚਾਰ ਕੀਤਾ। ਮੇਰੀ ਜਾਚੇ ਇਸ ਲਈ ਕਿ ਸਿੱਖ ਗੁਰੂਆਂ ਨੇ ਇਸ ਲਿੱਪੀ ਦਾ ਹੱਥ ਫੜਿਆ,ਇਸ ਲਿੱਪੀ ਦਾ ਨਾਂ ਗੁਰਮੁਖੀ ਪੈ ਗਿਆ। ਇਕ ਸਾਹਿਤਕਾਰ ਦੇ ਨਾਤੇ ਮੈਂ, ਜਿਸਦੀ ਸ਼ਾਖ ਫਾਰਸੀ, ਦੇਵਨਾਗਰੀ, ਰੋਮਨ ਤੇ ਗੁਰਮੁਖੀ ਲਿੱਪੀ ਨਾਲ ਸਾਂਵੀ ਹੈ, ਪੂਰੀ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਸਿੱਖ ਗੁਰੂ ਸਾਹਿਬਾਨ ਗ਼ਲਤ ਨਹੀਂ ਸਨ। ਗੁਰਮੁਖੀ ਲਿੱਪੀ ਹੀ ਪੰਜਾਬੀ ਬੋਲੀ ਲਈ ਸਭ ਤੋਂ ਵਧੇਰੇ ਯੋਗ ਲਿੱਪੀ ਹੈ। ਮੈਂ ਇਹ ਵੀ ਮੰਨਦਾ ਹਾਂ ਕਿ ਲਿੱਪੀ ਕਿਸੇ ਬੋਲੀ ਦੀ ਆਤਮਾ ਹੁੰਦੀ ਹੈ। ਲਿੱਪੀ ਬਦਲੋ, ਬੋਲੀ ਹੋਰ ਦੀ ਹੋਰ ਹੋਣ ਲਗ ਪੈਂਦੀ ਹੈ।

ਬੇਸ਼ਕ ਪੰਜਾਬੀ ਫਾਰਸੀ ਅੱਖਰਾਂ ਵਿਚ ਲਿਖੀ ਗਈ। ਹੁਣ ਵੀ ਲਿਖੀ ਜਾ ਰਹੀ ਹੈ। ਹੀਰ ਵਾਰਿਸ ਸ਼ਾਹ ਨੂੰ ਫਾਰਸੀ ਲਿੱਪੀ ਵਿਚ ਕਲਮਬੱਧ ਕੀਤਾ ਗਿਆ, ਪਰ ਜਿਹੜਾ ਨਿਆਂ ਵਾਰਸਸ਼ਾਹ ਦੀ ਬੋਲੀ ਨਾਲ ਗੁਰਮੁਖੀ ਵਿਚ ਹੁੰਦਾ ਹੈ, ਮੇਰੀ ਜਾਚੇ, ਫਾਰਸੀ, ਲਿੱਪੀ ਵਿਚ ਨਹੀਂ ਹੁੰਦਾ ਜਿਸ ਵਿਚ ਭਾਵੇਂ ਉਹ ਮੂਲ ਤੌਰ 'ਤੇ ਲਿਖੀ ਗਈ।

ਤਾਂ ਵੀ ਅਸੀਂ ਮਾਂ ਬੋਲੀ ਪੰਜਾਬੀ ਦੇ ਸ਼ੈਦਾਈਆਂ ਨੇ ਪਾਰਲੇ ਪਾਰ ਪੰਜਾਬੀ ਵੀਰਾਂ ਦਾ ਫਾਰਸੀ ਲਿੱਪੀ ਨੂੰ ਅਪਨਾਉਣਾ ਸਿਰ-ਮੱਥੇ ਤੇ ਮੰਨਿਆ ਤੇ ਮੰਨਦੇ ਹਾਂ। ਅਸੀਂ ਤਾਂ ਇਧਰ ਵੰਡ ਤੋਂ ਬਾਅਦ ਹਿੰਦੂ ਗੁਆਂਢੀਆਂ ਦੇ ਹਠ ਨੂੰ ਵੇਖਕੇ ਪੰਜਾਬੀ ਲਈ ਦੇਵਨਾਗਰੀ ਲਿੱਪੀ ਵੀ ਕਬੂਲਣ ਲਈ ਤਿਆਰ ਸਾਂ।

ਇਹ ਨਾਟਕ ਮੇਰੀਆਂ ਅੱਖਾਂ ਦੇ ਸਾਹਮਣੇ ਖੇਡਿਆ ਗਿਆ। ਇਸਦਾ ਜ਼ਿਕਰ ਜ਼ਰੂਰੀ ਹੈ, ਤਾਂ ਜੋ ਇਹ ਇਤਿਹਾਸ ਦਾ ਹਿੱਸਾ ਬਣ ਜਾਏ। ਮੇਰੀ ਜਾਚੇ, ਪੰਜਾਬੀ ਬੋਲੀ ਦੀ ਕਹਾਣੀ ਦਾ ਇਹ ਇਕ ਮਹੱਤਵਪੂਰਨ ਪੰਨਾ ਹੈ।

ਉਨ੍ਹਾਂ ਦਿਨਾਂ ਵਿਚ 1951 ਦੀ ਮਰਦਮ-ਸ਼ੁਮਾਰੀ ਦੀ ਤਿਆਰੀ ਕਰਕੇ ਆਰੀਆ ਸਮਾਜੀ ਅਨਸਰਾਂ ਦੀ ਅਗਵਾਈ ਹੇਠ ਪੰਜਾਬੀ ਹਿੰਦੂ ਮਾਂ ਬੋਲੀ ਪੰਜਾਬੀ ਨੂੰ ਕਬੂਲਣੋ ਇਨਕਾਰੀ ਸਨ। ਓਦੋਂ ਪੰਜਾਬ ਵਿਚ ਹਿੰਦੂ 62.3 ਫੀਸਦੀ ਸਨ ਤੇ ਸਿੱਖ ਕੇਵਲ 35 ਫੀਸਦੀ। ਡਾਢੇ ਦਾ ਸਤੀ-ਵੀਹੀ ਸੌ ਹੁੰਦਾ ਹੈ। ਮਿਲਾਪ', 'ਪ੍ਰਤਾਪ', 'ਹਿੰਦ ਸਮਾਚਾਰ', ਆਦਿ ਸਾਰੀਆਂ ਅਖ਼ਬਾਰਾਂ ਉਰਦੂ ਵਿਚ ਛਪਦੀਆਂ ਪਰ ਹਿੰਦੀ ਦਾ ਪੱਖ ਲੈ ਰਹੀਆਂ ਸਨ, ਹਿੰਦੀ ਲਈ ਲੋਕਾਂ ਨੂੰ ਪਰੇਰਿਆ ਜਾ ਰਿਹਾ ਸੀ। ਸਿੱਖ ਵੀ 'ਪਰਭਾਤ', 'ਅਜੀਤ' ਆਪਣੇ ਉਰਦੂ ਰੋਜ਼ਨਾਮਚਿਆਂ ਰਾਹੀਂ ਪੰਜਾਬੀ ਦਾ ਪਰਾਪੇਗੰਡਾ ਕਰ ਰਹੇ ਸਨ, ਮਾਂ ਬੋਲੀ ਦਾ ਢੋਲ ਵਜਾ ਰਹੇ ਸਨ। ਬਦਮਗਜ਼ੀ ਵਧ ਰਹੀ ਸੀ। ਪਿੰਡਾਂ ਵਿਚ ਸਿੱਖ ਜ਼ਿੰਮੀਦਾਰ ਹਿੰਦੂ ਖੇਤੀਹਰਾਂ ਨੂੰ ਆਪਣੀਆਂ ਪੈਲੀਆਂ ਵਿਚੋਂ ਲੰਘਣ ਨਾ ਦਿੰਦੇ, ਆਪਣੇ ਖੂਹਾਂ ਤੋਂ ਪਾਣੀ ਨਾ ਭਰਨ ਦਿੰਦੇ। ਇਕ-ਅੱਧ ਕਤਲ ਦੀ ਵਾਰਦਾਤ ਵੀ ਹੋ ਗਈ। ਰੱਬ ਦੀ ਨੇਤ ਉਸ ਦਿਨ ਖਾਲਸਾ ਕਾਲਜ ਦੇ ਪ੍ਰਿੰਸੀਪਲ ਜੋਧ ਸਿੰਘ ਤੇ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਦੀਵਾਨ ਚੰਦ ਸ਼ਰਮਾ ਜਲੰਧਰ ਰੇਡੀਓ ਸਟੇਸ਼ਨ ਤੇ ਮੇਰੇ ਕਮਰੇ ਵਿਚ ਇਕੱਠੇ ਹੋ ਗਏ। ਬੋਲੀ ਦੇ ਮਸਲੇ ਤੇ ਬਹਿਸ ਛਿੜ ਪਈ। ਫੈਸਲਾ ਇਹ ਹੋਇਆ ਕਿ ਪੰਜਾਬ ਦੀ ਬੋਲੀ ਪੰਜਾਬੀ ਮੰਨ ਲਈ ਜਾਏ ਪਰ ਇਸਦੀ ਲਿੱਪੀ ਦੇਵਨਾਗਰੀ ਹੋਵੇਗੀ। ਇਸ ਸਮੱਸਿਆ ਨੂੰ ਸੁਲਝਾਉਣਾ ਜ਼ਰੂਰੀ ਸੀ ਕਿਉਂਕਿ ਪੰਜਾਬ ਯੂਨੀਵਰਸਿਟੀ ਦੇ ਕਈ ਅਹਿਮ ਨਿਰਣੇ ਸੂਬੇ ਦੀ ਬੋਲੀ ਬਾਰੇ ਫੈਸਲੇ ਕਰਕੇ ਰੁਕੇ ਹੋਏ ਸਨ। ਪ੍ਰੋਫੈਸਰ ਦੀਵਾਨ ਚੰਦ ਸ਼ਰਮਾ ਨੇ ਜ਼ਿੰਮਾ ਲਿਆ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਡਾਕਟਰ ਗੋਪੀ ਚੰਦ ਭਾਰਗਵ ਨੂੰ ਮਨਾਉਣਗੇ ਤੇ ਪ੍ਰਿੰਸੀਪਲ ਜੋਧ ਸਿੰਘ ਨੇ ਕਿਹਾ ਕਿ ਉਹ ਕੇਂਦਰ ਦੇ ਰਖਿਆ ਮੰਤਰੀ ਸਰਦਾਰ ਬਲਦੇਵ ਸਿੰਘ ਨੂੰ ਇਸ ਸਮਝੌਤੇ ਲਈ ਰਾਜ਼ੀ ਕਰਨਗੇ। ਦੋਵੇਂ ਵਿਦਵਾਨ ਆਪਣੇ ਆਪਣੇ ਮਿਸ਼ਨ ਵਿਚ ਸਫਲ ਹੋ ਗਏ। ਤੈਅ ਪਾਇਆ ਕਿ ਸ਼ਿਮਲੇ ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਤੇ ਪੰਜਾਬ ਦੇ ਕੇਂਦਰ ਵਿਚ ਪ੍ਰਤੀਨਿਧ ਇਕ ਕੰਨਵੈਨਸ਼ਨ ਵਿਚ ਇਸ ਫੈਸਲੇ ਨੂੰ ਵਿਧਿਵਤ ਪਰਵਾਨਗੀ ਦੇ ਦੇਣਗੇ ਕਿ ਇੰਞ ਸਾਰਾ ਝਗੜਾ ਨਜਿੱਠ ਲਿਆ ਜਾਏਗਾ। ਸ਼ਿਮਲੇ ਕਾਨਫਰੰਸ ਹੋਈ ਪਰ ਆਪੋ-ਆਪਣੇ ਕਾਰਨਾ ਕਰਕੇ ਦੋਵੇਂ ਧਿਰਾਂ ਵਿਟਰ ਗਈਆਂ!!

ਮੇਰੇ ਵਿਚ ਦਾ ਪੰਜਾਬੀ ਪੁਛਦਾ ਹੈ-ਹਿਮਾਚਲ ਕਿਵੇਂ ਪੰਜਾਬ ਨੂੰ ਓਪਰਾ ਹੋ ਗਿਆ? ਮੈਂ ਤਾਂ ਪਿਸ਼ੌਰ ਦੇ ਕਿੱਸਾ ਖਵਾਨੀ ਬਾਜ਼ਾਰ ਵਿਚ ਹਟਵਾਣੀਆਂ ਨੂੰ, ਗਾਹਕਾਂ ਨਾਲ ਪੰਜਾਬੀ ਬੋਲਦੇ ਸੁਣਦਾ ਰਿਹਾ ਹਾਂ। ਮੈਂ ਤਾਂ ਸ੍ਰੀ ਨਗਰ ਦੇ ਲਾਲ ਚੌਕ ਵਿਚ ਟਾਂਗੇ ਵਾਲਿਆਂ ਨੂੰ ਸਵਾਰੀਆਂ ਲੈਣ ਲਈ ਪੰਜਾਬੀ ਵਿਚ ਹਾਕਾਂ ਲਾਂਦੇ ਸੁਣਿਆ ਕਰਦਾ ਸਾਂ। ਮਾਂ ਬੋਲੀ ਪੰਜਾਬੀ ਸੁੰਗੜਦੀ-ਸਿਮਟਦੀ ਅੱਜ ਇਸ ਗਿੱਠ-ਮੁਠੀਏ ਪੰਜਾਬੀ ਸੂਬੇ ਦੀ ਬੋਲੀ ਹੋ ਕੇ ਕਿਵੇਂ ਰਹਿ ਗਈ?

ਇਹੀ ਨਹੀਂ, ਹੁਣ ਇਸ ਨਿੱਕਚੂ ਜਿਹੇ ਰਾਜ ਦੇ ਹਿੰਦੂ ਭਰਾਵਾਂ ਦਾ ਕਹਿਣਾ ਹੈ ਕਿ ਉਹ ਪੰਜਾਬੀ ਨੂੰ ਉਪ ਬੋਲੀ ਦੇ ਤੌਰ ਤੇ ਵਰਤਦੇ ਨੇ, ਭਾਸ਼ਾ ਤਾਂ ਉਨ੍ਹਾਂ ਦੀ ਹਿੰਦੀ ਹੈ ਜਿਸ ਵਿਚ ਉਨ੍ਹਾਂ ਦਾ ਸਾਹਿਤ ਹੈ। ਜਿਸ ਬੋਲੀ ਵਿਚ ਬਾਬਾ ਫਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਭਾਈ ਗੁਰਦਾਸ, ਵਾਰਿਸ ਸ਼ਾਹ, ਭਾਈ ਵੀਰ ਸਿੰਘ, ਪੂਰਨ ਸਿੰਘ ਤੇ ਧਨੀ ਰਾਮ 'ਚਾਤ੍ਰਿਕ' ਨੇ ਲਿਖਿਆ, ਉਸਨੂੰ ਕੇਵਲ ਉਪ-ਬੋਲੀ ਕਹਿਣਾ ਮੇਰੀ ਜਾਚੇ, ਕੁਫ਼ਰ ਹੈ।

ਸਿੱਖਾਂ ਨੂੰ ਝਾਂਸਾ ਦਿਤਾ ਗਿਆ ਕਿ ਨਵੇਂ ਘੜੇ ਜਾ ਰਹੇ ਪੰਜਾਬ ਵਿਚ ਉਨ੍ਹਾਂ ਦੀ ਆਬਾਦੀ 60-75 ਪ੍ਰਤੀਸ਼ਤ ਹੋ ਗਈ ਹੈ। ਇਸ ਬਹੁ-ਗਿਣਤੀ ਨੂੰ ਲੈ ਕੇ ਉਹ ਆਪ ਹੈਰਾਨ ਹਨ। ਬਾਕੀ ਦੇਸ਼ ਨੂੰ ਉਨ੍ਹਾਂ ਸੂਲੀ ਤੇ ਟੰਗਿਆ ਹੋਇਆ ਹੈ।

ਅੱਜ ਪੰਜਾਬ ਦੀ ਹਾਲਤ ਇਕ ਕੱਟੀ ਹੋਈ ਗੁੱਡੀ ਵਰਗੀ ਹੈ, ਡਿਕੋਡੋਲੇ ਖਾ ਰਹੀ, ਆਪਣੇ ਧੁਰੇ ਤੋਂ ਨਿਖੜਕੇ ''ਭਟਕ ਰਹੀ। ਬੇਮੁਹਾਰੇ, ਅਸੀਂ ਪੰਜਾਬੀ ਅੱਜ ਆਪਣੇ ਪੈਂਤੜੇ ਤੋਂ ਉਖੜ ਗਏ ਹਾਂ। ਬੇਸ਼ਕ ਅਸੀਂ ਹਰੀ ਕਰਾਂਤੀ ਲਿਆਂਦੀ ਹੈ, ਸਾਡੀ ਪ੍ਰਤੀ ਨਫਰ ਆਮਦਨ ਦੇਸ ਵਿਚ ਸਭ ਤੋਂ ਵਧੇਰੇ ਹੈ। ਪਰ ਅਸੀਂ ਸਭਿਆਚਾਰ ਦੇ ਪੱਖੋਂ ਉੱਕੇ ਪਛੜੇ ਹੋਏ ਹਾਂ। ਐਗਰੀਕਲਚਰ ਦੇ ਮਗਰ ਲਗੇ ਅਸੀਂ ਕਲਚਰ ਨੂੰ ਵਿਸਾਰ ਛਡਿਆ ਹੈ।

ਕੋਈ ਸਮਾਂ ਸੀ ਸੰਗੀਤ ਦੇ ਖੇਤਰ ਵਿਚ ਪਟਿਆਲੇ ਘਰਾਣੇ ਦੀ ਚਰਚਾ ਸੀ। ਪੰਜਾਬੀ ਟੱਪੇ ਨੂੰ ਗਵਾਲੀਅਰ ਦੇ ਕ੍ਰਿਸ਼ਨਾ ਰਾਉ ਸ਼ੰਕਰ ਪੰਡਿਤ, ਵਾਰਾਨਸੀ ਦੀ ਰਸੂਲਨ ਬਾਈ ਤੇ ਸਿੱਧੇਸ਼ਵਰੀ ਦੇਵੀ ਗਾ ਕੇ ਮਾਣ ਸਮਝਦੀਆਂ ਸਨ। ਅੱਜ ਪੰਜਾਬੀ ਟੱਪਾ ਭੁਲੀ-ਵਿਸਰੀ ਕਹਾਣੀ ਹੋ ਗਿਆ ਹੈ।

ਇੰਨੇ ਵਰ੍ਹੇ ਦੇਸ਼ ਨੂੰ ਆਜ਼ਾਦ ਹੋਏ ਹੋ ਗਏ ਹਨ, ਪੰਜਾਬੀ ਥੀਏਟਰ ਅਜੇ ਤਕ ਅਨਾੜੀਆਂ ਦੇ ਹੱਥਾਂ ਵਿਚ ਹੈ, ਕਸਬੀਆ ਨੇ ਇਹਨੂੰ ਨਹੀਂ ਅਪਣਾਇਆ।

ਮੇਰੀ ਇਹ ਧਾਰਨਾ ਹੈ ਕਿ ਪੰਜਾਬ ਤੇ ਪੰਜਾਬੀਆਂ ਦੀ ਜਿਹੜੀ ਬੇਕਦਰੀ ਹੋ ਰਹੀ ਹੈ ਇਸਦਾ ਕਾਰਨ, ਸਾਡਾ ਮਾਂ ਬੋਲੀ ਤੋਂ ਟੁੱਟ ਜਾਣਾ ਹੈ। ਮਾਂ ਬੋਲੀ ਤੋਂ ਟੁੱਟੇ ਅਸੀਂ ਕਿਤਾਬਾਂ ਤੋਂ ਦੂਰ ਹੋ ਗਏ ਹਾਂ, ਬੁੱਧੀਜੀਵੀਆਂ ਤੋਂ ਨਿਖੜ ਗਏ ਹਾਂ, ਲਲਿਤ ਕਲਾਵਾਂ ਨਾਲ ਸਾਡਾ ਕੋਈ ਵਾਸਤਾ ਨਹੀਂ ਰਿਹਾ, ਸੰਗੀਤ ਤੇ ਨਾਟਕ ਸਾਨੂੰ ਪਰਾਏ ਹੋ ਗਏ ਹਨ।

ਇਹ ਕਹਾਣੀ ਮਾਂ ਬੋਲੀ ਤੋਂ ਟੁਟੇ ਹੋਏ ਇਕ ਟੱਬਰ ਦੀ ਧੀ ਦੀ ਹੈ। ਉਨ੍ਹਾਂ ਦਿਨਾਂ ਵਿਚ ਮੈਂ ਦਿੱਲੀ ਵਿਚ ਤੈਨਾਤ ਸਾਂ। ਇਕ ਦਿਨ ਪੰਜਾਬ ਤੋਂ ਚੁਣੇ ਪਾਰਲੀਮੈਂਟ ਦੇ ਇਕ ਮੈਂਬਰ ਮੇਰੇ ਦਫ਼ਤਰ ਮੈਨੂੰ ਮਿਲਣ ਆਏ। ਪੰਜਾਬ ਵਿਚ ਪੰਜਾਬੀ ਦੇ ਵਿਰੁਧ ਅੰਦੋਲਨ ਦੇ ਮੋਢੀਆਂ ਵਿਚੋਂ ਉਹ ਸਨ। ਉਨ੍ਹਾਂ ਦਾ ਇਹ ਕਹਿਣਾ ਸੀ ਕਿ ਪੰਜਾਬ ਦੇ ਹਿੰਦੂਆਂ ਦੀ ਬੋਲੀ ਹਿੰਦੀ ਹੈ, ਪੰਜਾਬੀ ਨਹੀਂ। ਮੈਂ ਉਨ੍ਹਾਂ ਦੀ ਇਸ ਧਾਰਨਾ ਨਾਲ ਉੱਕਾ ਸਹਿਮਤ ਨਹੀਂ ਸਾਂ, ਪਰ ਇਕ ਪੜ੍ਹੇ-ਲਿਖੇ, ਵਿਚਾਰਵਾਨ ਬਜ਼ੁਰਗ ਹੋਣ ਦੇ ਨਾਤੇ ਉਨ੍ਹਾਂ ਦੀ ਕਦਰ ਕਰਦਾ ਸਾਂ। ਜਲੰਧਰ ਰੇਡੀਓ ਵਿਚ ਜਦੋਂ ਮੈਂ ਤੈਨਾਤ ਸਾਂ, ਅਕਸਰ ਮੈਨੂੰ ਉਨ੍ਹਾਂ ਦਾ ਸਹਿਯੋਗ ਮਿਲਦਾ ਸੀ। ਉਨ੍ਹਾਂ ਦੀ ਸਮੱਸਿਆ ਇਹ ਸੀ ਕਿ ਉਨ੍ਹਾਂ ਦੀ ਜੁਆਨ-ਜਹਾਨ ਬੇਟੀ ਵਿਧਵਾ ਹੋ ਗਈ ਸੀ। ਬੀ.ਏ.ਪਾਸ ਸੀ। ਲਾਲਾ ਜੀ ਕੁੜੀ ਨੂੰ ਕੋਈ ਕੰਮ ਦੁਆਉਣਾ ਚਾਹੁੰਦੇ ਸਨ। ਉਨ੍ਹਾਂ ਦੀ ਫਰਮਾਇਸ਼ ਸੀ ਕਿ ਅਨਾਊਂਸਰ ਦੇ ਤੌਰ ਤੇ ਭਰਤੀ ਕਰ ਲਿਆ ਜਾਏ। ਮੈਨੂੰ ਸੁਣਕੇ ਬੜਾ ਅਫਸੋਸ ਹੋਇਆ ਕਿ ਉਨ੍ਹਾਂ ਉੱਤੇ ਇਹ ਬਿਪਤਾ ਆਣ ਪਈ ਸੀ। ਮੈਂ ਸੱਚੇ ਦਿਲੋਂ ਉਨ੍ਹਾਂ ਦੀ ਮਦਦ ਕਰਨਾ ਚਾਹੁੰਦਾ ਸਾਂ, ਮੈਂ ਉਨ੍ਹਾਂ ਨੂੰ ਸਮਝਾਇਆ ਕਿ ਦਿੱਲੀ ਤੋਂ ਪ੍ਰੋਗਰਾਮ ਹਿੰਦੀ ਵਿਚ ਹੁੰਦੇ ਨੇ। ਇਹ ਸੁਣਦੇ ਹੀ ਉਨ੍ਹਾਂ ਮੇਰੀ ਤਸੱਲੀ ਲਈ ਦਸਿਆ ਕਿ ਕੁੜੀ ਨੇ ਬੀ.ਏ. ਤਕ ਹਿੰਦੀ ਪੜ੍ਹੀ ਸੀ। ਤਾਂ ਵੀ ਮੈਂ ਉਨ੍ਹਾਂ ਨੂੰ ਮਸ਼ਵਰਾ ਦਿੱਤਾ, ਅਨਾਊਂਸਰ ਦੇ ਆਡੀਸ਼ਨ ਟੈਸਟ ਤੋਂ ਪਹਿਲੇ ਕੁਝ ਦਿਨ, ਉਹ ਰੇਡੀਓ ਸਟੇਸ਼ਨ ਤੇ ਆ ਜਾਇਆ ਕਰੇ ਤਾਂ ਜੋ ਉਹਦੀ ਸਿਖਲਾਈ ਹੋ ਸਕੇ। ਮੈਂ ਆਪਣੇ ਇਕ ਤਜ਼ਰਬੇਕਾਰ ਅਨਾਊਂਸਰ ਦੀ ਡਿਊਟੀ ਲਾਈ ਕਿ ਉਹ ਉਸ ਬੀਬੀ ਦੀ ਮਨ ਚਿਤ ਲਾ ਕੇ ਸਿਖਲਾਈ ਕਰੇ ਤੇ ਜਦੋਂ ਉਹਦੀ ਤਸੱਲੀ ਹੋ ਜਾਵੇ ਉਹਨੂੰ ਅਨਾਊਂਸਰ ਦੇ ਟੈਸਟ ਲਈ ਸਦਿਆ ਜਾਵੇ। ਕਈ ਦਿਨਾਂ ਤਕ ਸਾਡੇ ਪੰਜਾਬੀ ਬਜ਼ੁਰਗ ਦੀ ਹਿੰਦੀ ਪਾਸ ਬੇਟੀ ਦੀ ਸਿਖਲਾਈ ਹੁੰਦੀ ਰਹੀ। ਫੇਰ ਉਹਦਾ ਆਡੀਸ਼ਨ ਟੈਸਟ ਹੋਇਆ। ਜਿਹੜੀ ਰੀਪੋਰਟ ਮੇਰੇ ਕੋਲ ਆਈ, ਉਸ ਵਿਚ ਜਿਊਰੀ ਦਾ ਮੁਤਫਿਕ ਫ਼ੈਸਲਾ ਸੀ ਕਿ ਕੁੜੀ ਦਾ ਲਹਿਜਾ ਪੰਜਾਬੀ ਹੈ, ਇਸ ਲਈ ਉਸਨੂੰ ਹਿੰਦੀ ਦੀ ਅਨਾਊਂਸਰ ਨਹੀਂ ਰਖਿਆ ਜਾ ਸਕਦਾ ਸੀ।

ਇਹ ਹਾਲ ਹੁੰਦਾ ਹੈ ਜਿਹੜੇ ਲੋਕ ਆਪਣੇ ਕਿੱਲੇ ਤੋਂ ਉਖੜ ਜਾਣ।

ਜਿਹੜਾ ਸੰਤਾਪ ਪੰਜਾਬ ਪਿਛਲੇ ਦਸ ਵਰ੍ਹਿਆਂ ਤੋਂ ਭੋਗ ਰਿਹਾ ਹੈ, ਇਹ ਇਕ ਦੀਰਘ ਰੋਗ ਹੈ। ਇਸਦਾ ਇਲਾਜ ਨਾ ਗੋਲੀ ਦੇ ਜੁਆਬ ਵਿਚ ਗੋਲੀ ਵਿਚ ਹੈ ਤੇ ਨਾ ਹੀ ਚੰਡੀਗੜ੍ਹ ਤੇ ਨਹਿਰੀ ਪਾਣੀ ਦੀ ਲੈ-ਦੇ ਵਿਚ। ਇਸਦਾ ਇਲਾਜ ਉਨ੍ਹਾਂ ਗਲਤੀਆਂ ਨੂੰ ਦਰੁੱਸਤ ਕਰਨ ਵਿਚ ਹੈ, ਜਿਹੜੀਆਂ ਸਾਥੋਂ ਇਤਨੇ ਵਰ੍ਹੇ ਹੁੰਦੀਆਂ ਰਹੀਆਂ ਹਨ, ਸਾਥੋਂ ਕਰਵਾਈਆਂ ਜਾਂਦੀਆਂ ਰਹੀਆਂ ਹਨ। ਪੰਜਾਬੀਅਤ ਦੀ ਭਾਲ ਵਿਚ ਸਾਨੂੰ ਖੇਰੂੰ ਖੇਰੂੰ ਹੋ ਚੁਕੇ ਪੰਜਾਬ ਨੂੰ ਜੋੜਨਾ ਹੋਵੇਗਾ। ਮੁੜ ਆਪਣੇ ਗੌਰਵਮਈ ਪੰਜਾਬ ਨੂੰ ਆਲਾ ਦੇ ਕੇ ਬੁਲਾਣਾ ਹੋਵੇਗਾ। ਪੰਜਾਬ ਦੇ ਇਕ ਮਹਾਨ ਸਪੂਤ ਸਰਦਾਰ ਪਰਤਾਪ ਸਿੰਘ ਕੈਰੋ ਦਾ ਸੁਫਨਾ ਵਿਸ਼ਾਲ ਪੰਜਾਬ ਦਾ ਸੀ। ਦੇਸ਼ ਦੀ ਆਜ਼ਾਦੀ ਵੇਲੇ ਵਾਹੀ ਗਈ ਲਕੀਰ, ਇਕ ਅੰਤਰ-ਰਾਸ਼ਟਰੀ ਫੈਸਲਾ ਹੈ ਜਿਸਨੂੰ ਝੁਠਲਾਇਆ ਨਹੀਂ ਜਾ ਸਕਦਾ। ਵਾਘੇ ਵਾਲੀ ਲਕੀਰ ਬੇਸ਼ਕ ਜਿਉਂ ਦੀ ਤਿਉਂ ਖਿੱਚੀ ਰਹੇ, ਪਰ ਹਿਮਾਚਲ ਦੀ ਵੰਡ ਤੇ ਹਰਿਆਣੇ ਦਾ ਵਖਰੇਵਾਂ ਪੰਜਾਬ ਨਾਲ ਅਨਿਆਂ ਸੀ, ਪੰਜਾਬੀਅਤ ਨਾਲ ਧ੍ਰੋਹ ਸੀ। ਅਜੋਕੇ ਸਾਰੇ ਮਸਲਿਆਂ ਦਾ ਹੱਲ ਪੰਜਾਬ ਦਾ ਏਕੀਕਰਨ ਹੈ। ਨਾ ਫਿਰ ਚੰਡੀਗੜ੍ਹ ਦੀ ਸਮਸਿਆ ਰਹੇਗੀ, ਨਾ ਨਹਿਰੀ ਪਾਣੀ ਦੀ, ਨਾ ਭਾਖੜਾ ਦੇ ਕੰਟਰੋਲ ਦਾ ਮਾਮਲਾ ਸਾਨੂੰ ਪਰੇਸ਼ਾਨ ਕਰੇਗਾ ਨਾ ਫਾਜ਼ਿਲਕਾ, ਅਬਹੋਰ ਦੇ ਖੁੱਸ ਜਾਣ ਦੀ ਚਿੰਤਾ ਹੋਵੇਗੀ।

ਇਸ ਏਕੀਕਰਣ ਦਾ ਸਦਕਾ ਪੰਜਾਬੀਅਤ ਉਭਰੇਗੀ, ਪ੍ਰਫੁਲਤ ਹੋਵੇਗੀ, ਨਿਖਾਰ ਵਿਚ ਆਏਗੀ। ਅਸੀਂ ਖਿੜ ਖਲੋਵਾਂਗੇ ਤੇ ਆਪਣੇ ਬੇਜੋੜ ਸਾਂਝੇ ਵਿਰਸੇ ਦੇ ਸਹਾਰੇ 1947 ਵਿਚ ਵਾਹੀ ਲੀਕ ਤੋਂ ਪਾਰ ਆਪਣੇ ਗੁਆਂਢੀ ਪੰਜਾਬੀਆਂ ਦਾ ਹੱਥ ਘੁੱਟਕੇ ਫੜ ਲਵਾਂਗੇ। ਫੇਰ ਵਾਰਿਸ ਸ਼ਾਹ ਤੇ ਪੂਰਨ ਸਿੰਘ ਬਾਂਹ ਵਿਚ ਬਾਂਹ ਪਾ ਕੇ ਤੁਰਨਗੇ। ਰਾਵੀ ਦੀਆਂ ਛੱਲਾਂ ਝਨਾਂ ਦੇ ਪਾਣੀਆਂ ਨਾਲ ਅਠਖੇਲੀਆਂ ਕਰਿਆ ਕਰਨਗੀਆਂ।

# ਨੈਪੋਲੀਅਨ ਜਦੋਂ ਰੰਗੀਨ ਮਿਜਾਜ਼ ਭੈਣ ਅਗੇ ਬੇਵੱਸ ਹੋਇਆ

## ਸਫਰ ਜ਼ਿੰਦਗੀ ਦਾ

***ਪੋਲਾਇਨ ਇਸ ਵੇਲੇ ਸੋਲ੍ਹਵੇਂ ਸਾਲ ਵਿਚ ਸੀ। ਉਹਦਾ ਸੁਹੱਪਣ ਡੁਲ੍ਹ-ਡੁਲ੍ਹ ਪੈਂਦਾ ਸੀ। ਸਰੀਰਕ ਤੌਰ 'ਤੇ ਉਹ ਮਨੁੱਖੀ ਸੁੰਦਰਤਾ ਦਾ ਅਦੁੱਤੀ ਨਮੂਨਾ ਸੀ। ਉਹ ਹਰ ਪ੍ਰਕਾਰ ਦੇ ਆਚਾਰ-ਵਿਹਾਰ ਵਲੋਂ ਬੇਪ੍ਰਵਾਹ ਸੀ। ਜੋ ਮੂੰਹ 'ਚ ਆਉਂਦਾ ਕਹਿ ਦਿੰਦੀ ਸੀ। ਗੰਭੀਰ ਤੋਂ ਗੰਭੀਰ ਵਿਅਕਤੀ ਦਾ ਮਖੌਲ ਉਡਾ ਦਿੰਦੀ। ਸੋਲ੍ਹਾਂ ਸਾਲਾਂ ਦੀ ਉਮਰ ਇਸ ਅੱਲ੍ਹੜ ਛੋਹਰੀ ਸਾਹਵੇਂ ਇਟਲੀ ਦੇ ਸਭ ਤੋਂ ਵੱਡੇ ਸੈਨਾਪਤੀ ਦਾ ਰੁਹਬਦਾਬ ਠਿਗੁਣਾ ਸੀ।***

ਮਹਾਨ ਜਰਨੈਲ ਨੈਪੋਲੀਅਨ ਬੋਨਾਪਾਰਟ, ਚਿਰਕਾਲ ਤੱਕ ਸਾਰਾ ਯੂਰਪ ਜਿਸ ਦੇ ਤੇਜ-ਪ੍ਰਤਾਪ ਅਤੇ ਰੁਹਬ-ਦਾਬ ਅੱਗੇ ਕੰਬਦਾ ਰਿਹਾ, ਫਰਾਂਸ ਦਾ ਬਾਦਸ਼ਾਹ ਬਣਨ ਤੋਂ ਪਹਿਲਾਂ ਵੀ ਉਸ ਦਾ ਵਿਅਕਤੀਤਵ ਅਜਿਹਾ ਨਹੀਂ ਸੀ ਕਿ ਉਸਨੂੰ ਅੱਖੋਂ ਓਹਲੇ ਕੀਤਾ ਜਾ ਸਕਦਾ। ਜਿਨ੍ਹਾਂ ਦਿਨਾਂ ਵਿਚ ਉਹ ਇਕ ਗਰੀਬ ਲੈਫਟੀਨੈਂਟ ਸੀ ਤਾਂ ਇਕ ਦਿਨ ਉਹ ਇਕ ਸ਼ਰਾਬਖਾਨੇ 'ਚ ਗਿਆ ਤੇ ਥੋੜ੍ਹੀ ਸ਼ਰਾਬ

**ਰਾਜ ਕੁਮਾਰੀ**

ਮੰਗੀ। ਸ਼ਰਾਬ ਦਾ ਗਲਾਸ ਆ ਗਿਆ ਤਾਂ ਉਹ ਇਕ ਤਖਤੇ ਦੇ ਨਾਲ ਪਿੱਠ ਲਾ ਕੇ ਖੜ੍ਹਾ ਹੋ ਗਿਆ ਤੇ ਚੁੱਪ ਖੜ੍ਹਾ ਕੁਝ ਇਸ ਤਰ੍ਹਾਂ ਘੂਰਨ ਲੱਗਾ ਕਿ ਸਾਰੇ ਗਾਹਕ ਇਕ-ਇਕ ਕਰ ਕੇ ਖਿਸਕ ਗਏ। ਫੇਰ ਉਹ ਬਘਿਆੜ ਵਾਂਗ ਘੁਰਕਿਆ, ਸ਼ਰਾਬ ਪੀਤੀ ਤੇ ਬੜੇ ਮਜ਼ੇ ਨਾਲ ਚਲਦਾ ਬਣਿਆ। ਇਸ ਨੌਜਵਾਨ ਲੈਫਟੀਨੈਂਟ ਵਿਚ ਕੋਈ ਗੱਲ ਅਜਿਹੀ ਸੀ ਕਿ ਸ਼ਰਾਬਖਾਨੇ ਦੇ ਮਾਲਕ ਨੂੰ ਸ਼ਰਾਬ ਦੇ ਪੈਸੇ ਮੰਗਣ ਦੀ ਹਿੰਮਤ ਨਾ ਹੋਈ।

ਪਰ ਇਹੀ ਨੈਪੋਲੀਅਨ ਆਪਣੀ ਮਲੂਕ ਜਿਹੀ ਭੈਣ ਦੇ ਸਾਹਮਣੇ ਬਿਲਕੁਲ ਬੇਵੱਸ ਸੀ। ਉਸ ਜ਼ਮਾਨੇ ਵਿਚ ਨੱਢੀਆਂ ਮੁਟਿਆਰਾਂ ਦਾ ਨਿਰ-ਵਸਤਰ ਹੋ ਕੇ ਤਲਾਬਾਂ ਜਾਂ ਸਮੁੰਦਰੀ ਤਟ 'ਤੇ ਨਹਾਉਣਾ ਅੱਜ ਕੱਲ੍ਹ ਵਾਂਗ ਫੈਸ਼ਨ ਵਿਚ ਦਾਖਲ ਨਹੀਂ ਸੀ, ਸਗੋਂ ਬੜਾ ਹੀ ਕੁਲੱਛਣਾ ਸਮਝਿਆ ਜਾਂਦਾ ਸੀ ਪਰ ਨੈਪੋਲੀਅਨ ਦੀ ਛੋਟੀ ਭੈਣ ਜਿਹੜੀ ਸਿਰਫ ਤੇਰ੍ਹਾਂ ਵਰ੍ਹਿਆਂ ਦੀ ਅੱਧ ਖਿੜ੍ਹੀ ਕਲੀ ਸੀ ਅਤੇ ਸ਼ਕਲ ਸੂਰਤ ਤੋਂ ਪਰੀ ਮਲੂਮ ਹੁੰਦੀ ਸੀ, ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੀ। ਉਹ ਖੁਲ੍ਹਮ-ਖੁੱਲ੍ਹਾ ਮਾਰਸੇਲਜ਼ ਦੀ ਬੰਦਰਗਾਹ ਵਿਚ ਨਹਾਉਂਦੀ ਸੀ ਤੇ ਉਸ ਨੂੰ ਉਥੇ ਦੇ ਮਲਾਹਾਂ ਤੇ ਮਛੇਰਿਆਂ ਦਾ ਜਿਵੇਂ ਖਿਆਲ ਤਕ ਨਹੀਂ ਹੁੰਦਾ ਸੀ।

ਇਸ ਸੂਹਲ ਤੇ ਅਲ੍ਹੜ ਜਿਹੀ ਪਰੀ ਦੇ ਮੁਕਾਬਲੇ ਵਿਚ ਨੈਪੋਲੀਅਨ ਵਰਗਾ ਰੋਹਬਦਾਰ ਤੇ ਸਖਤ ਸੁਭਾ ਬੰਦਾ ਵੀ ਬੇਵੱਸ ਸੀ। ਇਕ ਦਿਨ ਉਹ ਗੁੱਸੇ ਨਾਲ ਦੰਦ ਪੀਂਹਦਾ ਘਰ ਪੁੱਜਾ ਤੇ ਭੈਣ ਨੂੰ ਕਹਿਣ ਲੱਗਾ, ''ਬੱਸ ਹੁਣ ਮੈਂ ਤੈਨੂੰ ਆਖਰੀ ਵਾਰ ਕਹਿੰਦਾ ਹਾਂ, ਪੋਲਾਇਨ! ਮੇਰੀ ਗੱਲ ਸੁਣ! ਜੇ ਤੂੰ ਫੇਰ ਬੰਦਰਗਾਹ ਨਹਾਉਣ ਦਾ ਹੌਸਲਾ ਕੀਤਾ ਤਾਂ ਉਸਨੂੰ ਪਤਾ ਲਗ ਜਾਏਗਾ ਤੇ ਬੈਤਾਂ ਨਾਲ ਤੇਰੀ ਖਲੜੀ ਉਧੜ ਜਾਏਗੀ।''

ਪੋਲਾਇਨ ਨੇ ਪਹਿਲਾਂ ਤਾਂ ਮੂੰਹ ਬਣਾਇਆ ਫੇਰ ਕੁਝ ਸੋਚ ਕੇ ਭਰਾ ਵਲ ਤੱਕਿਆ ਤੇ ਕਹਿਣ ਲੱਗੀ, ''ਹੱਛਾ ਨੈਪੋਲੀਅਨ। ਮੈਂ ਵਚਨ ਕਰ ਲਵਾਂਗੀ ਪਰ ਸ਼ਰਤ ਇਹ ਹੈ ਕਿ ਤੂੰ ਵੀ ਮੇਰੇ ਨਾਲ ਇਕ ਚੀਜ਼ ਦਾ ਵਚਨ ਕਰ।''

''ਉਹ ਕੀ ਚੀਜ਼ ਏ?''

''ਮੈਨੂੰ ਇਕ ਛੋਟੀ ਜਿਹੀ ਹੈਟ ਦੀ ਲੋੜ ਏ। ਤੈਨੂੰ ਪਤੈ, ਭੈਣ ਅਲਾਇਜ਼ਾ ਤੇ ਮੇਰੇ ਕੋਲ ਇਕੋ ਹੀ ਹੈਟ ਏ। ਲਿਆ ਦੇਂਗਾ ਨਾ, ਵੀਰ? ਫੇਰ ਮੈਂ ਕਦੀ ਇਥੇ ਨਹਾਉਣ ਨਹੀਂ ਆਵਾਂਗੀ।''

ਲੈਫਟੀਨੈਂਟ ਨੈਪੋਲੀਅਨ ਉਸ ਵਕਤ ਏਨਾ ਗਰੀਬ ਸੀ ਤੇ ਉਸਨੂੰ ਏਡੇ ਵੱਡੇ ਟੱਬਰ ਦਾ ਖਰਚ ਚੁੱਕਣਾ ਪੈਂਦਾ ਸੀ ਕਿ ਉਹ ਪੋਲਾਇਨ ਲਈ ਇਕ ਟੋਪ ਵੀ ਨਾ ਖਰੀਦ ਸਕਿਆ। ਸੋ, ਪੋਲਾਇਨ ਫੇਰ ਬੰਦਰਗਾਹ 'ਤੇ ਆ ਕੇ ਨਹਾਉਣ ਲੱਗੀ।

ਇਸ ਤੋਂ ਬਾਅਦ ਨੈਪੋਲੀਅਨ ਜਲਦੀ ਜਲਦੀ ਉਨਤੀ ਦੀਆਂ ਮੰਜ਼ਿਲਾਂ ਤੈਅ ਕਰਨ ਲੱਗਾ। ਜਿਨ੍ਹਾਂ ਦਿਨ ਵਿਚ ਫਰਾਂਸ ਵਿਚ ਦਹਿਸ਼ਤ ਦਾ ਦੌਰ ਚਲ ਰਿਹਾ ਸੀ, ਪੋਲਾਇਨ ਤੇ ਉਸਦੀ ਮਾਂ ਪੈਰਿਸ ਚਲੀਆਂ ਆਈਆਂ। ਪੋਲਾਇਨ ਨੂੰ ਇਸ਼ਕਬਾਜ਼ੀ ਦੀ ਪਹਿਲੀ ਦੁਰਘਟਨਾ ਚੌਦਾਂ ਸਾਲ ਦੀ ਉਮਰ ਵਿਚ ਪੇਸ਼ ਆਈ। ਉਮਰ ਦੇ ਲਿਹਾਜ ਨਾਲ ਫਰੇਰੂ ਨੂੰ ਪੋਲਾਇਨ ਦਾ ਪਿਤਾ ਕਿਹਾ ਜਾ ਸਕਦਾ ਸੀ ਪਰ ਉਹ ਹਰ ਜਗ੍ਹਾ ਉਹਦੇ ਨਾਲ ਬੇਤਕੱਲਫ ਫਿਰਦੀ ਸੀ ਅਤੇ ਲੋਕਾਂ ਵਲੋਂ ਗੱਲਾਂ ਬਣਾਉਣ ਦੀ ਉਹਨੂੰ ਰਤਾ ਵੀ ਪਰਵਾਹ ਨਹੀਂ ਸੀ।

ਜਦੋਂ ਨੈਪੋਲੀਅਨ ਇਟਲੀ ਦੀਆਂ ਸੈਨਾਵਾਂ ਦਾ ਸੈਨਾਪਤੀ ਨੀਯਤ ਹੋਇਆ, ਉਸਨੇ ਇਸ ਬੇਜੋੜ ਇਸ਼ਕ ਦਾ ਸਿਲਸਿਲਾ ਖਤਮ ਕਰ ਦੇਣ ਦਾ ਨਿਸ਼ਚਾ ਕਰ ਲਿਆ। ਪੋਲਾਇਨ ਏਨੀ ਸੁੰਦਰ ਸੀ ਕਿ ਫਰਾਂਸ ਦੇ ਵੱਡੇ ਵੱਡੇ ਆਦਮੀ ਉਸਦੇ ਸੁਹੱਪਣ 'ਤੇ ਮਰਦੇ ਸਨ। ਉਹਦਾ ਨਾਂ ਅਣਗਿਣਤ ਪ੍ਰੇਮੀਆਂ ਨਾਲ ਜੁੜਿਆ ਰਿਹਾ। ਨੈਪੋਲੀਅਨ ਦਾ ਖਿਆਲ ਸੀ ਕਿ ਹਰਜਾਈ ਭੈਣ ਉਸ ਦੀ ਭਵਿੱਖ ਦੀ ਉਨਤੀ ਤੇ ਸ਼ਾਨ-ਸ਼ੌਕਤ ਦੇ ਰਾਹ ਵਿਚ ਰੋੜਾ ਸਿੱਧ ਹੋਵੇਗੀ, ਇਸ ਲਈ ਉਸ ਨੇ ਦ੍ਰਿੜ ਨਿਸ਼ਚਾ ਕਰ ਲਿਆ ਕਿ ਪੋਲਾਇਨ ਦੀ ਪਸੰਦ ਦੇ ਕਿਸੇ ਆਦਮੀ ਨਾਲ ਉਹਦਾ ਵਿਆਹ ਕਰ ਦੇਵੇਗਾ ਪਰ ਉਹਦੇ ਸਾਰੇ ਯਤਨ ਵਿਅਰਥ ਸਾਬਤ ਹੋਏ।

ਪੋਲਾਇਨ ਇਸ ਵੇਲੇ ਸੋਲ੍ਹਵੇਂ ਸਾਲ ਵਿਚ ਸੀ। ਉਹਦਾ ਸੁਹੱਪਣ ਡੁਲ੍ਹ-ਡੁਲ੍ਹ ਪੈਂਦਾ ਸੀ। ਸਰੀਰਕ ਤੌਰ 'ਤੇ ਉਹ ਮਨੁੱਖੀ ਸੁੰਦਰਤਾ ਦਾ ਅਦੁੱਤੀ ਨਮੂਨਾ ਸੀ। ਉਹ ਹਰ ਪ੍ਰਕਾਰ ਦੇ ਆਚਾਰ-ਵਿਹਾਰ ਵਲੋਂ ਬੇਪ੍ਰਵਾਹ ਸੀ। ਜੋ ਮੂੰਹ 'ਚ ਆਉਂਦਾ ਕਹਿ ਦਿੰਦੀ ਸੀ। ਗੰਭੀਰ ਤੋਂ ਗੰਭੀਰ ਵਿਅਕਤੀ ਦਾ ਮਖੌਲ ਉਡਾ ਦਿੰਦੀ।



ਸੋਲ੍ਹਾਂ ਸਾਲਾਂ ਦੀ ਉਮਰ ਇਸ ਅੱਲ੍ਹੜ ਛੋਹਰੀ ਸਾਹਵੇਂ ਇਟਲੀ ਦੇ ਸਭ ਤੋਂ ਵੱਡੇ ਸੈਨਾਪਤੀ ਦਾ ਰੋਹਬਦਾਬ ਠਿਗੁਣਾ ਸੀ।

ਆਖਰ ਪੋਲਾਇਨ ਨੂੰ ਮਿਲਾਨ ਬੁਲਾਇਆ ਗਿਆ ਜਿਥੇ ਉਸ ਦਾ ਨਾਮਵਰ ਭਰਾ ਆਸਟਰੀਆ ਵਾਲਿਆਂ ਨੂੰ ਹਾਰ ਦੇ ਕੇ ਉਨ੍ਹਾਂ ਪਾਸੋ ਮਨ-ਮਾਨੀਆਂ ਸ਼ਰਤਾਂ ਮੰਨਵਾ ਰਿਹਾ ਸੀ। ਇਕ ਦਿਨ ਨੈਪੋਲੀਅਨ ਨੇ ਪੋਲਾਇਨ ਨੂੰ ਆਪਣੀ ਫੌਜ ਦੇ ਇਕ ਅਫਸਰ ਵਿਕਟਰ ਅਮਾਨ-ਵੈਲ ਨਾਲ ਪ੍ਰੇਮ-ਕ੍ਰੀੜਾ ਕਰਦਿਆਂ ਵੇਖਿਆ। ਉਹਨੇ ਫੌਰਨ ਉਨ੍ਹਾਂ ਦੇ ਵਿਆਹ ਦਾ ਹੁਕਮ ਦੇ ਦਿੱਤਾ। ਕੁਝ ਸਮਾਂ ਬਾਅਦ ਪੋਲਾਇਨ ਨੇ ਆਪਣੇ ਪਤੀ ਨੂੰ ਇਕ ਪੁੱਤਰ ਪੇਸ਼ ਕਰ ਦਿਤਾ। ਇਸ ਤੋਂ ਮਗਰੋਂ ਵਿਕਟਰ ਰਣ ਖੇਤਰ ਵਲ ਰਵਾਨਾ ਹੋ ਗਿਆ ਤੇ ਪੋਲਾਇਨ ਨੂੰ ਪੈਰਿਸ ਦੇ ਇਕ ਸਕੂਲ ਵਿਚ ਭੇਜ ਦਿੱਤਾ ਗਿਆ, ਕਿਉਂਕਿ ਉਹਦੀ ਵਿਦਿਆ ਵਲ ਹੁਣ ਤਕ ਬਿਲਕੁਲ ਧਿਆਨ ਨਹੀਂ ਸੀ ਦਿੱਤਾ ਗਿਆ।

ਪੋਲਾਇਨ ਇਸ ਵੇਲੇ ਅਠਾਰ੍ਹਾਂ ਸਾਲਾਂ ਦੀ ਹੋ ਚੁੱਕੀ ਸੀ। ਉਸ ਦਾ ਦਰਜਾ ਵੀ ਵਧ ਚੁੱਕਾ ਸੀ। ਇਸ ਲਈ ਉਹ ਸਕੂਲ ਦੇ ਆਚਾਰ ਤੇ ਅਨੁਸ਼ਾਸਨ ਨੂੰ ਸਹਿਣ ਨਾ ਕਰ ਸਕੀ। ਉਸ ਨੇ ਸਕੂਲ ਦੇ ਹਰ ਨਿਯਮ ਨੂੰ ਤੋੜਨਾ ਆਪਣਾ ਨੇਮ ਬਣਾ ਲਿਆ। ਜੋ ਵੀ ਜੀ ਵਿਚ ਆਉਂਦਾ, ਕਰ ਮਾਰਦੀ। ਪੈਰਿਸ ਦੇ ਬਹੁਤੇ ਲੋਕ ਉਹਦੀਆਂ ਬੇਹੂਦਾ ਹਰਕਤਾਂ ਕਰਕੇ ਉਸ ਨਾਲ ਘ੍ਰਿਣਾ ਕਰਨ ਲੱਗੇ ਪਰ ਕਿਸੇ ਵੇਲੇ ਉਹ ਉਨ੍ਹਾਂ ਲਈ ਮਨੋਰੰਜਨ ਦਾ ਸਾਧਨ ਵੀ ਹਾਜ਼ਰ ਕਰ ਦਿੰਦੀ। ਉਹ ਕਾਹਵਾਖਾਨਿਆਂ ਵਿਚ ਨਿਧੜਕ ਚਲੀ ਜਾਂਦੀ। ਇਕ ਵਾਰ ਨਾਚ ਵਿਚ ਉਸ ਨੇ ਸ਼ਰਾਬ ਦੀ ਦੇਵੀ ਦਾ ਅਭਿਨੈ ਵੀ ਕੀਤਾ।

ਨੈਪੋਲੀਅਨ ਲਈ ਇਹ ਗੱਲਾਂ ਅਸਹਿ ਹੋ ਗਈਆਂ। ਉਸਨੇ ਵਿਕਟਰ ਨੂੰ ਹੈਟੀ ਦੀਪ ਵਿਚ ਇਕ ਪਦਵੀ 'ਤੇ ਨਿਯੁਕਤ ਕਰ ਦਿਤਾ ਤੇ ਪੋਲਾਇਨ ਨੂੰ ਉਹਦੇ ਨਾਲ ਜਾਣ ਦਾ ਹੁਕਮ ਦਿਤਾ। ਪਹਿਲੇ ਪਹਿਲ ਤਾਂ ਉਹ ਫਰਾਂਸ ਛੱਡਣ 'ਤੇ ਰਾਜ਼ੀ ਨਾ ਹੋਈ ਪਰ ਆਖਰਕਾਰ ਕੀਮਤੀ ਜਵਾਹਰਾਤ ਤੇ ਵਸਤਰਾਂ ਦੀ ਰਿਸ਼ਵਤ 'ਤੇ ਖੁਸ਼ ਹੋ ਕੇ ਉਹ ਆਪਣੇ ਪਤੀ ਨਾਲ ਰਵਾਨਾ ਹੋ ਗਈ। ਉਥੇ ਪਹੁੰਚਣ ਦੇ ਥੋੜ੍ਹਾ ਸਮਾਂ ਬਾਅਦ ਵਿਕਟਰ ਦਾ ਦਿਹਾਂਤ ਹੋ ਗਿਆ ਤੇ ਪੋਲਾਇਨ ਫੇਰ ਫਰਾਂਸ ਪਰਤ ਆਈ।

ਪਤੀ ਦੀ ਮੌਤ ਦਾ ਅਸਰ ਕੁਝ ਬਹੁਤਾ ਚਿਰ ਕਾਇਮ ਨਾ ਰਿਹਾ। ਛੇਤੀ ਉਹ ਆਪਣੇ ਭਰਾ ਦੇ ਅਧੀਨ ਜਰਨੈਲਾਂ ਨਾਲ ਕਲੋਲਾਂ ਕਰਨ ਲੱਗੀ। ਫੇਰ ਉਹ ਇਕ ਐਕਟਰ 'ਤੇ ਆਸ਼ਕ ਹੋ ਗਈ ਪਰ ਨਾਲ ਹੀ ਰਾਜਕੁਮਾਰ ਗਾਸਟੀਲਾ ਨਾਲ ਵੀ ਪ੍ਰੀਤ ਚਲਦੀ ਰਹੀ। ਨੈਪੋਲੀਅਨ ਨੂੰ ਜਦੋਂ ਇਸ ਦਾ ਪਤਾ ਲੱਗਾ ਤਾਂ ਉਸਨੇ ਫੌਰਨ ਉਸ ਨੂੰ ਰਾਜਕੁਮਾਰ ਨਾਲ ਵਿਆਹ ਕਰ ਲੈਣ ਦਾ ਆਦੇਸ਼ ਦਿਤਾ। ਪੋਲਾਇਨ ਅਨਮੰਨੀ ਜਿਹੀ ਇਸ ਆਦੇਸ਼ ਦੀ ਪਾਲਨਾ ਲਈ ਤਿਆਰ ਹੋ ਗਈ। ਇਟਲੀ ਵਿਚ ਬਹੁਤ ਵੱਡੀ ਜਾਇਦਾਦ ਤੇ ਪੈਰਿਸ ਵਿਚ ਇਕ ਮਹੱਲ ਭਰਾ ਨੇ ਦਿਤਾ।

ਨੈਪੋਲੀਅਨ ਦਾ ਖਿਆਲ ਸੀ ਕਿ ਹੁਣ ਉਸ ਦਾ ਹਰਜਾਈਪੁਣਾ ਦੂਰ ਹੋ ਜਾਏਗਾ ਪਰ ਇਹ ਜੁਗਤ ਵੀ ਕੰਮ ਨਾ ਆਈ। ਉਮਰ ਦੇ ਨਾਲ-ਨਾਲ ਪੋਲਾਇਨ ਦੀ ਦਲੇਰੀ ਵੀ ਵਧਦੀ ਗਈ। ਉਹਨੂੰ ਆਪਣੇ ਪਤੀ ਦੀ ਜ਼ਰਾ ਵੀ ਪ੍ਰਵਾਹ ਨਹੀਂ ਸੀ। ਉਹ ਐਕਟਰਾਂ ਤੇ ਫੌਜੀ ਅਫਸਰਾਂ ਨਾਲ ਸ਼ੋਖੀ ਤੇ ਦਿਲਲਗੀ ਤੋਂ ਕਿਸੇ ਤਰ੍ਹਾਂ ਵੀ ਬਾਜ਼ ਨਹੀਂ ਆਉਂਦੀ ਸੀ। ਉਸ ਦੀ ਅੱਤਾਂ ਦੀ ਦਲੇਰੀ ਤੇ ਆਪਹੁਦਰੇਪਨ ਦਾ ਕ੍ਰਿਸ਼ਮਾ ਇਹ ਸੀ ਕਿ ਉਹ ਇਕ ਮੂਰਤੀਕਾਰ ਦੇ ਮਸ਼ਹੂਰ ਬੁੱਤ 'ਵੀਨਸ' ਲਈ ਨਮੂਨਾ ਬਣ ਕੇ ਬੈਠ ਗਈ। ਹੁਣ ਤਾਂ ਨੈਪੋਲੀਅਨ ਗੁੱਸੇ ਨਾਲ ਪਾਗਲ ਹੋ ਗਿਆ ਹੋ ਉਠਿਆ। ਉਸਨੇ ਗਰਜ ਕੇ ਪੁੱਛਿਆ, ''ਤੂੰ ਇਕ ਪੱਥਰਘਾੜੇ ਦੇ ਸਾਹਮਣੇ ਨੰਗੀ ਕਿਵੇਂ ਖਲੋ ਸਕੀ?''

ਪਰ ਪੋਲਾਇਨ ਨੇ ਬੜੇ ਸਹਿਜਤਾ ਉਤਰ ਦਿਤਾ, ''ਵੀਰ ਜੀ! ਨੰਗੀ ਹੋਣ ਵਿਚ ਕੀ ਖਤਰਾ ਸੀ, ਉਥੇ ਅੱਗ ਤਾਂ ਬਲ ਰਹੀ ਸੀ।''

ਹੁਣ ਨੈਪੋਲੀਅਨ ਦੇ ਤੇਜ਼ ਦਾ ਸੂਰਜ ਡੁੱਬਣ ਲੱਗਾ ਸੀ। ਆਖਰ ਜਦੋਂ ਉਸਨੂੰ ਸਿੰਘਾਸਣ ਤੋਂ ਲੱਥਣਾ ਪਿਆ ਤਾਂ ਪੋਲਾਇਨ ਦੇ ਦਿਲ ਵਿਚ ਵੀ ਭਰਾ ਦਾ ਮੋਹ ਉਮੜ ਪਿਆ। ਉਹ ਉਸ ਦੇ ਨਾਲ ਜਲਾਵਤਨ ਹੋ ਗਈ। ਉਹਨੇ ਆਪਣੇ ਭਰਾ ਦੀ ਹਰ ਸੰਭਵ ਸਹਾਇਤਾ ਕੀਤੀ। ਇਥੋਂ ਤਕ ਕਿ ਉਹ ਫੇਰ ਫਰਾਂਸ ਵਾਪਸ ਆ ਗਿਆ ਪਰ ਵਾਟਰਲੂ ਦੀ ਲੜਾਈ ਤੋਂ ਬਾਅਦ ਪੋਲਾਇਨ ਦੀ ਸਿਹਤ ਜਵਾਬ ਦੇ ਗਈ ਤੇ ਉਹ ਆਪਣੇ ਭਰਾ ਨਾਲ ਸੇਂਟ ਹੈਲਿਨਾ ਨਾ ਜਾ ਸਕੀ। ਨੈਪੋਲੀਅਨ ਦੇ ਜਾਣ ਤੋਂ ਥੋੜ੍ਹਾ ਹੀ ਸਮਾਂ ਬਾਅਦ ਪੋਲਾਇਨ ਨਾਸੂਰ ਦੇ ਰੋਗ ਨਾਲ ਮਰ ਗਈ। ਆਪਣੇ ਮਰਨ ਦੇ ਦਿਨ ਉਸ ਨੇ ਸ਼ੀਸ਼ਾ ਮੰਗਵਾਇਆ। ਦੇਰ ਤਕ ਉਸ ਵਿਚ ਆਪਣੀ ਸੂਰਤ ਵੇਖਦੀ ਰਹੀ। ਆਖਰ ਕਹਿਣ ਲਗੀ, ''ਪਰਮਾਤਮਾ ਦਾ ਸ਼ੁਕਰ ਹੈ, ਮੈਂ ਅਜੇ ਵੀ ਸੁੰਦਰ ਹਾਂ।''

ਇਹ ਉਸਦੇ ਅੰਤਲੇ ਸ਼ਬਦ ਸਨ।

***ਅਨੁਵਾਦ-ਕਰਤਾਰ ਸਿੰਘ ਚਾਵਲਾ***

# ਮਾਮਲਾ ਸਿਰਦਾਰ ਕਪੂਰ ਸਿੰਘ ਦੀ ਜ਼ਿੱਦ ਦਾ

**ਅਲਬੇਲ ਸਿੰਘ ਗਰੇਵਾਲ**

ਕਈ ਵੇਰ ਨੌਕਰੀ ਕਰਦਿਆਂ ਕੁਝ ਅਜਿਹੀਆਂ ਪ੍ਰਸਥਿਤੀਆਂ ਵਿਚ ਫਸ ਜਾਈਦਾ ਹੈ ਜਿਨ੍ਹਾਂ ਵਿਚੋਂ ਬਚ ਕੇ ਨਿਕਲਣਾ ਅਸੰਭਵ ਲੱਗਣ ਲਗ ਪੈਂਦਾ ਹੈ ਪਰ ਅਸੰਭਵ ਜਾਪਦੀ ਔਕੜ ਕਿਸੇ ਛੋਟੀ ਜਿਹੀ ਜੁਗਤ ਨਾਲ ਝਟਪਟ ਸਰਲ ਹੀ ਨਹੀਂ ਹੋ ਜਾਂਦੀ ਸਗੋਂ ਬਾਅਦ ਵਿਚ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਉਹ ਔਕੜ ਕੋਈ ਔਕੜ ਹੀ ਨਹੀਂ ਸੀ। 1966-67 ਦੀ ਗੱਲ ਹੈ ਜਦੋਂ ਮੇਰੇ ਨਾਲ ਕੁਝ ਅਜਿਹਾ ਹੀ ਹੋਇਆ।

ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌ ਸਾਲਾ ਜਨਮ ਦਿਵਸ ਸਾਰੇ ਦੇਸ਼ ਵਿਚ ਮਨਾਇਆ ਜਾ ਰਿਹਾ ਸੀ। ਇਸ ਸਬੰਧ ਵਿਚ ਰੇਡੀਓ ਸਟੇਸ਼ਨ ਜਲੰਧਰ ਤੋਂ ਵੀ ਸਾਰਾ ਸਾਲ ਬਹੁਤ ਸਾਰੇ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਰਹੇ ਕਿਉਂਕਿ ਬਹੁਤ ਸਾਰੇ ਉਘੇ ਵਿਅਕਤੀ, ਲੇਖਕ, ਪ੍ਰੋਫੈਸਰ, ਵਿਦਵਾਨ ਅਤੇ ਦਾਨਸ਼ਵਰ ਚੰਡੀਗੜ੍ਹ ਜਾਂ ਆਸਪਾਸ ਦੇ ਸ਼ਹਿਰਾਂ ਜਿਵੇਂ ਕਿ ਪਟਿਆਲਾ, ਅੰਬਾਲਾ ਜਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਵੀ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀਆਂ ਰੇਡੀਓ ਵਾਰਤਾਵਾਂ ਦੀ ਰਿਕਾਰਡਿੰਗ ਚੰਡੀਗੜ੍ਹ ਦੇ 19 ਸੈਕਟਰ ਸਥਿਤ ਸਟੂਡੀਓ ਵਿਚ ਹੀ ਕਰਨੀ ਪੈਂਦੀ ਸੀ ਅਤੇ ਟੇਪ ਰਿਕਾਰਡਿੰਗ ਦੀ ਕਾਪੀ ਜਲੰਧਰ ਨੂੰ ਪ੍ਰਸਾਰਨ ਲਈ ਭੇਜ ਦਿੱਤੀ ਜਾਂਦੀ ਸੀ।

ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਆਪਣੇ ਸਮੇਂ ਦੀ ਬੜੀ ਵਿਦਵਾਨ ਸ਼ਖਸੀਅਤ ਸਨ। ਉਨ੍ਹਾਂ ਨੂੰ ਜਲੰਧਰ ਰੇਡੀਓ ਸਟੇਸ਼ਨ ਤੋਂ ਗੁਰੂ ਗੋਬਿੰਦ ਸਿੰਘ ਬਾਰੇ ਇਕ ਵਾਰਤਾ ਚੰਡੀਗੜ੍ਹ ਸਟੂਡੀਓ ਵਿਚ ਰਿਕਾਰਡਿੰਗ ਕਰਨ ਲਈ ਬੇਨਤੀ ਕੀਤੀ ਗਈ। ਰਿਕਾਰਡਿੰਗ ਦਾ ਸਮਾਂ ਅਤੇ ਤਰੀਕ ਬਾਰੇ ਮੈਂ ਉਨ੍ਹਾਂ ਨੂੰ ਸੂਚਿਤ ਕਰ ਦਿੱਤਾ। ਮੈਂ ਉਨ੍ਹਾਂ ਦਿਨਾਂ ਵਿਚ ਚੰਡੀਗੜ੍ਹ ਵਿਖੇ ਪ੍ਰੋਗਰਾਮ ਅਧਿਕਾਰੀ ਦੇ ਤੌਰ 'ਤੇ ਤਾਇਨਾਤ ਸਾਂ।

ਸਿਰਦਾਰ ਕਪੂਰ ਸਿੰਘ ਨਿਯਤ ਤਰੀਕ 'ਤੇ ਮਿਥੇ ਸਮੇਂ ਉਪਰ ਰੇਡੀਓ ਸਟੇਸ਼ਨ ਪਹੁੰਚ ਗਏ। ਆਪਣੀ ਵਾਰਤਾ ਦੀ ਸਕਰਿਪਟ ਉਹ ਨਾਲ ਲੈ ਕੇ ਆਏ ਸਨ। ਮੈਂ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਸਟੂਡੀਓ ਵਿਚ ਲੈ ਗਿਆ। ਉਨ੍ਹਾਂ ਦੇ ਨਾਲ ਗਿਆਨੀ ਗੁਰਦਿੱਤ ਸਿੰਘ ਸਨ। ਮੈਂ ਉਨ੍ਹਾਂ ਨੂੰ ਵੀ ਨਾਲ ਹੀ ਅੰਦਰ ਬੈਠਾ ਲਿਆ।

ਰਿਕਾਰਡਿੰਗ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸਕਰਿਪਟ ਦੀ ਕਾਪੀ ਪੜ੍ਹਨ ਵਾਸਤੇ ਲੈ ਲਈ। ਦਸ ਮਿੰਟ ਦੀ ਵਾਰਤਾ ਸੀ ਤੇ ਮੈਨੂੰ ਵੀ ਪੜ੍ਹਨ ਲਈ ਕੇਵਲ ਇੰਨਾ ਹੀ ਸਮਾਂ ਲੱਗਿਆ। ਮੈਨੂੰ ਉਸ ਵਿਚ ਇਕ-ਦੋ ਅਜਿਹੀਆਂ ਗੱਲਾਂ ਲੱਗੀਆਂ ਜੋ ਰੇਡੀਓ ਸਟੇਸ਼ਨ ਦੀ ਪਾਲਿਸੀ ਦੇ ਅਨੁਕੂਲ ਨਹੀਂ ਸਨ। ਉਨ੍ਹਾਂ ਵਿਚੋਂ ਇਕ ਸੀ ਵਾਰਤਾ ਖਤਮ ਹੋਣ ਤੋਂ ਬਾਅਦ ਉਨ੍ਹਾਂ ਵਲੋਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ' ਦਾ ਜੈਕਾਰਾ ਬੋਲਣ ਦੀ, ਜੋ ਕਿ ਉਨ੍ਹਾਂ ਨੇ ਆਪਣੀ ਸਕਰਿਪਟ ਵਿਚ ਲਿਖਿਆ ਹੋਇਆ ਸੀ।

ਬੜੀ ਨਿਮਰਤਾ ਨਾਲ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਹ ਜੈਕਾਰਾ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਨਹੀਂ ਹੋ ਸਕੇਗਾ। ਉਨ੍ਹਾਂ ਦਾ ਤਰਕ ਸੀ ਕਿ ਜੇ ਸਰਕਾਰੀ ਮੰਤਰੀ ਤੇ ਹੋਰ ਅਧਿਕਾਰੀ ਆਏ ਦਿਨ 'ਜੈ ਹਿੰਦ' ਬੋਲਦੇ ਰਹਿੰਦੇ ਹਨ ਤਾਂ ਉਹ ਜੈਕਾਰਾ ਕਿਉਂ ਨਹੀਂ ਬੋਲ ਸਕਦੇ! ਮੈਂ ਸਮਝਾਇਆ ਕਿ 'ਜੈ ਹਿੰਦ' ਸਾਡਾ ਕੌਮੀ ਨਾਅਰਾ ਹੈ ਅਤੇ ਰੇਡੀਓ ਸਟੇਸ਼ਨ ਦੀ ਪਾਲਿਸੀ ਅਨੁਸਾਰ ਰਾਜਾਂ ਵਿਚ ਇਹ ਨਾਅਰਾ ਕੇਵਲ ਗਵਰਨਰ, ਮੁੱਖ ਮੰਤਰੀ ਜਾਂ ਦੂਸਰੇ ਮੰਤਰੀ ਹੀ ਆਪਣੀ ਵਾਰਤਾ ਦੇ ਸ਼ੁਰੂ ਜਾਂ ਆਖਰ ਵਿਚ ਬੋਲ ਸਕਦੇ ਹਨ ਤੇ ਕੋਈ ਵੀ ਸਰਕਾਰੀ ਅਧਿਕਾਰੀ ਜਾਂ ਹੋਰ ਆਦਮੀ



*ਸਿਰਦਾਰ ਕਪੂਰ ਸਿੰਘ*

ਇਸ ਨਾਅਰੇ ਨੂੰ ਵੀ ਆਪਣੀ ਵਾਰਤਾ ਦੇ ਅੰਤ 'ਤੇ ਨਹੀਂ ਬੋਲ ਸਕਦਾ। ਇਸ ਲਈ 'ਜੈ ਹਿੰਦ' ਦੇ ਨਾਅਰੇ ਦੀ ਰੀਤ ਦਾ ਬਹਾਨਾ ਲਾ ਕੇ ਕੋਈ ਧਾਰਮਿਕ ਜਾਂ ਹੋਰ ਕਿਸੇ ਤਰ੍ਹਾਂ ਦਾ ਨਾਅਰਾ, ਵਾਰਤਾ ਦੇ ਅੰਤ 'ਤੇ ਨਹੀਂ ਬੋਲਿਆ ਜਾ ਸਕਦਾ।

ਸਾਡੀ ਬਹਿਸ ਛਿੜ ਪਈ। ਸਿਰਦਾਰ ਕਪੂਰ ਸਿੰਘ ਜ਼ੋਰ ਦੇ ਰਹੇ ਸਨ ਕਿ ਇਹ ਜੈਕਾਰਾ ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਹੋਇਆ ਅਤੇ ਕਿਉਂਕਿ ਉਹ ਆਪਣੀ ਵਾਰਤਾ ਉਨ੍ਹਾਂ ਬਾਰੇ ਹੀ ਬੋਲ ਰਹੇ ਸਨ ਇਸ ਲਈ ਉਹ ਇਸ ਜੈਕਾਰੇ ਤੋਂ ਬਗੈਰ ਰਿਕਾਰਡਿੰਗ ਨਹੀਂ ਕਰਵਾਉਣਗੇ। ਮੈਂ ਕਹਿ ਰਿਹਾ ਸੀ ਕਿ ਉਹ ਇਸ ਜੈਕਾਰੇ ਨੂੰ ਵਾਰਤਾ ਦੇ ਅੰਦਰ, ਵਾਰਤਾ ਦਾ ਭਾਗ ਬਣਾ ਕੇ ਇਸ ਦੀ ਮਹੱਤਤਾ ਦੱਸ ਕੇ, ਬੋਲ ਸਕਦੇ ਸਨ ਪਰ ਅੰਤ 'ਤੇ ਜੈਕਾਰੇ ਦੀ ਤਰ੍ਹਾਂ ਵੱਖਰਾ ਕਰ ਕੇ ਨਹੀਂ ਬੋਲ ਸਕਦੇ। ਆਪਣੇ ਆਪਣੇ ਨੁਕਤੇ 'ਤੇ ਅਸੀਂ ਦੋਵੇਂ ਜਣੇ ਅੜੇ ਰਹੇ ਤੇ ਜਾਪਿਆ ਕਿ ਹੁਣ ਇਸ ਦਾ ਹੱਲ ਸੰਭਵ ਨਹੀਂ ਹੈ ਤੇ ਨਤੀਜੇ ਵਜੋਂ ਸਿਰਦਾਰ ਕਪੂਰ ਸਿੰਘ ਬਿਨਾਂ ਆਪਣੀ ਵਾਰਤਾ ਰਿਕਾਰਡ ਕਰਾਏ ਹੀ ਚਲੇ ਜਾਣਗੇ।

ਠੀਕ ਉਸੇ ਸਮੇਂ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਰਾਇ ਦੇਣੀ ਚਾਹੀ। ਉਨ੍ਹਾਂ ਕਿਹਾ ਕਿ ਕੋਈ ਅਜਿਹਾ ਹੱਲ ਲੱਭ ਲਈਏ ਜਿਸ ਨਾਲ ਸਿਰਦਾਰ ਕਪੂਰ ਸਿੰਘ ਦੀ ਜ਼ਿੱਦ ਕਿ ਜੈਕਾਰਾ ਵਾਰਤਾ ਦੇ ਅੰਤ 'ਤੇ ਹੀ ਬੋਲਣਾ ਹੈ, ਵੀ ਪੂਰੀ ਹੋ ਜਾਏ ਤੇ ਰੇਡੀਓ ਸਟੇਸ਼ਨ ਦੀ ਪਾਲਿਸੀ ਵੀ ਕਾਇਮ ਰਹੇ।

ਮੈਨੂੰ ਉਸ ਵੇਲੇ ਇਕ ਸੁਝਾਅ ਸੁਝਿਆ। ਮੈਂ ਇਨ੍ਹਾਂ ਦੀ ਇਸ ਦਲੀਲ ਨੂੰ ਸਿਰ ਮੱਥੇ ਮੰਨਦੇ ਹੋਇਆਂ ਕੇਵਲ ਇਕ ਛੋਟੀ ਜਿਹੀ ਤਰਮੀਮ ਦੀ ਪੇਸ਼ਕਸ਼ ਕੀਤੀ ਕਿ ਜੇਕਰ ਸਿਰਦਾਰ ਕਪੂਰ ਸਿੰਘ ਵਾਰਤਾ ਦੇ ਅੰਤ ਉਪਰ ਅਤੇ ਜੈਕਾਰੇ ਤੋਂ ਪਹਿਲਾਂ ਇਕ ਲਾਈਨ ਹੋਰ ਇਸ ਤਰ੍ਹਾਂ ਬੋਲ ਦੇਣ ਕਿ ''ਗੁਰੂ ਗੋਬਿੰਦ ਸਿੰਘ ਜੀ ਦੇ ਫਲਸਫੇ ਦਾ ਨਿਚੋੜ ਉਨ੍ਹਾਂ ਵਲੋਂ ਪੰਥ ਨੂੰ ਦਿੱਤੇ ਇਸ ਜੈਕਾਰੇ ਵਿਚ ਪ੍ਰਾਪਤ ਹੈ-ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ'', ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਕਿਉਂਕਿ ਇਸ ਤਰ੍ਹਾਂ ਨਾਲ ਇਹ ਜੈਕਾਰਾ ਵਾਰਤਾ ਦਾ ਭਾਗ ਬਣ ਜਾਏਗਾ ਤੇ ਵੱਖਰਾ ਨਹੀਂ ਲੱਗੇਗਾ।

ਗਿਆਨੀ ਗੁਰਦਿੱਤ ਸਿੰਘ ਹੋਰਾਂ ਨੂੰ ਨਾਲ ਬਿਠਾਉਣਾ ਮੈਨੂੰ ਬਹੁਤ ਸਹਾਈ ਸਿੱਧ ਹੋਇਆ ਕਿਉਂਕਿ ਤਰਮੀਮ ਸਿਰਦਾਰ ਕਪੂਰ ਸਿੰਘ ਨੂੰ ਮਨਜ਼ੂਰ ਹੋ ਜਾਏ, ਇਹ ਕੰਮ ਉਨ੍ਹਾਂ ਤੋਂ ਬਿਨਾ ਉਸ ਵੇਲੇ ਕੋਈ ਹੋਰ ਨਹੀਂ ਸੀ ਕਰ ਸਕਦਾ।

ਸਿਰਦਾਰ ਕਪੂਰ ਸਿੰਘ ਨੇ ਕਾਫੀ ਨਾਂਹ-ਨੁੱਕਰ ਤੋਂ ਬਾਅਦ ਆਖਰ ਸਾਡੀ ਗੱਲ ਮੰਨ ਲਈ ਤੇ ਰਿਕਾਰਡਿੰਗ ਕਰਵਾ ਲਈ। ਰਿਕਾਰਡਿੰਗ ਖਤਮ ਹੋਣ ਤੋਂ ਬਾਅਦ ਹਾਲੇ ਵੀ ਜਿਵੇਂ ਉਨ੍ਹਾਂ ਨੂੰ ਆਪਣੀ ਜ਼ਿੱਦ ਨਾ ਪੁੱਗਣ 'ਤੇ ਮਨ ਅੰਦਰ ਗੁੱਸਾ ਹੋਵੇ। ਮੈਨੂੰ ਕਹਿਣ ਲੱਗੇ, ''ਹੁਣ ਤੇ ਤੈਨੂੰ ਤਰੱਕੀ ਮਿਲ ਜਾਏਗੀ ਕਿਉਂਕਿ ਤੂੰ ਸਰਕਾਰ ਪ੍ਰਤੀ ਆਪਣੀ ਵਫ਼ਾਦਾਰੀ ਪੂਰੀ ਕਰ ਲਈ?'' ਮੈਨੂੰ ਗੁੱਸਾ ਬਹੁਤ ਆਇਆ ਪਰ ਮੈਂ ਆਪਣੇ ਆਪ 'ਤੇ ਕਾਬੂ ਪਾ ਕੇ ਉਨ੍ਹਾਂ ਦੇ ਕਟਾਕਸ਼ ਦਾ ਉਤਰ ਦਿੱਤਾ, ''ਸਿਰਦਾਰ ਸਾਹਿਬ, ਤੁਸੀਂ ਵਿਦਵਾਨ ਵੀ ਹੋ ਤੇ ਆਈ.ਸੀ.ਐਸ. ਵੀ ਰਹੇ ਹੋ, ਇਸ ਲਈ ਤੁਸੀਂ ਚੰਗੀ ਤਰ੍ਹਾਂ ਸਮਝਦੇ ਹੋ ਕਿ ਤਰੱਕੀ ਇਨ੍ਹਾਂ ਗੱਲਾਂ ਨਾਲ ਨਹੀਂ ਮਿਲਦੀ। ਹਾਂ, ਜੇਕਰ ਤੁਸੀਂ ਆਪਣੀ ਜ਼ਿੱਦ ਪੂਰੀ ਕਰ ਕੇ ਰਿਕਾਰਡਿੰਗ ਉਸੇ ਤਰ੍ਹਾਂ ਕਰਵਾ ਲੈਂਦੇ ਤਾਂ ਮੇਰੀ ਨੌਕਰੀ ਦੀ ਜ਼ਰੂਰ ਖੈਰ ਨਹੀਂ ਸੀ ਹੋਣੀ।''

ਮੇਰੀ ਜਾਣਕਾਰੀ ਹੈ ਕਿ ਇਸ ਘਟਨਾ ਤੋਂ ਬਾਅਦ ਸਿਰਦਾਰ ਕਪੂਰ ਸਿੰਘ ਨੂੰ ਰੇਡੀਓ ਸਟੇਸ਼ਨ ਜਲੰਧਰ ਤੋਂ ਕਦੇ ਕੋਈ ਬੁਲਾਵਾ ਨਹੀਂ ਮਿਲਿਆ।

# ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ

## ਰੰਗ-ਬੇਰੰਗ

ਹੁਣ ਜਦੋਂ ਮੈਂ ਅਮਰੀਕਾ ਦੇ ਚਾਰ ਵੱਡੇ ਸ਼ਹਿਰਾਂ ਵਿਚ ਜਾਣੇ ਜਾਂਦੇ ਇਕ ਸ਼ਹਿਰ ਸ਼ਿਕਾਗੋ, ਜਿਸ ਦਾ ਨਾਂ ਕਾਮਰੇਡਾਂ ਤੋਂ ਸ਼ਹੀਦਾਂ ਦੀ ਧਰਤੀ ਕਰਕੇ ਸੁਣਦੇ ਆਏ ਸਾਂ, ਵਿਚ ਵੱਸਦਾ ਹਾਂ ਤਾਂ ਮੈਨੂੰ ਕਈ ਵਾਰ ਆਪਣਾ ਪਿੰਡ ਕੁੱਤੇਵੱਢ ਚੇਤੇ ਆ ਜਾਂਦਾ ਹੈ। ਪਿੰਡ ਦੇ ਨਾਂ ਤੋਂ ਹੀ ਸ਼ਾਇਦ ਕਈਆਂ ਨੂੰ ਹਾਸਾ ਆ ਜਾਵੇ ਪਰ ਤੁਸੀਂ ਜਾਣਦੇ ਹੀ ਹੋ ਕਿ ਪਿੰਡਾਂ ਦੇ ਨਾਂ ਇਸੇ ਤਰ੍ਹਾਂ ਹੀ ਪੈ ਜਾਇਆ ਕਰਦੇ ਹਨ ਅਤੇ ਫਿਰ ਬਦਲਣ ਦੇ ਲੱਖ ਯਤਨ ਕਰਨ ਦੇ ਬਾਵਜੂਦ ਵੀ ਨਵੇਂ ਨਾਂ ਲੋਕਾਂ ਦੀ ਜ਼ੁਬਾਨ ਉਤੇ ਨਹੀਂ ਚੜ੍ਹਦੇ ਜਿਵੇਂ ਰੋਪੜ ਨੂੰ ਲੱਖ ਰੂਪਨਗਰ ਲਿਖੀ ਜਾਵੋ, ਲੋਕਾਂ ਦੀ ਜ਼ੁਬਾਨ 'ਤੇ ਰੋਪੜ ਹੀ ਰਹੇਗਾ।

**ਅਮੋਲਕ ਸਿੰਘ ਜੰਮੂ**

ਫਿਰ ਵੀ ਮੇਰੇ ਪਿੰਡ ਦਾ ਨਾਂ ਇੱਡਾ ਵੀ ਭੈੜਾ ਨਹੀਂ ਜਿੰਨਾ ਕਈ ਹੋਰ ਪਿੰਡਾਂ ਦਾ ਹੈ। ਜੇ ਇਸ ਪਿੰਡ ਦੀਆਂ ਕੁਝ ਖਾਸੀਅਤਾਂ ਵੱਲ ਨਿਗਾਹ ਮਾਰੀਏ ਤਾਂ ਉਹ ਵੀ ਘੱਟ ਦਿਲਚਸਪ ਨਹੀਂ ਹਨ।

ਇਹ ਵੀ ਸਹੀ ਹੈ ਕਿ ਪਿੰਡ ਕੁੱਤੇਵੱਢ ਤੋਂ ਚੰਡੀਗੜ੍ਹ ਅਤੇ ਚੰਡੀਗੜ੍ਹ ਤੋਂ ਅਮਰੀਕਾ ਦਾ ਸਫਰ ਪੈਂਡੇ ਵਜੋਂ ਤਾਂ ਲੰਮਾ ਹੈ ਹੀ ਪਰ ਜਿਨ੍ਹਾਂ ਵੇਲਿਆਂ ਦੀ ਮੈਂ ਗੱਲ ਹੁਣ ਕਰਨ ਲੱਗਾ ਹਾਂ ਉਨ੍ਹਾਂ ਵੇਲਿਆਂ ਵਿਚ ਅਜਿਹਾ ਸੋਚਣਾ ਵੀ ਔਖਾ ਸੀ। ਹਰਿਆਣਾ ਦੇ ਉਦੋਂ ਹਿਸਾਰ ਅਤੇ ਹੁਣ ਸਿਰਸਾ ਜ਼ਿਲੇ ਦੇ ਲਹਿੰਦੇ ਵੱਲ ਸਿਰਸਾ ਸ਼ਹਿਰ ਤੋਂ ਕੋਈ ਤੀਹ ਕਿਲੋਮੀਟਰ ਦਰਿਆ ਘੱਗਰ ਦੇ ਕੰਢੇ ਇਹ ਪਿੰਡ ਵੱਸਿਆ ਹੋਇਆ ਹੈ। ਇਹ ਘੱਗਰ ਦਰਿਆ ਜੇ ਗਰਮੀਆਂ ਦੇ ਸ਼ੁਰੂ ਵਿਚ ਵੇਖੀਏ ਤਾਂ ਕੁਝ ਵੀ ਨਹੀਂ ਸ਼ਾਇਦ ਇਸੇ ਕਰਕੇ ਇਸ ਨੂੰ ਨਾਲੀ ਕਰਕੇ ਵੀ ਜਾਣਿਆ ਜਾਂਦਾ ਹੈ ਪਰ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ ਕਿ ਜਦੋਂ ਇਹ ਤਬਾਹੀ ਮਚਾਉਂਦਾ ਸੀ ਤਾਂ ਕਿਸੇ ਵੱਡੇ ਤੋਂ ਵੱਡੇ ਦਰਿਆ ਤੋਂ ਵੀ ਘੱਟ ਨਹੀਂ ਸੀ ਹੁੰਦਾ। ਇਹ ਦਰਿਆ ਚੰਡੀਗੜ੍ਹ ਤੋਂ ਉਪਰ ਵੱਲ ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਨਾਡਾ ਸਾਹਿਬ ਦੇ ਨਜ਼ਦੀਕ ਮੈਦਾਨੀ ਇਲਾਕੇ ਵਿਚ ਦਾਖਲ ਹੁੰਦਾ ਹੈ। ਅੱਗੋਂ ਰਾਹ ਵਿਚ ਦਰਿਆ ਮਾਰਕੰਡਾ, ਸਮੇਤ ਕਈ ਛੋਟੀਆਂ ਵੱਡੀਆਂ ਨਦੀਆਂ ਇਸ ਵਿਚ ਸਮਾ ਕੇ ਗਤੀ ਹਾਸਲ ਕਰਦੀਆਂ ਹਨ।

ਮੇਰੇ ਬਜ਼ੁਰਗ ਪਾਕਿਸਤਾਨ ਦੇ ਜ਼ਿਲਾ ਲਾਇਲਪੁਰ ਤੋਂ ਉਜੜ-ਪੁਜੜ ਕੇ ਬੀਕਾਨੇਰ ਦੇ ਧੱਕੇ-ਧੌੜੇ ਖਾ ਇਸੇ ਪਿੰਡ ਸੰਨ 1950 ਵਿਚ ਆ ਚੁੱਕੇ ਸਨ। ਉਨ੍ਹਾਂ ਦਿਨਾਂ ਵਿਚ ਸਾਰੇ ਇਲਾਕੇ ਵਿਚ ਗਰਮੀਆਂ ਵਿਚ ਪੀਣ ਵਾਲਾ ਪਾਣੀ ਵੀ ਨਹੀਂ ਸੀ ਮਿਲਦਾ ਹੁੰਦਾ। ਮੈਂ ਕਈ ਖੁਦ ਬਾਗੜੀ ਬਜ਼ੁਰਗਾਂ ਤੋਂ ਸੁਣਿਆ ਹੈ ਕਿ ਸੰਨ 47 ਤੋਂ ਪਹਿਲਾਂ ਇਸ ਇਲਾਕੇ ਵਿਚ ਪਾਣੀ ਦੀ ਇੰਨੀ ਕਮੀ ਸੀ ਕਿ ਜੇ ਕੋਈ ਰਾਹ ਜਾਂਦਾ ਰਾਹੀ ਰਾਮ ਰਾਮ ਵੀ ਬੁਲਾ ਦਿੰਦਾ ਤਾਂ ਅੱਗੋਂ ਜਵਾਬ ਮਿਲਦਾ, 'ਕੀਸੀ ਰਾਮ ਰਾਮ, ਪਾਣੀ ਮਾਂਗੇਗਾ ਕੇ।' ਪਰ ਬਾਅਦ ਵਿਚ ਬਾਰਾਂ ਵਿਚੋਂ ਉਜੜ ਕੇ ਆਏ ਲੋਕਾਂ ਨੇ ਇਸ ਇਲਾਕੇ ਵਿਚ ਅਜਿਹੀਆਂ ਲਹਿਰਾਂ-ਬਹਿਰਾਂ ਕੀਤੀਆਂ ਕਿ ਉਪਜਾਊਪਣ ਪੱਖੋਂ ਇਹ ਇਲਾਕਾ ਪੂਰੇ ਹਰਿਆਣੇ ਵਿਚ ਮੋਹਰੀ ਗਿਣਿਆ ਜਾਂਦਾ ਹੈ। ਮੈਂ ਇਸੇ ਪਿੰਡ ਕੁੱਤੇਵੱਢ ਵਿਚ 1955 ਵਿਚ ਜਨਮ ਲਿਆ।

ਮੇਰੇ ਬਜ਼ੁਰਗਾਂ ਪਾਸ ਜੱਦੀ ਜ਼ਮੀਨ ਕੋਈ ਨਹੀਂ ਸੀ ਜੋ ਉਨ੍ਹਾਂ ਨੂੰ ਇਧਰ ਅਲਾਟ ਹੋ ਜਾਂਦੀ। ਮੇਰਾ ਦਾਦਾ ਹਰਨਾਮ ਸਿੰਘ ਤੇ ਉਨ੍ਹਾਂ ਦਾ ਭਰਾ ਸ਼ਾਮ ਸਿੰਘ ਜਲੰਧਰ ਜ਼ਿਲੇ ਦੇ ਪਿੰਡ ਫੁੱਲ ਤੋਂ ਉਠ ਕੇ ਕੁਝ ਸਾਲ ਮੁਰੱਬੇ ਠੇਕੇ 'ਤੇ ਲੈਣ ਪਿਛੋਂ ਟੋਭਾ ਟੇਕ ਸਿੰਘ ਤਹਿਸੀਲ ਦੇ ਚੱਕਾਂ ਵਿਚ ਅਜੇ ਮੁਰੱਬਾ ਖਰੀਦਣ ਨੂੰ ਲੱਭਦੇ ਹੀ ਫਿਰਦੇ ਸਨ ਕਿ ਰੌਲੇ ਪੈ ਗਏ। ਮੁਰੱਬਾ ਖਰੀਦਣ ਲਈ ਆੜ੍ਹਤੀਏ ਪਾਸ ਰੱਖਿਆ ਪੈਸਾ ਵੀ ਨਾ ਮਿਲਿਆ। ਉਧਰੋਂ ਉਜੜ ਕੇ ਰੋਹਤਕ ਸ਼ਹਿਰ ਵਿਚ ਆ ਵੱਸਿਆ ਆੜ੍ਹਤੀਆ ਕਈ ਸਾਲ ਵਾਅਦੇ ਕਰਦਾ ਰਿਹਾ ਕਿ ਉਹ ਬੱਧੇ-ਹੱਥੀਂ ਰਕਮ ਮੋੜੇਗਾ। ਸ਼ਾਇਦ ਉਸ ਦੀ ਨੀਅਤ ਬਦਲ ਗਈ ਜਾਂ ਸ਼ਾਇਦ ਉਸ ਦੇ ਹੱਥ-ਵੱਸ ਹੀ ਕੁਝ ਨਾ ਰਿਹਾ। ਇਹ ਰਕਮ ਮੁੜ ਕਦੇ ਨਾ ਮਿਲੀ।



*ਪੰਚਕੂਲੇ ਕੋਲ ਦਰਿਆ ਘੱਗਰ ਦਾ ਇਕ ਦ੍ਰਿਸ਼*

ਮੇਰਾ ਦਾਦਾ ਹਰਨਾਮ ਸਿੰਘ ਆਪਣੇ ਪੰਜਾਂ ਪੁੱਤਾਂ ਨੂੰ ਨਾਲ ਲੈ ਅਖੀਰ ਪਿੰਡ ਕੁੱਤੇਵੱਢ ਆ ਵੱਸਿਆ। ਸਾਡੇ ਪਾਸ ਉਨ੍ਹੀਂ ਦਿਨੀਂ ਟਾਇਰਾਂ ਵਾਲੇ ਦੋ ਗੱਡੇ ਹੋਇਆ ਕਰਦੇ ਸਨ ਜਦੋਂ ਪੂਰੇ ਇਲਾਕੇ ਵਿਚ ਸਭਨਾਂ ਕੋਲੇ ਜੋੜੀ ਵਾਲੇ ਹੀ ਗੱਡੇ ਸਨ। ਇਸੇ ਕਰਕੇ ਸਾਡੇ ਕੋੜਮੇ ਦੀ ਅੱਲ੍ਹ ਅੱਜ ਤੱਕ ਵੀ 'ਟੈਰਾਂ ਆਲੇ' ਪਈ ਹੋਈ ਹੈ। ਸਾਰਾ ਇਲਾਕਾ ਜਾਂ ਤੇ ਰੇਤਲਾ ਬੰਜਰ ਸੀ ਜਾਂ ਫਿਰ ਘੱਗਰ ਦਾ ਮੰਡ ਹੋਣ ਕਰਕੇ ਸੰਘਣਾ ਝੱਲ। ਘੱਗਰ ਦੇ ਨਾਲ ਨਾਲ ਭਲ 'ਚ ਆਈ ਚੀਕਣੀ ਮਿੱਟੀ ਕਰਕੇ ਜ਼ਮੀਨ ਇੰਨੀ ਸਖ਼ਤ ਸੀ ਕਿ ਹਲ ਵਾਹੁੰਦਿਆਂ ਡੰਗਰਾਂ ਦੀ ਬੱਸ ਹੋ ਜਾਂਦੀ। ਉਲਟਾਵੇਂ ਹਲ ਨਾਲ ਜਦੋਂ ਜ਼ਮੀਨ ਵਾਹੀ ਜਾਂਦੀ ਤਾਂ ਵੱਡੇ ਵੱਡੇ ਖਲੇਪੜ ਉਠਦੇ ਜਿਨ੍ਹਾਂ 'ਚ ਤੁਰਨਾ ਵੈਸੇ ਹੀ ਮੁਸੀਬਤ ਹੁੰਦੀ। ਜਵਾਂਇੰਹਾਂ ਨਾਂ ਦਾ ਇਕ ਕੰਡਿਆਲਾ ਬੂਟਾ ਇੰਨਾ ਜ਼ਿਆਦਾ ਸੀ ਕਿ ਝੋਨੇ ਦੀ ਖੇਤੀ ਕਰਨ ਤੋਂ ਪਹਿਲਾਂ ਉਚੇਚਾ ਵੱਢਣਾ ਪੈਂਦਾ ਅਤੇ ਫਿਰ ਉਸ ਨੂੰ ਅੱਗ ਲਾ ਕੇ ਸਾੜਨਾ ਪੈਂਦਾ। ਕੰਡੇ ਦੀ ਚੋਭ ਇੰਨੀ ਹੁੰਦੀ ਕਿ ਕਈ ਕਈ ਚਿਰ ਸਾੜ ਪਈ ਜਾਂਦਾ। ਇਹ ਜਵਾਂਇੰਹਾਂ ਮਾਰੇ ਬਿਨਾ ਝੋਨਾ ਲਾਉਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿਉਂਕਿ ਝੋਨੇ ਦੀ ਪਨੀਰੀ ਲਾਉਂਦਿਆਂ ਜਦ ਕਦੀ ਪੋਟੇ ਵਿਚ ਜਵਾਂਇੰਹੇਂ ਦਾ ਕੰਡਾ ਚੁਭਦਾ ਤਾਂ ਜਿਵੇਂ ਚੀਕ ਹੀ ਨਿਕਲ ਜਾਂਦੀ। ਇਸ ਤੋਂ ਇਲਾਵਾ, ਦੱਭ ਵੀ ਵਾਧੂ ਸੀ। ਦੱਭ ਦਾ ਪੁੰਗਾਰ ਵੀ ਜੇ ਕਦੇ ਨੰਗੇ ਪੈਰ ਚੁਭ ਜਾਂਦਾ ਤਾਂ ਬੰਦੇ ਦੀ ਚੀਕ ਨਿਕਲ ਜਾਂਦੀ। ਘੱਗਰ ਤੋਂ ਮੀਲ ਕੁ ਹਟਵਾਂ ਰੇਤੀਲਾ ਇਲਾਕਾ ਸ਼ੁਰੂ ਹੋ ਜਾਂਦਾ ਜਿਥੇ ਜੰਡ ਸੀ, ਕਰੀਰ ਸੀ, ਵਣ ਅਤੇ ਅਜਿਹਾ ਹੀ ਹੋਰ ਕਈ ਤਰ੍ਹਾਂ ਦਾ ਜੰਗਲ-ਬੂਟ। ਪਾਕਿਸਤਾਨ ਤੋਂ ਆ ਕੇ ਵੱਸੇ ਲੋਕਾਂ ਨੇ ਇਹ ਜੰਗਲ-ਬੂਟ ਵੱਢ ਕੇ ਹੀ ਇਸ ਇਲਾਕੇ ਨੂੰ ਬੇਹੱਦ ਉਪਜਾਊ ਬਣਾਇਆ। ਜਿਹੜੇ ਟਿੱਬਿਆਂ ਉਤੇ ਕਦੀ ਪਾਣੀ ਪੀਣ ਨੂੰ ਹੀ ਨਹੀਂ ਸੀ ਲੱਭਦਾ ਉਥੇ ਹੁਣ ਝੋਨਾ ਹੁੰਦਾ ਹੈ।

ਪਿੰਡ ਕੁੱਤੇਵੱਢ ਕਾਫੀ ਪੁਰਾਣਾ ਪਿੰਡ ਮੰਨਿਆ ਜਾਂਦਾ ਹੈ ਘੱਟੋ ਘੱਟ ਛੇ-ਸੱਤ ਸੌ ਸਾਲ ਪੁਰਾਣਾ ਜਿਸ ਦੀ ਗਵਾਹੀ ਪਿੰਡ ਵਿਚਲਾ ਵੱਡਾ ਥੇਹ ਭਰਦਾ ਹੈ। ਇਸ ਪਿੰਡ ਦੇ ਮੁਸਲਮਾਨ ਬਾਸ਼ਿੰਦੇ ਜਾਂ ਤੇ ਪਾਕਿਸਤਾਨ ਉਠ ਗਏ ਜਾਂ ਫਿਰ ਮਾਰ ਦਿੱਤੇ ਗਏ। ਸਥਾਨਕ ਬਾਗੜੀ ਲੋਕਾਂ ਦੇ ਇਸ ਪਿੰਡ ਵਿਚ ਸਿਰਫ ਇਕ ਜਾਂ ਦੋ ਹੀ ਘਰ ਸਨ, ਬਾਕੀ ਕੋਈ ਚਾਰ ਸੌ ਘਰ ਪਾਕਿਸਤਾਨ ਦੇ ਵੱਖ ਵੱਖ ਜ਼ਿਲਿਆਂ ਮੁਲਤਾਨ, ਰਾਵਲਪਿੰਡੀ, ਸ਼ੇਖੂਪੁਰਾ, ਲਾਇਲਪੁਰ, ਗੁਜਰਾਂਵਾਲਾ, ਸਿਆਲਕੋਟ, ਲਾਹੌਰ ਤੋਂ ਆ ਕੇ ਵੱਸੇ ਵੱਖ ਵੱਖ ਜਾਤਾਂ ਦੇ ਭਾਂਤ-ਸੁਭਾਂਤੇ ਲੋਕਾਂ ਦੇ ਸਨ ਜੋ ਵੱਖੋ ਵੱਖ ਤਰ੍ਹਾਂ ਦੀ ਪੰਜਾਬੀ ਬੋਲਦੇ। ਇਨ੍ਹਾਂ ਵਿਚ ਕੁਝ ਵੱਡੇ ਅਲਾਟੀਏ ਸਨ ਜਿਨ੍ਹਾਂ ਦੀਆਂ ਤਿੰਨ ਤਿੰਨ ਸੌ ਕਿੱਲਾ ਜ਼ਮੀਨਾਂ ਸਨ। ਕੁਝ ਛੋਟੇ ਅਲਾਟੀਏ ਪਰ ਬਹੁਤੇ ਬੇਜ਼ਮੀਨੇ ਜੋ ਵੱਡੇ ਅਲਾਟੀਆਂ ਦੀਆਂ ਜ਼ਮੀਨਾਂ ਹਿੱਸੇ ਉਤੇ ਵਾਹੁੰਦੇ ਸਨ। ਇਹ ਵੱਡੇ ਅਲਾਟੀਏ ਬਹੁਤਾ ਕਰਕੇ ਮੁਲਤਾਨ ਜ਼ਿਲੇ ਤੋਂ ਆਏ ਹੋਏ ਹਿੰਦੂ ਖੱਤਰੀ ਕਰਾੜ ਸਨ ਅਤੇ ਉਥੇ ਸ਼ਾਇਦ ਸ਼ਾਹੂਕਾਰਾ ਕਰਦੇ ਰਹੇ ਹੋਣ ਕਿਉਂਕਿ ਉਹ ਆਪ ਖੇਤੀ ਨਹੀਂ ਸੀ ਕਰਦੇ। ਜਿਹੜੇ ਇਕ ਦੋ ਘਰਾਂ ਨੇ ਖੇਤੀ ਕਰਨ ਦੀ ਕੋਸ਼ਿਸ਼ ਕੀਤੀ ਵੀ ਉਹ ਵੀ ਬਹੁਤਾ ਸਫਲ ਨਾ ਹੋਏ। ਜੱਟਾਂ ਦੇ ਇਕ ਦੋ ਘਰਾਂ ਨੂੰ ਛੱਡ ਕੇ ਬਹੁਤੇ ਘਰਾਂ ਪਾਸ ਥੋੜੀ ਜਾਂ ਬਹੁਤੀ ਜ਼ਮੀਨ ਸੀ। ਹਿੰਦੂ ਚੌਧਰੀ ਕੰਬੋਆਂ ਪਾਸ ਵੀ ਜ਼ਮੀਨ ਸੀ ਪਰ ਜਲੰਧਰੋਂ ਉਠ ਕੇ ਬਾਰਾਂ ਨੂੰ ਗਏ ਸਾਰੇ ਕੰਬੋਅ ਬੇਜ਼ਮੀਨੇ ਹੀ ਸਨ ਜਿਨ੍ਹਾਂ ਨੂੰ ਅੱਜ ਤੱਕ ਵੀ ਜਲੰਧਰੀਏ ਕਰਕੇ ਜਾਣਿਆ ਜਾਂਦਾ ਹੈ। ਰਾਏ ਸਿੱਖਾਂ ਦੇ ਵੀ ਕਾਫੀ ਘਰ ਸਨ ਜੋ ਜਾਂ ਸ਼ਰਾਬ ਕੱਢਣ ਦਾ ਧੰਦਾ ਕਰਦੇ ਹਾਂ ਫਿਰ ਖੇਤ ਮਜ਼ਦੂਰੀ। ਮੱਛੀ ਖਾਣ ਦੇ ਖਾਸ ਸ਼ੌਕੀਨ। ਅਕਸਰ ਉਨ੍ਹਾਂ ਨੂੰ ਛੱਪੜ ਵਿਚ ਇਹ ਕਹਿੰਦਿਆਂ ਸੁਣਿਆ ਜਾ ਸਕਦਾ ਸੀ, 'ਮਲੀ ਓ ਮਲੀ' ਨਾਲ ਹੀ ਦੂਜਾ ਬੋਲਦਾ, 'ਨਹੀਂ ਓਏ, ਟਪਰਾ ਹੀਗਾ ਏ ਟਪਰਾ।' ਵਿਆਹ ਸ਼ਾਦੀ 'ਤੇ ਸੱਤ ਸੱਤ ਦਿਨ ਸਪੀਕਰ ਲਾ ਰੱਖਦੇ ਅਤੇ ਨਸ਼ੇ ਤੇ ਖੁਸ਼ੀ ਦੀ ਲੋਰ 'ਚ ਸਪੀਕਰ ਵਾਲੇ ਨੂੰ ਰੁਪਈਆ ਦਿੰਦੇ ਜੋ ਅੱਗੋਂ ਅਨਾਊਂਸਮੈਂਟ ਕਰਦਾ, 'ਹਿੱਕ ਰੁਪਈਆ ਜੰਗ ਸਿੰਘ ਮੁੱਛਾਂ ਵਾਲਾ ਵਰਿਆਮ ਸਿੰਘ ਦੇ ਵਿਆਹ ਦੀ ਖੁਸ਼ੀ 'ਚ ਆ ਕੇ ਸਪੀਕਰ ਵਾਲੇ ਨੂੰ ਨਾਮ ਕਰਦਾ ਈ। ਉਹਿੰਦਾ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਏ।' ਇੰਦਾਂ ਹੀ ਕਰਦੇ ਉਹ ਕਈ ਵਾਰ ਲੜ ਵੀ ਪੈਂਦੇ। ਸਾਡੇ ਐਨ ਗਵਾਂਢ ਤਾਈ ਜਗਤੋ ਦਾ ਘਰ ਸੀ ਜੋ ਰਾਏ ਸਿੱਖਾਂ ਵਿਚੋਂ ਸੀ। ਸਵੇਰੇ ਸੂਰਜ ਉਗਣ ਤੋਂ ਪਹਿਲਾਂ ਹੀ ਉਸ ਦੇ ਬੋਲ ਸੁਣਨ ਨੂੰ ਮਿਲਦੇ, 'ਵੇ ਤਾਰੀ, ਵੇ ਬਚੀ ਉਠ ਦਿਨ ਕਿਦੇ ਚੜ੍ਹ ਆਇਆ ਹੈ। ਉਠ ਵੇ ਤੇਰੇ ਸਿਰ 'ਚ ਬੌਲ ਕਰਾਂ।' ਉਹ ਆਪਣੇ ਨਿਆਣਿਆਂ ਨੂੰ ਉਠਾ ਰਹੀ ਹੁੰਦੀ।

ਸਾਰੇ ਪਿੰਡ ਵਿਚ ਤਿੰਨ ਜਾਂ ਚਾਰ ਹੀ ਘਰ ਪੱਕੇ ਸਨ ਜੋ ਸ਼ਾਇਦ ਪੁਰਾਣੇ ਜ਼ਗੀਰਦਾਰਾਂ ਦੇ ਸਨ ਜੋ ਵੱਡੇ ਅਲਾਟੀਆਂ ਨੂੰ ਅਲਾਟ ਹੋਏ ਸਨ। ਬਾਕੀ ਸਾਰੇ ਦਾ ਸਾਰਾ ਪਿੰਡ ਹੀ ਕੱਚੀਆਂ ਇੱਟਾਂ ਦਾ ਬਣਿਆਂ ਹੋਇਆ ਸੀ ਜਿਨ੍ਹਾਂ ਦੀਆਂ ਛੱਤਾਂ ਕਰੀਰ ਅਤੇ ਵਣ ਦੀਆਂ ਕੜੀਆਂ ਰੱਖ ਕੇ ਸਲਵਾੜ ਪਾ ਕੇ ਬਣੀਆਂ ਹੋਈਆਂ ਸਨ। ਅਸਲ ਵਿਚ ਘੱਗਰ ਦੇ ਦੋਹੀਂ ਪਾਸੇ ਸਾਰੇ ਸਿਰਸੇ ਜ਼ਿਲੇ ਵਿਚ ਇਸੇ ਹੀ ਤਰ੍ਹਾਂ ਪਿੰਡਾਂ ਦੇ ਪਿੰਡ ਪਾਕਿਸਤਾਨੋਂ ਆਏ ਲੋਕਾਂ ਦੇ ਵਸਾਏ ਹੋਏ ਸਨ। ਘੱਗਰ ਦੇ ਉਤਰ-ਪੱਛਮ ਵਾਲੇ ਪਾਸੇ ਨਾਮਧਾਰੀ ਗੁਰੂ ਨੇ ਸੰਨ 47 ਬਣਨ ਤੋਂ ਪਹਿਲਾਂ ਹੀ ਜ਼ਮੀਨਾਂ ਖਰੀਦ ਲਈਆਂ ਸਨ ਜਿਥੇ 47 ਤੋਂ ਬਾਅਦ ਉਜੜ ਕੇ ਆਏ ਉਨ੍ਹਾਂ ਦੇ ਪੈਰੋਕਾਰ ਵੱਸੇ। ਨਾਮਧਾਰੀ ਗੁਰੂ ਕਰਕੇ ਹੀ ਇਸੇ ਇਲਾਕੇ ਵਿਚ ਛੇਤੀ ਸੜਕ ਬਣ ਗਈ ਅਤੇ ਇਲਾਕੇ ਨੇ ਤਰੱਕੀ ਵੀ ਚੰਗੀ-ਚੋਖੀ ਕੀਤੀ। ਪਰ ਘੱਗਰ ਦੇ ਦੱਖਣ ਵਾਲੇ ਕੰਢੇ ਦੇ ਪਿੰਡਾਂ ਨੂੰ ਸੰਨ 1982 ਤੱਕ ਵੀ ਸੜਕ ਅਜੇ ਮਸੀਂ ਹੀ ਬਣੀ ਸੀ। ਘੱਗਰ ਉਤੇ ਅੰਗਰੇਜ਼ਾਂ ਨੇ ਆਪਣੇ ਵੇਲਿਆਂ 'ਚ ਇਕ ਹੈਡਵਰਕਸ ਬਣਾਇਆ ਸੀ ਜਿਸ ਨੂੰ ਓਟੂ-ਹੈਡ ਕਰਕੇ ਜਾਣਿਆ ਜਾਂਦਾ ਹੈ। ਇਥੋਂ ਦੋ ਨਹਿਰਾਂ ਨਿਕਲਦੀਆਂ ਹਨ। ਇਕ ਨਹਿਰ ਪਿੰਡ ਕੁੱਤੇਵੱਢ ਦੇ ਵਿਚੋਂ ਦੀ ਹੋ ਕੇ ਅੱਗੇ ਰਾਜਸਥਾਨ ਬਾਰਡਰ ਤੱਕ ਜਾਂਦੀ ਹੈ। ਦੂਜੀ ਨਹਿਰ ਰਾਣੀਆਂ ਵਾਲੇ ਪਾਸੇ ਨੂੰ ਜਾਣ ਕਰਕੇ ਰਾਣੀਆਂ ਵਾਲੀ ਨਹਿਰ ਵੱਜਦੀ ਹੈ। ਰਾਣੀਆਂ ਉਨ੍ਹਾਂ ਦਿਨਾਂ ਵਿਚ ਇਕ ਵੱਡਾ ਪਿੰਡ ਹੀ ਹੋਇਆ ਕਰਦਾ ਸੀ ਪਰ ਅੱਜ ਇਹ ਤਹਿਸੀਲ ਅਤ ਵੱਡਾ ਸ਼ਹਿਰ ਬਣ ਚੁੱਕਾ ਹੈ। ਇਨ੍ਹਾਂ ਨਹਿਰਾਂ ਦੀ ਬਰਕਤ ਸਦਕਾ ਹੀ ਇਹ ਜ਼ਮੀਨਾਂ ਆਬਾਦ ਹੋ ਸਕੀਆਂ ਹਨ। ਭਾਖੜਾ ਡੈਮ ਬਣਨ ਤੋਂ ਬਾਅਦ ਭਾਖੜਾ ਡੈਮ ਦਾ ਪਾਣੀ ਵੀ ਬਰਸਾਤੀ ਦਰਿਆ ਘੱਗਰ ਦੇ ਪਾਣੀਆਂ ਦੇ ਨਾਲ ਖੇਤਾਂ ਵਿਚ ਪਹੁੰਚਣ ਲੱਗਾ।

ਪਿੰਡ ਵਿਚ ਪ੍ਰਾਇਮਰੀ ਤੱਕ ਸਕੂਲ ਸੀ। ਮੇਰੇ ਪਿਤਾ ਜੀ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਵਿਚ ਸਨ ਅਤੇ ਜਿਥੇ ਵੀ ਉਨ੍ਹਾਂ ਦੀ ਪੋਸਟਿੰਗ ਹੁੰਦੀ ਅਸੀਂ ਨਾਲ ਹੀ ਹੁੰਦੇ। 1965 ਵਿਚ ਅਸੀਂ ਫਿਰੋਜ਼ਪੁਰ ਛਾਉਣੀ ਰਹਿੰਦੇ ਸਾਂ ਜਿਥੇ ਮੈਂ ਚੌਥੀ ਤੱਕ ਪੜ੍ਹਿਆ। 1965 ਦੀ ਲੜਾਈ ਵੇਲੇ ਉਨ੍ਹਾਂ ਦੀ ਡਿਊਟੀ ਪਾਕਿਸਤਾਨ ਬਾਰਡਰ ਉਤੇ ਲੱਗ ਗਈ। ਸਾਰੇ ਮੁਲਾਜ਼ਮਾਂ ਨੂੰ ਇਹ ਹੁਕਮ ਹੋ ਗਿਆ ਕਿ ਉਹ ਆਪਣੇ ਪਰਿਵਾਰ ਪਿਛੇ ਛੱਡ ਆਉਣ। ਸੋ, ਅਸੀਂ ਆਪਣੇ ਪਿੰਡ ਆ ਗਏ। ਪੰਜਵੀਂ ਜਮਾਤ 'ਚ ਜਦੋਂ ਮੈਂ ਪਿੰਡ ਪੜ੍ਹਨਾ ਸ਼ੁਰੂ ਕੀਤਾ ਤਾਂ ਮੇਰੇ ਲਈ ਇਹ ਇਕ ਅਨੋਖਾ ਹੀ ਤਜ਼ਰਬਾ ਸੀ, ਪੰਜਵੀਂ ਜਮਾਤ ਥੱਲੇ ਦਰੀ ਉਤੇ ਬੈਠਦੀ ਸੀ ਜਦੋਂਕਿ ਬਾਕੀ ਸਾਰੇ ਬੱਚੇ ਆਪੋ ਆਪਣੇ ਬੈਠਣ ਲਈ ਬੋਰੀਆਂ ਘਰੋਂ ਲੈ ਕੇ ਆਉਂਦੇ ਸਨ। ਫਿਰੋਜ਼ਪੁਰ ਰਹਿੰਦਿਆਂ ਮੈਂ ਜਿਸ ਸਕੂਲ ਵਿਚ ਪੜ੍ਹਦਾ ਸਾਂ ਉਥੇ ਬੈਠਣ ਲਈ ਬੈਂਚ ਸਨ। ਜਦੋਂ ਮੈਂ ਇਨ੍ਹਾਂ ਬੈਂਚਾਂ ਬਾਰੇ ਆਪਣੇ ਹਮਜਮਾਤੀਆਂ ਅਤੇ ਇੰਚਾਰਜ ਮਾਸਟਰ ਨੂੰ ਦੱਸਿਆ ਤਾਂ ਉਹ ਸਾਰੇ

*(ਬਾਕੀ ਸਫਾ 32 ਉਤੇ)*

### ਯਾਦਾਂ ਪਿੰਡ ਦੀਆਂ

ਯਾਦ ਆਵੇ ਪਿੰਡ ਛੱਪਰ ਦੀ, ਸਰਕੜਾ ਕਾਹੀ ਸੀ ਤਰਪਾਲ ਜਿਹਾ।
ਛੱਤ ਵਿੱਚੋਂ ਮਿੱਟੀ ਕਿਰਦੀ ਸੀ, ਆਉਂਦਾ ਸੀ ਛੰਨ ਭੁਚਾਲ ਜਿਹਾ।
ਚੂਹੇ ਕੁਤਰੂੰ ਦਗੜੂੰ ਕਰਦੇ ਸੀ, ਅੰਦਰ ਸੌਣਾ ਬੜਾ ਮੁਹਾਲ ਜਿਹਾ।
ਮੁੰਜ ਦੇ ਵਾਣੇ ਮੰਜੇ 'ਤੇ, ਪਿੰਡਾ ਰਗੜਦਾ ਬਜ਼ੁਰਗ ਨਿਢਾਲ ਜਿਹਾ।
ਸੱਪ ਮੰਜਿਆਂ ਥੱਲੇ ਫਿਰਦੇ ਸੀ, ਫੂੰਕਾਰਾ ਡਹਿਲ ਸਰ੍ਹਾਲ ਜਿਹਾ।
ਬੀਂਡੇ, ਟਿੱਡੀਆਂ, ਕਹਿਣੇ ਸਨ, ਉਣਦੀ ਸੀ ਮੱਕੜੀ ਜਾਲ ਜਿਹਾ।
ਸਵਾਹ ਘੱਟੇ ਪੈਂਤੀ ਲਿਖਦੇ ਸੀ, ਫੱਟੀ ਕੈਦਾ ਬੜਾ ਕਮਾਲ ਜਿਹਾ।
ਛਿੰਝਾਂ, ਘੋਲ, ਕਬੱਡੀ, ਛਾਲਾਂ ਨੂੰ, ਆਖਾੜਾ ਸੀ ਵਾਹਣ ਵਿਸ਼ਾਲ ਜਿਹਾ।
ਕਾਮਿਆਂ ਦੇ ਪੱਲੇ ਗੁਰਬਤ ਸੀ, ਕਰਜ਼ਾ ਸੀ ਗਲ ਜੰਜਾਲ ਜਿਹਾ।
ਮਾਮਲਾ ਮੰਗਦੇ ਲੰਬੜ ਦੇ ਮੂਹਰੇ, ਨੱਸਦਾ ਸੀ ਜੱਟ ਕੰਗਾਲ ਜਿਹਾ।
ਧੀ ਪਿੰਡ ਦੀ ਉਧਲ ਜਾਂਦੀ ਜਦ, ਸੀ ਮੱਚਦਾ ਬੜਾ ਬਵਾਲ ਜਿਹਾ।
ਬਰਛੇ, ਟਕੂਏ, ਗੰਡਾਸੇ ਵਾਹਰ ਦੇ, ਭਿਆਨਕ ਰੂਪ ਵਿਕਰਾਲ ਜਿਹਾ।
ਨਾ ਲਾਟੂ ਪੱਖਾ ਬਿਜਲੀ ਸੀ, ਪਿੱਪਲ ਬੋਹੜ ਅਕਸ ਦਿਆਲ ਜਿਹਾ।
ਕੋਹਾਂ ਤੱਕ ਵਾਟਾਂ ਪੈਦਲ ਸਨ, ਜਹਾਜ਼ ਰੇਲ ਸੀ ਖਾਬ ਖਿਆਲ ਜਿਹਾ।
ਚੂਰੀ ਚੋਘੇ ਲੋਰੀ ਸਿਮ੍ਰਤੀਆਂ, ਬਦਲਿਆ ਮਾਂ ਦਾ ਸੁਰਤ ਹਵਾਲ ਜਿਹਾ।
ਟੱਬਾ ਬਾਪੂ ਦਾ ਵੀ ਭੁੱਲਦਾ ਨਹੀਂ, ਉਹਦਾ ਦਬਕਾ ਬੜਾ ਚੰਡਾਲ ਜਿਹਾ।
ਅਮਰੀਕਾ ਵਿਚ ਆ ਟਿਕਿਆ ਹੁਣ, ਪੰਨੂ ਫੱਕਰ ਅੱਤ ਨਿਹਾਲ ਜਿਹਾ।
ਕੋਠੀਆਂ ਕਾਰਾਂ ਸ਼ਾਹੀ ਸਹੂਲਤਾਂ ਨੇ, ਨਾ ਸੰਸੇ ਦਾ ਇੱਥੇ ਸਵਾਲ ਜਿਹਾ।

**-ਚਰਨਜੀਤ ਸਿੰਘ ਪੰਨੂ**

# ਗਦਰੀ ਬਾਬਿਆਂ ਦਾ ਮੇਲਾ

## ਸੰਪਾਦਕ ਦੀ ਡਾਕ

ਹੋਰਾਂ ਲੋਕਾਂ ਵਾਂਗ ਮੈਂ ਵੀ ਸੈਕਰਾਮੈਂਟੋ ਦੇ ਗਦਰੀ ਮੇਲੇ ਵਿਚ ਹਾਜ਼ਰੀ ਭਰੀ ਸੀ। ਪ੍ਰਬੰਧਕਾਂ ਨੇ ਕਾਫੀ ਮਿਹਨਤ ਕੀਤੀ ਨਜ਼ਰ ਆਉਂਦੀ ਸੀ। ਉਹ ਸਾਰੇ ਵਧਾਈ ਦੇ ਹੱਕਦਾਰ ਹਨ ਪ੍ਰੰਤੂ ਸਾਰੇ ਅਖ਼ਬਾਰਾਂ ਵਿਚ ਹੂ-ਬ-ਹੂ ਇਕੋ ਭਾਸ਼ਾ ਅਤੇ ਇਕੋ ਸਿਰਲੇਖ ਹੇਠ ਖਬਰ ਛਾਪੀ ਗਈ ਹੈ। ਮੈਨੂੰ ਲਗਦਾ ਹੈ ਇਕ ਬੰਦੇ ਨੇ ਹੀ ਸਾਰੇ ਸੰਪਾਦਕਾਂ ਨੂੰ ਫੋਟੋਸਟੇਟ ਕਾਪੀਆਂ ਭੇਜ ਦਿੱਤੀਆਂ ਹਨ। ਇਹ ਪੱਤਰਕਾਰੀ ਦਾ ਚੰਗਾ ਪ੍ਰਭਾਵ ਨਹੀਂ। ਪਾਠਕ ਮੇਰੇ ਨਾਲ ਸਹਿਮਤ ਹੋਣਗੇ ਕਿ ਬਹੁਤ ਵਾਰ ਇਕ ਆਦਮੀ ਦੀ ਸਪੀਚ ਨੂੰ ਹੀ ਸਾਰੇ ਅਖਬਾਰ ਅੱਡੋ ਅੱਡ ਸਿਰਲੇਖ ਰਾਹੀਂ ਆਪੋ ਆਪਣੀ ਸੋਚ ਅਨੁਸਾਰ ਛਾਪਦੇ ਹਨ।

ਮੇਰਾ ਅਨੁਭਵ ਹੈ ਕਿ ਡਾਕਟਰ ਹਰੀਸ਼ ਪੁਰੀ ਨੇ ਬੜੀ ਮਿਹਨਤ ਨਾਲ ਅਤੇ ਢੁਕਵੇਂ ਢੰਗ ਨਾਲ ਪੇਪਰ ਪੜ੍ਹਿਆ ਸੀ ਪ੍ਰੰਤੂ ਡਾਕਟਰ ਨੇਕੀ ਦਾ ਨਜ਼ਰੀਆ ਅਤੇ ਟੀਕਾ ਟਿੱਪਣੀ ਬਹੁਤ ਮਹੱਤਵਪੂਰਨ ਸੀ। ਥੋੜੇ ਜਿਹੇ ਸ਼ਬਦਾਂ ਵਿਚ ਲਹਿਰ ਦੇ ਮੋਢੀਆਂ ਦੀ ਨਬਜ਼ ਪਛਾਣ ਲਈ ਸੀ। ਡਾ. ਪੁਰੀ ਜਾਣਦੇ ਹੋਏ ਵੀ ਸਿੱਖੀ ਰਮਜ਼ ਨੂੰ ਅੱਖੋਂ ਓਹਲੇ ਕਰ ਗਏ ਸਨ।

ਡਾ. ਅਮਰੀਕ ਸਿੰਘ ਨੇ ਲਾਲਾ ਹਰਦਿਆਲ ਦੇ ਸੰਬੰਧ ਵਿਚ ਇਕ ਦਿਲ ਖਿੱਚਵਾਂ ਨੁਕਤਾ ਉਠਾਇਆ ਸੀ ਜਿਸਦਾ ਪੁਰੀ ਸਾਹਿਬ ਕੋਲ ਕੋਈ ਜਵਾਬ ਨਹੀਂ ਸੀ। ਡਾ. ਜਸਪਾਲ ਸਿੰਘ ਨੇ ਬਹੁਤ ਹੀ ਵਿਸਥਾਰ ਨਾਲ ਦੱਸਿਆ ਕਿ ਗਦਰ ਲਹਿਰ ਦੇ ਮਰਜੀਵੜਿਆਂ ਨੂੰ ਲੋੜੀਂਦਾ ਸਤਿਕਾਰ ਕਿਉਂ ਨਹੀਂ ਮਿਲ ਸਕਿਆ? ਕਿਉਂ ਆਜ਼ਾਦ ਭਾਰਤ ਵਿਚ ਆਜ਼ਾਦੀ ਦਾ ਇਤਿਹਾਸ ਲਿਖਦਿਆਂ ਗਦਰੀ ਬਾਬਿਆਂ ਦੀ ਦੇਣ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਗਾਂਧੀਵਾਦ ਦੇ ਦੀਵਾਨਿਆਂ ਨੇ ਗ਼ਦਰੀ ਬਾਬਿਆਂ ਦੀ ਕਮਾਈ ਨੂੰ ਸਮੁੰਦਰ ਵਿਚ ਸੁੱਟ ਦਿੱਤਾ। ਅੰਤ ਵਿਚ ਓਹਨਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਉੱਪ ਕੁਲਪਤੀ ਦੇ ਨਾਤੇ ਕੈਲੀਫੋਰਨੀਆ ਦੀ ਇਸ ਸੰਸਥਾ ਨੂੰ ਹਰ ਸੰਭਵ ਸਹਾਇਤਾ ਦਾ ਯਕੀਨ ਦਿੱਤਾ।

ਗ਼ਦਰ ਐਕਸਪ੍ਰੈਸ ਨਾਟਕ ਅਮਰੀਕਾ ਵਿਚ ਵਸਦੇ ਬਹੁਤ ਮਸ਼ਰੂਫ ਲੋਕਾਂ ਦੀਆਂ ਮਜਬੂਰੀਆਂ ਨੂੰ ਧਿਆਨ ਵਿਚ ਰਖਦਿਆਂ ਬਹੁਤ ਮਿਹਨਤ ਦਾ ਨਤੀਜਾ ਸੀ। ਸੁਰਿੰਦਰ ਧਨੋਆ ਅਤੇ ਆਤਮਜੀਤ ਨੇ ਕਈ ਰਾਤਾਂ ਜਾਗ ਕੇ ਹੀ ਕੱਟੀਆਂ ਹੋਣਗੀਆਂ। ਥੋੜੇ ਸਮੇਂ ਵਿਚ ਆਰਟਿਸਟ ਇਕੱਠੇ ਕਰਨੇ, ਰੀਹਰਸਲ ਕਰਨੀ ਬਹੁਤ ਹੀ ਔਖਾ ਕੰਮ ਹੈ। ਕੁਝ ਸਾਲ ਪਹਿਲਾਂ ਮੇਰੇ ਇਕ ਸਹਿਯੋਗੀ ਨੇ ਕਾਫੀ ਔਖੇ ਵਿਸ਼ੇ ਤੇ ਇਕ ਕਿਤਾਬ ਲਿਖੀ। ਮੈਂ ਉਸਦੀ ਸ਼ਲਾਘਾ ਕੀਤੀ ਤਾਂ ਉਸਨੇ ਕਿਹਾ, ਸਿੱਧੂ ਸਾਹਿਬ ਇਸ ਵਿਚ ਕੁਝ ਕਮੀਆਂ ਦੱਸੋ ਤਾਂ ਜੋ ਮੈਂ ਅਗਲੇ ਐਡੀਸ਼ਨ ਵਿਚ ਇਸ ਕਿਤਾਬ ਨੂੰ ਹੋਰ ਚੰਗੀ ਬਣਾ ਸਕਾਂ।

ਕਿਉਂਕਿ ਇਹ ਮੇਲਾ ਹਰ ਸਾਲ ਹੀ ਮਨਾਉਣ ਦਾ ਸੰਕਲਪ ਹੈ ਇਸ ਲਈ ਇਕ ਦੋ ਗੱਲਾਂ ਧਿਆਨ ਵਿਚ ਰੱਖਣ ਨਾਲ ਆਉਣ ਵਾਲੇ ਸਮੇਂ ਵਿਚ ਇਹ ਸਮਾਗਮ ਹੋਰ ਵੀ ਚੰਗਾ ਬਣ ਸਕੇਗਾ। ਸਮਾਗਮ ਵਿਚ ਪਹੁੰਚਣ ਲਈ ਬਹੁਤ ਆਦਮੀ ਘਰੋਂ ਨੌਂ-ਦਸ ਵਜੇ ਚੱਲੇ ਸਨ। ਪ੍ਰੋਗਰਾਮ ਦੇ ਸ਼ੁਰੂ ਵਿਚ ਜਾਂ ਇਕ ਬਰੇਕ ਦੇਣ ਨਾਲ ਕੁਝ ਖਾਣ ਪੀਣ ਦਾ ਇੰਤਜ਼ਾਮ ਹੋ ਜਾਂਦਾ ਤਾਂ ਚੰਗੀ ਗੱਲ ਹੁੰਦੀ। ਥੋੜੀ ਦੇਰ ਵਿਚ ਹੀ ਲੰਗਰ ਮਸਤਾਨਾ ਹੋ ਗਿਆ ਸੀ। ਡਾ. ਨੇਕੀ ਜਿਨ੍ਹਾਂ ਨੂੰ ਉਚੇਚੇ ਤੌਰ ਤੇ ਬੁਲਾਇਆ ਗਿਆ ਸੀ, ਉਨ੍ਹਾਂ ਵਲ ਵੀ ਕਿਸੇ ਨੇ ਧਿਆਨ ਨਹੀਂ ਦਿੱਤਾ। ਬੀਬੀ ਮਨਜੀਤ ਸੇਖੋਂ (ਕਹਾਣੀਕਾਰ) ਮੈਨੂੰ ਕਹਿਣ ਲੱਗੇ ਪੀਚ ਦੀਆਂ ਕੁਝ ਫਾੜੀਆਂ ਨਾਲ ਗੁਜ਼ਾਰਾ ਕਰੋ ਸਿਹਤ ਲਈ ਬਹੁਤ ਚੰਗੀ ਚੀਜ਼ ਹੈ। ਮੈਂ ਕਿਹਾ ਚਲੋ ਤੁਹਾਨੂੰ ਲਿਖਣ ਲਈ ਇਕ ਵਿਸ਼ਾ ਹੋਰ ਲੱਭ ਗਿਆ, ਉਹ ਹੱਸ ਪਏ। ਅਲੀਗੜ੍ਹ ਯੂਨੀਵਰਸਿਟੀ ਵਿਚ 1955 ਦੇ ਸਾਲ ਮੈਂ ਭੌਤਿਕ ਵਿਗਿਆਨ ਦੀ ਐਮ.ਐਸਸੀ. ਅਤੇ ਡਾ. ਨੇਕੀ ਮਨੋਵਿਗਿਆਨ ਦੀ ਉਚ ਪੜ੍ਹਾਈ ਕਰ ਰਹੇ ਸਨ। ਉਨ੍ਹਾਂ ਨੂੰ ਪੁਰਾਣੀ ਯਾਦ ਦਿਲਾਣ ਨਾਲ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ, ਉਹ ਭੀ ਮੁਸਕਰਾ ਕੇ ਹਾਲ ਵਿਚ ਵਾਪਸ ਚਲੇ ਗਏ।

ਨਾਟਕ ਦੀਆਂ ਤਕਨੀਕੀ ਵਿਸ਼ੇਸ਼ਤਾਈਆਂ ਬਾਬਤ ਮੈਂ ਕੋਈ ਟੀਕਾ ਟਿੱਪਣੀ ਨਹੀਂ ਕਰਾਂਗਾ। ਮੈਂ ਆਪਣੇ ਆਪਨੂੰ ਇਸ ਕਾਬਲ ਨਹੀਂ ਸਮਝਦਾ, ਪ੍ਰੰਤੂ ਕੁਰਸੀਆਂ ਦੀ ਦੂਜੀ ਕਤਾਰ ਵਿਚ ਬੈਠਿਆਂ ਮੈਨੂੰ ਕਾਫੀ ਡਾਇਲਾਗ ਸੁਣਦੇ ਨਹੀਂ ਸਨ। ਪੰਦਰਵੀਂ ਕਤਾਰ ਵਿਚ ਬੈਠਿਆਂ ਬੰਦਿਆਂ ਨੂੰ ਤਾਂ ਹੋਰ ਵੀ ਮੁਸ਼ਕਲ ਆ ਰਹੀ ਹੋਵੇਗੀ। ਸਰੋਤੇ ਤਾਰੀਫ ਦੇ ਪਾਤਰ ਹਨ ਜਿਹੜੇ ਸਿਦਕ ਦਿਲੀ ਨਾਲ ਫੇਰ ਵੀ ਚੁੱਪ-ਚਾਪ ਬੈਠੇ ਰਹੇ। ਦੋ ਚਾਰ ਲਟਕਦੇ ਮਾਈਕ ਲਗਾ ਦਿੱਤੇ ਜਾਂਦੇ ਤਾਂ ਗੱਲ ਕੁਝ ਹੋਰ ਹੁੰਦੀ। ਅਖੀਰਲੇ ਸੀਨ ਨੇ ਨਾਟਕ ਵਿਚ ਜਾਨ ਪਾ ਦਿੱਤੀ ਸੀ ਪ੍ਰੰਤੂ ਵਕੀਲ ਦਾ ਰੋਲ ਕਿਸੇ ਖਰਾਂਟ ਦਿਸਦੇ ਬੰਦੇ ਕੋਲ ਹੁੰਦਾ ਤਾਂ ਚੰਗਾ ਹੁੰਦਾ। ਲੜਕੀ ਦਾ ਸ਼ਰਮਾਈ ਜਾਣਾ ਜਾਂ ਮੁਸਕਰਾਈ ਜਾਣਾ ਵਕੀਲ ਦੀ ਫਿਤਰਤ ਨਹੀਂ, ਵਿਚਾਰੇ ਜੱਜ ਨੂੰ ਵੀ ਇਕ ਕੁਰਸੀ ਮੇਜ਼ ਤਾਂ ਦੇ ਹੀ ਦੇਣਾ ਚਾਹੀਦਾ ਸੀ ਉਹ ਤਾਂ ਵਿਚਾਰਾ ਕੋਟ ਪੈਂਟ ਪਾ ਕੇ ਨਿੰਮੋਝੂਣਾ ਜਿਹਾ ਇਸ ਤਰ੍ਹਾਂ ਬੈਠਾ ਸੀ ਜਿਵੇਂ ਕਿਸੇ ਟੁੱਟੀ ਭੱਜੀ ਬਸ ਨੂੰ ਉਡੀਕ ਰਿਹਾ ਹੋਵੇ। ਮੈਨੂੰ ਪੂਰਨ ਆਸ ਹੈ ਕਿ ਆਉਣ ਵਾਲੇ ਸਮਾਗਮਾਂ ਵਿਚ ਪ੍ਰਬੰਧਕ ਕਮਾਲ ਕਰ ਦਿਖਾਉਣਗੇ।

**-ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਕੈਲੀਫੋਰਨੀਆ**

## ਇਤਿਹਾਸ ਨਾਲ ਇਕ ਨਜ਼ਰ

# ਦੇਸ਼ ਦੀ ਅਜ਼ਾਦੀ ਵਿਚ ਵੱਡੀ ਭੂਮਿਕਾ ਨਿਭਾਈ 'ਗ਼ਦਰ ਗੂੰਜਾਂ' ਨੇ


ਕਾਬਲ ਦੇ ਜੰਮਿਆਂ ਨੂੰ ਸਦਾ ਮੁਹਿੰਮਾਂ ਦਾ ਸਾਹਮਣਾ ਰਿਹਾ ਹੈ। ਪੰਜਾਬੀਆਂ ਨੂੰ ਮਾਣ ਹਾਸਲ ਹੈ ਕਿ ਇਨ੍ਹਾਂ ਨੇ ਹਰ ਦਰਿੰਦੇ ਹਮਲਾਵਰ ਦਾ, ਜੋ ਭਾਰਤ ਨੂੰ ਲੁੱਟਣ ਦੀ ਨੀਯਤ ਨਾਲ ਆਇਆ, ਬਹਾਦਰੀ ਨਾਲ ਡਟਵਾਂ ਵਿਰੋਧ ਕੀਤਾ। ਭਾਰਤ ਉੱਤੇ ਬਹੁਤੇ ਲੁਟੇਰੇ ਅਤੇ ਹਮਲਾਵਰ ਫਾਰਸ-ਕਾਬਲ-ਪੰਜਾਬ ਰਾਹੀਂ ਹੀ ਆਏ। ਇਸੇ ਲਈ ਲੋੜਾਂ ਨੇ ਪੰਜਾਬੀਆਂ ਨੂੰ ਸੂਰਬੀਰ ਵੀ ਬਣਾ ਦਿੱਤਾ ਅਤੇ ਘੋੜਿਆਂ ਦੀਆਂ ਕਾਠੀਆਂ 'ਤੇ ਇਨ੍ਹਾਂ ਨੂੰ ਘਰ ਵੀ ਬਣਾਉਣੇ ਪਏ, ਪਰ ਇਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਕਦੇ ਕਿਸੇ ਦੀ ਈਨ ਨਹੀਂ ਮੰਨੀ। ਸਿਕੰਦਰ ਨੂੰ ਇਨ੍ਹਾਂ ਬਿਆਸ ਕੋਲੋਂ ਬੇਆਸਾ ਪਰਤਾ ਦਿੱਤਾ ਅਤੇ ਅਹਿਮਦ ਸ਼ਾਹ ਅਬਦਾਲੀ ਦਾ ਉਹ ਹਸ਼ਰ ਕੀਤਾ ਕਿ ਉਸ ਦਾ ਖ਼ਾਨਦਾਨ ਮੁੜ ਪਹਿਲੀ ਚੜ੍ਹਤ ਵਲ ਨਾ ਜਾ ਸਕਿਆ।

ਅਬਦਾਲੀ ਤੋਂ ਹਿੰਦੂ ਧੀਆਂ ਛੁਡਵਾ ਕੇ ਮੁੜ ਉਨ੍ਹਾਂ ਦੇ ਘਰੀਂ ਪਹੁੰਚਾਉਣ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਕਲਮ ਤੇ ਜੀਭ ਜਿਵੇਂ ਦੋਵੇਂ ਸੁੱਚੀਆਂ ਹੋ ਜਾਂਦੀਆਂ ਹਨ, ਪਰ ਅੰਗਰੇਜ਼ ਫਾਰਸ ਕਾਬਲ ਵਲੋਂ ਨਹੀਂ ਸਨ ਆਏ, ਸਗੋਂ ਉਹ ਤਾਂ ਇਕ ਸਾਜ਼ਿਸ਼ ਅਤੇ ਭਾਰਤ ਵਿਚ ਗੁਲਾਮੀ ਦੇ ਕੈਂਸਰ ਵਾਂਗ ਫੈਲਦੇ-ਫੈਲਦੇ ਆਖ਼ਰ ਸਭ ਸੰਧੀਆਂ ਤੋੜਦੇ ਅਤੇ ਆਪਣੀ ਗੋਰੀ ਚਮੜੀ ਹੇਠ ਛੁਪੇ ਕਾਲੇ ਇਰਾਦਿਆਂ ਨੂੰ ਤੇ ਕਮੀਨਗੀਆਂ ਨੂੰ ਕੂਟਨੀਤੀ ਦਾ ਗਿੱਦੜ ਪਰਵਾਨਾ ਦਿੰਦਿਆਂ ਪੰਜਾਬ ਦੇ ਤੇਜਾ ਸਿੰਘ ਤੇ ਪਹਾੜਾ ਸਿੰਘ ਦੇ ਮੋਢਿਆਂ 'ਤੇ ਚੜ੍ਹ ਕੇ ਪੰਜਾਬੀ ਕੌਮ ਦੇ ਕੋਹਿਨੂਰ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾ ਦੀ ਜਿੰਦ ਦੇ ਪਿਆਸੇ ਹੋ ਕੇ ਆਏ ਸਨ। ਪੰਜਾਬ ਨੇ ਸਾਰੇ ਭਾਰਤ ਨਾਲੋਂ ਅੰਗਰੇਜ਼ਾਂ ਦੀ ਥੋੜ੍ਹਾ ਸਮਾਂ ਗੁਲਾਮੀ ਦੀ ਜੰਜੀਰ ਪਹਿਨੀ, ਪਰ ਆਜ਼ਾਦੀ ਵਾਸਤੇ ਸਾਰੇ ਭਾਰਤ ਨਾਲੋਂ ਬਹੁਤੇ ਫਾਂਸੀ ਦੇ ਰੱਸੇ ਚੁੰਮੇ ਅਤੇ ਕਾਲੇ-ਪਾਣੀਆਂ ਨੂੰ ਖੁਸ਼ਬੂਦਾਰ ਕਰ ਦਿੱਤਾ।

ਜਿਨ੍ਹਾਂ ਲੋਕਾਂ ਨੂੰ 1914-15 ਦੇ ਸਮੇਂ ਯਾਦ ਹਨ, ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਵਿਚ ਅਜ਼ਾਦੀ ਦਾ ਨਾਂ ਲੈਣਾ ਮੀਰ ਮੰਨੂ, ਯਹੀਆ ਜਾਂ ਜਕਰੀਆ ਦੇ ਪਿੱਠੂ ਪਿਛੋਕੜ ਲਖਪਤ ਰਾਏ ਵੇਲੇ ਸਿੱਖਾਂ ਵਲੋਂ 'ਗੁਰ' ਕਹਿਣ ਵਰਗਾ ਸੀ, ਜਦੋਂ ਸਿੱਖਾਂ ਨੂੰ ਹੁਕਮ ਕੀਤਾ ਗਿਆ ਕਿ ਉਹ ਗੁਰ ਦੇ ਉਚਾਰਨ ਵਰਗੇ ਗੁੜ ਨੂੰ ਵੀ ਰੋੜੀ ਕਹਿਣ, ਪਰ ਪੰਜਾਬੀ ਕੌਮ ਵਿਚ ਸੂਰਮਿਆਂ ਦੀ ਘਾਟ ਕਦੇ ਨਹੀਂ ਰਹੀ। ਇਸੇ ਤਰ੍ਹਾਂ ਦੇ ਸਨ ਅਮਰੀਕਾ, ਕੈਨੇਡਾ, ਚੀਨ, ਮਲਾਇਆ ਵਿਚ ਗ਼ਦਰ ਪਾਰਟੀ ਦੇ ਸਾਡੇ ਬਾਬੇ, ਜਿਨ੍ਹਾਂ ਨੂੰ ਅੰਗਰੇਜ਼ ਕਦੇ ਗੱਦਾਰ ਅਤੇ ਕਦੇ ਸਿੱਖ ਕਾਫਰ ਕਹਿ ਕੇ ਆਪਣੇ ਧਾਰਮਿਕ ਏਜੰਟਾਂ ਤੋਂ ਉਨ੍ਹਾਂ ਵਿਰੁਧ ਫਤਵੇ ਜਾਰੀ ਕਰਵਾ ਰਹੇ ਸਨ।

ਹਾਲਤ ਇੱਥੋਂ ਤੱਕ ਨਿੱਘਰ ਗਈ ਸੀ ਕਿ ਅੰਗਰੇਜ਼ਾਂ ਤੋਂ ਡਰਦਿਆਂ ਪੰਜਾਬੀ ਅਖ਼ਬਾਰਾਂ (ਪੰਜਾਬ ਵਿਚੋਂ ਨਿਕਲਦੀਆਂ) ਅੰਗਰੇਜ਼ਾਂ ਦੀ ਫਾਂਸੀ 'ਤੇ ਲਟਕਦੇ ਦੇਸ਼ ਭਗਤਾਂ ਦੇ ਨਾਂ ਤੱਕ ਲਿਖਣੋਂ ਕਤਰਾਉਣ ਲੱਗੀਆਂ ਸਨ। ਭਾਰਤੀਆਂ ਨੂੰ ਕੁੱਤੇ ਕਿਹਾ ਜਾਣ ਲੱਗਾ ਸੀ। ਅਜਿਹੀ ਘੋਰ ਗੁਲਾਮੀ ਦੀ ਕਾਲੀ ਬੋਲੀ ਰਾਤ ਵਿਚ ਵੀ ਇਨਕਲਾਬੀ ਦੇਸ਼ ਭਗਤਾਂ ਨੇ ਆਪਣੇ ਖੂਨ ਨਾਲ ਦੇਸ਼ ਪਿਆਰ ਦੀ ਸ਼ਮ੍ਹਾ ਬਾਲਣ ਦੀ ਸਫਲ ਕੋਸ਼ਿਸ਼ ਕੀਤੀ। 1914-15 ਦੇ ਆਸ ਪਾਸ ਗ਼ਦਰੀ ਬਾਬਿਆਂ ਨੇ ਇਸ ਸ਼ਮ੍ਹਾ ਨੂੰ ਅਜ਼ਾਦੀ ਤਮੰਨਾ ਦਾ ਭਾਂਬੜ ਬਣਾ ਦਿੱਤਾ ਸੀ। ਹਜ਼ਾਰਾਂ ਦੇ ਸਿਰਲੱਥ ਕਾਫਲੇ ਅਜ਼ਾਦੀ ਦੀ ਲੜਾਈ ਨੂੰ ਨਿੱਕਲ ਤੁਰੇ ਸਨ, ਜਿਵੇਂ ਕਿਤੇ ਆਨੰਦਪੁਰ ਅੰਮ੍ਰਿਤ ਛਕਣ ਜਾ ਰਹੇ ਹੋਣ ਤੇ ਅਸਲ ਪੰਜਾਬੀ ਬਣਨ ਜਾ ਰਹੇ ਹਨ। ਕਿੰਨੇ ਜੈਤਿਨ, ਕਿੰਨੇ ਭਗਤ ਸਿੰਹੁ, ਕਿੰਨੇ ਸਰਾਭੇ ਤੇ ਕਿੰਨੇ ਹੋਰ ਪਰਵਾਨਿਆਂ ਨੇ ਅਜ਼ਾਦੀ ਦੀ ਲਾਟ ਉੱਤੇ ਆਪਣੇ-ਆਪ ਨੂੰ ਅਮਰ ਬਣਾ ਲਿਆ ਸੀ।

ਪਰ ਇਸ ਅਜ਼ਾਦੀ ਦੇ ਸੰਗਰਾਮ ਦੇ ਬੀਜ ਗ਼ਦਰੀ ਬਾਬਿਆਂ ਨੇ ਭਾਰਤ ਤੋਂ ਬਾਹਰ ਅਮਰੀਕਾ, ਕੈਨੇਡਾ ਤੇ ਮਲਾਇਆ ਵਿਚ ਬੀਜੇ ਸਨ। ਗ਼ਦਰ ਪਾਰਟੀ ਵਲੋਂ ਪੰਜਾਬੀ, ਗੁਜਰਾਤੀ ਅਤੇ ਉਰਦੂ ਵਿਚ 'ਗਦਰ' ਨਾਮੀ ਦੇਸ਼-ਪ੍ਰੇਮ ਦਾ ਹੋਕਾ ਦਿੰਦੀ ਅਖ਼ਬਾਰ ਕੱਢੀ ਗਈ। ਇਸ ਦੇ ਪਹਿਲੇ ਐਡੀਟਰ ਯਾਦਦਾਸ਼ਤ ਦੇ ਜਾਦੂਗਰ ਲਾਲਾ ਹਰਦਿਆਲ ਸਨ। ਇਸ ਤੋਂ ਇਲਾਵਾ 'ਗ਼ਦਰ ਦੀ ਗੂੰਜ' ਦੇ ਕਿਤਾਬੀ ਰੂਪ 'ਚ ਕੁੱਲ ਸੱਤ ਨੰਬਰ ਛਪੇ, ਪਰ ਇਹ ਆਪਣੀ ਛਾਪ ਉਸ ਵੇਲੇ ਦੇ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਛੱਡ ਗਏ। ਆਮ ਕਰਕੇ ਇਸ ਗ਼ਦਰ ਦੀ ਗੂੰਜ ਵਿਚ ਸਾਹਿਤ ਦੀ ਪ੍ਰਭਾਵਸ਼ਾਲੀ ਅਤੇ ਜਜ਼ਬਾਤ ਟੁੰਬਣ ਵਾਲੀ ਕਵਿਤਾ ਨੂੰ ਹੀ



ਬਾਬਾ ਸੋਹਣ ਸਿੰਘ ਭਕਨਾ

ਛਾਪਿਆ ਗਿਆ। ਤਜ਼ਰਬਾ ਸਫਲ ਹੋਇਆ ਅਤੇ ਗ਼ਦਰ ਦੀ ਗੂੰਜ ਵਿਚਲੀਆਂ ਕਵਿਤਾਵਾਂ ਪੰਜਾਬੀਆਂ ਨੇ ਇਵੇਂ ਯਾਦ ਕਰ ਲਈਆਂ, ਜਿਵੇਂ ਉਹ ਵਾਰਸ ਦੀ ਹੀਰ ਦੇ ਬੈਂਤ ਹੋਣ ਅਤੇ ਐਸੇ ਦਰਦ ਨਾਲ ਗਾਇਆ ਕਿ ਜਿਵੇਂ ਉਹ ਪੀਲੂ ਦੇ ਮਿਰਜ਼ੇ ਦੀਆਂ ਸੱਦਾਂ ਹੋਣ। ਜਿਸ ਨੇ ਵੀ 'ਗ਼ਦਰ ਗੂੰਜਾਂ' ਦੀਆਂ ਅਣਖ ਜਗਾਉਂਦੀਆਂ ਸੱਤਰਾਂ ਸੁਣੀਆਂ, ਉਹੀ ਦੇਸ਼ ਤੋਂ ਮਰ-ਮਿਟਣ ਵਾਸਤੇ ਤਿਆਰ ਹੋ ਗਿਆ। ਬਾਰੂਦ ਵਿਚ ਜਿਵੇਂ ਚਿੰਗਾੜਾ ਡਿੱਗ ਗਿਆ ਹੋਵੇ।

'ਗ਼ਦਰ ਦੀ ਗੂੰਜ' ਦਾ ਪਹਿਲਾ ਅੰਕ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਦੇ ਯੁਗੰਤਰ ਆਸ਼ਰਮ ਜਾਂ ਗ਼ਦਰ ਆਸ਼ਰਮ ਵਿਚੋਂ 1914 ਨੂੰ ਦਸ ਹਜ਼ਾਰ ਦੀ ਗਿਣਤੀ ਵਿਚ ਛਪਿਆ। ਉਦੋਂ ਇਹ ਹੱਥ-ਲਿਖਤ ਅਤੇ ਸਾਈਕਲੋ ਸਟਾਈਲ ਹੁੰਦਾ ਸੀ। ਇਸ ਦੇ ਪਹਿਲੇ ਅੰਕ ਦੇ ਸਰਵਰਕ ਉੱਤੇ ਭਾਰਤ ਮਾਂ ਨੂੰ ਤਲਵਾਰਾਂ ਵਿਚ ਘਿਰੀ ਦਿਖਾਇਆ ਗਿਆ ਸੀ, ਪਰ ਸਭ ਤੋਂ ਉੱਪਰ ਵੰਦੇ ਮਾਤਰਮ (ਹੇ ਮਾਤਾ ਤੈਨੂੰ ਵੰਦਨਾ) ਅਤੇ ਸਭ ਤੋਂ ਹੇਠਾਂ ਭਾਰਤ ਦੇ ਧਾਰਮਿਕ ਭਗਤਾਂ ਦੀ ਬਾਣੀ ਦੇ ਦਿਲ ਟੁੰਬਵੇਂ ਬਾਣੀ ਟੋਟਕੇ ਸਨ। ਵਿਚਕਾਰ ਪੁਸਤਕ ਦਾ ਨਾਂ ਸੀ 'ਗ਼ਦਰ ਦੀ ਗੂੰਜ' ਬਹੁਤ ਸਾਰੇ ਭਾਰਤੀ ਅਜ਼ਾਦੀ ਵਿਚ ਸਾਹ ਲੈਂਦੇ ਦੇਸ਼ਾਂ ਵਿਚ ਚਲੇ ਗਏ ਸਨ ਅਤੇ ਉਨ੍ਹਾਂ ਦੇ ਕਾਰੋਬਾਰ ਵੀ ਚੰਗੇ ਸਨ। ਜਦ 'ਗ਼ਦਰ ਗੂੰਜਾਂ' ਉਨ੍ਹਾਂ ਤੱਕ ਪਹੁੰਚੀਆਂ ਤਾਂ ਉਹ ਲੱਖਾਂ ਦੇ ਕਾਰੋਬਾਰ ਛੱਡ ਕੇ ਗ਼ਦਰ ਪਾਰਟੀ ਦੀਆਂ 'ਗ਼ਦਰ ਗੂੰਜਾਂ' ਦੇ ਨਿੱਤ-ਨੇਮੀ ਬਣ ਕੇ ਸੀਸ ਹੱਥਾਂ ਉੱਤੇ ਧਰ ਅਜ਼ਾਦ ਭਾਰਤ ਦੇ ਸੁਪਨੇ ਸਾਕਾਰ ਕਰਨ ਤੁਰ ਪਏ। ਗ਼ਦਰ ਪਾਰਟੀ ਦੇ ਬਾਨੀ ਅਤੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਨ ਅਤੇ ਜਨ: ਸਕ: ਲਾਲਾ ਹਰਦਿਆਲ। ਇਨ੍ਹਾਂ ਦੀ ਸਖਸ਼ੀਅਤ ਅਤੇ 'ਗ਼ਦਰ ਗੂੰਜਾਂ' ਦੀ ਹਰਮਨ ਪਿਆਰਤਾ ਨੇ ਅੰਗਰੇਜ਼ਾਂ ਨੂੰ ਬੁਖਲਾ ਕੇ ਰੱਖ ਦਿੱਤਾ। ਜਿਸ ਕੋਲ ਵੀ 'ਗ਼ਦਰ ਗੂੰਜਾਂ' ਦੀ ਪਰਤੀ ਮਿਲ ਜਾਂਦੀ, ਉਸੇ ਨੂੰ ਦੇਸ਼-ਧਰੋਹੀ ਕਰਾਰ ਦੇ ਕੇ ਜੇਲ੍ਹੇ ਡੱਕ ਦਿੱਤਾ ਜਾਂਦਾ।

ਅੰਗਰੇਜ਼ਾਂ ਨੇ ਜਲ, ਥਲ ਅਤੇ ਸਾਰੇ ਹਵਾਈ ਰਸਤੇ 'ਗ਼ਦਰ ਗੂੰਜਾਂ' ਲਈ ਬੰਦ ਕਰ ਦਿੱਤੇ, ਪਰ ਆਫਰੀਨ ਉਨ੍ਹਾਂ ਲੋਕ-ਬਹਾਦਰਾਂ ਦੇ, ਜੋ ਫੇਰ ਵੀ 'ਗ਼ਦਰ ਗੂੰਜਾਂ' ਪੰਜਾਬ ਦੇ ਪਿੰਡਾਂ ਤੱਕ ਪਹੁੰਚਾ ਦਿੰਦੇ ਸਨ। 'ਗ਼ਦਰ ਗੂੰਜਾਂ' ਵਿਚ ਕਵਿਤਾ ਠੇਠ ਪੰਜਾਬੀ, ਛੰਦਾਂ, ਬਹਿਰਾਂ ਅਤੇ ਲੋਕ-ਯਾਨ ਉੱਤੇ ਅਧਾਰਤ ਹੋਣ ਕਰਕੇ ਫੋਕ ਲੋਰ ਵੀ ਬਣ ਗਈ ਸੀ। ਬਹੁਤ ਸਾਰੀਆਂ ਕਵਿਤਾਵਾਂ ਤਾਂ ਲੋਕ ਗੀਤਾਂ ਵਾਂਗ ਹੀ ਪੰਜਾਬ ਪਹੁੰਚੀਆਂ। ਕਰਤਾਰ ਸਿੰਘ ਸਰਾਭਾ, ਭਾਈ ਭਗਵਾਨ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਹੋਰਨਾਂ ਦੀਆਂ ਵਲਵਲੇ ਭਰੀਆਂ ਕਵਿਤਾਵਾਂ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਬੋਲਣ ਲੱਗਾ ਸੀ। ਕੁਝ ਸਮੇਂ ਤੱਕ ਕਵੀਆਂ ਦੇ ਨਾਂ ਫਰਜ਼ੀ ਵੀ ਵਰਤੇ ਗਏ, ਪਰ ਲੋਕ ਸਭ ਜਾਣਦੇ ਸਨ ਕਿ ਡਾ. ਭਾਗ ਸਿੰਘ ਐਮ.ਏ.ਪੀ.ਐਚ.ਡੀ. ਹੀ (ਇਕਬਾਲ) ਹੈ ਅਤੇ ਭਗਵਾਨ ਸਿੰਘ ਹੀ (ਪ੍ਰੀਤਮ) ਹੈ।

ਸਰਾਭਾ ਦਾ ਨਾਂ ਬਹੁਤ ਵਾਰ ਕੇਸਰ ਸਿੰਘ ਠੱਠਗੜ੍ਹ ਵਰਤਿਆ ਜਾਂਦਾ ਸੀ। 1914 ਤੋਂ 1931 ਈ. ਤੱਕ 'ਗ਼ਦਰ ਗੂੰਜਾਂ' ਦੇ ਕੁੱਲ ਸੱਤ ਨੰਬਰ ਕੱਢੇ ਗਏ ਅਤੇ ਇਕ-ਇਕ ਅੰਕ ਨੂੰ ਹਰ ਵਾਰ ਬਹੁਤੀ ਗਿਣਤੀ ਵਿਚ ਛਾਪਣਾ ਹੁੰਦਾ ਸੀ, ਕਿਉਂਕਿ ਇਸ ਦੀ ਮੰਗ ਵਧਦੀ ਜਾ ਰਹੀ ਸੀ। ਜਿਸ ਨੂੰ ਵੀ 'ਗ਼ਦਰ ਦੀਆਂ ਗੂੰਜਾਂ' ਦੀ ਕੋਈ ਅੱਧ-ਪਚੱਧੀ ਪਰਤੀ ਮਿਲ ਜਾਂਦੀ, ਉਹ ਉਸ ਨੂੰ ਦਿਲ ਉੱਤੇ ਲਿਖ ਕੇ ਅਗਾਂਹ ਤੋਰ ਦਿੰਦਾ। ਇਵੇਂ 'ਗ਼ਦਰ ਗੂੰਜਾਂ' ਹਜ਼ਾਰਾਂ ਵਿਚ ਛਪਦੀ ਵੀ ਲੱਖਾਂ ਵਿਚ ਜਾਂਦੀ ਅਤੇ ਕਰੋੜਾਂ ਵਿਚ ਅਸਰ ਪਾਉਂਦੀ ਸੀ।

ਭਾਰਤੀਆਂ ਵਿਚ ਪਹਿਲਾਂ ਹੀ ਅੰਗਰੇਜ਼ੀ ਗੁਲਾਮੀ ਵਿਰੁਧ ਨਫ਼ਰਤ ਸੀ, ਪਰ ਅਜ਼ਾਦੀ ਦੀ ਲੋਅ ਕਿਸੇ ਪਾਸਿਉਂ ਨਹੀਂ ਸੀ ਦਿੱਸ ਰਹੀ। ਤੰਗੀਆਂ-ਤੁਰਸ਼ੀਆਂ ਵਿਚ ਘਿਰੇ ਲੋਕਾਂ ਨੂੰ ਕਿਸੇ ਦਸਮੇਸ਼ ਦੀ ਲੋੜ ਸੀ, ਜੋ ਉਨ੍ਹਾਂ ਨੂੰ 'ਗ਼ਦਰ ਗੂੰਜਾਂ' ਦੇ ਰੂਪ ਵਿਚ ਮਿਲ ਗਿਆ। 'ਗ਼ਦਰ ਗੂੰਜਾਂ' ਦੀਆਂ ਕਵਿਤਾਵਾਂ ਨੂੰ ਲੋਕਾਂ ਨੇ ਅਜ਼ਾਦੀ ਦੀ ਸ਼ੁਰੂਆਤ ਦੇ ਹੁਕਮਨਾਮਿਆਂ ਵਾਂਗ ਲਿਆ। ਲੋਕਾਂ ਨੂੰ ਇਨ੍ਹਾਂ ਕਵਿਤਾਵਾਂ ਵਿਚੋਂ ਅਜ਼ਾਦੀ ਦੀ ਲੜਾਈ ਦੇ ਬਿਗਲ ਸੁਣਾਈ ਦਿੱਤੇ। ਜੋ ਉੱਠਣ ਵਾਲੇ ਸਨ, ਉਨ੍ਹਾਂ ਘੋੜਿਆਂ 'ਤੇ ਕਾਠੀਆਂ ਪਾ ਲਈਆਂ। 'ਗ਼ਦਰ ਗੂੰਜਾਂ' ਦਾ ਪਾਠ ਕਰਦਿਆਂ ਜਾਂ ਇਸ ਦਾ ਸ਼ਾਨਦਾਰ ਇਤਿਹਾਸ ਵਾਚਦਿਆਂ ਕਵਿਤਾ ਦੀ ਅਸੀਮ ਸ਼ਕਤੀ ਦਾ ਗਿਆਨ ਹੁੰਦਾ ਹੈ। 'ਗ਼ਦਰ ਗੂੰਜਾਂ' ਦਾ ਸੱਤਵਾਂ ਤੇ ਆਖਰੀ ਅੰਕ 20 ਹਜ਼ਾਰ ਦੀ ਗਿਣਤੀ ਵਿਚ ਛਪ ਕੇ ਦੇਸ਼ ਪ੍ਰੇਮੀਆਂ ਵਿਚ ਮੁਫ਼ਤ ਵੰਡਿਆ ਗਿਆ। ਬਾਬਾ ਭਕਨਾ ਅਤੇ ਲਾਲਾ ਹਰਦਿਆਲ ਜਿਹੀਆਂ ਸਖ਼ਸ਼ੀਅਤਾਂ ਨੂੰ ਮਾਇਆ ਦੀ ਕਦੇ ਘਾਟ ਨਾ ਆਈ। ਭਾਈ ਭਗਵਾਨ ਸਰਾਭੇ ਨੂੰ ਜੋ 200 ਡਾਲਰ ਪੜ੍ਹਾਈ ਦੇ ਖ਼ਰਚੇ ਲਈ ਮਿਲਦੇ ਸਨ, ਉਹ ਵੀ ਉਨ੍ਹਾਂ 'ਗ਼ਦਰ ਗੂੰਜਾਂ' ਨੂੰ ਸਮਰਪਿਤ ਕੀਤੇ ਹੋਏ ਸਨ। ਗ਼ਦਰ ਪਾਰਟੀ ਦਾ ਇਤਿਹਾਸ ਅਸੀਂ ਇੱਥੇ ਤਾਂ ਨਹੀਂ ਦੇ ਰਹੇ, ਪਰ ਫੇਰ ਵੀ ਜਿੱਥੇ 'ਗ਼ਦਰ ਗੂੰਜਾਂ' ਵਿਚ ਗ਼ਦਰੀ ਬਾਬੇ ਕਥਨੀ ਦੇ ਸਰਦਾਰ ਸਨ, ਓਨੇ ਹੀ ਕਰਨੀ ਦੇ ਸਰਦਾਰ ਵੀ ਨਿਕਲੇ।

ਇਸੇ ਕਰਕੇ 100 ਤੋਂ ਵਧ ਗ਼ਦਰੀ ਬਾਬੇ ਜਾਂ ਤਾਂ ਫਾਂਸੀ ਲੱਗੇ, ਕਾਲੇ ਪਾਣੀ ਗਏ ਜਾਂ ਕੈਦ ਹੋਏ, ਇਸ ਤੋਂ ਬਿਨਾਂ 3000 ਸ਼ੱਕੀ ਗ਼ਦਰੀਆਂ ਨੂੰ ਉਨ੍ਹਾਂ ਦੇ ਘਰੀਂ ਕੈਦ ਰੱਖਿਆ ਗਿਆ। 'ਗ਼ਦਰ ਗੂੰਜਾਂ' ਦੀਆਂ ਕਵਿਤਾਵਾਂ ਦੀ ਗੱਲ ਕਰਦਿਆਂ ਵੀ ਮੈਂ ਮੁਆਫ਼ੀ ਚਾਹਾਂਗਾ ਕਿ ਇਹ ਵਿਆਖਿਆ ਵਿਚ ਨਹੀਂ ਕੀਤੀ ਜਾ ਸਕਦੀ। ਕਿਸੇ ਕਵੀ ਜਾਂ ਕਿਸੇ ਕਵਿਤਾ ਦੇ ਥੀਮ ਬਾਰੇ ਭੂਮਿਕਾ ਵੀ ਨਹੀਂ ਬੰਨ੍ਹੀ ਜਾ ਸਕਦੀ, ਕਿਉਂਕਿ ਇਹ ਇਸ ਲੇਖ ਦੀ ਸੀਮਾ ਹੈ, ਜੋ ਸਮੁੱਚਤਾ ਦੇ ਭਾਵ ਵਿਚ ਹੀ ਕੁਝ ਇਕ ਕਵਿਤਾਵਾਂ ਇਸ ਲੇਖ ਵਿਚ ਦੇਣ ਦਾ ਯਤਨ ਹੀ ਮੈਥੋਂ ਹੋ ਸਕਦਾ ਹੈ। ਕਵਿਤਾਵਾਂ ਵੇਖੋ;

ਖੰਡਾ ਸਾਰ ਦਾ ਸਾਡਾ ਅਲੋਪ ਹੋਇਆ
ਬਿਜਲੀ ਚਮਕਦੀ ਹੱਥ ਕਿਰਪਾਨ ਕਿਉਂ ਨਹੀਂ?
ਬੰਦਰ ਬਾਂਟ ਕਰਦਾ ਜ਼ਾਲਿਮ ਨਾਲ ਸਾਡੇ
ਬੇਈਮਾਨ ਦੀ ਕੱਢਦੇ ਜਾਨ ਕਿਉਂ ਨਹੀਂ?
ਟਰਕੀ ਅਤੇ ਈਰਾਨ ਨੂੰ ਹਜ਼ਮ ਕੀਤਾ,
ਸਮਝਣ ਹਿੰਦ ਵਾਸੀ ਮੁਸਲਮਾਨ ਕਿਉਂ ਨਹੀਂ?

____

ਵੇਲਾ ਆਣ ਪੁੱਜਾ ਕਿਉਂ ਨਹੀਂ ਜਾਗਦੇ ਹੋ,
ਸੁੱਤੇ ਘੂਕ ਹਿੰਦੂ ਮੁਸਲਮਾਨ ਵੀਰੋ!
ਜ਼ਾਲਿਮ ਕੌਮ ਅੰਗ੍ਰੇਜ਼ਾਂ ਦੀ ਬੜੀ ਭੈੜੀ,
ਇਨ੍ਹਾਂ ਲੁੱਟ ਖਾਧਾ ਹਿੰਦੁਸਤਾਨ ਵੀਰੋ।
ਮਜ਼੍ਹਬੀ ਝਗੜਿਆਂ 'ਤੇ ਤੁਸੀਂ ਜ਼ੋਰ ਪਾਇਆ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਮਰਨਾ ਯੁੱਧ ਕਰਕੇ ਆਪਣੀ ਸ਼ਾਨ ਵੀਰੋ।

____

ਪਿਆਰੇ ਵੀਰਨੋਂ ਤੁਸਾਂ ਬੇ-ਖ਼ਬਰ ਰਹਿਣਾ,
ਅਸੀਂ ਆਪਣੇ ਹੱਥ ਵਿਖਾ ਦਿਆਂਗੇ।
ਅਸੀਂ ਤਲੀ 'ਤੇ ਰੱਖਿਆ ਸੀਸ ਆਪਣਾ,
ਕੇਰਾਂ ਹਿੰਦ ਵਿਚ ਗ਼ਦਰ ਮਚਾ ਦਿਆਂਗੇ।

ਉਠੋ ਹੁਣ ਵੀਰੋ ਹੌਸਲਾ ਕਿਉਂ ਢਾਹ ਲਿਆ।
ਜ਼ਾਲਿਮ ਫਰੰਗੀਆਂ ਨੇ ਦੇਸ਼ ਖਾ ਲਿਆ।
ਅੱਗੇ ਵੀਰੋ ਅਰਜ਼ੀਆਂ ਨੇ ਕੀ ਬਣਾ ਲਿਆ, ਜ਼ਾਲਿਮ..

____

ਕੱਲੇ-ਕੱਲੇ ਮਾਰਿਆਂ ਨਾ ਵੈਰੀ ਮੁੱਕਣੇ।
ਤਿਪਕਿਆਂ ਦੇ ਨਾਲ ਨਹੀਂ ਬੰਨ੍ਹ ਟੁੱਟਣੇ...
ਜਥੇਬੰਦ ਹੋ ਕੇ ਵੈਰੀ ਕੁੱਟ ਮਾਰਨਾ...

____

ਸ਼ਾਹੂਕਾਰ ਗੁਲਾਮੀ ਅੰਦਰ ਜੈਸੇ ਕੀੜਾ ਮੋਰੀ ਦਾ
ਸੇਵਾ ਖ਼ਾਤਰ ਕੁਝ ਨਾ ਦੇਂਦਾ ਘੁੱਟ ਲਿਆ ਮੂੰਹ ਬੋਰੀ ਦਾ
ਗ਼ਦਰ ਪਾਰਟੀ ਲੇਖਾ ਲੈਣਾ ਕੰਮ ਨਹੀਂ ਕੋਈ ਚੋਰੀ ਦਾ
ਰਲ-ਮਿਲ ਸੱਭੇ ਕਰੋ ਖ਼ਾਤਮਾ ਕੌਮ ਫਰੰਗੀ ਗੋਰੀ ਦਾ

____

ਆਓ ਵੀਰੋ ਬੈਠ ਕੇ ਮਤਾ ਪਕਾ ਲਈਏ,
ਭਾਰਤ ਮੇਂ ਝੰਡਾ ਆਪਣਾ ਚੜ੍ਹਾ ਲਈਏ।
ਮੁਰਦਿਆਂ ਦਿਲਾਂ ਨੂੰ ਪਾਣ ਲਈਏ ਚਾੜ੍ਹ ਜੀ।
ਧਾਰ ਲਓ ਇਰਾਦਾ ਝੰਡਾ ਦੇਣਾ ਚਾੜ੍ਹ ਜੀ।
ਧਾਰ ਲਓ ਇਰਾਦਾ ਜੰਗ ਦੇ ਮਚਾਉਣ ਦਾ।
ਨਹੀਂ ਵੇਲਾ ਵੀਰੋ ਅਜੇ ਸੁਖੀ ਸੌਣ ਦਾ।
ਮਾਰ-ਮਾਰ ਪਾਮਰਾਂ ਨੂੰ ਸਿੱਟੋ ਪਾੜ ਜੀ।
ਧਾਰ ਲਓ ਇਰਾਦਾ ਤਿਰੰਗਾ ਦੇਣਾ ਚਾੜ੍ਹ ਜੀ।

____

ਛੇਲੀ ਪਈ ਮਿਆਂਕਦੀ ਜਾਂਵਦੀ ਹੈ
ਚੁੱਕੀ ਜਾਂਵਦਾ ਅੱਜ ਬਘਿਆੜ ਸਾਡੀ।
ਭਾਰਤ ਵਾਂਗ ਸਰਨ ਦੇ ਛਲੀ ਲੰਕਾ
ਦਿੱਤੀ ਆਣ ਫਰੰਗੀਆਂ ਸਾੜ ਸਾਡੀ।
ਸਾਨੂੰ ਜਾਪਦਾ ਕਰੇਗਾ ਤੁਰਤ ਰਾਜ਼ੀ
ਫੜੀ ਗ਼ਦਰ ਹਕੀਮ ਨੇ ਨਾੜ ਸਾਡੀ।

____

ਛੇਤੀ ਕਰੋ ਤਿਆਰੀਆਂ ਗ਼ਦਰ ਦੀਆਂ
ਵੇਲਾ ਬੀਤਦਾ ਜਾਂਵਦਾ ਜਾਨ ਵੀਰੋ।
ਮਰਨਾ ਕੁੱਤਿਆਂ ਦੀ ਮੌਤ ਕੰਮ ਕਿਹੜੇ
ਸਮਝੋ ਫ਼ਰਕ ਇਨਸਾਨ ਹੈਵਾਨ ਵੀਰੋ।

____

ਕਿਉਂ ਨਾ ਸੋਚਦੇ ਬਾਤ ਵਿਚਾਰ ਵਾਲੀ।
ਹਿੰਦੁਸਤਾਨੀਓ ਨੌਕਰੀ ਛੱਡ ਦੇਵੋ
ਜ਼ਾਲਿਮ ਨੀਚ ਅੰਗਰੇਜ਼ ਸਰਕਾਰ ਵਾਲੀ।

ਅਤੇ ਅਖੀਰ ਵਿਚ ਟੁੰਡੀਲਾਟ ਦੇ ਇਸ ਮਹਾਂਵਾਕ ਨਾਲ ਗੱਲ ਸਮੇਟੀਏ;

ਜੀਵਨ ਮਿਲੇ ਨਾ ਮਿਲੇ ਸਾਧੀਨਤਾ ਦਾ।
ਪਰਾਧੀਨ ਦੇ ਲਈ ਮਰ ਜਾਣਾ ਚੰਗਾ।

# ਪਿੰਡ ਕੁੱਤੇਵੱਢ

*ਸਫਾ 31 ਦੀ ਬਾਕੀ*

ਮੇਰੇ ਉਤੇ ਹੱਸਣ ਲੱਗ ਪਏ ਜਿਵੇਂ ਕਹਿ ਰਹੇ ਹੋਣ 'ਆਹ ਮੂੰਹ ਤੇ ਮਸਰ ਦੀ ਦਾਲ'। ਉਨ੍ਹਾਂ ਦੀ ਕਲਪਨਾ ਵਿਚ ਵੀ ਸ਼ਾਇਦ ਨਹੀਂ ਸੀ ਕਿ ਪ੍ਰਾਇਮਰੀ ਜਮਾਤ ਦੇ ਬੱਚਿਆਂ ਨੂੰ ਬੈਠਣ ਲਈ ਬੈਂਚ ਵੀ ਕਦੀ ਮਿਲ ਸਕਦੇ ਹਨ।


ਉਨ੍ਹੀਂ ਦਿਨੀ ਇਲਾਕੇ ਵਿਚ ਹਨੇਰੀਆਂ ਬਹੁਤ ਆਇਆ ਕਰਦੀਆਂ ਸਨ ਤੇ ਕਈ ਵਾਰ ਹਨੇਰੀ 'ਚ ਉਡਦੀ ਰੇਤ ਦੇ ਹੱਥ ਪਰਾਂ ਵੀ ਦਿਸਣ ਨਹੀਂ ਸੀ ਦਿੰਦੀ। ਗਰਮੀਆਂ ਦੇ ਦਿਨੀਂ ਜਦੋਂ ਵੀ ਜ਼ਰਾ ਕੁ ਹਨੇਰੀ ਆਉਣ ਦਾ ਖਦਸ਼ਾ ਹੁੰਦਾ ਤਾਂ ਸਕੂਲ ਵਿਚ ਛੁੱਟੀ ਹੋ ਜਾਂਦੀ। ਗਰਮੀਆਂ 'ਚ ਦੋ ਮਹੀਨੇ ਲਗਾਤਾਰ ਹਨੇਰੀਆਂ ਚੱਲੀ ਜਾਣੀਆਂ। ਹਰ ਵੇਲੇ ਮੂੰਹ 'ਚ ਕਿਰਕ ਆਉਣੀ। ਜਨਾਨੀਆਂ ਨੂੰ ਰੋਟੀ-ਪਾਣੀ ਕਰਨਾ ਵੀ ਮੁਸੀਬਤ ਹੋ ਜਾਂਦਾ ਕਿਉਂਕਿ ਰੇਤੇ ਭੱਜ ਭੱਜ ਆਟੇ 'ਚ ਵੜ੍ਹਦੀ।

ਕਰੀਰ ਅਤੇ ਵਣ ਇਸ ਇਲਾਕੇ ਦੇ ਦੋ ਖਾਸ ਰੁੱਖ ਸਨ। ਕਰੀਰ ਦੇ ਡੇਲਿਆਂ ਦਾ ਆਚਾਰ ਤੁਸੀਂ ਵੀ ਸ਼ਾਇਦ ਕਦੇ ਖਾਧਾ ਹੋਵੇ। ਜੇ ਨਹੀਂ ਖਾਧਾ ਤਾਂ ਪਚਰੰਗਾ ਆਚਾਰ ਵਾਲਿਆਂ ਤੋਂ ਅਜੇ ਵੀ ਮਿਲ ਜਾਂਦਾ ਹੈ। ਡੇਲੇ ਵੀ ਭਾਂਤ-ਸੁਭਾਂਤੇ ਹੁੰਦੇ ਸਨ-ਛੋਟੇ, ਵੱਡੇ, ਰੰਗ ਬਰੰਗੇ।

ਵਣ ਨੂੰ ਗਰਮੀਆਂ ਵਿਚ ਪੀਲਾਂ ਲੱਗਦੀਆਂ ਜੋ ਪੱਕਣ 'ਤੇ ਕਈ ਰੰਗਾਂ ਦੀਆਂ ਹੁੰਦੀਆਂ-ਹਰੀਆਂ, ਕਾਲੀਆਂ, ਲਾਲ, ਪੀਲੀਆਂ। ਇਨ੍ਹਾਂ ਨੂੰ ਖਾਣ ਦਾ ਵੀ ਆਪਣਾ ਹੀ ਸਲੀਕਾ ਸੀ। ਜੇ ਇਕ ਇਕ ਕਰਕੇ ਖਾਓ ਤਾਂ ਮੂੰਹ ਵੀ ਝੱਟ ਪੱਕ ਜਾਂਦਾ। ਨਿਆਣੇ ਪਿੰਡ ਤੋਂ ਦੂਰ ਟਿਬਿਆਂ ਵੱਲ ਇਨ੍ਹਾਂ ਵਣਾਂ ਦੀਆਂ ਪੀਲਾਂ ਤੋੜਨ ਨਿਕਲ ਜਾਂਦੇ। ਰੇਤ ਇਸ ਤਰ੍ਹਾਂ ਉਡਦੀ ਸੀ ਕਿ ਜਿਥੇ ਸਵੇਰੇ ਪੱਧਰਾ ਹੁੰਦਾ ਉਥੇ ਸ਼ਾਮ ਨੂੰ ਕਈ ਵਾਰ ਟਿੱਬਾ ਬਣਿਆ ਹੁੰਦਾ। ਤਪਦੀ ਰੇਤ ਵਿਚ ਪੈਰ ਧਰਿਆਂ ਇਉਂ ਲੱਗਦਾ ਜਿਵੇਂ ਕਿਤੇ ਦਾਣੇ ਭੁੰਨਣ ਵਾਲੀ ਭੱਠੀ ਵਿਚ ਪੈਰ ਧਰ ਲਿਆ ਹੋਵੇ। ਪੀਣ ਵਾਲਾ ਪਾਣੀ ਨਾਲ ਹੀ ਰੱਖਣਾ ਪੈਂਦਾ ਸੀ। ਇਕ ਵਾਰ ਮੈਂ ਜਦੋਂ ਅਜੇ ਪਿੰਡ ਨਵੇਂ ਹੀ ਆ ਕੇ ਵੱਸੇ ਸਾਂ ਤਾਂ ਆਪਣੇ ਚਾਚੇ-ਤਾਏ ਦੇ ਮੁੰਡਿਆਂ ਨਾਲ ਪੀਲਾਂ ਤੋੜਨ ਚਲਾ ਗਿਆ। ਇਕ ਵਣ ਤੋਂ ਉਪਰ ਦੂਜੇ ਵਣ 'ਤੇ ਚੜ੍ਹ ਪਤਾ ਹੀ ਨਾ ਲੱਗਾ ਕਿ ਕਦੋਂ ਜੁੱਤੀ ਕਿਹੜੇ ਵਣ ਥੱਲੇ ਰਹਿ ਗਈ। ਉਦੋਂ ਤੱਕ ਦੁਪਹਿਰ ਵੀ ਹੋ ਚੁੱਕੀ ਸੀ। ਜੁੱਤੀ ਲੱਭਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਲੱਭ ਹੀ ਨਾ ਸਕੀ। ਸੋ, ਨੰਗੇ ਪੈਰੀਂ ਵਾਪਸ ਮੁੜਨ ਤੋਂ ਛੁੱਟ ਕੋਈ ਚਾਰਾ ਨਹੀਂ ਸੀ। ਡੇਢ-ਦੋ ਮੀਲ ਦਾ ਪੈਂਡਾ ਤਪਦੀ ਰੇਤ ਉਤੇ ਤੁਰਨਾ ਪਿਆ। ਪੈਰਾਂ ਹੇਠ ਰੇਤ ਇਉਂ ਜਾਪੇ ਜਿਵੇਂ ਅੰਗਿਆਰ ਹੋਣ। ਕਿਸੇ ਤਰ੍ਹਾਂ ਘਰ ਪਹੁੰਚੇ। ਪੈਰਾਂ ਵਿਚ ਵੱਡੇ ਵੱਡੇ ਛਾਲੇ ਪੈ ਚੁੱਕੇ ਸਨ। ਜਿਹੜੀ ਕੁੱਟ ਪਈ ਉਹ ਵੱਖਰੀ। ਅੱਜ ਵੀ ਜਦੋਂ ਕਦੀ ਮੈਨੂੰ ਉਹ ਦਿਨ ਯਾਦ ਆਉਂਦਾ ਹੈ ਤਾਂ ਆਪਣੇ 'ਤੇ ਹਾਸਾ ਵੀ ਆਉਂਦਾ ਹੈ ਅਤੇ ਪੈਰਾਂ 'ਚੋਂ ਸੇਕ ਵੀ ਨਿਕਲਣ ਲੱਗਦਾ ਹੈ।

**(ਚਲਦਾ)**

# INDO AMERICAN CULTURAL ORGANIZATION BAY AREA



## ਪੇਸ਼ ਕਰਦੇ ਹਨ



# ਅੱਠਵਾਂ ਗਦਰੀ ਮੇਲਾ

ਸਮਰਪਿਤ



Baba Bhagat Singh Bilga






Shaheed Kartar Singh Sarabha



Bibi Gulab Kaur

**Sunday, October 11th, 2009**
**11:00 am to 6:00 pm**
**Chabot College, 25555 Hesparian Blvd.**
**Hayward, CA 94545**



Prof. Lala Hardial

ਪੰਜਾਬ ਲੋਕ ਰੰਗ ਵਲੋਂ "ਨਾਟਕ ਗਦਰ ਐਕਸਪ੍ਰੈਸ" ਡਾ. ਆਤਮਜੀਤ ਦਾ ਲਿਖਿਆ ਸੁਰਿੰਦਰ ਧਨੋਆ ਦਾ ਡਾਇਰੈਕਟ ਕੀਤਾ ਖੇਡਿਆ ਜਾਵੇਗਾ। ਭੰਗੜਾ ਤੇ ਗਿੱਧਾ ਹੋਵੇਗਾ - ਪਾਲੀ ਧਨੌਲਾ। ਲੋਕ ਗੀਤਾਂ ਦਾ ਪ੍ਰੋਗਰਾਮ ਗਾਇਕ ਭੁਪਿੰਦਰ ਬੱਬਲ ਅਤੇ ਹੋਰ ਕਲਾਕਾਰ। ਸ਼ਖ਼ਸ਼ੀਅਤਾਂ ਦਾ ਮਾਨ-ਸਨਮਾਨ ਕੀਤਾ ਜਾਵੇਗਾ।

*ਗਦਰੀ ਬਾਬਿਆਂ ਦੀ, ਗੁਰੂਆਂ, ਕੂਕਾ ਲਹਿਰ ਤੇ ਹੋਰ ਦੇਸ਼ ਭਗਤਾਂ ਦੀ ਪ੍ਰਦਰਸ਼ਨੀ ਹੋ ਰਹੀ ਹੈ।* ਵਿਸ਼ੇਸ਼ ਤੌਰ ਖਾਣੇ ਦਾ ਪ੍ਰਬੰਧ ਵੀ ਹੋਵੇਗਾ।

**Chief Guest: Michael Sweeney (Mayor of Hayward) | Assembly Man: Alberto Torrico (Majority Leader)**

**Organization Committee:**

Surinder Dhanoa, Sukhwant Singh Dhillion, Kamaljit Singh Atwal, Avninder Singh, Harjinder Singh, Manjit Singh Sandhu Lehmber Singh Sandhu, Jagwinder Singh Bittu, Sukhwinder Singh, Kulwant Singh Jagga, Balwant Singh Banka, Major Singh Gakhal, Sohan Singh Gakhal, Parkash Singh & Amrik Singh Randhawa, Jaspal Singh Saini

**Sponsors:**

Bhandal Trucking, Raj Bhanot, Thandi Insurance Broker, Pritam Singh Grewal, Bhai Kanhaya Society, Avninder Singh (All State Insurance), Dilawar Chahal (Farmers Insurance), Gurcharan SIngh Mann (Doaba Insurance), America Realty & Investment, Kuldip, Surjit & Sarabjit Atwal (Merced), Pardes Times, Fairway Auto Works, Kash Fabrics, Sahaita.com, Santokh Singh Takhar, Manjit Singh Virk Lakhvir Singh Patwari, Kuldip Singh Shergill, Rubal Singh, Master Jeet Lal, Uncle Ajmer Singh & Family Vikram Singh (Singh Trucking), Bhupinder Singh (76 Gas Station), Balbir Singh Sheemar, Ram Murti Saroay (Broker), Rakesh Kumar Nita, Chander Mohan, Amrik Singh, Surinder Singh Soroya, Ajaypal Ram & Gurdev Ram (Att. at Law) Harjap Singh (El Sobrante), Pardeep Singh Grewal Attorney, Sucha Ram Bharta Khurd, Tara Sagar, Malhi Brothers & Family, Dr. Gagan Sandhu D.D.S., Dr. Dalvir Pannu D.D.S., Dr. Rajinder Bhandhari M.D. Dr. Harpreet Sandhu M.D., Kashmir Singh Hundal, Satwant Singh Sra (Broadway Landscaping), Randhir Singh Gill (Manila), Jasvir Singh Pawar, Sarabjot Singh Swaddi, Sukhjit Singh Sandhu, San Jose Trucking School, Fremont Field Hockey Club, CP Carrier, Bay Area Sports Club, Balbir Singh (Kaka), Raja Sweets, Sohal Brothers, Tandoor Restaurant, Radio Humsafar, Radio Geet Sangeet, A & I Trucking (Amolak Gakhal & Brothers), Amritpal Pathlaba, Harpreet Singh Sandhu (Ex Counsel Member, Richmond), Tehal Singh Khattra, Jagwinder Singh Heer, Jarnail Singh Chauhan & Sons, Gurjit Singh Bajwa, Parminder Singh Shergill, Mohan Singh Aheer, Shiv D. Kumar (A Para Transit), Satkar Singh & Sargan Singh Shergill, Sandhu Brothers, Fremont Printing.

**For More Info:**

Avtar Singh Tari (Commissioner Economic Development) (510) 750-5152
Balbir Singh M.A. (Commissioner Environmental System) (510) 938-7771
Pali Dhanaula (408) 661-5879
Mehnga Singh Sarpanch (510) 755-0767
Dr. Harbhajan Singh Phul (510) 206-6808

***Free Entry | Free Parking | Food will be served***

Free Food By: Bhai Kanhaya Society

# PUNJABI CULTURAL SOCIETY OF CHICAGO



*Proudly presents*

## ੮ਵੇਂ ਕੌਮਾਂਤਰੀ
## ਭੰਗੜਾ ਅਤੇ ਗਿੱਧਾ
## ਮੁਕਾਬਲੇ

# PCS NIGHT 2009

A family style dinner banquet, Open Dance Floor, DJ, Dhol, Free parking, Delicious Dinner,

Professional & University Bhangra & Gidha teams from all around the world

**Saturday, October 31st, 2009, 7:00 pm**

**Waterford Banquet & Conference Center**

**933 South Riverside Drive, Elmhurst, Ill. 60126.**

**Winning Bhangra & Gidha Teams will be awarded cash prizes:**
**1st $3500, 2nd $2100, 3rd $1100**

Bhangra & Gidha teams interested in competing please register by October 11th, 2009

ADMISSION DONATION: $50, $65, $100, $200/VIP
(DELICIOUS DINNER INCLUDED)

Children under 10yr.free

*For further information please contact:*

**PUNJABI CULTURAL SOCIETY OF CHICAGO**
**Info@PCSChicago.org Phone 847-359-5PCS or 630-440-7730**

PCS is a non for- profit Organization Promoting Punjabi Culture Language, Sports & Performing a Arts.



# ਦਿੱਲ ਬੋਲੇ ਹੜਿੱਪਾ

## ’ਤੇ ਹਨ ਰਾਣੀ ਮੁਖਰਜੀ ਦੀਆਂ ਸਾਰੀਆਂ ਆਸਾਂ

ਯਸ਼ਰਾਜ ਦੀ ‘ਥੋੜਾ ਪਿਆਰ ਥੋੜਾ ਮੈਜਿਕ’ ਦੇ ਬਾਅਦ ਰਾਣੀ ਮੁਖਰਜੀ ਦੀ ਢਾਈ ਸਾਲ ਬਾਅਦ ਅਗਲੀ ਫ਼ਿਲਮ ‘ਦਿਲ ਬੋਲੇ ਹੜਿੱਪਾ’ ਰਿਲੀਜ਼ ਹੋਈ ਹੈ। ਅਨੁਰਾਗ ਸਿੰਘ ਦੇ ਨਿਰਦੇਸ਼ਨ ਵਿਚ ਰਾਣੀ ਮੁਖਰਜੀ ਨੇ ਪਹਿਲੀ ਵਾਰ ਸ਼ਾਹਿਦ ਕਪੂਰ ਦੇ ਨਾਲ ਜੋੜੀ ਬਣਾਈ ਹੈ। ਹਾਲ ਵਿਚ ‘ਯਸ਼ਰਾਜ ਫਿਲਮਜ਼’ ਦੇ ਕਾਰਜਕਾਲ ਵਿਚ ਰਾਣੀ ਨਾਲ ਗੱਲਬਾਤ ਦੌਰਾਨ ਜਦੋਂ ਪੁਛਿਆ ਕਿ ਤੁਹਾਡੀ ‘ਵੀਰ’ ਯਾਨਿ ਸਰਦਾਰ ਜੀ ਵਾਲੀ ਲੁਕ ਨੂੰ ਦੇਖ ਕੇ ਦਰਸ਼ਕਾਂ ਦੀਆਂ ਕਿਹੋ ਜਿਹੀਆਂ ਪ੍ਰਤੀਕ੍ਰਿਆਵਾਂ ਸਨ? ਤਾਂ ਰਾਣੀ ਦਾ ਜੁਆਬ ਸੀ ਕਿ ਗ੍ਰੇਟ। ਸਚ ਦੱਸਾਂ ਮੈਂ ਆਮ ਦਰਸ਼ਕਾਂ ਦੇ ਪ੍ਰਤੀਕਰਮ ਨੂੰ ਕਾਫੀ ਮਹੱਤਵ ਦੇਂਦੀ ਹਾਂ। ਉਹ ਇਕਦਮ ਸਪਸ਼ਟ ਬੋਲਦੇ ਹਨ। ਉਨ੍ਹਾਂ ਨੂੰ ਜੋ ਚੰਗਾ ਜਾਂ ਬੁਰਾ ਲਗਦਾ ਹੈ, ਉਹ ਬੇਝਿਜਕ ਕਹਿੰਦੇ ਹਨ। ਤੁਸੀਂ ਜਰਨਲਿਸਟ ਲੋਕ ਕੁਝ ਲਿਹਾਜ ਕਰਕੇ ਬੋਲਦੇ ਹੋ, ਪਰ ਉਹ ਉਹੀ ਬੋਲਦੇ ਹਨ ਜੋ ਦੇਖਦੇ ਹਨ। ਮੈਨੂੰ ਵੀਰ ਦੇ ਕਰੈਕਟਰ ਦੇ ਲਈ ਦਰਸ਼ਕਾਂ ਦਾ ਜੋ ਹੁੰਗਾਰਾ ਮਿਲਿਆ ਉਹ ਕਮਾਲ ਹੈ।

‘ਯਸ਼ਰਾਜ’ ਦੀ ਸਾਈਟ ਤੇ ਮੇਰੀ ਲੁਕ ਨੂੰ ਲੈ ਕੇ ਜੋ ਪ੍ਰਤੀਕਰਮ ਆ ਰਹੇ ਹਨ ਉਹ ਕਮਾਲ ਹਨ। ਜਦੋਂ ਰਾਣੀ ਨੂੰ ਰੋਲ ਦੀ ਤਿਆਰੀ ਬਾਰੇ ਪੁਛਿਆ ਗਿਆ ਤਾਂ ਉਸਨੇ ਕਿਹਾ ਕਿ ਜਦ ਮੈਨੂੰ ਇਸ ਫ਼ਿਲਮ ਦੀ ਕਹਾਣੀ ਸੁਣਾਈ ਗਈ ਤਾਂ ਦੱਸਿਆ ਗਿਆ ਸੀ ਕਿ ਸਰਦਾਰ ਜੀ ਬਣਨਾ ਹੈ। ਇਹ ‘ਥੋੜਾ ਪਿਆਰ, ਥੋੜਾ ਮੈਜ਼ਿਕ’ ਦੇ ਰਿਲੀਜ਼ ਦੇ ਦਿਨ ਦੀ ਗੱਲ ਹੈ। ਉਸੇ ਦਿਨ ਤੋਂ ਮੈਂ ਆਪਣੀ ਇਸ ਦਿੱਖ ਦੇ ਲਈ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਸੀ। ਮੈਨੂੰ ਸਰਦਾਰ ਜੀ ਦੀ ਦਿੱਖ ਦੇ ਲਈ ਇਕਦਮ ਕੜਕ ਸ਼ਰੀਰ ਚਾਹੀਦਾ ਸੀ। ਛੇ ਮਹੀਨੇ ਤੱਕ ਮੇਰੀ ਟ੍ਰੇਨਿੰਗ ਚੱਲੀ। ਇਸ ਟ੍ਰੇਨਿੰਗ ਦੇ ਨਾਲ ਮੈਂ ਯੋਗਾ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਟ੍ਰੇਨਿੰਗ ਦੇ ਦੌਰਾਨ ਮੈਨੂੰ ਇਹ ਮਹੱਤਵਪੂਰਨ ਜਾਣਕਾਰੀ ਮਿਲੀ ਕਿ ਸਾਨੂੰ ਕਦੇ ਵੀ ਇਕੋ ਜਿਹੀ ਐਕਸਰਸਾਈਜ਼ ਜਿਆਦਾ ਸਮੇਂ ਤੱਕ ਨਹੀਂ ਕਰਨੀ ਚਾਹੀਦੀ। ਇਕ ਸਮੇਂ ਬਾਅਦ ਸ਼ਰੀਰ ’ਤੇ ਉਸਦਾ ਅਸਰ ਨਹੀਂ ਦਿਖਦਾ। ਮੇਰੇ ਟ੍ਰੇਨਰ ਨੇ ਜਿਸ ਤਰ੍ਹਾਂ ਨਾਲ ਅਲਗ-ਅਲਗ ਕਿਸਮ ਦੀ ਐਕਸਰਸਾਈਜ਼ਾਂ ਕਰਵਾਈਆਂ, ਉਸ ਤੋਂ ਬਾਅਦ ਮੈਨੂੰ ਪਤਾ ਚੱਲਿਆ ਕਿ ਮੇਰੇ ਜਿਸਮ ਵਿਚ ਉਥੇ ਵੀ ਫੈਟ ਸੀ ਜਿਥੇ ਮੈਂ ਸੋਚਦੀ ਹੀ ਨਹੀਂ ਸੀ। ਮੈਂ ਫਿਸ਼ ਫਰਾਈ ਦੇ ਬਿਨਾ ਖਾਣਾ ਨਹੀਂ ਖਾਂਦੀ ਹਾਂ, ਉਹ ਵੀ ਮੈਂ ਛੱਡੀ। ਸਿਰਫ ਫਾਈਬਰ ਵਾਲਾ ਸ਼ਾਕਾਹਾਰੀ ਭੋਜਨ ਕੀਤਾ। ਕਾਫੀ ਤਿਆਗ ਅਤੇ ਮਿਹਨਤ ਕੀਤੀ। ਇਸ ਸੁਆਲ ਦੇ ਜੁਆਬ ਵਿਚ ਕਿ ਤੁਹਾਡੀ ਦਿੱਖ ਨੂੰ ਹਰਭਜਨ ਸਿੰਘ ਦੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਤਾਂ ਉਸਨੇ ਕਿਹਾ ਮੇਰੀ ਇਸ ਦਿੱਖ ਦੀ ਲੰਦਨ ਵਿਚ ਡਿਜ਼ਾਈਨਿੰਗ ਹੋਈ ਹੈ। ਉਥੇ ਸਿਰਫ ਮੇਰੀ ਫੋਟੋ ਭੇਜੀ ਗਈ ਸੀ। ਕਾਫੀ ਲੋਕਾਂ ਨੇ ਕਿਹਾ ਕਿ ਇਹ ਲੁਕ ਭੱਜੀ ਨਾਲ ਮਿਲ ਰਹੀ ਹੈ। ਹਾਲ ਹੀ ਵਿਚ ਹੋਈ ਇਕ ਪਾਰਟੀ ਵਿਚ ਹਰਭਜਨ ਨਾਲ ਮੇਰੀ ਮੁਲਾਕਾਤ ਹੋਈ ਸੀ, ਉਹ ਵੀ ਪੋਸਟਰਾਂ ਵਿਚ ਮੇਰੀ ਇਹ ਫੋਟੋ ਦੇਖ ਕੇ ਕਾਫੀ ਖੁਸ਼ ਸਨ। ਸਾਥੀ ਕਲਾਕਾਰਾਂ ਤੋਂ ਹੁੰਗਾਰਾ ਮਿਲਣ ਬਾਰੇ ਉਸਨੇ ਦੱਸਿਆ ਕਿ ਜਦ ਮੈਂ ‘ਹੜਿੱਪਾ’ ਦੀ ਸ਼ੂਟਿੰਗ ਕਰ ਰਹੀ ਸੀ, ਉਨ੍ਹਾਂ ਦਿਨਾਂ ਵਿਚ ਯਸ਼ਰਾਜ ਸਟੂਡੀਓ ਵਿਚ ਆਮਿਰ ਅਤੇ ਸ਼ਾਹਰੁਖ ਵੀ ਸ਼ੂਟਿੰਗ ਕਰ ਰਹੇ ਸਨ। ਮੈਂ ਆਪਣੀ ਇਸੇ ਸਰਦਾਰ ਜੀ ਵਾਲੀ ਲੁਕ ਵਿਚ ਉਨ੍ਹਾਂ ਕੋਲ ਗਈ ਤਾਂ ਉਨ੍ਹਾਂ ਨੇ ਮੈਨੂੰ ਕੋਈ ਖਾਸ ਮਹੱਤਵ ਨਹੀਂ ਦਿੱਤਾ। ਜਦ ਮੈਂ ਕਿਹਾ ਮੈਂ ਰਾਣੀ ਹਾਂ ਤਾਂ ਉਹ ਦੋਵੇਂ ਬੜੇ ਹੈਰਾਨ ਹੋਏ। ਇਹ ਮੇਰੇ ਲਈ ਕੈਰੀਅਰ ਦਾ ਯਾਦਗਾਰ ਰੋਲ ਰਹੇਗਾ। ਮੈਨੂੰ ਤਾਂ ਲਗਦਾ ਹੈ ਕਿ ਦਰਸ਼ਕ ਵੀ ਇਸਨੂੰ ਯਾਦ ਰੱਖਣਗੇ।



ਰੁਟੀਨ ਤੋਂ ਹਟਕੇ ਅਲਗ ਕਿਰਦਾਰ ਕਰਨਾ ਕਿੰਨਾ ਸੰਤੁਸ਼ਟੀਜਨਕ ਹੁੰਦਾ ਹੈ ਦੇ ਜਵਾਬ ਵਿਚ ਉਸਨੇ ਕਿਹਾ ਕਿ ਜਦ ਕੋਈ ਡਾਇਰੈਕਟਰ ਤੁਹਾਨੂੰ ਨਵਾਂ ਅਤੇ ਹਟ ਕੇ ਰੋਲ ਦੇਂਦਾ ਹੈ, ਤਾਂ ਬੜਾ ਚੰਗਾ ਲੱਗਦਾ ਹੈ। ਇਹ ਸੋਚ ਕੇ ਖੁਸ਼ੀ ਹੁੰਦੀ ਹੈ ਕਿ ਮੇਰੇ ਵਿਚ ਇੰਨੀ ਸਮਰਥਾ ਹੈ ਕਿ ਉਹ ਮੈਨੂੰ ਚਣੌਤੀ ਭਰੇ ਰੋਲ ਪੇਸ਼ ਕਰ ਰਹੇ ਹਨ। ਉਸਨੂੰ ਨਿਭਾਉਣ ਲਈ ਤਿਆਰੀ ਕਰਨ ਵਿਚ ਸਾਨੂੰ ਵੀ ਬਹੁਤ ਮਜ਼ਾ ਆਉਂਦਾ ਹੈ। ਇਸੇ ਕਾਰਨ ਹੀ ਮੈਂ ਕਾਫੀ ਸਮੇਂ ਤੱਕ ਕੋਈ ਫਿਲਮ ਸਾਈਨ ਨਹੀਂ ਕੀਤੀ, ਕਿਉਂਕਿ ਮੈਂ ਇਕ ਵਾਰ ਫਿਰ ਕੁਝ ਅਲਗ ਕਰਨਾ ਚਾਹੁੰਦੀ ਸਾਂ। ਕਈ ਡਾਇਰੈਕਟਰ ਇਹ ਕਹਿ ਕੇ ਸਕ੍ਰਿਪਟ ਲਿਆਉਂਦੇ ਕਿ ਇਸ ਵਿਚ ਨਵਾਂ ਮੋੜ ਹੈ। ਮੈਂ ਕਿਹਾ ਕਿ ਨਵਾਂ ਮੋੜ ਨਹੀਂ, ਨਵਾਂ ਤੋੜ ਲਿਆਓ। ਇਸ ਦੌਰਾਨ ਰਾਣੀ ਨੂੰ ਪੁੱਛਿਆ ਗਿਆ ਕਿ ਤੁਹਾਡੇ ਫ਼ਿਲਮ ਨਾ ਸਾਈਨ ਕਰਨ ਕਰਕੇ ਇਹ ਅਟਕਲ ਲਾਈ ਜਾ ਰਹੀ ਸੀ ਕਿ ਤੁਸੀਂ ਸ਼ਾਦੀ ਕਰਨ ਵਾਲੇ ਹੋ, ਤਾਂ ਉਸਨੇ ਦੱਸਿਆ ਕਿ ਇਹੋ ਜਿਹੀਆਂ ਕਈ ਖਬਰਾਂ ਅਤੇ ਗਾਸਿਪ ਮੇਰੇ ਬਾਰੇ ਛਪੇ ਜਿਨ੍ਹਾਂ ਨੂੰ ਪੜ੍ਹ ਕੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਬਹੁਤ ਮਾੜਾ ਲੱਗਿਆ। ਮੈਂ ਤਾਂ ਆਪਣੇ ਪਰਿਵਾਰ ਦੀ ਇਕਲੋਤੀ ਬੇਟੀ ਹਾਂ। ਜਦ ਸ਼ਾਦੀ ਕਰਾਂਗੀ, ਤਾਂ ਮੀਡੀਆ ਨੂੰ ਨਾ ਸਹੀ, ਕੀ ਆਪਣੇ ਰਿਸ਼ਤੇਦਾਰਾਂ/ਨਾਤੇਦਾਰਾਂ ਨੂੰ ਵੀ ਨਹੀਂ ਦੱਸਾਂਗੀ? ਮਾਂ-ਬਾਪ ਦੇ ਇਲਾਵਾ ਇਕ ਬੇਟੀ ਨੂੰ ਆਪਣੀ ਸ਼ਾਦੀ ਦੀ ਕਿੰਨੀ ਖੁਸ਼ੀ ਹੁੰਦੀ ਹੈ? ਕੀ ਉਸਨੂੰ ਕੋਈ ਇਵੇਂ ਹੀ ਛਿਪਾਉਂਦਾ ਰਹੇਗਾ? ਮਿਹਰਬਾਨੀ ਕਰਕੇ ਤੁਸੀਂ ਉਸ ਪਹਿਲੇ ਸ਼ਖਸ ਨੂੰ ਮੇਰੇ ਕੋਲ ਲੈ ਆਓ, ਜਿਸਨੇ ਇਹ ਅਫ਼ਵਾਹ ਉਡਾਈ। ਮੈਂ ਉਸ ਸ਼ਖਸ ਨਾਲ ਕੁਝ ਗੱਲਾਂ ਕਰਨਾ ਚਾਹਾਂਗੀ।

ਰਾਣੀ ਦੀਆਂ ਪਿਛਲੀਆਂ ਕਈ ਫਿਲਮਾਂ ਬਾਕਸ ਆਫ਼ਿਸ ’ਤੇ ਠੀਕ-ਠਾਕ ਹੀ ਚਲੀਆਂ ਹਨ, ਜਦਕਿ ਸ਼ਾਹਿਦ ਦੀ ਪਿਛਲੀ ਫ਼ਿਲਮ ‘ਕਮੀਨੇ’ ਚੰਗੀ ਚਲੀ ਹੈ। ਇਸ ਫ਼ਿਲਮ ਵਿਚ ਡਬਲ ਰੋਲ ਕਰਨ ਨਾਲ ਵੀ ਰਾਣੀ ਤੇ ਜਵਾਬਦੇਹੀ ਆ ਰਹੀ ਹੈ।ਪਰ ਰਾਣੀ ਆਖ ਰਹੀ ਹੈ ਜਵਾਬਦੇਹੀ ਤਾਂ ਹਰ ਫਿਲਮ ਦੀ ਹੁੰਦੀ ਹੈ। ਸ਼ਾਹਿਦ ਦਾ ਟਾਈਮ ਚੰਗਾ ਚਲ ਰਿਹਾ ਹੈ। ਸ਼ਾਇਦ ਉਸਦਾ ਗੋਲਡਨ ਟਚ ਮੇਰੇ ਤੇ ਚੜ੍ਹ ਜਾਵੇ ਅਤੇ ਮੇਰੀ ਵੀ ਬੱਲੇ-ਬੱਲੇ ਹੋ ਜਾਵੇ। ਕਾਰਣ ਕੋਈ ਵੀ ਹੋਵੇ, ਬਸ ਫ਼ਿਲਮ ਹਿਟ ਹੋਣੀ ਚਾਹੀਦੀ। ਹੁਣ ਕਿਸ ਤਰ੍ਹਾਂ ਦੀ ਭੂਮਿਕਾ ਕਰਨ ਦੀ ਇੱਛਾ ਹੈ? ਦੇ ਜਵਾਬ ਵਿਚ ਰਾਣੀ ਨੇ ਕਿਹਾ ਕਿ ਮੈਂ ਹੁਣ ਤੱਕ ਕੋਈ ਐਕਸ਼ਨ ਫ਼ਿਲਮ ਨਹੀਂ ਕੀਤੀ, ਹੁਣ ਕਰਨਾ ਚਾਹਾਂਗੀ।

## ਜੈਕਸਨ ਦੇ ਨਾਲ ਨਾ ਹੋਣ ਦਾ ਪਛਤਾਵਾ ਹੈ ਮੈਡੋਨਾ ਨੂੰ

ਪੌਪ ਦੇ ਬਾਦਸ਼ਾਹ ਮਾਈਕਲ ਜੈਕਸਨ ਨੂੰ ਭਾਵਪੂਰਤ ਸ਼ਰਧਾਂਜਲੀ ਦਿੰਦਿਆਂ ਵਿਸ਼ਵ ਪ੍ਰਸਿੱਧ ਗਾਇਕਾ ਮੈਡੋਨਾ ਨੇ ਅਫਸੋਸ ਪ੍ਰਗਟਾਇਆ ਹੈ ਕਿ ਜੈਕਸਨ ਦੇ ਅੰਤਲੇ ਸਮੇਂ ਹਰ ਕੋਈ ਉਸਨੂੰ ਪਿੱਠ ਵਿਖਾ ਗਿਆ ਸੀ। ਨਿਊਯਾਰਕ ਵਿਚ 26ਵੇਂ ਐਮ.ਟੀ.ਵੀ. ਵਿਡੀਓ ਮਿਊਜ਼ਿਕ ਐਵਾਰਡ ਸਮਾਰੋਹ ਦੌਰਾਨ ਮੈਡੋਨਾ ਨੇ, ਜੈਕਸਨ ਦੀ ਭੈਣ ਜੇਨੈੱਟ ਜੈਕਸਨ ਸਮੇਤ ਇਹ ਸ਼ਰਧਾਂਜਲੀ ਪੇਸ਼ ਕੀਤੀ। ਰਸਾਲਾ ‘ਅੱਸ’ ਵਿਚ ਛਪੀ ਰਿਪੋਰਟ ਅਨੁਸਾਰ 50 ਸਾਲਾ ਜੈਕਸਨ ਦੀ ਮੌਤ ਵੇਲੇ 25 ਜੂਨ ਨੂੰ ਲੰਡਨ ਦੇ ਦੌਰੇ ‘ਤੇ ਗਈ ਮੈਡੋਨਾ ਝੂਰਦੀ ਹੈ ਕਿ ਕਈ ਸਾਲਾਂ ਤੋਂ ਉਸਦੇ ਜੈਕਸਨ ਨਾਲ ਸਬੰਧ ਠੀਕ ਨਹੀਂ ਸਨ ਚਲ ਰਹੇ। ਸਨਮਾਨ ਸਮਾਰੋਹ ਦੌਰਾਨ ਆਪਣੇ ਛੋਟੇ ਪਰ ਧੂ-ਪਾਊ ਸੰਬੋਧਨ ਦੌਰਾਨ ਮੈਡੋਨਾ ਨੇ ਕਿਹਾ, ‘‘ਜਦੋਂ ਉਸਦੀ ਮੌਤ ਹੋ ਗਈ ਮੇਰੇ ਮਨ ਵਿਚ ਬਸ ਇਕ ਹੀ ਖਿਆਲ ਮੁੜ-ਮੁੜ ਆਉਂਦਾ ਰਿਹਾ ਕਿ ਮੈਂ ਉਸ ਨੂੰ ਤਿਲਾਂਜਲੀ ਦੇ ਦਿੱਤੀ ਸੀ।’’ ਮੈਡੋਨਾ ਨੇ ਕਿਹਾ, ‘‘ਅਸੀਂ ਉਹ ਲਾਜਵਾਬ ਇਨਸਾਨ ਗਵਾ ਲਿਆ ਹੈ ਜਿਸਨੇ ਕਿਸੇ ਵੇਲੇ ਆਪਣੀ ਕਲਾ ਨਾਲ ਦੁਨੀਆਂ ਭਰ ਨੂੰ ਲਾਂਬੂ ਲਾ ਦਿੱਤਾ ਸੀ, ਬਸ ਉਹ ਸਾਡੇ ਹੱਥਾਂ ਵਿਚੋਂ ਨਿਕਲ ਗਿਆ।’’



ਉਸਨੇ ਕਿਹਾ, ‘‘ਜਦੋਂ ਉਹ ਆਪਣੇ ਪਰਿਵਾਰ ਨੂੰ ਸੰਭਾਲ ਰਿਹਾ ਸੀ, ਆਪਣੇ ਕੈਰੀਅਰ ਨੂੰ ਮੁੜ ਸਥਾਪਤ ਕਰ ਰਿਹਾ ਸੀ, ਅਸੀਂ ਉਸ ਦੇ ਬਾਰੇ ਆਪਣੇ ਕਿਆਫੇ ਲਾ ਰਹੇ ਸਾਂ। ਅਸੀਂ ਬਹੁਤਿਆਂ ਨੇ ਉਸ ਵਲੋਂ ਮੂੰਹ ਹੀ ਮੋੜ ਲਿਆ ਹੋਇਆ ਸੀ...ਕਈ ਵਾਰ ਅਸੀਂ ਕਿਸੇ ਦਾ ਸਹੀ ਮੁੱਲ ਜਾਨਣ ਤੋਂ ਪਹਿਲਾਂ ਹੀ ਉਸਨੂੰ ਗਵਾ ਦਿੰਦੇ ਹਾਂ।’’


ਮੈਡੋਨਾ ਨੇ ਇਸ ਮੌਕੇ ਕਾਲੀ ਪੌਸ਼ਾਕ ਪਹਿਨੀ ਹੋਈ ਸੀ। ਉਸਨੇ ਯਾਦ ਕੀਤਾ ਕਿ ਅਗਸਤ 1958 ਵਿਚ ਉਹ ਅਤੇ ਜੈਕਸਨ ਅਮਰੀਕਾ ਦੇ ਮੱਧ-ਪੱਛਮੀ ਖਿੱਤੇ ਵਿਚ ਪੈਦਾ ਹੋਏ ਸਨ। ਉਸਨੇ ਕਿਹਾ ਕਿ ਫਰਕ ਸਿਰਫ ਇੰਨਾ ਕੁ ਸੀ ਕਿ ਉਸਨੇ ਆਪਣਾ ਬਚਪਨ ਰੱਜ ਕੇ ਮਾਣਿਆ ਪਰ ਮਾਈਕਲ ਨੇ ਬਿਲਕੁਲ ਵੀ ਨਹੀਂ। ਮੈਡੋਨਾ ਨੇ ਪੌਪ ਦੇ ਬਾਦਸ਼ਾਹ ਬਾਰੇ ਕੁਝ ਹੋਰ ਖੱਟ-ਮਿੱਠੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ ਕਿ ਕਿਵੇਂ ਉਹ ਉਸਨੂੰ ਫਰੈਂਚ ਫਰਾਈਜ਼ ਖਵਾਉਂਦੀ ਸੀ ਅਤੇ ਕਈ ਵਾਰ ਚੰਗਾ ਮੰਦਾ ਵੀ ਬੋਲ ਲੈਂਦੀ ਸੀ। ਆਪਣੇ ਸ਼ਰਧਾਂਜਲੀ ਸੰਬੋਧਨ ਦੇ ਅੰਤ ਵਿਚ ਉਸਨੇ ਦੱਸਿਆ ਕਿ ਉਸ ਦੇ ਦੋਹੇਂ ਪੁੱਤਰ ਰੋਕੋ (9) ਤੇ ਡੇਵਿਡ (4) ਜੈਕਸਨ ਦੇ ਪ੍ਰਸ਼ੰਸਕ ਹਨ। ਉਸਨੇ ਕਿਹਾ, ‘‘ਮੇਰੇ ਘਰ ਵਿਚ ਹਰ ਵੇਲੇ ਮੂਨ ਵਾਕ ਚਲਦਾ ਹੈ। ਮਾਈਕਲ ਲਾਜਵਾਬ ਮਨੁੱਖ ਹੀ ਨਹੀਂ, ਸਗੋਂ ਬਾਦਸ਼ਾਹ ਸੀ।’’ ਮਗਰੋਂ ਮਾਈਕਲ ਦੀ ਭੈਣ ਜੇਨੈੱਟ ਨੇ 90ਵਿਆਂ ਵਿਚ ਜੈਕਸਨ ਨਾਲ ਗਾਏ ਦੋਗਾਣੇ ‘ਸਕਰੀਮ’ ਦੀ ਮਿਸਾਲ ਪੇਸ਼ਕਾਰੀ ਦਿੱਤੀ।

## ਬੜੀ ਬੜਬੋਲੀ ਹੈ ਬਿਪਾਸ਼ਾ

ਬਾਲੀਵੁੱਡ ਦੀਆਂ ਸਭ ਤੋਂ ਹੌਟ ਅਤੇ ਬੋਲਡ ਅਭਿਨੇਤਰੀਆਂ ‘ਚੋਂ ਇਕ ਬਿਪਾਸ਼ਾ ਹੁਣ ਕਲਾ ਫ਼ਿਲਮਾਂ ‘ਚ ਵੀ ਆਪਣੀ ਅਦਾਕਾਰੀ ਦਿਖਾਵੇਗੀ। ਸਾਰੀਆਂ ਅਭਿਨੇਤਰੀਆਂ ਆਪਣੇ ਫ਼ਿਲਮੀ ਕੈਰੀਅਰ ‘ਚ ਕਿਸੇ ਨਾ ਕਿਸੇ ਸਮੇਂ ਕਲਾ ਫ਼ਿਲਮਾਂ ਕਰਦੀਆਂ ਹੀ ਹਨ। ਮਾਧੁਰੀ, ਤੱਬੂ, ਕਰੀਨਾ ਅਤੇ ਐਸ਼ਵਰਿਆ ਆਦਿ ਅਭਿਨੇਤਰੀਆਂ ਨੇ ਕਲਾ ਫ਼ਿਲਮਾਂ ‘ਚ ਹੱਥ ਅਜ਼ਮਾਇਆ ਹੈ ਤੇ ਹੁਣ ਬਿਪਾਸ਼ਾ ਬਸੂ ਦਾ ਨਾਂ ਵੀ ਇਨ੍ਹਾਂ ‘ਚ ਸ਼ਾਮਿਲ ਹੋਣ ਵਾਲਾ ਹੈ। ਛੇਤੀ ਹੀ ਰਿਲੀਜ਼ ਹੋਣ ਵਾਲੀ ਫ਼ਿਲਮ ‘ਪੰਖ’ ਕਾਫੀ ਬੋਲਡ ਦੱਸੀ ਜਾ ਰਹੀ ਹੈ।

ਇਕ ਸ੍ਰੋਤ ਮੁਤਾਬਿਕ ਇਸ ਫ਼ਿਲਮ ‘ਚ ਬਿਪਾਸ਼ਾ ਵਲੋਂ ਸ਼ੇਖਰ ਕਪੂਰ ਦੀ ਵਿਵਾਦਗ੍ਰਸਤ ਫ਼ਿਲਮ ‘ਬੈਂਡਿਟ ਕੁਈਨ’ ਤੋਂ ਕਿਤੇ ਵਧ ਮਾੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਸੁਣਨ ਵਿਚ ਆਇਆ ਹੈ ਕਿ ਬਿਪਾਸ਼ਾ ਨੇ ਇਸ ਫ਼ਿਲਮ ‘ਚ ‘ਬੈਂਡਿਟ ਕੁਈਨ’ ਦੀ ਅਭਿਨੇਤਰੀ ਸੀਮਾ ਬਿਸਵਾਸ ਨੂੰ ਵੀ ਮਾੜੇ ਸ਼ਬਦਾਂ ਦੇ ਮਾਮਲੇ ‘ਚ ਪਿੱਛੇ ਛੱਡ ਦਿੱਤਾ ਹੈ। ਫ਼ਿਲਮ ਦੇ ਹਰ ਦੂਜੇ ਵਾਕ ‘ਚ ਮਾੜੇ ਬੋਲ ਵਰਤੇ ਗਏ ਹਨ। ਹੁਣ ਦੇਖਣਾ ਇਹ ਹੈ ਕਿ ਸੈਂਸਰ ਵਾਲੇ ਬਿਪਾਸ਼ਾ ਦੀ ਇਸ ਆਰਟ ਫ਼ਿਲਮ ਨੂੰ ਇੰਝ ਹੀ ਜਾਣ ਦੇਣਗੇ ਜਾਂ ਨਹੀਂ।





## ਕ੍ਰਿਸ਼ਮਾ ਕਪੂਰ ਫਿਰ ਹੋ ਗਈ ਗਰਭਵਤੀ

ਪਰਿਵਾਰਕ ਸੂਤਰਾਂ ਅਨੁਸਾਰ ਕ੍ਰਿਸ਼ਮਾ ਕਪੂਰ ਦੇ ਦੂਸਰਾ ਬੱਚਾ ਹੋਣ ਵਾਲਾ ਹੈ। ਇਹ ਅਦਾਕਾਰਾ ਜਿਸ ਦਾ ਵਿਆਹ ਦਿੱਲੀ ਦੇ ਇਕ ਵਪਾਰੀ ਸੰਜੇ ਕਪੂਰ ਨਾਲ ਹੋਇਆ ਸੀ, ਦੀ ਇਕ ਧੀ ਪਹਿਲਾਂ ਹੀ ਹੈ ਜਿਸ ਦਾ ਨਾਂ ਸਮਾਇਰਾ ਹੈ ਤੇ ਜਿਸ ਦੀ ਉਮਰ ਚਾਰ ਸਾਲ ਦੀ ਹੈ। ਕ੍ਰਿਸ਼ਮਾ, ਜਿਸਨੂੰ ਲੋਲੋ ਵੀ ਕਹਿੰਦੇ ਹਨ, ਦੀ ਛੋਟੀ ਭੈਣ ਕਰੀਨਾ ਕਪੂਰ ਦੂਜੀ ਵਾਰੀ ਮਾਸੀ ਬਣਨ ‘ਤੇ ਬਹੁਤ ਖੁਸ਼ ਹੈ। ਇਕ ਸੂਤਰ ਨੇ ਕਿਹਾ ਹੈ ਕਿ ਇਸ ਅਦਾਕਾਰਾ ਨੂੰ ਬਾਂਦਰਾ ਵਿਖੇ ਬੁੱਧਵਾਰ ਦੀ ਦੁਪਹਿਰ ਨੂੰ ਇਕ ਸੈਵਨ ਸਟਾਰ ਹੋਟਲ ਵਿਚ ਦੇਖਿਆ ਗਿਆ। ਇਹ ਉਸ ਦੀ ਜ਼ਿੰਦਗੀ ਦਾ ਇਕ ਖੁਸ਼ੀਆਂ ਭਰਿਆ ਪੜਾਅ ਹੈ।

ਓਧਰ ਸਮਾਇਰਾ ਵੀ ਵੱਡੀ ਹੋ ਰਹੀ ਹੈ। ਪਤੀ ਸੰਜੇ ਅਤੇ ਉਹ ਦੋਵੇਂ ਨਵਾਂ ਬੱਚਾ ਆਉਣ ਤੇ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਕਰੀਨਾ ਕਪੂਰ ਕ੍ਰਿਸ਼ਮਾ ਦੇ ਗਰਭਵਤੀ ਹੋਣ ‘ਤੇ ਬਹੁਤ ਖੁਸ਼ ਹੈ। ਬੇਬੋ ਨੂੰ ਵੀ ਬੱਚਿਆਂ ਨਾਲ ਬਹੁਤ ਪਿਆਰ ਹੈ ਅਤੇ ਉਹ ਆਪਣੀ ਭਾਣਜੀ ਸਮਾਇਰਾ ਨੂੰ ਵੀ ਬਹੁਤ ਪਿਆਰ ਕਰਦੀ ਹੈ। ਉਹ ਉਸ ਦੀਆਂ ਜਨਮ ਦਿਨ ਦੀਆਂ ਪਾਰਟੀਆਂ ਆਯੋਜਿਤ ਕਰਦੀ ਹੈ ਅਤੇ ਵਿਦੇਸ਼ਾਂ ਤੋਂ ਹਮੇਸ਼ਾ ਉਸ ਦੇ ਲਈ ਤੋਹਫੇ ਲੈ ਕੇ ਆਉਂਦੀ ਹੈ।

## ਕਰੀਨਾ ਦੀ ਖੁਸ਼ੀ ਦਾ ਕੀ ਰਾਜ਼

ਕਰੀਨਾ ਕਪੂਰ ਸਮੇਂ-ਸਮੇਂ ‘ਤੇ ਕੁਝ ਨਾ ਕੁਝ ਵੱਖਰਾ ਕਰਕੇ ਖੁਦ ਨੂੰ ਦਰਸ਼ਕਾਂ ਤੇ ਮੀਡੀਆ ‘ਚ ਚਰਚਿਤ ਰੱਖਣਾ ਖੂਬ ਜਾਣਦੀ ਹੈ। ਪਹਿਲਾਂ ਆਈਟਮ ਗੀਤ ਅਤੇ ਫਿਰ ਆਪਣੀ ‘ਜ਼ੀਰੋ ਫਿੱਗਰ’ ਨਾਲ ਉਸਨੇ ਨਵੀਆਂ ਅਭਿਨੇਤਰੀਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।

ਹੁਣ ਕਰੀਨਾ ਇਕ ਵਾਰ ਫਿਰ ਦਰਸ਼ਕਾਂ ਨੂੰ ਕੁਝ ਵੱਖਰਾ ਕਰਕੇ ਝਟਕਾ ਦੇਣ ਵਾਲੀ ਹੈ। ਦੱਸਿਆ ਜਾ ਰਿਹਾ ਹੈ ਕਿ ਕਰਨ ਜੌਹਰ ਦੀ ਫ਼ਿਲਮ ‘ਕੁਰਬਾਨ’ ‘ਚ ਕਰੀਨਾ ਨੇ ਕੁਝ ਬੇਹੱਦ ਅੰਦਰੂਨੀ ਦ੍ਰਿਸ਼ ਫ਼ਿਲਮਾਏ ਹਨ। ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਦ੍ਰਿਸ਼ ਹੋਰ ਕਿਸੇ ਨਾਲ ਨਹੀਂ, ਸਗੋਂ ਉਸਦੇ ਰੀਅਲ ਲਾਈਫ ਬੁਆਏ ਫ੍ਰੈਂਡ ਸੈਫ ਅਲੀ ਖਾਨ ਨਾਲ ਹਨ। ਇਸ ਫ਼ਿਲਮ ਦੇ ਅਜਿਹੇ ਹੀ ਇਕ ਲਵ ਮੇਕਿੰਗ ਸੀਨ ‘ਚ ਬੇਬੋ ਦੀ ਪਿੱਠ ਪੂਰੀ ਤਰ੍ਹਾਂ ਕੱਪੜਿਆ ਤੋਂ ਰਹਿਤ ਨਜ਼ਰ ਆ ਰਹੀ ਹੈ। ਪਿਛਲੇ ਦਿਨੀਂ ਹੀ ਸਵਿਟਜ਼ਰਲੈਂਡ ਤੋਂ ਛੁੱਟੀਆਂ ਬਿਤਾ ਕੇ ਪਰਤੀ ਕਰੀਨਾ ਜਦੋਂ ਆਪਣੇ ਪੱਕੇ ਦੋਸਤਾਂ ‘ਚੋਂ ਇਕ ਕਰਨ ਨੂੰ ਮਿਲਣ ਪਹੁੰਚੀ ਤਾਂ ਉਸਨੇ ਇਸ ਫ਼ਿਲਮ ‘ਚ ਕਰੀਨਾ ਦੀ ਅਦਾਕਾਰੀ ਦੀ ਖੂਬ ਤਾਰੀਫ਼ ਕੀਤੀ।

ਦੱਸਿਆ ਜਾ ਰਿਹਾ ਹੈ ਕਿ ਕਰਨ ਦੇ ਮੂੰਹੋਂ ਆਪਣੀਆਂ ਤਾਰੀਫਾਂ ਸੁਣ ਕੇ ਕਰੀਨਾ ਬਹੁਤ ਉਤਸ਼ਾਹਿਤ ਹੈ ਅਤੇ ਪੂਰੇ ਜੋਸ਼ ਨਾਲ ਇਸ ਫ਼ਿਲਮ ਦੇ ਆਖਰੀ ਦਿਨਾਂ ਦੀ ਸ਼ੂਟਿੰਗ ਨੂੰ ਖਤਮ ਕਰਨ ਦੀ ਬੇਕਰਾਰੀ ਨਾਲ ਉਡੀਕ ਕਰ ਰਹੀ ਹੈ।

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਰਾਜ ਪਲਟਾਊ ਕੂਕਾ ਤਹਿਰੀਕ ਦੇ ਸ਼ਹੀਦਾਂ ਨੂੰ ਸਮਰਪਿਤ


# ਮੇਲਾ ਗਦਰੀ ਬਾਬਿਆਂ ਦਾ

## 4 ਅਕਤੂਬਰ 2009

ਐਤਵਾਰ 12 ਤੋਂ 8 ਵਜੇ ਤੱਕ

**ਸਥਾਨ:ਐਸ.ਈ.ਐਸ. ਹਾਲ 10428,**
**ਈਸਟ ਸਟਾਕਟਨ ਬੁਲੇਵਾਰਡ,**
**ਐਲਕਗਰੋਵ, ਸੈਕਰਾਮੈਂਟੋ**

ਕੀਤਾ ਕੂਕਿਆਂ ਕੱਠ ਪੰਜਾਬ ਅੰਦਰ, ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।
ਬੱਚੇ, ਔਰਤਾਂ ਕਈ ਹਜ਼ਾਰ ਕੂਕੇ, ਖਾਤਰ ਦੇਸ਼ ਦੀ ਲਹੂ ਲੁਹਾਣ ਹੋ ਗਏ।


ਬਾਬਾ ਭਗਤ ਸਿੰਘ ਬਿਲਗਾ


ਮਦਨ ਲਾਲ ਢੀਂਗਰਾ


ਮੈਡਮ ਕਾਮਾ


ਡਾ. ਮਥਰਾ ਸਿੰਘ


ਸਤਿਗੁਰ ਰਾਮ ਸਿੰਘ ਜੀ

**ਸਤਿਕਾਰਯੋਗ ਭੈਣੋ ਤੇ ਭਰਾਓ**

ਭਾਰਤ ਦੇ ਅਜ਼ਾਦੀ ਸੰਗਰਾਮ ਦਾ ਇਤਿਹਾਸ ਸਾਡੇ ਲਹੂ ਸਿੰਜੇ ਵਿਰਸੇ ਦੀ ਬੀਰ ਗਾਥਾ ਹੈ। ਵਿਦੇਸ਼ੀ ਸਾਮਰਾਜੀਆਂ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪੂਰੀ ਇਕ ਸਦੀ, ਲਹੂ ਵੀਟਵੇਂ ਕੁਰਬਾਨੀਆਂ ਭਰੇ ਸੰਗਰਾਮ ਦੀ ਲੰਬੀ ਫਹਿਰਿਸਤ ਹੈ। ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਕੂਕੇ ਸੂਰਮੇ ਤੋਪਾਂ ਅੱਗੇ ਹਿੱਕਾਂ ਡਾਹ ਕੇ ਤੂੰਬਾ ਤੂੰਬਾ ਹੋ ਗਏ। ਕੂਕਿਆਂ ਸ਼ਹਾਦਤਾਂ ਦੀ ਅਜਿਹੀ ਝੜੀ ਲਾਈ ਜੋ ਬਾਕੀ ਲਹਿਰਾਂ ਲਈ ਰਾਹ ਦਸੇਰਾ ਹੋ ਨਿੱਬੜੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਲਹੂ ਨਾਲ ਲਾਲ ਸੂਹਾ ਹੋਇਆ ਸੀ ਬਜਬਜ ਘਾਟ ਦਾ ਪਾਣੀ। ਗਦਰੀ ਬਾਬਿਆਂ ਅਥਾਹ ਕੁਰਬਾਨੀਆਂ ਕਰਕੇ ਲਹੂ ਦੇ ਭਾਅ ਆਜ਼ਾਦੀ ਲਈ। ਅਖੌਤੀ ਬੁੱਧੀਜੀਵੀ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਰਹੇ ਹਨ। ਵਕਤ ਦੀਆਂ ਸਰਕਾਰਾਂ ਨੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਜੱਗ ਜਾਹਰ ਨਾ ਹੋਣ ਦਿੱਤਾ। ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰਨ ਲਈ ਕਰਵਾਏ ਜਾ ਰਹੇ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚੋ। ਭਰਾਤਰੀ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਹੈ ਕਿ ਉਹ ਮੇਲੇ ਵਿਚ ਜ਼ਰੂਰ ਪਹੁੰਚਣ।

### ਮੇਲੇ ਵਿਚ ਪੁੱਜ ਰਹੇ ਕਲਾਕਾਰ

ਗੁਰਮਿੰਦਰ ਗੁਰੀ, ਸੁਖਵੰਤ ਸੁੱਖੀ, ਸੁਲਤਾਨ ਅਖ਼ਤਰ, ਪਰਮਜੀਤ ਮਾਨ ਅਤੇ ਸ. ਗੁਰਨਾਮ ਸਿੰਘ ਭੰਡਾਲ (ਯੂਬਾ ਸਿਟੀ) ਦਾ ਢਾਡੀ ਜਥਾ







**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**

**ਸਟੇਜ ਸੰਚਾਲਕ**
ਪ੍ਰੋ. ਗੁਰਮਿੰਦਰ ਪਾਲ ਸਿੰਘ ਤੇ ਜਸਵੰਤ ਸਿੰਘ ਸ਼ਾਦ

*ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ*

ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਲਾਏ ਜਾਣਗੇ

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉੱਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਪ੍ਰੇਮ ਚੁੰਬਰ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧੂ, ਲੂਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ।

ਸਪਾਂਸਰ:ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੂਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰ ਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼।

### ਪੁੱਜ ਰਹੀਆਂ ਸ਼ਖਸੀਅਤਾਂ

**ਸ. ਦੇਵਾ ਸਿੰਘ ਧੂਤ**
**ਆਜ਼ਾਦੀ ਘੁਲਾਟੀਏ,**
**ਬੀਬੀ ਬੀਰਾਂ (ਕੈਨੇਡਾ)**
**ਸ੍ਰੀ ਬਲਬੀਰ ਸਿੰਘ ਹਾਕੀ**
**ਓਲੰਪੀਅਨ ਪਦਮਸ੍ਰੀ ਐਵਾਰਡ**

**ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-534-3766), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100),**
**ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275),**
**ਪਰਮਜੀਤ ਸਿੰਘ ਸੰਧੂ (510-491-4573), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)**

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ